TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ □ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ □ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 18, May 1st, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਫੋਨ ਟੈਪਿੰਗ:ਕੇਂਦਰ ਸਰਕਾਰ ਘਿਰੀ

**ਬਿੰਦਰ ਬਸਰਾ**

ਫੋਨ ਟੈਪਿੰਗ ਮਾਮਲੇ 'ਚ ਨਵੇਂ ਸੰਕਟ ਅਤੇ ਵਿਵਾਦ 'ਚ ਘਿਰੀ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਨੇ ਸੰਸਦ 'ਚ ਵਿਰੋਧੀ ਧਿਰ ਦੀ ਸੰਯੁਕਤ ਸੰਸਦੀ ਕਮੇਟੀ ਦੇ ਗਠਨ ਦੀ ਮੰਗ ਭਾਵੇਂ ਠੁਕਰਾ ਦਿੱਤੀ ਹੈ ਪਰ ਇਸ ਮਾਮਲੇ 'ਚ ਫਸਿਆ ਉਸ ਦਾ ਸਿਰ ਨਿਕਲਦਾ ਨਜ਼ਰ ਨਹੀਂ ਆਉਂਦਾ। ਵਿਰੋਧੀ ਧਿਰ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਵਲੋਂ ਬਿਆਨ ਦਿੱਤੇ ਜਾਣ ਦੀ ਮੰਗ ਕਰ ਰਹੀ ਹੈ। ਆਈ.ਪੀ.ਐਲ. ਪਿਛੋਂ ਫੋਨ ਟੈਪਿੰਗ ਮਾਮਲੇ 'ਚ ਫਸੀ ਸਰਕਾਰ ਨੇ ਅਜਿਹੀ ਕਿਸੇ ਕਾਰਵਾਈ ਨੂੰ ਮੁਢੋਂ ਰੱਦ ਕਰ ਦਿੱਤਾ ਹੈ ਪਰ ਅੰਗਰੇਜ਼ੀ ਹਫਤਾਵਾਰੀ ਰਸਾਲੇ 'ਆਊਟ ਲੁਕ' ਦੀ ਰਿਪੋਰਟ ਕੁਝ ਹੋਰ ਬਿਆਨ ਕਰ ਰਹੀ ਹੈ।

ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਇਸ ਮਾਮਲੇ 'ਤੇ ਖਿੱਚੋਤਾਣ ਦਾ ਮਾਹੌਲ ਸੰਸਦ 'ਚ ਸਰਕਾਰ ਲਈ ਵਿੱਤ ਬਿੱਲ ਪਾਸ ਕਰਾਉਣ ਲਈ ਮੁਸ਼ਕਲ ਖੜ੍ਹੀ ਕਰ ਸਕਦਾ ਹੈ। ਦੂਜੇ ਪਾਸੇ ਫੋਨ ਟੈਪਿੰਗ ਦੇ ਖੁਦ ਸ਼ਿਕਾਰ ਕਾਂਗਰਸ ਦੇ ਜਨਰਲ ਸਕੱਤਰ ਅਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਨੇ ਕਿਹਾ ਹੈ ਕਿ ਮਨਮੋਹਨ ਸਿੰਘ ਸਰਕਾਰ ਉਨ੍ਹਾਂ ਦਾ ਫੋਨ ਟੈਪ ਨਹੀਂ ਕਰਾ ਸਕਦੀ, ਇਹ ਕੰਮ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਦਾ ਹੈ।

ਅੰਗਰੇਜ਼ੀ ਹਫਤਾਵਾਰੀ ਰਸਾਲੇ 'ਆਊਟ ਲੁਕ' 'ਚ ਉਚ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਆਪਣੇ ਸੀਨੀਅਰ ਆਗੂਆਂ ਸਣੇ ਕਈ ਹੋਰਨਾਂ ਦੇ ਫੋਨ ਟੈਪ ਕਰਦੀ ਰਹੀ ਅਤੇ ਇੰਡੀਅਨ ਪ੍ਰੀਮੀਅਰ ਲੀਗ ਤੋਂ ਲੈ ਕੇ

*(ਬਾਕੀ ਸਫਾ 6 'ਤੇ)*



*ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਮਿਸ਼ੀਗਨ ਦੇ ਸਟੇਟ ਗੈਸਟ ਵਜੋਂ ਮਾਣ ਸਤਿਕਾਰ ਕਰਦੇ ਹੋਏ ਡਿਪਟੀ ਸਪੀਕਰ ਮਾਈਕਲ ਸੈਕ, ਹੋਰ ਅਧਿਕਾਰੀ ਅਤੇ ਸ੍ਰੀ ਸੰਨੀ ਧੂੜ (ਖਬਰ ਸਫਾ 8 'ਤੇ)*

## ਕੈਪਟਨ ਦੀ ਬਹਾਲੀ ਨਾਲ ਪੰਜਾਬ ਸਿਆਸਤ ਹਰਕਤ ਵਿਚ

**ਜਸਵੀਰ ਸਿੰਘ ਸ਼ੀਰੀ**

ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ 'ਚੋਂ ਬਰਖਾਸਤਗੀ ਸਰਬਉੱਚ ਅਦਾਲਤ ਵਲੋਂ ਰੱਦ ਕੀਤੇ ਜਾਣ ਨਾਲ ਪਿਛਲੇ ਲੰਮੇ ਸਮੇਂ ਤੋਂ ਠੰਢੀ ਪਈ ਪੰਜਾਬ ਦੀ ਸਿਆਸਤ ਇਕ ਦਮ ਹਰਕਤ ਵਿਚ ਆ ਗਈ ਹੈ। ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੀ ਬਰਖਾਸਤਗੀ ਇਸ ਆਧਾਰ 'ਤੇ ਰੱਦ ਕਰ ਦਿੱਤੀ ਹੈ ਕਿ 12ਵੀਂ ਵਿਧਾਨ ਸਭਾ ਵਿਚ ਜਿਹੜੀਆਂ ਬੇਨਿਯਮੀਆਂ ਹੋਈਆਂ ਹਨ, ਉਨ੍ਹਾਂ ਬਾਰੇ ਫੈਸਲਾ 13ਵੀਂ ਵਿਧਾਨ ਸਭਾ ਨਹੀਂ ਕਰ ਸਕਦੀ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਖਿਲਾਫ ਜਿਹੜਾ ਜ਼ਮੀਨੀ ਘੁਟਾਲੇ ਦਾ ਕੇਸ ਚਲਦਾ ਹੈ, ਉਹ ਫੌਜਦਾਰੀ ਮਾਮਲਾ ਹੈ ਅਤੇ ਅਦਾਲਤ ਦਾ ਤਾਜ਼ਾ ਫੈਸਲਾ ਉਸ ਵਿਚ ਦਖਲਅੰਦਾਜ਼ੀ ਨਹੀਂ ਮੰਨਿਆ ਜਾਣਾ ਚਾਹੀਦਾ। ਆਪਣੇ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜ਼ਮੀਨ ਮਾਮਲੇ ਵਿਚ ਕਿਸੇ ਵੀ ਬੇਨਿਯਮੀ ਬਾਰੇ ਨਿਆਇਕ ਫੈਸਲਾ ਹੀ ਦਿੱਤਾ ਜਾ ਸਕਦਾ ਹੈ। ਇਸ ਸੰਬੰਧ ਵਿਚ ਵਿਧਾਨ ਸਭਾ ਵਲੋਂ ਕਾਰਵਾਈ ਕਰਨਾ ਗ਼ਲਤ ਹੈ ਅਤੇ ਇਸ ਨਾਲ ਗ਼ਲਤ ਰਵਾਇਤਾਂ ਹੀ ਪੈਣਗੀਆਂ।

ਅਦਾਲਤ ਵਲੋਂ ਦਿੱਤੇ ਗਏ ਇਸ ਫੈਸਲੇ ਨਾਲ ਜਿੱਥੇ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਹਮਾਇਤੀ ਬਾਗੋਬਾਗ ਹਨ ਉਥੇ ਅਕਾਲੀਆਂ ਵਿਚ ਮਾਯੂਸੀ ਦਾ ਆਲਮ ਹੈ। ਭਾਵੇਂ ਅਕਾਲੀ ਆਗੂਆਂ ਨੇ ਕਿਹਾ ਹੈ ਕਿ ਉਹ ਫੈਸਲੇ ਨੂੰ ਪੜ੍ਹਨ ਤੋਂ ਪਿੱਛੋਂ ਹੀ ਅਗੇ ਗੱਲ ਕਰਨਗੇ ਪਰ ਉਨ੍ਹਾਂ ਮੱਠੀ ਜ਼ੁਬਾਨ ਵਿਚ ਇਹ ਵੀ ਕਹਿ ਦਿੱਤਾ ਹੈ ਕਿ ਉਹ ਅਦਾਲਤ ਦੇ ਫੈਸਲੇ ਦੀ ਕਦਰ ਕਰਦੇ ਹਨ। ਉਧਰ ਅਮਰਿੰਦਰ ਸਿੰਘ ਦੇ ਹਮਾਇਤੀ ਇਸ ਫੈਸਲੇ ਤੋਂ ਬਾਅਦ ਕੁਝ ਹਮਲਾਵਰ ਦਿਖਾਈ ਦਿੱਤੇ। ਉਨ੍ਹਾਂ ਦਾ ਆਖਣਾ ਹੈ ਕਿ ਸੁਪਰੀਮ ਕੋਰਟ ਨੇ ਇਸ ਫੈਸਲੇ ਨਾਲ ਇਕ ਮਾੜੀ ਰਵਾਇਤ ਦਾ ਅੰਤ ਕਰ ਦਿੱਤਾ ਹੈ। ਕੈਪਟਨ ਦੇ ਬੇਹੱਦ ਨੇੜਲੇ ਆਗੂ ਸ. ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਨੇ ਅਮਰਿੰਦਰ ਸਿੰਘ ਦੇ ਖਿਲਾਫ ਪੰਜਾਬ ਵਿਧਾਨ ਸਭਾ ਦੀ ਤਮਾਮ ਕਾਰਵਾਈ ਜੀਰੋ ਕਰ ਦਿੱਤੀ




*(ਬਾਕੀ ਸਫਾ 6 'ਤੇ)*

Delo Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com





*ਸੈਕਰਾਮੈਂਟੋ ਦੇ ਵੈਸਟ ਸੈਕਰਾਮੈਂਟੋ ਗੁਰੂ ਘਰ ਦੇ ਲੰਗਰ ਹਾਲ ਦੇ ਉਦਘਾਟਨ ਲਈ ਪਹੁੰਚੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੁਰੂ ਘਰ ਦੇ ਪ੍ਰਬੰਧਕ ਅਤੇ ਹੋਰ ਆਗੂ। ਉਪਰ ਕੁਝ ਤਸਵੀਰਾਂ ਇਸ ਸਮਾਗਮ ਮੌਕੇ ਦੀਆਂ ਹਨ।*

# ਬੇਕਰਜ਼ਫੀਲਡ ਦਾ ਛੇਵਾਂ ਸਾਲਾਨਾ ਵਿਸਾਖੀ ਮੇਲਾ 2 ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਬੇਕਰਜ਼ਫੀਲਡ ਵਲੋਂ ਇਥੇ ਕਨਵੈਨਸ਼ਨ ਸੈਂਟਰ ਵਿਚ ਐਤਵਾਰ 2 ਮਈ ਨੂੰ ਕਰਵਾਏ ਜਾ ਰਹੇ ਸਭਿਆਚਾਰਕ ਮੇਲੇ ਲਈ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸ. ਪਰਮਜੀਤ ਸਿੰਘ ਦੁਸਾਂਝ ਨੇ ਦੱਸਿਆ ਕਿ ਮੇਲਾ ਦੁਪਹਿਰ 2 ਵਜੇ ਤੋਂ ਸ਼ੁਰੂ ਹੋ ਕੇ ਰਾਤ 8 ਵਜੇ ਤਕ ਚਲੇਗਾ।

ਜ਼ਿਕਰਯੋਗ ਹੈ ਇਸ ਮੇਲੇ ਵਿਚ ਪੰਜਾਬ ਤੋਂ ਪਹੁੰਚੇ ਕਲਾਕਾਰ ਰਵਿੰਦਰ ਗਰੇਵਾਲ, ਭੋਟੂ ਸ਼ਾਹ ਅਤੇ ਦੀਪਕ ਢਿਲੋਂ ਤੋਂ ਇਲਾਵਾ ਸਥਾਨਕ ਕਲਾਕਾਰ ਗੀਤ-ਸੰਗੀਤ, ਗਿਧੇ ਅਤੇ ਭੰਗੜੇ ਦੀਆਂ ਆਈਟਮਾਂ ਪੇਸ਼ ਕਰ ਕੇ ਆਪਣੀ ਕਲਾ ਦੇ ਜੌਹਰ ਵਿਖਾਉਣਗੇ। ਉਨ੍ਹਾਂ ਕਿਹਾ ਕਿ ਨਿਊ ਜਰਸੀ ਤੋਂ ਗੱਲਬਾਤ ਕਰਦਿਆਂ ਰਵਿੰਦਰ ਗਰੇਵਾਲ ਅਤੇ ਭੋਟੂ ਸ਼ਾਹ ਨੇ ਦੱਸਿਆ ਕਿ ਉਹ ਇਸ ਮੇਲੇ ਪ੍ਰਤੀ ਕਾਫੀ ਉਤਸ਼ਾਹ ਵਿਚ ਹਨ, ਕਿਉਂਕਿ ਪਿਛਲੇ ਸਾਲ ਵੀ ਉਨ੍ਹਾਂ ਨੂੰ ਇਥੋਂ ਦੇ ਸਰੋਤਿਆਂ ਤੋਂ ਬਹੁਤ ਨਿੱਘਾ ਪਿਆਰ ਮਿਲਿਆ ਸੀ।

ਸ੍ਰੀ ਦੁਸਾਂਝ ਨੇ ਦੱਸਿਆ ਕਿ ਇਸ ਮੇਲੇ ਦੌਰਾਨ ਵਖ ਵਖ ਚੀਜ਼ਾਂ ਦੇ ਸਟਾਲ ਵੀ ਲੱਗਣਗੇ। ਇਸ ਸਬੰਧੀ ਹੋਰ ਜਾਣਕਾਰੀ ਉਨ੍ਹਾਂ ਨਾਲ ਫੋਨ 661-333-2005 ਜਾਂ ਬੱਬੂ ਗੁਰਪਾਲ ਨਾਲ ਫੋਨ 510-557-9670 ਤੋਂ ਹਾਸਲ ਕੀਤੀ ਜਾ ਸਕਦੀ ਹੈ।









# ਯੂਬਾ ਸਿਟੀ ਖੇਡ ਮੇਲੇ ਵਿਚ ਓਪਨ ਕਬੱਡੀ ਫਰਿਜ਼ਨੋ ਦੇ ਹੱਥ ਰਹੀ

**ਯੂਬਾ ਸਿਟੀ (ਹਰਵਿੰਦਰ ਸਿੰਘ):** ਯੂਬਾ ਸਿਟੀ ਸਪੋਰਟਸ ਕਲੱਬ ਵਲੋਂ ਇਥੇ ਕਰਵਾਏ ਗਏ ਖੇਡ ਮੇਲੇ ਵਿਚ ਕਬੱਡੀ ਓਪਨ ਦੇ ਫਸਵੇਂ ਮੁਕਾਬਲਿਆਂ ਵਿਚ ਸ਼ਹੀਦ ਭਗਤ ਸਿੰਘ ਕਲੱਬ ਫਰਿਜ਼ਨੋ ਦੀ ਟੀਮ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਨੂੰ ਹਰਾ ਕੇ ਜੇਤੂ ਰਹੀ, ਜਦੋਂਕਿ ਅੰਡਰ 21 ਦੇ ਮੁਕਾਬਲਿਆਂ ਵਿਚ ਡਾਇਮੰਡ ਕਲੱਬ ਯੂਬਾ ਸਿਟੀ ਜੇਤੂ ਰਿਹਾ ਅਤੇ ਲੋਡਾਈ ਦੀ ਟੀਮ ਦੂਜੇ ਥਾਂ 'ਤੇ ਰਹੀ। ਕਬੱਡੀ ਦੇ ਇਨ੍ਹਾਂ ਦੋਹਾਂ ਮੁਕਾਬਲਿਆਂ ਵਿਚ ਛੇ-ਛੇ ਟੀਮਾਂ ਨੇ ਹਿੱਸਾ ਲਿਆ। ਇਸ ਤਿੰਨ ਰੋਜਾ ਮੇਲੇ ਦਾ ਆਰੰਭ 23 ਅਪਰੈਲ ਨੂੰ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਨਾਲ ਹੋਇਆ। ਫਾਈਨਲ ਮੁਕਾਬਲੇ ਐਤਵਾਰ 25 ਅਪਰੈਲ ਨੂੰ ਹੋਏ।





ਸਾਕਰ ਦੇ ਮੁਕਾਬਲਿਆਂ ਵਿਚ 6 ਟੀਮਾਂ ਨੇ ਹਿੱਸਾ ਲਿਆ ਅਤੇ ਗੁਰੂ ਨਾਨਕ ਸਪੋਰਟਸ ਕਲੱਬ ਜੇਤੂ ਰਿਹਾ ਜਦੋਂਕਿ ਹਾਕੀ ਮੁਕਾਬਲਿਆਂ ਵਿਚ ਯੂਬਾ ਬਰੱਦਰਜ਼ ਸੈਕਰਾਮੈਂਟੋ ਨੂੰ ਹਰਾ ਕੇ ਪਹਿਲੇ ਨੰਬਰ ਤੇ ਰਿਹਾ। ਵਾਲੀਬਾਲ ਦੇ ਮੁਕਾਬਲਿਆਂ ਵਿਚ 7 ਟੀਮਾਂ ਨੇ ਹਿੱਸਾ ਲਿਆ ਅਤੇ ਯੂਨੀਅਨ ਸਿਟੀ ਦੀ ਝੰਡੀ ਰਹੀ ਜਦੋਂਕਿ ਲਿਵਿੰਗਸਟਨ ਦੂਜੇ ਸਥਾਨ ਤੇ ਰਿਹਾ। ਬਾਸਕਟਬਾਲ ਦੇ ਅੰਡਰ 11 ਮੁਕਾਬਲਿਆਂ ਵਿਚ ਕੁਲ 6 ਟੀਮਾਂ ਮੈਦਾਨ ਵਿਚ ਨਿਤਰੀਆਂ ਅਤੇ ਪਹਿਲਾ ਇਨਾਮ ਯੰਗ ਗੰਨਜ਼ ਨੇ ਜਿੱਤਿਆ ਅਤੇ ਦੂਜਾ ਇਨਾਮ ਸਿਟੀ ਵਾਲਰ ਨੂੰ ਮਿਲਿਆ। ਬਾਸਕਟਬਾਲ ਅੰਡਰ 13 ਵਿਚ ਵੀ 6 ਟੀਮਾਂ ਨੇ ਹਿੱਸਾ ਲਿਆ। ਪਹਿਲਾ ਸਥਾਨ ਯੂਬਾ ਸਿਟੀ ਵਾਲਰ ਅਤੇ ਦੂਜਾ ਬੀ ਆਈ ਟੀ ਐਚ ਯੂਬਾ ਸਿਟੀ ਨੇ ਜਿੱਤਿਆ। ਬਾਸਕਟਬਾਲ ਅੰਡਰ 16 ਵਿਚ ਟਰਲੱਕ ਪਹਿਲੇ ਅਤੇ ਨਿਊ ਬੁਆਇਜ਼ ਦੂਜੇ ਸਥਾਨ ਤੇ ਰਹੇ। ਬਾਸਕਟਬਾਲ ਓਪਨ ਵਿਚ 12 ਟੀਮਾਂ ਭਿੜੀਆਂ ਅਤੇ ਫਰੈਂਚ ਆਈ ਨੇ ਪਹਿਲਾ ਅਤੇ ਬੀ ਕੇ-8 ਨੇ ਦੂਜਾ ਇਨਾਮ ਜਿੱਤਿਆ।

ਇਸ ਮੇਲੇ ਵਿਚ ਭਲਵਾਨਾਂ ਦੀਆ ਕੁਸ਼ਤੀਆਂ ਵੀ ਦਿਲਚਸਪ ਰਹੀਆਂ ਜਿਨ੍ਹਾਂ ਵਿਚ ਪਹਿਲਾ ਘੋਲ ਜੱਸੀ ਸਹੋਤਾ ਕੈਨੇਡਾ ਵਾਲੇ ਅਤੇ ਕਰਮਵੀਰ ਬਸਰਾ ਵਿਚਾਲੇ ਹੋਇਆ। ਇਸ ਮੁਕਾਬਲੇ ਵਿਚ ਜੱਸੀ ਜੇਤੂ ਰਿਹਾ। ਦੂਜੇ ਘੋਲ ਵਿਚ ਕਰਨਵੀਰ ਜੌਹਲ ਨੂੰ ਕਾਰਲੋ ਨੇ ਚਿਤ ਕਰ ਕੇ ਝੰਡੀ ਦਿਤੀ।

ਵੇਟ ਲਿਫਟਿੰਗ ਮੁਕਾਬਲਿਆਂ ਵਿਚ 12 ਜਵਾਨਾਂ ਨੇ ਹਿੱਸਾ ਲਿਆ। ਜੱਸ ਸੰਘਾ ਨੇ 435 ਪੌਂਡ ਭਾਰ ਚੁਕ ਕੇ ਬੱਲੇ=ਬੱਲੇ ਕਰਵਾਈ ਜਦੋਂਕਿ 430 ਪੌਂਡ ਚੁਕ ਕੇ ਜਗਤਾਰ ਸਿੰਘ ਦੂਜੇ ਥਾਂ ਰਿਹਾ।

ਕੈਨੇਡਾ ਤੋਂ ਆਏ ਸੁਖਚੈਨ ਸਿੰਘ ਬਰਾੜ ਨੇ ਗਾਹੇ-ਬਗਾਹੇ ਸ਼ੇਅਰ ਕਹਿ ਕੇ ਅਤੇ ਅਖੌਤੀ ਬਾਬਿਆਂ ਉਤੇ ਟੋਟਕੇ ਛਡ ਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਦੂਜੇ ਰੈਫਰੀਆਂ ਨੇ ਵੀ ਬੜੀ ਸਾਫ-ਸੁਥਰੀ ਸੇਵਾ ਨਿਭਾਈ। ਗੁਰਮੇਲ ਦਿਓਲ ਨੇ ਵੀ ਚੰਗਾ ਰੰਗ ਬਨ੍ਹਿਆ। ਸ੍ਰੀ ਸੁਖਚੈਨ ਬਰਾੜ ਦਾ ਪ੍ਰਬੰਧਕਾਂ ਵਲੋਂ ਉਚੇਚਾ ਸਨਮਾਨ ਕੀਤਾ ਗਿਆ ਅਤੇ ਉਸਤੋਂ ਅਗਲੇ ਸਾਲ ਆਉਣ ਦਾ ਵਾਅਦਾ ਵੀ ਲਿਆ ਗਿਆ। ਇਸ ਮੌਕੇ ਸੇਵਾ ਸਿਮਰਨ ਸੁਸਾਇਟੀ ਵਲੋਂ ਸਾਰੇ ਕੇਸਾਧਾਰੀ ਅਤੇ ਸਿੱਖ ਸਰੂਪ ਵਾਲੇ ਖਿਡਾਰੀਆਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ ਅਤੇ ਅਗੋਂ ਵੀ ਉਨ੍ਹਾਂ ਦੀ ਹੌਂਸਲਾ-ਅਫਜਾਈ ਕਰਦੇ ਰਹਿਣ ਦਾ ਅਹਿਦ ਕੀਤਾ। ਸੁਸਾਇਟੀ ਵਲੋਂ ਲਾਏ ਗਏ ਲੰਗਰ ਦੁਆਲੇ ਵੀ ਦਰਸ਼ਕਾਂ ਦੀ ਤਗੜੀ ਭੀੜ ਰਹੀ। ਕੜੀ-ਚੌਲ ਅਤੇ ਦਾਲ ਸਬਜ਼ੀ ਅਟੁਟ ਵਰਤੇ। ਸ਼ਰਬਤ ਅਤੇ ਜੂਸ ਦੀ ਵੀ ਕੋਈ ਕਮੀ ਨਾ ਰਹੀ। ਸੁਸਾਇਟੀ ਵਲੋਂ ਵਰਤਾਈਆਂ ਜਾ ਰਹੀਆਂ ਦੇਸੀ ਘਿਉ ਦੀਆਂ ਜਲੇਬੀਆਂ ਮੇਲੀਆਂ ਨੇ ਡੰਜਾਂ ਲਾਹ ਲਾਹ ਕੇ ਖਾਧੀਆਂ। ਸਭ ਕੁਝ ਦਰਸ਼ਕਾਂ ਦੇ ਸਾਹਮਣੇ ਤਿਆਰ ਕੀਤਾ ਜਾ ਰਿਹਾ ਸੀ।

ਮੌਸਮ ਵੀ ਤਿੰਨੇ ਦਿਨ ਪੂਰਾ ਮਿਹਰਬਾਨ ਰਿਹਾ ਅਤੇ ਇੰਦਰ ਦੇਵਤਾ ਨੇ ਕੋਈ ਖਲਲ ਨਹੀਂ ਪਾਇਆ। ਖਿਡਾਰੀ ਵੀ ਕਿਸੇ ਸੱਟ-ਫੇਟ ਤੋਂ ਬਚੇ ਰਹੇ।







ਸੇਵਾ ਸਿਮਰਨ ਸੁਸਾਇਟੀ ਦੇ ਸੇਵਾਦਾਰ ਲੰਗਰ ਤਿਆਰ ਕਰਦੇ ਹੋਏ

# ਸੇਵਾ ਸਿੰਘ ਸੇਖਵਾਂ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਨੂੰ ਮਿਲੇ

**ਸੈਨ ਫਰਾਂਸਿਸਕੋ:** ਪੰਜਾਬ ਦੇ ਸੀਨੀਅਰ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲ ਜਨਰਲ ਸੁਸ਼ਮਿਤਾ ਜੇ ਥਾਮਸ, ਕੌਂਸਲ ਕੁਮਾਰ ਸਿਨ੍ਹਾ ਅਤੇ ਹੋਰ ਉਚ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਪਾਸਪੋਰਟ ਅਤੇ ਵਿਸ਼ੇਸ਼ ਕਰਕੇ ਅਸਾਇਲਮ ਨਾਲ ਸੰਬੰਧਤ ਕੇਸਾਂ ਵਿਚ ਭਾਰਤੀ ਵੀਜ਼ੇ ਲੈਣ ਸੰਬੰਧੀ ਆ ਰਹੀਆਂ ਮੁਸਕਲਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀਆਂ।

ਕੌਂਸਲੇਟ ਅਧਿਕਾਰੀਆਂ ਨੇ ਗੱਲਬਾਤ ਉਪਰੰਤ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਮੁਸਕਲਾਂ ਦਾ ਸਾਕਾਰਾਤਮਕ ਹੱਲ ਲੱਭਣ ਲਈ ਸੰਭਵ ਯਤਨ ਕੀਤੇ ਜਾਣਗੇ। ਕੌਂਸਲ ਜਨਰਲ ਸੁਸ਼ਮਿਤਾ ਜੇ ਥਾਮਸ ਨੇ ਭਰੋਸਾ ਦਿਵਾਇਆ ਕਿ ਅਸਾਇਲਮ ਨੂੰ ਛੱਡ ਕੇ ਹੋਰ ਕਿਸੇ ਵੀ ਮੁਸ਼ਕਿਲ ਅਤੇ ਜਾਣਕਾਰੀ ਲਈ ਉਨ੍ਹਾਂ ਦੇ ਐਡਰੈਸ 'ਤੇ ਸਿਧੀ ਫੈਡੈਕਸ ਭੇਜੀ ਜਾਵੇ ਜੋ ਕਿ ਉਨ੍ਹਾਂ ਦੇ ਦਫਤਰ ਵਿਚ ਉਨ੍ਹਾਂ ਦੇ ਮੇਜ 'ਤੇ ਹੀ ਰੱਖੀ ਜਾਵੇਗੀ। ਉਹ ਨਿਜੀ ਤੌਰ 'ਤੇ ਇਸ ਦਾ ਤੁਰੰਤ ਹਲ ਕਰਨਗੇ ਅਤੇ ਲਿਖਤੀ ਜਵਾਬ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮਸਲੇ 'ਚ ਜੇਕਰ ਕੌਂਸਲੇਟ ਦਾ ਕੋਈ ਅਧਿਕਾਰੀ ਤੰਗ ਕਰਦਾ ਹੈ, ਰਿਸ਼ਵਤ ਮੰਗਦਾ ਹੈ ਜਾਂ ਰਿਸ਼ਵਤ ਦੇਣ ਲਈ ਕਿਸੇ ਏਜੰਟ ਦੀ ਵਰਤੋਂ ਕਰਦਾ ਹੈ ਤਾਂ ਮੈਨੂੰ ਤੁਰੰਤ ਸਿਧਾ ਸੂਚਿਤ ਕੀਤਾ ਜਾਵੇ, ਉਸ ਵਿਰੁਧ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਸਾਇਲਮ ਨਾਲ ਸੰਬੰਧਤ ਵਿਅਕਤੀਆਂ ਦੇ ਵੀਜ਼ਾ ਅਤੇ ਪਾਸਪੋਰਟ ਲੈਣ ਸੰਬੰਧੀ ਵੀ ਹਲ ਲੱਭਣ ਦੇ ਇਛਕ ਹਨ। ਉਨ੍ਹਾਂ ਸ੍ਰੀ ਸੇਖਵਾਂ ਨੂੰ ਸੁਝਾਅ ਦਿੱਤਾ ਕਿ ਉਹ ਇਸ ਦੇ ਹੱਲ ਲਈ ਭਾਰਤੀ ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਨਾਲ ਗੱਲਬਾਤ ਕਰਨ।

ਸ. ਸੇਵਾ ਸਿੰਘ ਸੇਖਵਾਂ ਨੇ ਸੰਬੰਧਤ ਅਧਿਕਾਰੀਆਂ ਨੂੰ ਦੱਸਿਆ ਕਿ ਇਹ ਇੱਕਲੇ ਪੰਜਾਬੀਆਂ ਦੀ ਹੀ ਨਹੀਂ ਸਗੋਂ ਸਮੁਚੇ ਭਾਰਤ ਤੋਂ ਆਏ ਲੋਕਾਂ ਨਾਲ ਸੰਬੰਧਤ ਮੁਸ਼ਕਿਲ ਹੈ ਜਿਨ੍ਹਾਂ ਨੇ ਕਿਸੇ ਵਸੀਲੇ ਇਥੇ ਪੱਕੇ ਹੋ ਕੇ ਭਾਰਤ ਦੀ ਆਰਥਕਤਾ ਵਿਚ ਵਡਮੁਲਾ ਯੋਗਦਾਨ ਪਾਇਆ ਹੈ। ਹੁਣ ਵੀ ਭਾਰਤ ਦੀ ਖੁਸ਼ਹਾਲੀ ਲਈ ਪੈਸਾ ਨਿਵੇਸ਼ ਕਰਨ ਅਤੇ ਆਪਣੇ ਵਤਨ ਪਰਤਣ ਲਈ ਤਤਪਰ ਹਨ।

ਇਸ ਤੋਂ ਪਹਿਲਾਂ ਪੰਜਾਬ ਦੇ ਲੋਕ ਸੰਪਰਕ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਸ੍ਰੀ ਸੇਖਵਾਂ ਦਾ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸੀਨੀਅਰ ਆਗੂਆਂ ਵਲੋਂ ਇਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕੈਲੀਫੋਰਨੀਆ ਤੋਂ ਸੀਨੀਅਰ ਅਕਾਲੀ ਲੀਡਰ ਸ. ਗੁਰਨਾਮ ਸਿੰਘ ਪੰਮਾ, ਸੁਖਵਿੰਦਰ ਸਿੰਘ ਅਬਲੋਵਾਲ, ਸ. ਵਿਕਰਮਜੀਤ ਸਿੰਘ, ਸ. ਰੌਣਕ ਸਿੰਘ ਲਾਸ ਏਂਜਲਸ ਅਤੇ ਕਰਨਲ ਸੁਰਜੀਤ ਸਿੰਘ ਨੀਸ਼ਾਨ ਹਾਜ਼ਰ ਸਨ।

ਬਾਅਦ ਵਿਚ ਸੀਨੀਅਰ ਅਕਾਲੀ ਲੀਡਰ ਸ. ਪ੍ਰੀਤਮ ਸਿੰਘ ਗਰੇਵਾਲ ਦੀ ਰਿਹਾਇਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਭਾਰਤ ਪਹੁੰਚ ਕੇ ਇਸ ਮੁਸਕਲ ਦੇ ਹੱਲ ਲਈ ਸੰਬੰਧਤ ਕੇਂਦਰੀ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨਗੇ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਸੁਖਵਿੰਦਰ ਸਿੰਘ ਅਬਲੋਵਾਲ, ਸ. ਗੁਰਨਾਮ ਸਿੰਘ ਪੰਮਾ, ਸ. ਵਿਕਰਮਜੀਤ ਸਿੰਘ ਅਤੇ ਸ. ਰੌਣਕ ਸਿੰਘ ਨੇ ਦੱਸਿਆ ਕਿ ਪੰਜਾਬ ਤੋਂ ਆਏ ਮੰਤਰੀਆਂ ਨੂੰ ਸਿਰਫ ਸ਼ਾਨਦਾਰ ਸਵਾਗਤ ਤੱਕ ਹੀ ਸੀਮਤ ਨਹੀਂ ਰੱਖਿਆ ਜਾਵੇਗਾ ਸਗੋਂ ਪਰਵਾਸੀਆਂ ਨੂੰ ਆ ਰਹੀਆਂ ਮੁਸਕਲਾਂ ਦੇ ਹੱਲ ਸੰਭਵ ਯਤਨ ਵਾਸਤੇ ਦਬਾਅ ਪਾਇਆ ਜਾਵੇਗਾ।



# ਗੁਰਦੁਆਰਾ ਫਰੀਮਾਂਟ ਚੋਣਾਂ ਵਿਰੁਧ ਕੇਸ ਸਿੱਧਾ ਟਰਾਇਲ 'ਤੇ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੀਆਂ ਪਿਛਲੀ 14 ਮਾਰਚ ਨੂੰ ਹੋਈਆਂ ਸੁਪਰੀਮ ਕੌਂਸਲ ਚੋਣਾਂ ਵਿਚ ਬੇਨਿਯਮੀਆਂ ਹੋਣ ਦੇ ਆਧਾਰ ਉਤੇ ਪੰਥਕ ਸਲੇਟ ਦੇ ਮੋਹਰੀ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਸਾਥੀਆਂ ਵਲੋਂ ਅਦਾਲਤ ਵਿਚ ਦਾਇਰ ਕੀਤਾ ਗਿਆ ਕੇਸ ਸਿੱਧਾ ਟਰਾਇਲ 'ਤੇ ਚਲਾ ਗਿਆ ਹੈ। ਓਕਲੈਂਡ ਦੀ ਸੁਪੀਰੀਅਰ ਕੋਰਟ ਦੀ ਮਾਨਯੋਗ ਜੱਜ ਲੀ ਨੇ ਮੁਕੱਦਮੇ ਦੀ ਮੁਢਲੀ ਸੁਣਵਾਈ ਕਰਦਿਆਂ ਇਸ ਕੇਸ ਦਾ ਟਰਾਇਲ 21 ਜੂਨ ਤੋਂ ਸ਼ੁਰੂ ਕਰਨ ਦਾ ਫੈਸਲਾ ਸੁਣਾ ਦਿੱਤਾ ਹੈ। ਸ਼ਾਇਦ ਕੇਸ ਦੀ ਗੰਭੀਰਤਾ ਨੂੰ ਭਾਂਪਦਿਆਂ ਮਾਨਯੋਗ ਜੱਜ ਨੇ ਕੇਸ ਨੂੰ ਸਿੱਧੇ ਹੀ ਟਰਾਇਲ 'ਤੇ ਲਿਜਾਣ ਦਾ ਮਨ ਬਣਾ ਲਿਆ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਯੂਥ ਆਫ ਅਮੈਰਿਕਾ ਦੇ ਜੰਡੀ-ਚੇਲਾ ਗਰੁਪ ਦੇ ਵਕੀਲ ਵਲੋਂ ਲੰਬੀ ਤਰੀਕ ਦੀ ਮੰਗ ਕੀਤੀ ਗਈ ਪਰ ਮਾਨਯੋਗ ਜੱਜ ਨੇ ਸੁਣਵਾਈ ਜਲਦੀ ਸ਼ੁਰੂ ਕੀਤੇ ਜਾਣ ਵਲ ਆਪਣੀ ਰੁਚੀ ਦਿਖਾਈ। ਇਸ ਕੇਸ ਦਾ ਮੁੱਢ ਉਦੋਂ ਬੱਝਾ ਜਦੋਂ ਵਿਰੋਧੀ ਧਿਰ ਦੇ ਆਗੂਆਂ ਨੇ ਮੌਜੂਦਾ ਪ੍ਰਬੰਧਕਾਂ ਉਪਰ ਵੋਟਾਂ ਬਣਾਉਣ ਵਿਚ ਕਥਿਤ ਧਾਂਦਲੀਆਂ ਕਰਕੇ ਚੋਣਾਂ ਨੂੰ ਹੇਰਾਫੇਰੀ ਨਾਲ ਜਿੱਤਣ ਦੇ ਦੋਸ਼ ਲਗਾਏ। ਇਸ ਕੇਸ ਦੀ ਸ਼ੁਰੂਆਤ ਤਾਂ ਚੋਣਾਂ ਤੋਂ ਪਹਿਲਾਂ 12 ਮਾਰਚ ਨੂੰ ਹੀ ਹੋ ਚੁੱਕੀ ਸੀ ਜਦ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਉਸ ਦੇ ਸਾਥੀਆਂ ਨੇ ਚੋਣਾਂ ਵਿਚ ਹੋ ਰਹੀਆਂ ਕਥਿਤ ਹੇਰਾਫੇਰੀਆਂ ਨੂੰ ਮੱਦੇਨਜ਼ਰ ਰੱਖ ਕੇ ਅਦਾਲਤ ਦਾ ਦਰ ਖੜਕਾ ਦਿੱਤਾ।

ਭਾਈ ਗੁਰਮੀਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਦੋਸ਼ ਹੈ ਕਿ ਭਾਈ ਜਸਵਿੰਦਰ ਸਿੰਘ ਜੰਡੀ ਤੇ ਭਾਈ ਜਸਜੀਤ ਸਿੰਘ ਚੇਲਾ ਨੇ ਪਹਿਲਾਂ ਹੀ ਬਣਾਈ ਸਕੀਮ ਅਨੁਸਾਰ ਵੋਟਾਂ ਰਜਿਸਟਰਡ ਕਰਨ ਦਾ ਕੰਮ ਇਲੈਕਸ਼ਨਾਂ ਸ਼ੁਰੂ ਹੋਣ ਤੋਂ ਲਗਭਗ 9 ਮਹੀਨੇ ਪਹਿਲਾਂ ਹੀ ਸ਼ੁਰੂ ਕਰ ਲਿਆ ਸੀ ਜਦਕਿ 2005, 2006, 2008 ਵਿਚ ਚੋਣਾਂ ਵਿਚ ਵੋਟ ਰਜਿਸਟਰੇਸ਼ਨ ਚੋਣਾਂ ਤੋਂ ਸਿਰਫ ਦੋ ਢਾਈ ਮਹੀਨੇ ਪਹਿਲਾਂ ਖੁੱਲ੍ਹਦੀ ਰਹੀ ਹੈ ਅਤੇ ਇਸ ਦੀ ਮਿਆਦ 4 ਤੋਂ 6 ਹਫਤਿਆਂ ਤੱਕ ਹੀ ਹੁੰਦੀ ਰਹੀ ਹੈ ਪਰ ਇਸ ਵਾਰ ਭਾਈ ਜੰਡੀ ਅਤੇ ਉਸ ਦੇ ਸਾਥੀਆਂ ਵਲੋਂ 9 ਮਹੀਨੇ ਪਹਿਲਾਂ ਹੀ ਵੋਟਾਂ ਬਣਾਉਣੀਆਂ ਸ਼ੁਰੂ ਕਰਨਾ ਕਿਸੇ ਗੁੱਝੀ ਸਾਜ਼ਿਸ਼ ਵਲ ਇਸ਼ਾਰਾ ਕਰਦਾ ਹੈ।

ਵਿਰੋਧੀਆਂ ਦਾ ਦਾਅਵਾ ਹੈ ਕਿ ਜੰਡੀ-ਚੇਲਾ ਧੜੇ ਵਲੋਂ ਚੋਣਾਂ ਜਿੱਤਣ ਲਈ ਜਾਅਲੀ ਵੋਟਾਂ ਬਣਾਈਆਂ ਗਈਆਂ ਅਤੇ ਵੋਟਰ ਰਜਿਸਟਰੇਸ਼ਨ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਵੋਟਾਂ ਬਣਾਉਣ ਦਾ ਕੰਮ ਜਾਰੀ ਰੱਖਿਆ ਗਿਆ। ਇਸ ਵਿਚ ਦੋ ਰਾਵਾਂ ਨਹੀਂ ਅਗਰ ਭਾਈ ਖਾਲਸਾ ਅਤੇ ਉਨ੍ਹਾਂ ਦੇ ਸਾਥੀ ਕਥਿਤ ਧਾਂਦਲੀਆਂ ਨੂੰ ਅਦਾਲਤ ਵਿਚ ਸਾਬਤ ਕਰਦੇ ਹਨ ਤਾਂ ਜੰਡੀ ਕਿਆਂ ਦੀ ਜਿੱਤ ਦਾ ਮਜ਼ਾ ਕਿਰਕਿਰਾ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

## ਵਿਸ਼ਵ ਕਬੱਡੀ ਕੱਪ ਦੀ ਕਾਮਯਾਬੀ ਲਈ ਸੁਖਬੀਰ ਬਾਦਲ ਤੇ ਪ੍ਰਗਟ ਸਿੰਘ ਨੂੰ ਵਧਾਈ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਨੇ ਪੰਜਾਬ ਸਰਕਾਰ ਵਲੋਂ ਹਾਲ ਹੀ ਵਿਚ ਕਰਵਾਏ ਗਏ ਵਿਸ਼ਵ ਕਬੱਡੀ ਕੱਪ ਦੀ ਕਾਮਯਾਬੀ ਉਪਰ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਹੈ ਕਿ ਅਜਿਹੇ ਖੇਡ ਮੇਲੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਾਲੇ ਪਾਸਿਓਂ ਹਟਾ ਕੇ ਸਹੀ ਦਿਸ਼ਾ ਵਿਚ ਲੈ ਕੇ ਜਾਣਗੇ। ਕਬੱਡੀ ਪੰਜਾਬ ਦੀ ਮਾਂ ਖੇਡ ਹੈ ਅਤੇ ਇਸ ਵਿਸ਼ਵ ਕੱਪ ਨਾਲ ਕਬੱਡੀ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਸਬੰਧੀ ਇਕ ਮਤਾ ਕਲੱਬ ਦੇ ਅਹੁਦੇਦਾਰਾਂ ਨੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਪਾਸ ਕੀਤਾ।

ਕਲੱਬ ਦੀ ਇਸ ਮੀਟਿੰਗ ਵਿਚ ਸ. ਗਾਖਲ ਤੋਂ ਬਿਨਾ ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਮੱਖਣ ਸਿੰਘ ਬੈਂਸ, ਦਲਵਿੰਦਰ ਸਿੰਘ ਧੂਤ, ਪਲਵਿੰਦਰ ਸਿੰਘ ਗਾਖਲ, ਕੁਲਦੀਪ ਸਿੰਘ ਮਾਨ ਅਤੇ ਨਰਿੰਦਰ ਸਿੰਘ ਸਹੋਤਾ ਸ਼ਾਮਲ ਹੋਏ। ਮੀਟਿੰਗ ਵਿਚ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਕੌਡੀ ਮੁਲ ਪਵਾਉਣ ਵਾਲੀ ਮਾਂ ਖੇਡ ਕਬੱਡੀ ਕੱਖਾਂ ਤੋਂ ਲੱਖਾਂ ਦਾ ਸਫਰ ਤੈਅ ਕਰਕੇ ਹੁਣ ਕਰੋੜਾਂ ਰੁਪਏ ਤਕ ਪਹੁੰਚ ਚੁਕੀ ਹੈ। ਕਬੱਡੀ ਨੂੰ ਇਸ ਮੰਜ਼ਿਲ ਤਕ ਪਹੁੰਚਾਉਣ ਵਿਚ ਪੰਜਾਬ ਸਰਕਾਰ ਵਲੋਂ ਸ੍ਰੀ ਸੁਖਬੀਰ ਬਾਦਲ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ ਵਿਸ਼ਵ ਕਬੱਡੀ ਕੱਪ ਇਕ ਮੀਲ ਪੱਥਰ ਸਾਬਤ ਹੋਇਆ ਹੈ ਅਤੇ ਇਸ ਕਬੱਡੀ ਕੱਪ ਨੂੰ ਜਿਸ ਯੋਜਨਾਬੱਧ ਤਰੀਕੇ ਨਾਲ ਕਾਇਦੇ ਕਾਨੂੰਨ ਵਿਚ ਪੰਜਾਬ ਖੇਡ ਵਿਭਾਗ ਨੇ ਬੰਨ੍ਹਿਆ, ਉਸ ਲਈ ਖੇਡ ਡਾਇਰੈਕਟਰ ਅਤੇ ਸਾਬਕਾ ਓਲੰਪੀਅਨ ਸ. ਪ੍ਰਗਟ ਸਿੰਘ ਵਧਾਈ ਦੇ ਹੱਕਦਾਰ ਹਨ।

ਮੀਟਿੰਗ ਵਿਚ ਇਕ ਮਤਾ ਪਾਸ ਕਰਕੇ ਫੈਸਲਾ ਕੀਤਾ ਗਿਆ ਕਿ ਆਉਂਦੀ 25 ਸਤੰਬਰ ਨੂੰ ਕਲੱਬ ਵਲੋਂ ਕਰਵਾਏ ਜਾ ਰਹੇ ਕਬੱਡੀ ਕੱਪ ਟੂਰਨਾਮੈਂਟ ਵਿਚ ਪੰਜਾਬ ਦੇ ਖੇਡ ਡਾਇਰੈਕਟਰ ਸ. ਪ੍ਰਗਟ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਜਾਏਗਾ।

ਇਸ ਮੀਟਿੰਗ ਵਿਚ ਸਤੰਬਰ ਵਿਚ ਕਰਵਾਏ ਜਾਣ ਵਾਲੇ ਕਬੱਡੀ ਟੂਰਨਾਮੈਂਟ ਦੀਆਂ ਤਿਆਰੀਆਂ ਦਾ ਵੀ ਜਾਇਜ਼ਾ ਲਿਆ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲਾ ਕੋਈ ਵੀ ਕਲੱਬ ਪੰਜ ਖਿਡਾਰੀਆਂ ਤਕ ਦੁਨੀਆਂ ਦੇ ਕਿਸੇ ਵੀ ਹਿੱਸੇ ਤੋਂ ਖਿਡਾ ਸਕੇਗਾ। ਖੇਡ ਨਿਯਮਾਂ ਦਾ ਪਾਲਣ ਜਰੂਰੀ ਹੈ, ਖਿਡਾਰੀ ਕਿਸੇ ਵੀ ਕੌਮ, ਰੰਗ ਜਾਂ ਨਸਲ ਦੇ ਹੋ ਸਕਦੇ ਹਨ। ਇਸ ਸਾਲ ਦੇ ਕਬੱਡੀ ਕੱਪ ਲਈ ਇਨਾਮਾਂ ਦੀ ਰਕਮ ਵੀ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਵਧਾ ਦੇਣ ਦਾ ਫੈਸਲਾ ਲਿਆ ਗਿਆ। ਇਸ ਵਾਰ ਭਾਰਤੀ ਅਤੇ ਪਾਕਿਸਤਾਨੀ ਕਬੱਡੀ ਖਿਡਾਰੀਆਂ ਨੂੰ ਬੁਲਾਉਣ ਦਾ ਵੀ ਫੈਸਲਾ ਲਿਆ ਗਿਆ। ਇਸ ਸਬੰਧੀ ਕੋਈ ਵੀ ਪ੍ਰੋਮੋਟਰ ਜਾਂ ਸਪਾਂਸਰ ਕਲੱਬ ਨਾਲ ਸੰਪਰਕ ਕਰ ਸਕਦਾ ਹੈ।

ਪਿਛਲੇ ਸਮਿਆਂ ਵਿਚ ਜਿਨ੍ਹਾਂ ਖਿਡਾਰੀਆਂ ਨੇ ਬਿਨਾ ਕਿਸੇ ਲਾਲਸਾ ਦੇ ਕਬੱਡੀ ਖੇਡਦਿਆਂ ਸੱਟਾਂ-ਫੇਟਾਂ ਲਵਾਈਆਂ ਹਨ ਅਤੇ ਕਬੱਡੀ ਨੂੰ ਅਜੋਕੇ ਮੁਕਾਮ ਤੇ ਪਹੁੰਚਾਉਣ ਲਈ ਵੱਡੀ ਘਾਲਣਾ ਘਾਲੀ ਹੈ, ਕਲੱਬ ਵਲੋਂ ਉਨ੍ਹਾਂ ਦਾ ਸਨਮਾਨ 2010 ਦੇ ਕਬੱਡੀ ਕੱਪ ਟੂਰਨਾਮੈਂਟ ਮੌਕੇ ਕੀਤਾ ਜਾਏਗਾ। ਇਸ ਕਬੱਡੀ ਕੱਪ ਟੂਰਨਾਮੈਂਟ ਬਾਰੇ ਹੋਰ ਜਾਣਕਾਰੀ ਫੋਨ 831-247-4637 ਜਾਂ 510-468-9381 ਤੋਂ ਹਾਸਲ ਕੀਤੀ ਜਾ ਸਕਦੀ ਹੈ।


*To Advertise with us*
*Call: 847-359-0746*
*Fax:847-705-9388*
*e-mail:*
*punjabtimes1@sbcglobal.net*


## ਡਾ. ਅੰਬੇਦਕਰ ਦਾ ਜਨਮ ਦਿਨ ਮਨਾਇਆ

**ਯੂਬਾ ਸਿਟੀ:** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ 119ਵਾਂ ਜਨਮ ਦਿਨ ਇਥੇ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਬੜੌਦਾ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫੈਸਰ ਰਾਜ ਕੁਮਾਰ ਹੰਸ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਡਾ. ਅੰਬੇਦਕਰ ਦੇ ਜੀਵਨ ਉਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਸਦੀਆਂ ਤੋਂ ਬਣੀਆਂ ਹਿੰਦੂਵਾਦੀ ਪਰੰਪਰਾਵਾਂ ਨੂੰ ਤੋੜਿਆ ਅਤੇ ਭਾਰਤੀ ਸੰਵਿਧਾਨ ਘੜਨ ਵਿਚ ਅਹਿਮ ਭੂਮਿਕਾ ਨਿਭਾਈ।

ਉਥੇ ਸਮਾਜ ਸੇਵੀ ਅਤੇ ਪ੍ਰੋਮੋਟਰ ਸ੍ਰੀ ਜੱਸੀ ਬੰਗਾ ਨੇ ਇਸ ਮੌਕੇ ਬੋਲਦਿਆਂ ਸੰਗਤ ਨੂੰ ਡਾ. ਅੰਬੇਦਕਰ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਸੱਦਾ ਦਿੱਤਾ ਕਿ ਆਓ ਸਾਰੇ ਰਲ ਕੇ ਡਾ. ਅੰਬੇਦਕਰ ਦੇ ਸੁਪਨੇ ਨੂੰ ਸਾਕਾਰ ਕਰਨ ਦਾ ਯਤਨ ਕਰੀਏ। ਉਨ੍ਹਾਂ ਕੌਮ ਵਿਚ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਦੀ ਚੇਤਾਵਨੀ ਵੀ ਦਿੱਤੀ। ਉਨ੍ਹਾਂ ਬਾਮਸੇਫ ਸੰਸਥਾ ਦਾ ਵੀ ਧੰਨਵਾਦ ਕੀਤਾ ਜਿਸ ਨੇ ਉਨ੍ਹਾਂ ਅਤੇ ਗੀਤਕਾਰ ਮੱਖਣ ਲੁਹਾਰਾਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ।

ਇਸ ਮੌਕੇ ਗੀਤਕਾਰ ਮੱਖਣ ਲੁਹਾਰ, ਬਾਮਸੇਫ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਸ੍ਰੀ ਮੋਹਨ ਰਾਮਪਾਲ, ਪ੍ਰਧਾਨ ਸ੍ਰੀ ਮੋਹਨ ਗਿੱਲ, ਮਹਾਂਰਿਸ਼ੀ ਬਾਲਮੀਕ ਸਭਾ ਯੂਬਾ ਸਿਟੀ ਦੇ ਸ੍ਰੀ ਪ੍ਰੇਮ ਸੋਧੀ ਅਤੇ ਸੋਹਣ ਲਾਲ ਨੇ ਵੀ ਸੰਗਤਾਂ ਨੂੰ ਵਧਾਈ ਦਿੱਤੀ। ਮੰਚ ਸੰਚਾਲਨ ਪਲਵਿੰਦਰ ਮਾਹੀ ਨੇ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ, ਦਲਵਿੰਦਰ ਰੱਲ੍ਹ, ਪ੍ਰਸ਼ੋਤਮ ਸੂਦ, ਰਾਮ ਸੇਵਕ ਭਾਟੀਆ, ਗੁਰਦੀਪ ਸਿੰਘ ਹੀਰਾ ਅਤੇ ਦੇਵ ਰਾਜ ਲਾਲੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਪ੍ਰੋ. ਰਾਜ ਕੁਮਾਰ ਹੰਸ ਅਤੇ ਅੰਬੇਦਕਰ ਟਾਈਮਜ਼ ਦੇ ਸੰਪਾਦਕ ਪ੍ਰੇਮ ਚੁੰਬਰ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

## ਬੇਕਰਜ਼ਫੀਲਡ ਵਿਚ ਇਕ ਹੋਰ ਗੁਰੂ ਘਰ ਬਣੇਗਾ?

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਇਸ ਗੱਲ ਦੀ ਸ਼ਹਿਰ ਵਿਚ ਪੂਰੇ ਜ਼ੋਰਾਂ 'ਤੇ ਚਰਚਾ ਹੈ ਕਿ ਇਸ ਸ਼ਹਿਰ ਵਿਚ ਇਕ ਹੋਰ ਗੁਰੂ ਘਰ ਜਲਦੀ ਹੀ ਬਣਨ ਵਾਲਾ ਹੈ। ਚਰਚਾ ਹੈ ਕਿ ਇਕ ਗੁਰੂ ਘਰ ਦੇ ਪ੍ਰਬੰਧਕਾਂ ਤੋਂ ਨਾਰਾਜ਼ ਇਕ ਧੜੇ ਨੇ ਨਵੇਂ ਗੁਰੂ ਘਰ ਵਾਸਤੇ ਇਕ ਚਰਚ ਦੀ ਇਮਾਰਤ ਖਰੀਦ ਲਈ ਹੈ ਅਤੇ ਇਸ ਨੂੰ ਗੁਰੂ ਘਰ ਦਾ ਰੂਪ ਦਿੱਤਾ ਜਾਏਗਾ। ਪਹਿਲਾਂ ਹੀ ਇਥੇ ਚਾਰ ਗੁਰੂ ਘਰ ਚੱਲ ਰਹੇ ਹਨ। ਇਸ ਸਥਿਤੀ ਉਤੇ ਕਈ ਸਾਲ ਪਹਿਲਾਂ ਇਕ ਬੇਨਾਮੀ ਪਰਚੇ ਵਿਚ ਟਿੱਪਣੀ ਕੀਤੀ ਗਈ ਸੀ, "ਚਾਰ ਗੁਰੂ ਘਰ ਪੰਜ ਪ੍ਰਧਾਨ।"

ਜ਼ਿਕਰਯੋਗ ਹੈ ਕਿ ਬੇਕਰਜ਼ਫੀਲਡ ਸ਼ਹਿਰ ਗੁਰੂ ਘਰਾਂ ਦੇ ਝਗੜਿਆਂ ਕਰਕੇ ਹਮੇਸ਼ਾ ਹੀ ਚਰਚਾ ਵਿਚ ਰਿਹਾ ਹੈ ਅਤੇ ਨਵਾਂ ਗੁਰਦੁਆਰਾ ਇਸ ਸ਼ਹਿਰ ਵਿਚ ਪੰਜਵਾਂ ਗੁਰੂ ਘਰ ਹੋਵੇਗਾ।

## ਥਿਆੜਾ ਨੂੰ ਹੈਲਥ ਸਿਸਟਮ ਨਿਗਮ ਦਾ ਚੇਅਰਮੈਨ ਬਣਾਏ ਜਾਣ ਦਾ ਸਵਾਗਤ

**ਯੂਬਾ ਸਿਟੀ (ਮਹਿੰਦਰ ਸਿੰਘ ਕੰਡਾ):** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਲਾਈਵ ਓਕ ਗੁਰੂ ਘਰ ਦੇ ਚੇਅਰਮੈਨ ਸ. ਗੁਰਨਾਮ ਸਿੰਘ ਪੰਮਾ ਦੇ ਸੱਦੇ ਤੇ ਇਕ ਵਿਸ਼ੇਸ਼ ਮੀਟਿੰਗ ਬੁਲਾਈ ਗਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਉਘੇ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ, ਯੂਬਾ ਸਿਟੀ ਦੇ ਮੇਅਰ ਸ. ਕਸ਼ਮੀਰ ਸਿੰਘ ਗਿੱਲ, ਸੀਨੀਅਰ ਅਕਾਲੀ ਆਗੂ ਸੁਖਵਿੰਦਰ ਸਿੰਘ ਅਬਲੋਵਾਲ, ਐਡਵੋਕੇਟ ਪ੍ਰਿਤਪਾਲ ਸਿੰਘ ਪਟਿਆਲਾ, ਰੌਣਕ ਸਿੰਘ ਲਾਸ ਏਂਜਲਸ, ਸ. ਵਿਕਰਮਜੀਤ ਸਿੰਘ, ਕਰਨਲ ਸੁਰਜੀਤ ਸਿੰਘ, ਨੀਸ਼ਾਨ, ਸੈਨ ਹੋਜ਼ੇ ਗੁਰੂ ਘਰ ਦੇ ਜਨਰਲ ਸਕਤਰ ਸ. ਪ੍ਰੀਤਮ ਸਿੰਘ ਗਰੇਵਾਲ, ਸ. ਜਸਵੰਤ ਸਿੰਘ ਸਰਾਂ, ਸ. ਸਤਨਾਮ ਸਿੰਘ ਸਟਾਕਟਨ ਤੇ ਸ. ਜੋਗਿੰਦਰ ਸਿੰਘ ਗਿੱਲ ਨੇ ਹਿੱਸਾ ਲਿਆ।

ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਸ. ਜਸਜੀਤ ਸਿੰਘ ਥਿਆੜਾ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦਾ ਚੇਅਰਮੈਨ ਬਣਾਏ ਜਾਣ ਦਾ ਸਵਾਗਤ ਕਰਦਿਆਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਸ. ਥਿਆੜਾ ਨੂੰ ਵਧਾਈ ਦਿੰਦਿਆ ਸ. ਦੀਦਾਰ ਸਿੰਘ ਬੈਂਸ ਨੇ ਕਿਹਾ ਕਿ ਸ. ਥਿਆੜਾ ਇਕ ਪੜ੍ਹੇ ਲਿਖੇ ਘਰਾਣੇ ਨਾਲ ਸੰਬੰਧ ਰੱਖਦੇ ਹਨ ਅਤੇ ਪਹਿਲਾਂ ਵੀ ਟਿਊਬਵੈਲ ਕਾਰਪੋਰੇਸ਼ਨ ਦੇ ਚੇਅਰਮੈਨ ਰਹਿ ਚੁੱਕੇ ਹਨ। ਸ. ਗੁਰਨਾਮ ਸਿੰਘ ਪੰਮਾ ਅਤੇ ਸ. ਪ੍ਰੀਤਮ ਸਿੰਘ ਗਰੇਵਾਲ ਨੇ ਸ. ਜਸਜੀਤ ਸਿੰਘ ਥਿਆੜਾ ਨੂੰ ਅਮਰੀਕਾ ਫੇਰੀ ਲਈ ਦਾਅਵਤ ਵੀ ਦਿੱਤੀ।

## ਯੂਬਾ ਸਿਟੀ ਵਿਚ ਪੰਜਾਬੀ ਦਿਵਸ ਸਮਾਗਮ 2 ਨੂੰ

**ਯੂਬਾ ਸਿਟੀ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਗੁਰਦਵਾਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਸਮੇਸ਼ ਹਾਲ ਵਿਚ ਆਉਂਦੀ 2 ਮਈ ਨੂੰ 12:30 ਤੋਂ ਸ਼ਾਮ 5:30 ਵਜੇ ਤੱਕ ਪੰਜਾਬੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਮਾਂ ਬੋਲੀ ਪੰਜਾਬੀ ਨਾਲ ਸੰਬੰਧਿਤ ਪਰਚੇ ਪੜ੍ਹੇ ਜਾਣਗੇ, ਕਹਾਣੀ, ਕਵਿਤਾ ਦੇ ਦਰਬਾਰ ਵੀ ਹੋਣਗੇ। ਨੌਜਵਾਨ ਬੱਚੇ ਵੀ ਗੁਰਬਾਣੀ ਸ਼ਬਦ ਅਤੇ ਗੀਤ, ਗਜ਼ਲ, ਕਵਿਤਾ ਪੜ੍ਹਨਗੇ। ਹੋਰ ਜਾਣਕਾਰੀ ਲਈ ਫੋਨ 530-933-2204, 916-806-4358, 530-673-9918 'ਤੇ ਸੰਪਰਕ ਕੀਤਾ ਜਾ ਸਕਦਾ ਹੈ।


**INDIAN RESTAURANT FOR SALE or LEASE in Missouri**



**Indian restaurant & Bar with 140 siting capacity. Only indian restaurant in the city running successfully for eight years.**
**Monthly Sales $50-60K.**

**Preferring the cost of lease for $7,000**

**For more information please call:**
**Gurdev Singh, 417-619-9981**

ਮਿਜ਼ੌਰੀ ਸਟੇਟ ਵਿਚ ਅੱਠ ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਭਾਰਤੀ ਰੈਸਟੋਰੈਂਟ ਲੀਜ਼ ਲਈ ਜਾਂ ਵਿਕਰੀ ਲਈ ਉਪਲਬਧ ਹੈ। ਸ਼ਹਿਰ ਵਿਚ ਇਕੋ ਇਕ ਭਾਰਤੀ ਰੈਸਟੋਰੈਂਟ, ਮਾਸਿਕ ਆਮਦਨ 50 ਤੋਂ 60 ਹਜ਼ਾਰ ਡਾਲਰ। ਲੀਜ਼ 7000 ਡਾਲਰ ਮਹੀਨਾ



**ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???**

**ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ**



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
**ਨਿਰਮਲ ਸਿੰਘ**
**ਫੋਨ:877-899-6244**
www.tryemc.com

We Work in All 50 States

# ਮਹਿੰਗਾਈ ਵਿਰੁਧ ਬੰਦ ਨੂੰ ਭਰਵਾਂ ਹੁੰਗਾਰਾ

**ਨਵੀਂ ਦਿੱਲੀ:** ਮਹਿੰਗਾਈ ਵਿਰੁਧ ਖੱਬੀਆਂ ਧਿਰਾਂ ਸਮੇਤ 13 ਪਾਰਟੀਆਂ ਵਲੋਂ ਦਿੱਤੇ ਦੇਸ਼ ਵਿਆਪੀ ਬੰਦ ਦੇ ਸੱਦੇ ਤਹਿਤ ਇਨ੍ਹਾਂ ਪਾਰਟੀਆਂ ਦੇ ਕਾਰਕੁੰਨਾਂ ਨੇ ਮਹਿੰਗਾਈ ਵਿਰੁਧ ਇਕੱਤਰ ਹੋ ਕੇ ਕਈ ਥਾਈਂ ਰੇਲਾਂ ਰੋਕੀਆਂ ਅਤੇ ਪ੍ਰਦਰਸ਼ਨ ਕੀਤੇ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਪੱਛਮੀ ਬੰਗਾਲ, ਕੇਰਲ, ਤ੍ਰਿਪੁਰਾ, ਬਿਹਾਰ, ਉਤਰ ਪ੍ਰਦੇਸ਼ ਤੇ ਝਾਰਖੰਡ 'ਚ ਹੜਤਾਲ ਪੂਰੀ ਤਰ੍ਹਾਂ ਸਫ਼ਲ ਰਹੀ, ਜਦਕਿ ਆਂਧਰਾ ਪ੍ਰਦੇਸ਼ 'ਚ ਕਈ ਥਾਈਂ ਬਾਜ਼ਾਰ ਤੇ ਹੋਰ ਸੰਸਥਾਵਾਂ ਪੂਰੀ ਤਰ੍ਹਾਂ ਬੰਦ ਰਹੀਆਂ। ਸੀ ਪੀ ਆਈ (ਐਮ) ਆਗੂ ਬਰਿੰਦਾ ਕਰਤ ਨੇ ਦੇਸ਼ ਦੇ ਵਧੇਰੇ ਹਿੱਸਿਆਂ 'ਚ ਹੜਤਾਲ ਸਫ਼ਲ ਹੋਣ ਦੀ ਗੱਲ ਕਹੀ, ਜਦਕਿ ਸਪਾ ਮੁਖੀ ਮੁਲਾਇਮ ਸਿੰਘ ਯਾਦਵ ਨੇ ਚਿਤਾਵਨੀ ਦਿੱਤੀ ਕਿ ਜੇਕਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨਾ ਘਟਾਈਆਂ ਗਈਆਂ ਤਾਂ ਲੋਕਾਂ 'ਚ ਹਫੜਾ ਦਫੜੀ ਮਚ ਜਾਵੇਗੀ। ਪੱਛਮੀ ਬੰਗਾਲ, ਤ੍ਰਿਪੁਰਾ ਤੇ ਕੇਰਲ 'ਚ ਰੇਲ ਤੇ ਸੜਕੀ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਤ ਹੋਈ। ਪੱਛਮੀ ਬੰਗਾਲ ਤੇ ਕੇਰਲ 'ਚ ਤਾਂ ਬੰਦ ਕਾਰਨ ਸੜਕਾਂ ਸੁੰਨਸਾਨ ਨਜ਼ਰ ਆਈਆਂ।

ਤਾਮਿਲਨਾਡੂ 'ਚ ਵੀ ਹੜਤਾਲ ਕਾਰਨ ਆਮ ਜਨਜੀਵਨ ਠੱਪ ਹੋਇਆ, ਜਦਕਿ ਚੇਨਈ 'ਚ ਹੜਤਾਲ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ। ਪੱਛਮੀ ਬੰਗਾਲ 'ਚ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ। ਪੂਰੇ ਸੂਬੇ 'ਚ ਸਕੂਟਰ ਤੋਂ ਲੈ ਕੇ ਹਵਾਈ ਜਹਾਜ਼ ਤੱਕ ਨਾ ਚੱਲ ਸਕੇ। ਉਤਰ ਪ੍ਰਦੇਸ਼ ਜਿੱਥੇ ਰੇਲਾਂ ਦਾ ਜਾਲ ਵਿਛਿਆ ਹੋਇਆ ਹੈ, 'ਚ ਵੀ ਕਈ ਥਾਈ ਰੇਲਾਂ ਨੂੰ ਰੋਕਿਆ ਗਿਆ। ਇੱਥੇ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਕਰ ਰਹੇ ਮੁਲਾਇਮ ਸਿੰਘ ਪੁੱਤਰ ਅਖਿਲੇਸ਼ ਯਾਦਵ ਨੂੰ ਪੁਲਿਸ ਨੇ ਉਨ੍ਹਾਂ ਦੇ 100 ਹਮਾਇਤੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਬਿਹਾਰ 'ਚ ਰੇਲ ਤੇ ਸੜਕੀ ਆਵਾਜਾਈ ਪੂਰੀ ਤਰ੍ਹਾਂ ਠੱਪ ਰਹੀ, ਜਦਕਿ ਬਾਜ਼ਾਰ ਤੇ ਹੋਰ ਵਪਾਰਕ ਅਦਾਰੇ ਸਵੇਰ ਤੋਂ ਹੀ ਬੰਦ ਸਨ। ਇੱਥੇ ਪ੍ਰਦਰਸ਼ਨ ਕਰਦੇ 1410 ਵਿਅਕਤੀਆਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ। ਝਾਰਖੰਡ 'ਚ ਬਾਜ਼ਾਰ ਤੇ ਹੋਰ ਅਦਾਰੇ ਬੰਦ ਹੋਣ ਤੋਂ ਇਲਾਵਾ ਕਈ ਸਰਕਾਰੀ ਦਫ਼ਤਰ ਵੀ ਪੂਰੀ ਤਰ੍ਹਾਂ ਬੰਦ ਰਹੇ। ਉੜੀਸਾ 'ਚ ਇਸ ਹੜਤਾਲ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ। ਸੂਬੇ 'ਚ ਵੱਖ-ਵੱਖ ਪਾਰਟੀਆਂ ਵੱਲੋਂ ਦਿੱਤੇ ਹੜਤਾਲ ਦੇ ਸੱਦੇ ਕਾਰਨ ਸਾਰੀ ਆਵਾਜਾਈ ਠੱਪ ਹੋ ਕੇ ਰਹਿ ਗਈ। ਕੇਰਲ 'ਚ ਵਪਾਰਕ ਅਦਾਰੇ ਤੇ ਸਿੱਖਿਆ ਸੰਸਥਾਵਾਂ ਬੰਦ ਹੋਣ ਦੇ ਨਾਲ-ਨਾਲ ਰੇਲ ਤੇ ਸੜਕੀ ਆਵਾਜਾਈ ਠੱਪ ਰਹੀ। ਸੂਬੇ 'ਚ ਖੱਬੀਆਂ ਧਿਰਾਂ ਦੇ ਹਮਾਇਤੀਆਂ ਨੇ ਪੂਰੀ ਤਰ੍ਹਾਂ ਹੜਤਾਲ ਕਰਕੇ ਰੋਸ ਪ੍ਰਦਰਸ਼ਨ ਵੀ ਕੀਤੇ।

ਤ੍ਰਿਪੁਰਾ 'ਚ ਹੋਈ ਹੜਤਾਲ ਕਾਰਨ ਸਰਕਾਰੀ ਦਫ਼ਤਰ, ਬਾਜ਼ਾਰ ਤੇ ਸਿੱਖਿਆ ਸੰਸਥਾਵਾਂ ਬੰਦ ਰਹੀਆਂ, ਜਿਸ ਤੋਂ ਇੰਝ ਲੱਗਦਾ ਸੀ ਕਿ ਜਿਵੇਂ ਸ਼ਹਿਰ ਖ਼ੁਦ ਠਹਿਰ ਗਿਆ ਹੋਵੇ। ਮਹਾਰਾਸ਼ਟਰ ਤੇ ਕਰਨਾਟਕਾ 'ਚ 50 ਹਜ਼ਾਰ ਤੋਂ ਵੱਧ ਲੋਕਾਂ ਨੇ ਹੜਤਾਲ 'ਚ ਹਿੱਸਾ ਲਿਆ। ਇਸੇ ਤਰ੍ਹਾਂ ਮੱਧ ਪ੍ਰਦੇਸ਼ 'ਚ ਵੀ ਹੜਤਾਲ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ। ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ 'ਚ ਤਾਂ ਹੋਟਲਾਂ ਨੂੰ ਵੀ ਬੰਦ ਰੱਖਿਆ ਗਿਆ। ਪੰਜਾਬ ਤੇ ਹਰਿਆਣਾ 'ਚ ਕਈ ਥਾਈਂ ਰਸਤਾ ਰੋਕੋ ਤਹਿਤ ਰੇਲਾਂ ਰੋਕੀਆਂ ਗਈਆਂ। ਦਿੱਲੀ 'ਚ ਸਨਅਤੀ ਕਾਮਿਆਂ ਨੇ ਹੜਤਾਲ ਦੇ ਹੱਕ 'ਚ 25 ਥਾਈਂ ਪ੍ਰਦਰਸ਼ਨ ਕੀਤੇ।

**ਪੰਜਾਬ 'ਚ ਹੁੰਘਾਰਾ ਰਲਵਾਂ-ਮਿਲਵਾਂ:** ਚਾਰ ਖੱਬੀਆਂ ਪਾਰਟੀਆਂ ਅਤੇ ਨੌਂ ਹੋਰ ਗੈਰ-ਕਾਂਗਰਸੀ ਧਰਮ ਨਿਰਪੱਖ ਪਾਰਟੀਆਂ ਵਲੋਂ ਕਮਰ-ਤੋੜ ਮਹਿੰਗਾਈ ਵਿਰੁਧ ਦਿੱਤੇ ਕੁਲ ਹਿੰਦ ਹੜਤਾਲ ਦੇ ਸੱਦੇ ਨੂੰ ਸਮੁੱਚੇ ਪੰਜਾਬ ਰਲਵਾਂ ਮਿਲਵਾਂ ਹੁੰਗਾਰਾ ਮਿਲਿਆ। 30 ਦੇ ਲੱਗਭਗ ਥਾਵਾਂ 'ਤੇ ਹਜ਼ਾਰਾਂ ਦੀ ਗਿਣਤੀ 'ਚ ਮੁਜ਼ਾਹਰਾਕਾਰੀਆਂ ਨੇ ਰੇਲਾਂ ਰੋਕੀਆਂ, ਚੱਕੇ ਜਾਮ ਕੀਤੇ, ਪ੍ਰਦਰਸ਼ਨ ਕੀਤਾ ਅਤੇ ਧਰਨੇ ਮਾਰੇ। ਉਹ ਯੂ ਪੀ ਏ-2 ਸਰਕਾਰ ਦੀਆਂ ਲੋਕ ਵਿਰੋਧੀ ਅਤੇ ਅਮੀਰ ਪੱਖੀ ਨੀਤੀਆਂ ਦੇ ਵਿਰੁਧ ਜ਼ਬਰਦਸਤ ਨਾਅਰੇਬਾਜ਼ੀ ਕਰ ਰਹੇ ਸਨ। ਇਹ ਸੱਦਾ ਸੀ ਪੀ ਆਈ (ਐਮ), ਸੀ ਪੀ ਆਈ, ਫਾਰਵਰਡ ਬਲਾਕ, ਰੈਵੋਲੂਸ਼ਨਰੀ ਸੋਸ਼ਲਿਸਟ ਪਾਰਟੀ, ਲੋਕ ਜਨਸ਼ਕਤੀ ਪਾਰਟੀ, ਆਲ ਇੰਡੀਆ ਅੰਨਾ ਡੀ ਐਮ ਕੇ, ਤੈਲਗੂ ਦੇਸ਼ਮ ਪਾਰਟੀ, ਸਮਾਜਵਾਦੀ ਪਾਰਟੀ, ਰਾਸ਼ਟਰੀ ਲੋਕ ਦਲ, ਜਨਤਾ ਦਲ (ਸੈਕੂਲਰ), ਇੰਡੀਅਨ ਨੈਸ਼ਨਲ ਲੋਕ ਦਲ ਅਤੇ ਬੀਜੂ ਜਨਤਾ ਦਲ ਆਦਿ ਨੇ ਦਿੱਤਾ ਹੋਇਆ ਸੀ। ਪੰਜਾਬ ਵਿਚ ਲੋਕ ਭਲਾਈ ਪਾਰਟੀ ਵੀ ਇਸ ਹੜਤਾਲ 'ਚ ਸ਼ਾਮਲ ਹੋਈ।

ਇਹ ਐਕਸ਼ਨ ਲੁਧਿਆਣਾ, ਧੂਰੀ, ਅੰਮ੍ਰਿਤਸਰ, ਹੁਸ਼ਿਆਰਪੁਰ, ਐਸ ਬੀ ਐਸ ਨਗਰ, ਗੜ੍ਹਸ਼ੰਕਰ, ਦਸੂਹਾ, ਮੁਕੇਰੀਆਂ, ਰਾਜਪੁਰਾ, ਜਲੰਧਰ, ਗੁਰਦਾਸਪੁਰ, ਬਟਾਲਾ, ਪਠਾਨਕੋਟ, ਅਨੰਦਪੁਰ ਸਾਹਿਬ, ਤਰਨ ਤਾਰਨ, ਬਠਿੰਡਾ, ਮਾਨਸਾ, ਬੁਢਲਾਡਾ, ਸਰਦੂਲਗੜ੍ਹ, ਮੁਕਤਸਰ, ਫਿਰੋਜ਼ਪੁਰ, ਮੋਗਾ, ਪਾਤੜਾਂ, ਸ਼ਾਹਕੋਟ, ਨਕੋਦਰ, ਸੁਲਤਾਨਪੁਰ ਅਤੇ ਮੁਹਾਲੀ ਆਦਿ ਵਿਖੇ ਕੀਤੇ ਗਏ।

ਜਿਨ੍ਹਾਂ ਪ੍ਰਮੁੱਖ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕੀਤਾ, ਉਨ੍ਹਾਂ 'ਚ ਸੀ ਪੀ ਆਈ ਦੇ ਕੌਮੀ ਐਗਜ਼ੈਕਟਿਵ ਮੈਂਬਰ ਡਾ. ਜੋਗਿੰਦਰ ਦਿਆਲ, ਲੋਕ ਭਲਾਈ ਪਾਰਟੀ ਦੇ ਕੁਲ ਹਿੰਦ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ, ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਚਰਨ ਸਿੰਘ ਵਿਰਦੀ, ਸੀ ਪੀ ਆਈ ਦੇ ਸੂਬਾ ਸਕੱਤਰ ਭੁਪਿੰਦਰ ਸਾਂਬਰ, ਸੀ ਪੀ ਆਈ (ਐਮ) ਦੇ ਸੂਬਾ ਸਕੱਤਰੇਤ ਮੈਂਬਰ ਲਹਿੰਬਰ ਸਿੰਘ ਤੱਗੜ ਸ਼ਾਮਲ ਹਨ। ਆਪਣੇ ਸੰਬੋਧਨ ਦੌਰਾਨ ਆਗੂਆਂ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਕਮਰ ਤੋੜ ਵਾਧੇ ਲਈ ਯੂ ਪੀ ਏ-2 ਸਰਕਾਰ ਦੀਆਂ ਲੋਕ-ਵਿਰੋਧੀ ਅਤੇ ਅਮੀਰ-ਪੱਖੀ ਨੀਤੀਆਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ ਨੂੰ ਕਮਜ਼ੋਰ ਕਰਨ ਰਾਹੀਂ ਵੱਡੇ ਵਪਾਰਕ ਘਰਾਣਿਆਂ ਅਤੇ ਜ਼ਖੀਰੇਬਾਜ਼ਾਂ ਨੂੰ ਜਨਤਾ ਦੀ ਲੁੱਟ ਕਰਨ ਲਈ ਮੌਕੇ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਜ਼ਖੀਰੇਬਾਜ਼ ਨਕਲੀ ਘਾਟ ਪੈਦਾ ਕਰਕੇ ਮਨਚਾਹੀਆਂ ਕਮੀਤਾਂ ਵਸੂਲ ਕਰ ਰਹੇ ਹਨ ਅਤੇ ਸਰਕਾਰ ਉਨ੍ਹਾਂ ਵਿਰੁਧ ਕੋਈ ਵੀ ਕਾਰਵਾਈ ਜਾਣ-ਬੁੱਝ ਕੇ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਖਾਦ ਕੰਪਨੀਆਂ ਨੂੰ ਲਾਭ ਪਹੁੰਚਾਉਣ ਲਈ ਸਰਕਾਰ ਨੇ ਫਾਸਫੇਟਿਕ ਖਾਦਾਂ ਦੀਆਂ ਕੀਮਤਾਂ 'ਚ ਵਾਧੇ ਨੂੰ ਕੰਟਰੋਲ ਮੁਕਤ ਕਰ ਦਿੱਤਾ ਹੈ।

# ਸਿੱਖ ਕਾਜ ਨੂੰ ਸਮਰਪਿਤ ਨਵੀਂ ਜਥੇਬੰਦੀ 'ਅਮੈਰੀਕਨ ਸਿੱਖ ਕੌਂਸਲ' ਦਾ ਗਠਨ

**ਯੂਨੀਅਨ ਸਿਟੀ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਬੇ-ਏਰੀਏ ਵਿਚ ਸਿੱਖ ਕਾਜ ਲਈ ਸਮਰਪਿਤ ਸਿੰਘਾਂ ਨੇ ਚਿਰਾਂ ਤੋਂ ਆਪਣੇ ਮਨਾਂ ਵਿਚ ਸਮੋਏ ਸੁਪਨੇ ਨੂੰ ਉਸ ਸਮੇਂ ਸਾਕਾਰ ਕਰ ਲਿਆ, ਜਦੋਂ ਲੰਘੇ ਐਤਵਾਰ ਇਥੇ ਇਕ ਪ੍ਰਭਾਵਸ਼ਾਲੀ ਇਕੱਠ ਵਿਚ 'ਅਮੈਰੀਕਨ ਸਿੱਖ ਕੌਂਸਲ' ਨਾਮੀ ਸੰਸਥਾ ਬਣਾਉਣ ਦਾ ਬਕਾਇਦਾ ਐਲਾਨ ਕਰ ਦਿੱਤਾ ਗਿਆ। ਮੀਟਿੰਗ ਵਿਚ ਜਥੇਬੰਦੀ ਦਾ ਵਿਧਾਨ ਪੇਸ਼ ਕੀਤਾ ਗਿਆ ਅਤੇ ਮੁਢਲੀ ਵਿਚਾਰ ਉਪਰੰਤ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ।

ਨਵੀਂ ਜਥੇਬੰਦੀ ਦੇ ਇਕ ਬੁਲਾਰੇ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਇਕ ਐਡਹਾਕ ਕਮੇਟੀ ਬਣਾ ਲਈ ਗਈ ਹੈ ਅਤੇ ਮੈਂਬਰਸ਼ਿਪ ਭਰਤੀ ਸ਼ੁਰੂ ਕਰ ਦਿੱਤੀ ਗਈ ਹੈ। ਪਾਰਟੀ ਦੀ ਮੁਢਲੀ ਰੂਪ ਰੇਖਾ ਵਿਧਾਨ ਮੁਤਾਬਕ ਘੜਨ ਲਈ ਐਡਹਾਕ ਕਮੇਟੀ ਨੇ ਕੰਮ ਆਰੰਭ ਦਿੱਤਾ ਹੈ। ਸਮਝਿਆ ਜਾ ਰਿਹਾ ਹੈ ਕਿ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਭਾਈ ਰਾਮ ਸਿੰਘ ਅਤੇ ਅਨੇਕਾਂ ਹੋਰ ਸ਼ਖ਼ਸੀਅਤਾਂ ਵਿਅਕਤੀਗਤ ਤੌਰ 'ਤੇ ਸੇਵਾ ਕਰਦੀਆਂ ਆ ਰਹੀਆਂ ਸਨ ਪਰ ਇਕ ਜਥੇਬੰਦ ਪਾਰਟੀ ਦੀ ਘਾਟ ਹਮੇਸ਼ਾ ਵਰਕਰਾਂ ਨੂੰ ਰੜਕਦੀ ਆ ਰਹੀ ਸੀ।

ਬੁਲਾਰੇ ਨੇ ਦਾਅਵਾ ਕੀਤਾ ਕਿ ਜਥੇਬੰਦੀ ਦੇ ਐਲਾਨ ਤੋਂ ਬਾਅਦ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ।

ਬੁਲਾਰੇ ਅਨੁਸਾਰ ਜਥੇਬੰਦੀ ਦਾ ਮੁੱਖ ਉਦੇਸ਼ ਇਸ ਧਰਤੀ 'ਤੇ ਵਸਦੇ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕਰਨਾ ਹੋਵੇਗਾ। ਜਥੇਬੰਦੀ ਨੇ ਨੌਜਵਾਨ ਪੀੜ੍ਹੀ ਨੂੰ ਸਿੱਖ ਆਸ਼ੇ ਮੁਤਾਬਕ ਜਿਊਣ ਅਤੇ ਨਸ਼ਾ ਰਹਿਤ ਜ਼ਿੰਦਗੀ ਬਸਰ ਕਰਨ ਵਲ ਪ੍ਰੇਰਤ ਕਰਨ ਵਰਗੇ ਬਹੁਮੁੱਖੇ ਕਾਰਜ ਕਰਨ ਦੀ ਇੱਛਾ ਪ੍ਰਗਟਾਈ ਹੈ। ਵਿਧਾਨ ਵਿਚ ਵਾਅਦਾ ਕੀਤਾ ਗਿਆ ਹੈ ਕਿ ਜਥੇਬੰਦੀ ਸਿੱਖ ਸਮਾਜ ਦੇ ਹਰ ਪਹਿਲੂ 'ਤੇ ਨਜ਼ਰਸਾਨੀ ਕਰਕੇ ਕੌਮ ਨੂੰ ਆ ਰਹੀਆਂ ਸਮੱਸਿਆਵਾਂ ਦਾ ਮੰਥਨ ਹੀ ਨਹੀਂ ਕਰੇਗੀ ਸਗੋਂ ਯੋਗ ਹੱਲ ਕੱਢਣ ਲਈ ਗੰਭੀਰ ਉਪਰਾਲੇ ਵੀ ਕਰੇਗੀ।

ਆਉਣ ਵਾਲੇ ਦਿਨਾਂ ਵਿਚ ਜਥੇਬੰਦੀ ਵਲੋਂ ਸਿੱਖ ਸਮਾਜ ਨੂੰ ਨਾਲ ਜੋੜਨ ਲਈ ਕਾਨਫਰੰਸਾਂ ਆਯੋਜਿਤ ਕੀਤੇ ਜਾਣ ਦੀਆਂ ਸੰਭਾਵਨਾਵਾਂ ਹਨ।

ਸ਼ੁਰੂ ਵਿਚ ਜੋ ਕੰਮ ਚਲਾਊ ਐਡਹਾਕ ਕਮੇਟੀ ਬਣਾਈ ਗਈ ਹੈ, ਉਸ ਵਿਚ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਭਾਈ ਐਸ. ਪੀ. ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਕੁਲਜੀਤ ਸਿੰਘ, ਭਾਈ ਕੇਵਲ ਸਿੰਘ ਤੱਖਰ, ਭਾਈ ਮਹਿੰਗਾ ਸਿੰਘ, ਪ੍ਰੋਫੈਸਰ ਪ੍ਰੀਤਮ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਜੋਗਾ ਸਿੰਘ, ਭਾਈ ਗੁਰਾ ਸਿੰਘ, ਭਾਈ ਸੁਰਜੀਤ ਸਿੰਘ ਹੋਠੀ, ਭਾਈ ਲਖਬੀਰ ਸਿੰਘ, ਭਾਈ ਕਮਲਜੀਤ ਸਿੰਘ ਲੌਂਗੀਆ ਅਤੇ ਭਾਈ ਤਰਸੇਮ ਸਿੰਘ ਦੇ ਨਾਂ ਸ਼ਾਮਲ ਹਨ।

## ਉੱਜਲ ਦੁਸਾਂਝ ਨੂੰ ਜਾਨੋਂ ਮਾਰਨ ਦੀ ਧਮਕੀ

**ਟੋਰਾਂਟੋ:** ਖਾਲਿਸਤਾਨੀ ਅੰਦੋਲਨ ਦਾ ਵਿਰੋਧ ਕਰਨ ਵਾਲੇ ਲਿਬਰਲ ਸੰਸਦ ਮੈਂਬਰ ਉੱਜਲ ਦੁਸਾਂਝ ਨੂੰ ਮਸ਼ਕੂਕ ਸਿੱਖ ਅਤਿਵਾਦੀਆਂ ਨੇ ਫੇਸਬੁੱਕ ਉਪਰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਹੈ। ਇਸ ਧਮਕੀ ਮਗਰੋਂ ਕੈਨੇਡਾ ਦੀ ਪੁਲੀਸ ਤੇ ਹੋਰ ਏਜੰਸੀਆਂ ਚੌਕਸ ਹੋ ਗਈਆਂ ਹਨ ਤੇ ਉਨ੍ਹਾਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਧਰ ਸ੍ਰੀ ਦੁਸਾਂਝ ਨੇ ਕਿਹਾ ਹੈ ਕਿ ਉਹ ਹਿੰਸਾ ਦੇ ਸਖਤ ਖ਼ਿਲਾਫ ਹਨ ਤੇ ਇਸ ਧਮਕੀ ਤੋਂ ਡਰਨ ਵਾਲੇ ਨਹੀਂ। ਸ੍ਰੀ ਦੁਸਾਂਝ, ਜੋ ਧਰਮ ਨਿਰਪੱਖ ਆਗੂ ਮੰਨੇ ਜਾਂਦੇ ਹਨ ਨੇ ਕਿਹਾ, "ਮੈਂ ਚਿੰਤਤ ਜ਼ਰੂਰ ਹਾਂ, ਪਰ ਖੌਫਜ਼ਦਾ ਨਹੀਂ। ਸਾਡਾ ਬਹੁਤਾ ਭਾਈਚਾਰਾ ਸ਼ਾਂਤੀ ਚਾਹੁੰਦਾ ਹੈ।"

ਫੇਸਬੁੱਕ ਦੇ ਪੇਜ ਉਪਰ ਧਮਕੀ ਦਿੰਦਿਆਂ ਕਿਹਾ ਹੈ, "ਉੱਜਲ ਦੁਸਾਂਝ ਸਿੱਖ ਗੱਦਾਰ ਹੈ।" ਸੰਸਦ ਮੈਂਬਰ ਨੇ ਕਿਹਾ, "ਹਿੰਸਾ ਦੇ ਇੱਛੁਕ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ, ਇੰਜ ਕਹੋ ਜਿਵੇਂ ਆਟੇ 'ਚ ਲੂਣ ਪਰ ਇਹ ਲੋਕ ਅਤਿ ਆਧੁਨਿਕ ਹੋ ਚੁੱਕੇ ਹਨ ਤੇ ਇਨ੍ਹਾਂ ਕੋਲ ਗਲਤ ਮਲਤ ਸੂਚਨਾਵਾਂ ਪਹੁੰਚਾਉਣ ਦੀ ਮੁਹਾਰਤ ਆ ਗਈ ਹੈ।




ਵਲੋਂ: ਸੁੱਖ ਬਨਵੈਤ ਅਤੇ ਪਰਿਵਾਰ

**Fast Food Resturant on Sale**

*Gross Sale, ½ Million *Good Franchise
*Good Location in Mall *Make a good offer
Contact Info.:(408)-623-7420 Sukh Banwait

**LIQUOR STORE ON SALE**

1.2 Million Net Sale
Lotto & Lottery profit ; 35 to 40 thousand yearly
*Good Location *22 Years in Business *No Competition
Make a good offer, Paper Work provided
Contact Info.:(408)-623-7420 Sukh Banwait

**Business For Sale**



ਟਰੱਕ ਰਿਪੇਅਰ ਸ਼ਾਪ ਅਤੇ ਟਰੱਕ ਵਾਸ਼ ਵਿਕਾਊ ਹੈ

ਇੰਡੀਆਨਾ 'ਚ ਹਾਈਵੇਅ 70 ਉਤੇ ਬਹੁਤ ਵਡੀ ਫੈਸਿਲਟੀ
ਨੈਟ ਆਮਦਨੀ $25000 ਮਹੀਨਾ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਜਸਵੀਰ ਸਿੰਘ
ਫੋਨ: 916-470-5520

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਫੋਨ ਟੈਪਿੰਗ:ਕੇਂਦਰ ਸਰਕਾਰ ਘਿਰੀ

ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਵਰਗੇ ਮਸਲਿਆਂ 'ਤੇ ਜਾਣਕਾਰੀ ਲੈਂਦੀ ਰਹੀ।

ਸਰਕਾਰ ਐਨ. ਸੀ. ਪੀ. ਮੁਖੀ ਸ਼ਰਦ ਪਵਾਰ ਦੀ ਆਈ. ਪੀ. ਐਲ. ਮੁਖੀ ਲਲਿਤ ਮੋਦੀ ਨਾਲ ਫੋਨ 'ਤੇ ਹੁੰਦੀ ਗੱਲਬਾਤ ਨੂੰ ਟੈਪ ਕਰਦੀ ਰਹੀ। ਇਸੇ ਤਰ੍ਹਾਂ ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਦਾ ਫੋਨ ਵੀ ਜੂਨ 2008 'ਚ ਉਦੋਂ ਟੈਪ ਕੀਤਾ ਗਿਆ ਜਦੋਂ ਸੰਸਦ 'ਚ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਬਾਰੇ ਬਹਿਸ ਚੱਲ ਰਹੀ ਸੀ। ਰਿਪੋਰਟ 'ਚ ਇਹ ਵੀ ਭੇਤ ਖੋਲ੍ਹਿਆ ਗਿਆ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਅਕਤੂਬਰ 2007 'ਚ ਦਿੱਲੀ ਦੌਰੇ ਨੂੰ ਵੀ ਟੈਪ ਕੀਤਾ ਗਿਆ। ਕੋਚੀ ਨਦੀ ਪ੍ਰਾਜੈਕਟ ਲਈ ਕੇਂਦਰੀ ਫੰਡਾਂ ਨੂੰ ਲੈ ਕੇ ਆਪਣੇ ਸਾਥੀ ਨਾਲ ਉਨ੍ਹਾਂ ਦੀ ਗੱਲਬਾਤ ਨੂੰ ਟੈਪ ਕੀਤਾ ਗਿਆ। ਕਾਂਗਰਸ ਵਲੋਂ ਆਪਣੇ ਆਗੂ ਦਿਗਵਿਜੇ ਸਿੰਘ ਦਾ ਵੀ 2007 'ਚ ਫੋਨ ਟੈਪ ਕੀਤਾ ਗਿਆ ਜਦੋਂ ਉਹ ਕਾਂਗਰਸ ਵਰਕਿੰਗ ਕਮੇਟੀ ਦੀ ਚੋਣ ਲਈ ਪੰਜਾਬ ਦੇ ਆਗੂ ਨਾਲ ਗੱਲਬਾਤ ਕਰ ਰਹੇ ਸਨ। ਰਸਾਲੇ ਨੇ ਇੰਕਸ਼ਾਫ ਕੀਤਾ ਹੈ ਕਿ ਕਾਰਗਿਲ ਜੰਗ ਤੋਂ ਬਾਅਦ ਤਕਨੀਕੀ ਸੂਹਾਂ ਲੈਣ ਲਈ ਕਾਇਮ ਕੀਤੀ ਗਈ ਖੁਫੀਆ ਏਜੰਸੀ ਨੈਸ਼ਨਲ ਟੈਕਨੀਕਲ ਰਿਸਰਚ ਆਰਗੇਨਾਈਜ਼ੇਸ਼ਨ (ਐਨ.ਟੀ.ਆਰ.ਓ.) ਦੇਸ਼ ਵਿਰੋਧੀ ਅਨਸਰਾਂ ਦੀਆਂ ਗਤੀਵਿਧੀਆ ਉੱਤੇ ਨਜ਼ਰ ਰੱਖਣ ਦੀ ਥਾਂ ਸਿਆਸਤਦਾਨਾਂ ਦੀਆਂ ਸਰਗਰਮੀਆਂ ਉੱਤੇ ਨਜ਼ਰ ਰੱਖਦੀ ਆ ਰਹੀ ਹੈ।

ਫੋਨ ਟੈਪਿੰਗ ਮਾਮਲੇ 'ਤੇ ਟਿੱਪਣੀਆਂ ਕਰਦਿਆਂ ਸੀ.ਪੀ.ਆਈ. (ਐਮ.) ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਸਮੇਤ ਹੋਰ ਪਾਰਟੀਆਂ ਦੇ ਕਈ ਸੀਨੀਅਰ ਆਗੂਆਂ ਨੇ ਫੋਨ ਟੈਪ ਕਰਨ ਦੀ ਜ਼ਿੰਮੇਵਾਰੀ ਸਰਕਾਰ ਵਲੋਂ ਲੈਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਨਿਗਰਾਨੀ 'ਤੇ ਪਾਬੰਦੀ ਲਗਾਉਣ ਲਈ ਦਿਸ਼ਾ ਨਿਰਦੇਸ਼ ਬਣਨੇ ਚਾਹੀਦੇ ਹਨ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਖੁਫੀਆ ਏਜੰਸੀਆਂ ਨੂੰ ਕੌਮੀ ਸੁਰੱਖਿਆ ਤੇ ਅਪਰਾਧਿਕ ਗਤੀਵਿਧੀਆਂ ਦੇ ਸੰਦਰਭ 'ਚ ਇਸ ਦੀ ਨਿਗਰਾਨੀ ਹੇਠ ਲਿਆਂਦਾ ਜਾਵੇ। ਉਨ੍ਹਾਂ ਕਿਹਾ ਇਹ ਬੇਹੱਦ ਗੰਭੀਰ ਮਾਮਲਾ ਹੈ ਕਿ ਸਰਕਾਰ ਆਪਣੇ ਸਿਆਸੀ ਟੀਚਿਆਂ ਨੂੰ ਹਾਸਲ ਕਰਨ ਲਈ ਖੁਫੀਆ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ। ਸੀ.ਪੀ.ਐਮ. ਦੇ ਪੋਲਿਟ ਬਿਊਰੋ ਨੇ ਕਿਹਾ ਕਿ ਸਰਕਾਰ ਨੇ ਖੁਫੀਆ ਤੇ ਸੁਰੱਖਿਆ ਏਜੰਸੀਆਂ ਦੀ ਵਰਤੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਜਾਸੂਸੀ ਕਰਨ ਲਈ ਸ਼ੁਰੂ ਕਰ ਦਿੱਤੀ ਹੈ। ਪੋਲਿਟ ਬਿਊਰੋ ਨੇ ਕਿਹਾ ਹੈ ਕਿ ਸਰਕਾਰ ਇਸ ਪੂਰੇ ਮਾਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਇਸ ਤਰ੍ਹਾਂ ਦੀ ਨਿਗਰਾਨੀ ਦਾ ਆਦੇਸ਼ ਦੇਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰੇ, ਕਿਉਂਕਿ ਅਜਿਹੀਆਂ ਹਰਕਤਾਂ ਜਮਹੂਰੀ ਪ੍ਰਣਾਲੀ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਇਸ ਨਾਲ ਸਰਕਾਰ ਦੇ ਉੱਚ ਪੱਧਰ 'ਤੇ ਗੈਰਕਾਨੂੰਨੀ ਮਾਹੌਲ ਪੈਦਾ ਹੁੰਦਾ ਹੈ। ਬਿਊਰੋ ਨੇ ਕਿਹਾ ਕਿ ਅਜਿਹੀ ਗੈਰਕਾਨੂੰਨੀ ਕਾਰਵਾਈ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਸਰਕਾਰ ਨੂੰ ਸੰਸਦ 'ਚ ਸਪਸ਼ਟ ਦਿਸ਼ਾ-ਨਿਰਦੇਸ਼ ਪੇਸ਼ ਕਰਨੇ ਚਾਹੀਦੇ ਹਨ।

ਇਸ ਮਸਲੇ 'ਤੇ ਟਿੱਪਣੀ ਕਰਦਿਆਂ ਭਾਜਪਾ ਦੇ ਬੁਲਾਰੇ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਸਰਕਾਰ ਇਸ ਵੇਲੇ ਸੰਕਟ 'ਚ ਫਸੀ ਹੋਈ ਹੈ ਤੇ ਉਸ ਦੇ ਇਸ ਡਰ ਨੇ ਉਸ ਨੂੰ ਸਿਆਸਤਦਾਨਾਂ ਦੇ ਨਾਲ-ਨਾਲ ਕੈਬਨਿਟ ਮੰਤਰੀਆਂ ਦੇ ਫੋਨ ਟੈਪ ਕਰਨ ਲਈ ਮਜਬੂਰ ਕਰ ਦਿੱਤਾ ਹੈ ਪਰ ਉਹ ਇਹ ਨਹੀਂ ਜਾਣਦੀ ਕਿ ਉਸ ਨੇ ਅਜਿਹਾ ਕਰਕੇ ਇਕ ਨਵੀਂ ਮੁਸੀਬਤ ਸਹੇੜ ਲਈ ਹੈ। ਸਰਕਾਰ ਆਈ. ਪੀ. ਐਲ. ਦੇ ਮੁੱਦੇ 'ਤੇ ਕਸੂਤੀ ਫਸੀ ਹੋਈ ਹੈ ਤੇ ਉਪਰੋਂ 13 ਵਿਰੋਧੀ ਪਾਰਟੀਆਂ ਵਲੋਂ ਸੰਸਦ 'ਚ ਕਟੌਤੀ ਮਤਾ ਰੱਖਣ 'ਤੇ ਜੇਕਰ ਸਰਕਾਰ ਘੱਟ ਗਿਣਤੀ 'ਚ ਰਹਿ ਗਈ ਤਾਂ ਉਹ ਡਿੱਗ ਵੀ ਸਕਦੀ ਹੈ।

ਭਾਜਪਾ ਦੇ ਹੀ ਸੀਨੀਅਰ ਨੇਤਾ ਐਲ. ਕੇ. ਅਡਵਾਨੀ ਨੇ ਫੋਨ ਟੈਪਿੰਗ ਦੀ ਰਿਪੋਰਟ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਘਟਨਾ ਦੀ ਤੁਲਨਾ ਐਮਰਜੈਂਸੀ ਦੇ ਦਿਨਾਂ ਨਾਲ ਕੀਤੀ ਹੈ। 'ਆਊਟਲੁਕ' ਰਸਾਲੇ ਦੀ ਤਾਜ਼ਾ ਰਿਪੋਰਟ ਦਾ ਹਵਾਲਾ ਦਿੰਦਿਆਂ ਉਨ੍ਹਾਂ ਆਪਣੇ 25 ਅਪ੍ਰੈਲ ਦੇ ਬਿਆਨ 'ਚ ਅਤੇ ਸੰਸਦ 'ਚ ਕਿਹਾ ਕਿ ਇਹ ਦਹਿਲਾ ਦੇਣ ਵਾਲੀ ਰਿਪੋਰਟ ਹੈ, ਜਿਸ ਵਿਚ ਇੰਕਸ਼ਾਫ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਕਿਵੇਂ ਫੋਨ ਟੈਪਿੰਗ ਤਕਨੀਕ ਦੀ ਵਰਤੋਂ ਪ੍ਰਮੁੱਖ ਸਿਆਸੀ ਨੇਤਾਵਾਂ ਦਰਮਿਆਨ ਟੈਲੀਫੋਨ ਗੱਲਬਾਤ ਨੂੰ ਰਿਕਾਰਡ ਕਰਨ ਲਈ ਕਰ ਰਹੀ ਹੈ। ਸ੍ਰੀ ਅਡਵਾਨੀ ਨੇ ਪੁਰਾਣੇ ਪੈ ਚੁੱਕੇ ਟੈਲੀਫੋਨ ਐਕਟ ਨੂੰ ਖਤਮ ਕੀਤੇ ਜਾਣ ਦੀ ਮੰਗ ਕਰਦੇ ਹੋਏ ਕਿਹਾ ਕਿ ਲੋਕਾਂ ਦੀ ਨਿੱਜੀ ਆਜ਼ਾਦੀ ਦੀ ਰਾਖੀ ਲਈ ਨਵਾਂ ਕਾਨੂੰਨ ਬਣਾਏ ਜਾਣ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਸਲ ਵਿਚ ਜੋ ਜ਼ਰੂਰੀ ਹੈ ਉਹ ਇਹ ਹੈ ਕਿ ਸਮੱਸਿਆ ਦੇ ਸਭ ਪੱਖਾਂ ਦੀ ਪੜਤਾਲ ਕਰਕੇ ਬੇਕਾਰ ਹੋ ਚੁੱਕੇ ਭਾਰਤੀ ਟੈਲੀਫੋਨ ਐਕਟ 1885 ਨੂੰ ਖਤਮ ਕਰਨ ਅਤੇ ਆਮ ਲੋਕਾਂ ਦੀ ਨਿੱਜੀ ਆਜ਼ਾਦੀ ਲਈ ਨਵਾਂ ਕਾਨੂੰਨ ਬਣਾਉਣ ਲਈ ਕਮੇਟੀ ਬਣਾਈ ਜਾਵੇ। ਉਨ੍ਹਾਂ ਇਹ ਵੀ ਲਿਖਿਆ ਕਿ ਨਵਾਂ ਕਾਨੂੰਨ ਅਜਿਹਾ ਹੋਵੇ ਜਿਹੜਾ ਆਮ ਲੋਕਾਂ ਦੀ ਨਿੱਜੀ ਆਜ਼ਾਦੀ ਦੀ ਸੁਰੱਖਿਆ ਕਰੇ ਅਤੇ ਰਸਮੀ ਤੌਰ 'ਤੇ ਸਿਰਫ ਅਪਰਾਧ, ਘੁਟਾਲੇ ਅਤੇ ਜਾਸੂਸੀ ਨੂੰ ਕੰਟਰੋਲ ਕਰਨ ਲਈ ਸੂਬਿਆਂ ਨੂੰ ਤਾਜ਼ਾ ਆਈ. ਟੀ. ਤਕਨੀਕ ਦੀ ਵਰਤੋਂ ਨੂੰ ਮਾਨਤਾ ਦੇਵੇ। ਉਨ੍ਹਾਂ ਫੋਨ ਟੈਪਿੰਗ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਜਿਸ ਵਿਚ 25 ਜੂਨ 1983 ਦੀ ਇਕ ਪ੍ਰੈਸ ਕਾਨਫਰੰਸ ਵੀ ਸ਼ਾਮਿਲ ਹੈ। ਇਸ ਦਿਨ ਐਮਰਜੈਂਸੀ ਦੀ ਦਸਵੀਂ ਵਰ੍ਹੇਗੰਢ ਸੀ ਜਿਸ ਵਿਚ ਸ੍ਰੀ ਵਾਜਪਾਈ ਨੇ ਐਮਰਜੈਂਸੀ ਦੀਆਂ ਨਾ ਸਿਰਫ ਵਧੀਕੀਆਂ ਦਾ ਜ਼ਿਕਰ ਕੀਤਾ ਸੀ ਸਗੋਂ 19 ਮਹੀਨਿਆਂ ਦੇ ਉਕਤ ਸਮੇਂ ਦਰਮਿਆਨ ਵੱਡੇ ਪੱਧਰ 'ਤੇ ਫੋਨ ਟੈਪਿੰਗ ਮਾਮਲਿਆਂ ਦਾ ਜ਼ਿਕਰ ਕੀਤਾ ਸੀ।

ਜਨਤਾ ਦਲ (ਯੂ) ਦੇ ਸ੍ਰੀ ਸ਼ਰਦ ਯਾਦਵ ਨੇ ਫੋਨ ਟੈਪਿੰਗ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਜੋ ਕੁਝ ਹੋ ਰਿਹਾ ਹੈ ਉਹ ਮੰਦਭਾਗਾ ਤੇ ਗੈਰਸੰਵਿਧਾਨਕ ਹੈ।

ਫੋਨ ਟੈਪਿੰਗ 'ਤੇ ਪ੍ਰਧਾਨ ਮੰਤਰੀ ਦੇ ਬਿਆਨ ਅਤੇ ਆਈ. ਪੀ. ਐਲ. ਦੇ ਵਿਵਾਦ ਦੀ ਜਾਂਚ ਸਾਂਝੀ ਸੰਸਦੀ ਕਮੇਟੀ ਤੋਂ ਕਰਵਾਏ ਜਾਣ ਦੀ ਮੰਗ ਨੂੰ ਲੈ ਕੇ ਅੜੇ ਹੋਏ ਸਪਾ, ਰਾਜਦ ਅਤੇ ਹੋਰਨਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਵਲੋਂ ਸੰਸਦ ਦੀ ਕਾਰਵਾਈ ਨਾ ਚੱਲਣ ਦੇਣ 'ਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਕਿਹਾ ਕਿ ਯੂ. ਪੀ. ਏ. ਨੇ ਨਾ ਤਾਂ ਆਪਣੇ ਪਹਿਲੇ ਕਾਰਜ ਕਾਲ ਸਮੇਂ ਅਤੇ ਨਾ ਹੀ ਹੁਣ ਅਜਿਹੀ ਕੋਈ ਕਾਰਵਾਈ ਕੀਤੀ ਹੈ, ਫਿਰ ਵੀ ਸਰਕਾਰ ਇਸ ਮਾਮਲੇ ਦੀ ਤਹਿ ਤਕ ਜਾਣ ਲਈ ਘੋਖ ਕਰ ਰਹੀ ਹੈ।

## ਸੈਕਰਾਮੈਂਟੋ 'ਚ ਗਦਰ ਕਾਨਫਰੰਸ 10 ਜੁਲਾਈ ਨੂੰ

**ਸੈਕਰਾਮੈਂਟੋ:** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਸੈਕਰਾਮੈਂਟੋ ਵਲੋਂ ਗਦਰੀ ਬਾਬਿਆਂ ਦਾ ਦਸਵਾਂ ਮੇਲਾ ਅਤੇ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਇਥੇ 10 ਜੁਲਾਈ 2010 ਨੂੰ ਕਰਵਾਈ ਜਾ ਰਹੀ ਹੈ। ਇਸ ਕਾਨਫਰੰਸ ਦੇ ਮੁੱਖ ਮਹਿਮਾਨ ਪ੍ਰਸਿਧ ਪੱਤਰਕਾਰ ਅਤੇ ਯੂ.ਕੇ. ਦੇ ਸਾਬਕਾ ਹਾਈ ਕਮਿਸ਼ਨਰ ਕੁਲਦੀਪ ਨਈਅਰ ਹੋਣਗੇ। ਇਸ ਸਬੰਧੀ ਫਾਊਂਡੇਸ਼ਨ ਦੇ ਕਮੇਟੀ ਮੈਂਬਰਾਂ ਦੀ ਇਕ ਤਿਆਰੀ ਮੀਟਿੰਗ ਪਿਛਲੇ ਐਤਵਾਰ ਇਥੇ ਹੋਈ।

ਕਮੇਟੀ ਦੇ ਜਨਰਲ ਸਕੱਤਰ ਜਗਜੀਤ ਸਿੰਘ ਕੰਦੋਲਾ ਨੇ ਮੀਟਿੰਗ ਦੀ ਕਾਰਵਾਈ ਪ੍ਰੈਸ ਦੇ ਨਾਂ ਜਾਰੀ ਕਰਦੇ ਹੋਏ ਆਖਿਆ ਕਿ ਮੌਲਵੀ ਮੁਹੰਮਦ ਬਰਕਤ ਉੱਲਾ ਦੀ ਕਬਰ ਨੂੰ ਕੌਮੀ ਯਾਗਦਾਰ ਬਣਾਉਣ ਲਈ ਕੁਲਦੀਪ ਸਿੰਘ ਧਾਲੀਵਾਲ ਤੇ ਗੁਨਿੰਦਰ ਸਿੰਘ ਰਾਹੀਂ ਜ਼ੋਰਦਾਰ ਯਤਨ ਚੱਲ ਰਹੇ ਹਨ ਅਤੇ ਇੰਡੀਆ ਸਰਕਾਰ ਨਾਲ ਗੱਲਬਾਤ ਅਤੇ ਪੱਤਰ ਵਿਹਾਰ ਵੀ ਚਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਗਦਰੀ ਬਾਬਿਆਂ ਦੇ ਮੇਲੇ ਵਿਚ ਪੰਜਾਬੀ ਯੂਨੀਵਰਸਿਟੀ ਪ੍ਰੋਫੈਸਰ ਡਾ. ਸੁੱਚੇ ਸਿੰਘ ਗਿੱਲ "ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਅਤੇ ਪੰਜਾਬ" ਵਿਸ਼ੇ 'ਤੇ ਪੇਪਰ ਪੜ੍ਹਨਗੇ। ਮੁੱਖ ਬੁਲਾਰੇ ਡਾ. ਮਨਜੀਤ ਸਿੰਘ ਕੰਗ ਵਾਈਸ ਚਾਂਸਲਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪ੍ਰੋ. ਡਾ. ਪ੍ਰਿਥੀਪਾਲ ਸਿੰਘ ਸੋਹੀ, ਲੋਕਲ ਬੁੱਧੀਜੀਵੀ ਵੀ ਇਸ ਵਿਚ ਭਾਗ ਲੈਣਗੇ। ਸਬ ਕਮੇਟੀਆਂ ਅਤੇ ਫੰਡ ਰੇਜ਼ਿੰਗ ਗਰੁੱਪ ਬਣਾ ਕੇ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਸਾਰੇ ਮੈਂਬਰਾਂ ਨੇ ਕਮਰਕਸੇ ਕਰ ਲਏ ਹਨ। ਹਾਲ ਹੀ ਵਿਚ ਇੰਡੀਆ ਗਏ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਰਲਡ ਪੰਜਾਬੀ ਸੈਂਟਰ ਦੇ ਸੰਮੇਲਨ ਵਿਚ ਸਤਿਕਾਰਤ ਮਹਿਮਾਨ ਵਜੋਂ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੋਰਾਂ ਨੇ ਸਟੇਜ 'ਤੇ ਸੱਦ ਕੇ ਸਨਮਾਨਿਤ ਕੀਤਾ। ਫਾਊਂਡੇਸ਼ਨ ਨੂੰ ਕਿਤਾਬਾਂ ਦੇ ਸੈਟ ਦੇ ਕੇ ਮਾਨਤਾ ਵੀ ਦਿੱਤੀ। ਸ੍ਰੀ ਜੱਜ ਨੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਨਾਰਥ ਈਸਟ ਕਵਿਤਾ ਅਤੇ ਕਲਚਰਲ ਸੰਮੇਲਨ ਵਿਚ ਵੀ ਸ਼ਮੂਲੀਅਤ ਕੀਤੀ।

# ਕੈਪਟਨ ਦੀ ਬਹਾਲੀ:ਪੰਜਾਬ ਸਿਆਸਤ ਹਰਕਤ 'ਚ

ਹੈ ਅਤੇ ਇਹ ਅਕਾਲੀ-ਭਾਜਪਾ ਸਰਕਾਰ ਦੇ ਮੂੰਹ ਉੱਪਰ ਇਹ ਇਕ ਕਰਾਰੀ ਚਪੇੜ ਹੈ।

ਸੁਪਰੀਮ ਕੋਰਟ ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਰਾਹਤ ਦਿੱਤੇ ਜਾਣ ਤੋਂ ਪਿੱਛੋਂ ਅਕਾਲੀ ਅਤੇ ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸ ਪਾਰਟੀ ਵਿਚ ਮੌਜੂਦ ਧੜਾ ਮਾਯੂਸ ਹੈ ਜਦਕਿ ਭਾਰਤੀ ਜਨਤਾ ਪਾਰਟੀ ਦੇ ਚਿਹਰੇ 'ਤੇ ਥੋੜ੍ਹੀ ਮੁਸਕਰਾਹਟ ਦੇਖਣ ਨੂੰ ਮਿਲੀ ਹੈ। ਯਾਦ ਰਹੇ ਭਾਰਤੀ ਜਨਤਾ ਪਾਰਟੀ ਪਹਿਲਾਂ ਵੀ ਆਖਦੀ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਖਿਲਾਫ ਵਿਧਾਨ ਸਭਾ ਦੁਆਰਾ ਕੀਤੀ ਗਈ ਕਾਰਵਾਈ ਗ਼ਲਤ ਹੈ। ਇੰਜ ਕੈਪਟਨ ਦੇ ਮੁੱਦੇ ਉੱਪਰ ਅਕਾਲੀ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਮਤਭੇਦਾਂ ਦੀ ਇਕ ਮੱਧਮ ਜਿਹੀ ਲਕੀਰ ਉਭਰ ਕੇ ਸਾਹਮਣੇ ਆ ਗਈ ਹੈ, ਉਹ ਵੀ ਇਨ੍ਹਾਂ ਅਫਵਾਹਾਂ ਦੇ ਦਰਮਿਆਨ ਕਿ ਸੁਖਬੀਰ ਬਾਦਲ ਬੀਬੀ ਮਾਇਆਵਤੀ ਨਾਲ ਨੇੜਤਾ ਬਣਾ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਬਰਖਾਸਤਗੀ ਖਤਮ ਹੋਣ ਤੋਂ ਪਿੱਛੋਂ ਹੁਣ ਵਿਧਾਨ ਸਭਾ ਦੇ ਮੈਂਬਰ ਬਣੇ ਰਹਿਣਗੇ। ਇੰਜ ਸਿਆਸੀ ਮਾਹਰਾਂ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਪੰਜਾਬ ਸਿਆਸਤ ਵਿਚ ਇਕ ਗਰਮਾਹਟ ਦੇਖਣ ਨੂੰ ਮਿਲੇਗੀ। ਕੁਝ ਧਿਰਾਂ ਦਾ ਤਾਂ ਆਖਣਾ ਹੈ ਕਿ ਅਸਲ ਵਿਚ ਕੈਪਟਨ ਦੀ ਬਰਖਾਸਤਗੀ ਖਤਮ ਹੋਣ ਦੇ ਨਾਲ ਹੀ ਪੰਜਾਬ ਸਿਆਸਤ ਵਿਚ ਇਕ ਕਿਸਮ ਦੇ ਭੁਚਾਲੀ ਝਟਕੇ ਸ਼ੁਰੂ ਹੋ ਗਏ ਹਨ। ਇਸ ਦੇ ਨਾਲ ਹੀ ਪੰਜਾਬ ਦੇ ਦੋ ਵੱਡੇ ਰਾਜਨੀਤਕ ਪਰਿਵਾਰਾਂ ਵਿਚਕਾਰ ਇਕ ਜੰਗ ਵੀ ਤੇਜ਼ ਹੋ ਗਈ ਹੈ।

ਕੁਝ ਸਿਆਸੀ ਟਿੱਪਣੀਕਾਰਾਂ ਨੇ ਨੋਟ ਕੀਤਾ ਹੈ ਕਿ ਇਸ ਘਟਨਾਕ੍ਰਮ ਦੇ ਨਾਲ ਹੀ ਸੁਸਤ ਪਈ ਕਾਂਗਰਸ ਪਾਰਟੀ ਵਿਚ ਜਾਨ ਪੈ ਸਕਦੀ ਹੈ। ਵਿਧਾਨ ਸਭਾ ਚੋਣਾਂ ਵੀ ਹੁਣ ਜ਼ਿਆਦਾ ਦੂਰ ਨਹੀਂ ਇਸ ਲਈ ਕਾਂਗਰਸ ਹਾਈਕਮਾਨ ਅਕਾਲੀਆਂ ਨੂੰ ਟੱਕਰ ਦੇਣ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਮੁੜ ਤੋਂ ਪੰਜਾਬ ਕਾਂਗਰਸ ਦੀ ਕਮਾਨ ਸੰਭਾਲ ਸਕਦੀ ਹੈ। ਵੈਸੇ ਤਾਂ ਕਾਂਗਰਸੀ ਵਿਧਾਇਕਾਂ ਦਾ ਬਹੁਮਤ ਪਹਿਲਾਂ ਹੀ ਕੈਪਟਨ ਦੇ ਨਾਲ ਹੈ। ਵਿਰੋਧੀ ਖੇਮੇ ਦੇ ਕਈ ਨੇਤਾਵਾਂ ਨੇ ਵੀ ਕੈਪਟਨ ਨੂੰ ਦੁਬਈ ਫੋਨ ਕਰਕੇ ਵਧਾਈਆਂ ਦਿੱਤੀਆਂ ਹਨ। ਇੰਜ ਇਹ ਪਾਸਾ ਬਦਲਣ ਦੇ ਵੀ ਸੰਕੇਤ ਹਨ। ਕੁੱਲ ਮਿਲਾ ਕੇ ਅਕਾਲੀ ਦਲ ਨੂੰ ਹੁਣ ਵਿਧਾਨ ਸਭਾ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਸਾਹਮਣਾ ਕਰਨਾ ਪਵੇਗਾ। ਕੈਪਟਨ ਲੋਕਾਂ ਨਾਲ ਜੁੜੇ ਮੁੱਦੇ ਵਿਧਾਨ ਸਭਾ ਵਿਚ ਹਮਲਾਵਰ ਢੰਗ ਨਾਲ ਉਠਾਉਣ ਦੇ ਸਮਰੱਥ ਹਨ ਅਤੇ ਉਹ ਅਜਿਹਾ ਕਰਕੇ ਅਕਾਲੀ ਦਲ ਲਈ ਵੱਡੀ ਪ੍ਰੇਸ਼ਾਨੀ ਖੜ੍ਹੀ ਕਰ ਸਕਦੇ ਹਨ।

ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਨੇੜੇ ਆ ਰਹੀਆਂ ਹਨ ਅਤੇ ਕੈਪਟਨ ਮੁੱਢ ਤੋਂ ਹੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ (ਬਾਦਲ) ਦੇ ਵਿਰੋਧੀ ਧੜਿਆਂ ਦੀ ਹਮਾਇਤ ਕਰਨ ਦਾ ਐਲਾਨ ਕਰਦੇ ਆ ਰਹੇ ਹਨ, ਭਾਵੇਂ ਕੇਪੀ-ਭੱਠਲ ਧੜਾ ਸ਼੍ਰੋਮਣੀ ਕਮੇਟੀ 'ਚ ਕਾਂਗਰਸ ਵਲੋਂ ਕਿਸੇ ਵੀ ਕਿਸਮ ਦੀ ਦਖਲਅੰਦਾਜ਼ੀ ਦਾ ਵਿਰੋਧ ਕਰ ਰਿਹਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲੇ ਪਿਛੇ ਜਿਹੇ ਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ਵ ਸਿੱਖ ਕਨਵੈਨਸ਼ਨ ਕਰਕੇ ਤਕਰੀਬਨ ਸਾਰੇ ਹੀ ਬਾਦਲ ਵਿਰੋਧੀ ਅਕਾਲੀ ਦਲਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਲਿਆ ਸੀ ਅਤੇ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਲੈਣ ਦਾ ਸੰਕੇਤ ਵੀ ਦਿੱਤਾ ਸੀ। ਇਸ ਸਥਿਤੀ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਬਹਾਲੀ ਅਕਾਲੀ ਦਲ (ਬਾਦਲ) ਲਈ ਸੱਚ ਮੁੱਚ ਸਮੱਸਿਆ ਖੜ੍ਹੀ ਕਰ ਸਕਦੀ ਹੈ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗੀ ਕਿ ਆਪਣੇ ਰਾਜ ਕਾਲ ਦੌਰਾਨ ਵੀ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਚੋਂ ਅਕਾਲੀ ਦਲ (ਬਾਦਲ) ਦਾ ਕਬਜ਼ਾ ਤੋੜਨ ਦੀ ਭਰਪੂਰ ਕੋਸ਼ਿਸ ਕੀਤੀ ਸੀ ਪਰ ਉਹ ਇਹਦੇ ਵਿਚ ਸਫਲ ਨਹੀਂ ਸਨ ਹੋ ਸਕੇ। ਇਸ ਵਾਰ ਵੀ ਜਦੋਂ ਅਕਾਲੀ ਸੱਤਾ ਵਿਚ ਹਨ ਇਹ ਜੰਗ ਇਨੀ ਸੌਖੀ ਨਹੀਂ ਹੋਏਗੀ।

## ਟਾਈਟਲਰ ਬਾਰੇ ਸੀ ਬੀ ਆਈ ਦੀ ਰਿਪੋਰਟ ਮਨਜ਼ੂਰ

**ਨਵੀਂ ਦਿੱਲੀ:** ਕਈ ਵਾਰ ਦੀ ਲੁਕਣਮੀਟੀ ਤੋਂ ਬਾਅਦ ਆਖ਼ਰਕਾਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਸੀ ਬੀ ਆਈ ਦੀ ਮਾਮਲਾ ਬੰਦ ਕਰਨ ਦੀ ਰਿਪੋਰਟ ਨੂੰ ਮਨਜ਼ੂਰ ਕਰਦਿਆਂ ਦਿੱਲੀ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ ਕਲੀਨ ਚਿਟ ਦੇ ਦਿੱਤੀ।

ਵਧੀਕ ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਰਾਕੇਸ਼ ਪੰਡਿਤ ਨੇ ਕਿਹਾ ਕਿ ਟਾਈਟਲਰ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਲੋੜੀਂਦੀ ਸਮੱਗਰੀ ਨਹੀਂ ਹੈ। ਅਦਾਲਤ ਨੇ ਧਿਆਨ ਦਿਵਾਇਆ ਕਿ ਸੱਜਣ ਕੁਮਾਰ ਦੇ ਮਾਮਲੇ 'ਚ ਕੈਲੀਫੋਰਨੀਆ 'ਚ ਰਹਿਣ ਵਾਲੇ ਗਵਾਹ ਜਸਵੀਰ ਸਿੰਘ ਦੇ ਬਿਆਨ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਹੋਰ ਗਵਾਹ ਸੁਰਿੰਦਰ ਸਿੰਘ ਦੇ ਬਿਆਨ ਵੀ ਆਪਾ ਵਿਰੋਧੀ ਹਨ।

ਸੀ ਬੀ ਆਈ ਦੀ ਇਹ ਮਾਮਲਾ ਬੰਦ ਕਰਨ ਸਬੰਧੀ ਰਿਪੋਰਟ ਨੂੰ ਸਵੀਕਾਰ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਮਾਮਲੇ 'ਚ ਹੋਰ ਜਾਂਚ ਕਰਨ ਦਾ ਆਦੇਸ਼ ਦੇਣ ਲਈ ਹੁਣ ਕੋਈ ਆਧਾਰ ਨਹੀਂ ਹੈ। ਸੀ ਬੀ ਆਈ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਜਗਦੀਸ਼ ਟਾਈਟਲਰ ਖ਼ਿਲਾਫ਼ ਅੱਗੇ ਜਾਂਚ ਕਰਨ ਲਈ ਕੁਝ ਵੀ ਨਹੀਂ ਹੈ, ਕਿਉਂਕਿ ਇਸ ਮਾਮਲੇ ਦੇ ਗਵਾਹਾਂ ਜਸਵੀਰ ਸਿੰਘ ਅਤੇ ਸੁਰਿੰਦਰ ਸਿੰਘ ਦੇ ਬਿਆਨ ਭਰੋਸੇਮੰਦ ਨਾ ਹੋ ਕੇ ਮਨਘੜਤ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***25 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ ਸ਼ਰਾਬ ਵੇਚਣ 'ਤੇ ਸਰਕਾਰ ਵਲੋਂ ਪਾਬੰਦੀ**

–ਅਸਲੀ ਗਾਹਕ ਤਾਂ 18 ਤੋਂ 25 ਦੀ ਉਮਰ ਦੇ ਈ ਐ। ਇਨ੍ਹਾਂ 'ਤੇ ਪਾਬੰਦੀ ਲਾ ਕੇ ਠੇਕੇ ਵਾਲਿਆਂ ਭੁੱਖੇ ਮਰਨੈ।

***ਲਾਲ ਬੱਤੀਆਂ, ਹੂਟਰਾਂ ਤੇ ਝੰਡੀਆਂ ਦੀ ਵਰਤੋਂ ਤੋਂ ਸਰਕਾਰ ਔਖੀ**

–ਲੱਗੇ ਵੀ ਤਾਂ ਸਰਕਾਰ ਦੀ ਮਿਲੀਭੁਗਤ ਨਾਲ ਈ ਐ, ਹੋਰ ਕਿਹੜਾ ਇਹਦੇ ਪਿਛੇ ਪਾਕਿਸਤਾਨ ਦਾ ਹੱਥ ਐ!

***ਗੁਰਦੁਆਰੇ 'ਚ ਚੜ੍ਹਾਏ ਜਾਂਦੇ ਨੇ ਛਣਕਣੇ**

–ਰੱਬ ਕੋਲੋਂ ਵੀ ਛਣਕਣਾ ਈ ਮਿਲੂ।

***ਆਈ ਪੀ ਐਲ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਸੰਸਦੀ ਸੰਮਤੀ ਵਲੋਂ ਜਾਂਚ ਕਰਵਾਈ ਜਾਵੇ–ਮਾਇਆਵਤੀ**

–ਲੱਗਦੈ ਮੈਡਮ ਦਾ ਹਾਲੇ ਆਈ ਪੀ ਐਲ ਨੂੰ ਹੱਥ ਨਹੀਂ ਸੀ ਪਿਆ!

***ਸਰਨਾ ਤੇ ਅਲਵਰ ਵਿਰੁਧ ਕਾਨੂੰਨੀ ਕਾਰਵਾਈ ਹੋਵੇਗੀ–ਮੱਕੜ**

–ਜਥੇਦਾਰੋ! ਲੱਗਦੈ ਥੋਡਾ ਇਕ–ਨੁਕਾਤੀ ਪ੍ਰੋਗਰਾਮ ਬਾਦਲ ਵਿਰੋਧੀਆਂ ਨੂੰ ਰਗੜੇ ਲਾਉਣਾ ਈ ਰਹਿ ਗਿਐ।

***ਸਪੋਕਸਮੈਨ ਦੇ ਸੰਪਾਦਕ ਵਿਰੁਧ ਦਰਜ ਕੇਸ ਨੂੰ ਪਰਵਾਸੀ ਪੰਜਾਬੀ ਧਰਮ ਨਾਲ ਘੱਟ ਤੇ ਸਿਆਸਤ ਨਾਲ ਜ਼ਿਆਦਾ ਜੋੜ ਕੇ ਦੇਖਦੇ ਹਨ–ਸੁੱਖੀ ਸਮੁੰਦਰੀ ਰੋਪੜ ਜੇਲ੍ਹ**

–ਸੁੱਖੀ ਨੂੰ ਤੇ ਰੋਪੜ ਜੇਲ੍ਹ 'ਚ ਪਰਵਾਸੀ ਪੰਜਾਬੀ ਸੁਪਨੇ 'ਚ ਰਿਪੋਰਟਾਂ ਦੇ ਕੇ ਜਾਂਦੇ ਹੋਣੇ ਐ?

***ਬੁੱਧੀਮਾਨ ਤੇ ਵਧੀਆ ਵਿਅਕਤੀ ਰਾਜਨੀਤੀ ਤੋਂ ਬਾਹਰ ਕਿਉਂ?**

–ਕਿਉਂਕਿ ਬੇਵਕੂਫ ਤੇ ਘਟੀਆ ਵਿਅਕਤੀ ਰਾਜਨੀਤੀ ਦੇ ਅੰਦਰ ਹਨ।

# ਬੱਬਰਾਂ ਜ਼ਿੰਮੇਵਾਰੀ ਲਈ, ਪੁਲਿਸ ਆਖੇ ਇਹ ਧਮਾਕਾ ਨਹੀਂ

**ਪਟਿਆਲਾ :** ਬੀਤੇ ਮੰਗਲਵਾਰ ਨੂੰ ਦੇਰ ਰਾਤ ਇਥੋਂ ਦੇ ਆਰੀਆ ਸਮਾਜ ਚੌਕ ਨੇੜੇ ਸਥਿਤ ਪੁਰਾਤਨ ਸੱਤ ਨਰਾਇਣ ਮੰਦਰ ਕੋਲ ਹੋਏ ਇਕ ਧਮਾਕੇ ਨੂੰ ਭਾਵੇਂ ਪਟਿਆਲਾ ਪੁਲਿਸ ਨੇ ਅਜੇ ਤੱਕ ਬੰਬ ਧਮਾਕਾ ਨਾ ਮੰਨਦਿਆਂ ਕੋਈ ਮਾਮਲਾ ਦਰਜ ਨਹੀਂ ਕੀਤਾ ਪਰ ਇਸ ਧਮਾਕੇ ਦੀ ਜ਼ੁੰਮੇਵਾਰੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਨੇ ਅਪਣੇ ਸਿਰ ਲੈ ਲਈ ਹੈ। ਪੁਲਿਸ ਲਈ ਮੁਸੀਬਤ ਬਣੇ ਇਸ ਧਮਾਕੇ ਦੇ ਮਾਮਲੇ ਨੂੰ ਬੱਬਰ ਖ਼ਾਲਸਾ ਨੇ ਹੋਰ ਗੁੰਝਲਦਾਰ ਬਣਾ ਦਿਤਾ ਹੈ ਕਿਉਂਕਿ ਪੁਲਿਸ ਅਜੇ ਇਸ ਧਮਾਕੇ ਸਬੰਧੀ ਫ਼ਾਰੈਂਸਿਕ ਮਾਹਰਾਂ ਦੀ ਰੀਪੋਰਟ ਦਾ ਇੰਤਜ਼ਾਰ ਕਰ ਰਹੀ ਹੈ। ਉਧਰ ਇਸ ਨੂੰ ਅਸਲ ਬੰਬ ਧਮਾਕਾ ਦਸਦਿਆਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਸ. ਵਧਾਵਾ ਸਿੰਘ ਬੱਬਰ ਅਤੇ ਸ. ਜਗਤਾਰ ਸਿੰਘ ਤਾਰਾ ਨੇ ਅਪਣੇ ਦਸਤਖ਼ਤਾਂ ਹੇਠ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਲੈਟਰਪੈਡ 'ਤੇ 237 ਨੰਬਰ ਹੇਠ ਇਕ 'ਜ਼ੁੰਮੇਵਾਰੀ ਪੱਤਰ' ਮੀਡੀਆ ਨੂੰ ਈ–ਮੇਲ ਰਾਹੀਂ ਭੇਜਿਆ ਹੈ। ਜਥੇਬੰਦੀ ਨੇ ਇਸ ਕਾਰਵਾਈ ਨੂੰ ਹਿੰਦੂ ਜਥੇਬੰਦੀਆਂ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦੇ ਤੌਰ 'ਤੇ ਅੰਜਾਮ ਦਿਤਾ ਦਸਿਆ ਹੈ। ਜ਼ਿਕਰਯੋਗ ਹੈ ਕਿ ਆਰੀਆ ਸਮਾਜ ਚੌਕ 'ਚ ਮੰਗਲਵਾਰ ਦੇਰ ਰਾਤ ਨੂੰ ਹੋਏ ਧਮਾਕੇ ਨੂੰ ਪੁਲਿਸ ਨੇ ਅਜੇ ਤਕ ਵੀ ਕਿਸੇ ਤਰ੍ਹਾਂ ਦਾ ਬੰਬ ਧਮਾਕਾ ਨਹੀਂ ਮੰਨਿਆ। ਸ਼ੁਰੂ ਤੋਂ ਹੀ ਇਹ ਕਿਹਾ ਜਾ ਰਿਹਾ ਹੈ ਕਿ ਇਹ ਧਮਾਕਾ ਸ਼ਾਰਟ ਸਰਕਟ ਕਰ ਕੇ ਟਿਊਬਾਂ ਦੇ ਫਟਣ ਕਾਰਨ ਹੋਇਆ ਹੈ ਜਦਕਿ ਇਸ ਧਮਾਕੇ ਕਾਰਨ ਟੈਲੀਫ਼ੋਨ ਦੇ ਬਕਸੇ ਨੇੜੇ ਡੇਢ ਫੁੱਟ ਡੂੰਘਾ ਇਕ ਟੋਆ ਵੀ ਬਣ ਗਿਆ ਸੀ ਅਤੇ ਨੇੜਲੀਆਂ ਦੁਕਾਨਾਂ ਦੇ ਸ਼ੀਸ਼ਿਆਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਸੀ। ਇਸ ਕਾਰਨ ਇਸ ਨੂੰ ਕਥਿਤ ਤੌਰ 'ਤੇ ਦੇਸੀ ਬੰਬ ਦਾ ਧਮਾਕਾ ਵੀ ਦਸਿਆ ਜਾ ਰਿਹਾ ਹੈ। ਇਹ ਵੀ ਦੱਸਣਯੋਗ ਹੈ ਕਿ ਬੱਬਰ ਖ਼ਾਲਸਾ ਨੇ ਅਜਿਹੀ ਜ਼ੁੰਮੇਵਾਰੀ ਕੋਈ ਪਹਿਲੀ ਵਾਰ ਨਹੀਂ ਲਈ ਸਗੋਂ ਪਿਛਲੇ ਕੁੱਝ ਸਮੇਂ ਤੋਂ ਪੰਜਾਬ ਵਿਚ ਹੋ ਰਹੀਆਂ ਵੱਖ–ਵੱਖ ਘਟਨਾਵਾਂ ਦੀ ਜ਼ੁੰਮੇਵਾਰੀ ਇਸ ਵਲੋਂ ਲਗਾਤਾਰ ਮੀਡੀਆ ਨੂੰ ਈ–ਮੇਲ ਰਾਹੀਂ ਭੇਜੇ ਗਏ ਬਿਆਨਾਂ ਨਾਲ ਅਪਣੇ ਸਿਰ ਲਈ ਹੈ। ਇਸ ਵਿਚ ਆਰ.ਐਸ.ਐਸ. ਆਗੂ ਰੁਲਦਾ ਸਿੰਘ ਦਾ ਕਤਲ, ਹਲਵਾਰਾ ਹਵਾਈ ਅੱਡਾ ਨੇੜੇ ਬੰਬ ਰੱਖਣ ਅਤੇ ਨਾਭਾ ਦੇ ਬਾਟਲਿੰਗ ਪਲਾਂਟ ਨੇੜੇ ਬੰਬ ਰੱਖਣ ਦੀਆਂ ਕਾਰਵਾਈਆਂ ਵੀ ਸ਼ਾਮਲ ਹਨ। ਉਧਰ ਪੰਜਾਬ ਪੁਲਿਸ ਨੇ ਸੌਦਾ ਸਾਧ ਉਪਰ ਹਮਲਾ ਕਰਨ ਸਮੇਤ ਹੋਰ ਵੱਖ–ਵੱਖ ਕਾਰਵਾਈਆਂ ਲਈ ਲੋੜੀਂਦੇ ਅਤਿਵਾਦੀ ਬਖ਼ਸ਼ੀਸ਼ ਸਿੰਘ ਉਰਫ਼ ਬਾਬਾ ਉਪਰ ਪੰਜ ਲੱਖ ਦਾ ਇਨਾਮ ਵੀ ਰਖਿਆ ਹੋਇਆ ਹੈ। ਬੱਬਰ ਖ਼ਾਲਸਾ ਇੰਟਰਨੈਸ਼ਨਲ ਵਲੋਂ ਅਪਣੇ ਲੈਟਰਪੈਡ ਉਪਰ ਅਪਣਾ ਮੁੱਖ ਦਫ਼ਤਰ ਸ੍ਰੀ ਅਕਾਲ ਤਖ਼ਤ ਸਾਹਿਬ ਦਸਿਆ ਗਿਆ ਹੈ। ਇਸ ਉਪਰ ਬਾਕਾਇਦਾ ਫ਼ੋਨ ਅਤੇ ਫ਼ੈਕਸ ਨੰਬਰ 0183-2540820 ਵੀ ਦਿਤਾ ਗਿਆ ਹੈ। ਇਸ ਪੱਤਰ ਵਿਚ ਜਿਥੇ ਪਟਿਆਲਾ ਕਥਿਤ ਬੰਬ ਕਾਂਡ ਦੀ ਕਾਰਵਾਈ ਦੀ ਜ਼ੁੰਮੇਵਾਰੀ ਲਈ ਗਈ ਹੈ, ਉਥੇ ਹੀ ਸੱਤਾਧਾਰੀ ਅਕਾਲੀ ਦਲ ਬਾਦਲ ਨੂੰ ਵੀ ਸਿੱਖਾਂ ਵਿਰੁਧ ਕਥਿਤ ਤੌਰ ਤੇ ਕੋਝਾ ਪ੍ਰਚਾਰ ਕਰਨ ਵਾਲੀਆਂ ਬ੍ਰਾਹਮਣਵਾਦੀ ਜਥੇਬੰਦੀਆਂ ਦੀ ਪੁਸ਼ਤ–ਪਨਾਹੀ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਹੈ। ਬੱਬਰ ਖ਼ਾਲਸਾ ਨੇ ਅਪਣੇ ਪੱਤਰ ਵਿਚ ਬਾਦਲ ਪਰਵਾਰ ਨੂੰ ਵੀ ਤਾੜਨਾ ਕੀਤੀ ਗਈ ਹੈ ਕਿ ਉਹ ਸਿੱਖ ਦੁਸ਼ਮਣਾਂ ਦਾ ਸਾਥ ਦੇਣਾ ਬੰਦ ਕਰ ਦੇਣ। ਦੱਸਣਯੋਗ ਹੈ ਕਿ ਪਟਿਆਲਾ ਵਿਖੇ ਮਹੰਤ ਸੰਜੀਵ ਹਰੀ ਅਤੇ ਹੋਰਨਾਂ ਹਿੰਦੂ ਜਥੇਬੰਦੀਆਂ ਵਲੋਂ 18 ਅਪ੍ਰੈਲ ਨੂੰ ਇਕ ਕੈਲੰਡਰ ਰਿਲੀਜ਼ ਕਰ ਕੇ ਸਾਕਾ ਨੀਲਾ ਤਾਰਾ ਦੇ ਦੋਸ਼ੀਆਂ ਨੂੰ ਇਸ ਵਿਚ ਵਿਖਾਇਆ ਗਿਆ ਸੀ।

ਇਸ ਨੂੰ ਮੁੱਖ ਰੱਖ ਕੇ ਇਹ ਬੰਬ ਧਮਾਕਾ ਹੋਇਆ ਵੀ ਮੰਨਿਆ ਜਾ ਰਿਹਾ ਹੈ ਅਤੇ ਇਸੇ ਨੂੰ ਆਧਾਰ ਬਣਾ ਕੇ ਬੱਬਰ ਖ਼ਾਲਸਾ ਨੇ ਅਪਣੇ ਪੱਤਰ ਵਿਚ ਲਿਖਿਆ ਹੈ ਕਿ ਸਿੱਖ ਕੌਮ ਦੇ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਸਾੜਨ ਨੂੰ ਉਨ੍ਹਾਂ ਨੇ ਗੰਭੀਰਤਾ ਨਾਲ ਲਿਆ ਹੈ।

## 40 ਲੱਖ ਦੀ ਹਵਾਲਾ ਰਕਮ ਸਣੇ ਦੋ ਖਾੜਕੂ ਕਾਬੂ

**ਨਾਭਾ:** ਜ਼ਿਲਾ ਪਟਿਆਲਾ ਪੁਲਿਸ ਵਲੋਂ ਨਾਭਾ ਪੁਲਿਸ ਅਤੇ ਕਾਊਂਟਰ ਇੰਟੈਲੀਜੈਂਸ ਦੀ ਮੱਦਦ ਨਾਲ ਦੋ ਖਾੜਕੂਆਂ ਤੋਂ 40 ਲੱਖ ਰੁਪਏ ਦੇ ਕਰੰਸੀ ਨੋਟ ਬਰਾਮਦ ਕਰਨ ਦਾ ਬੀਤੀ 24 ਅਪ੍ਰੈਲ ਨੂੰ ਸਥਾਨਕ ਰੈਸਟ ਹਾਊਸ ਵਿਖੇ ਜ਼ਿਲਾ ਪੁਲਸ ਮੁਖੀ ਰਣਬੀਰ ਸਿੰਘ ਖੱਟੜਾ ਨੇ ਪ੍ਰੈਸ ਕਾਨਫਰੰਸ ਦੌਰਾਨ ਦਾਅਵਾ ਕੀਤਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ. ਖੱਟੜਾ ਨੇ ਦੱਸਿਆ ਕਿ ਬੀਤੀ ਰਾਤ ਛੀਟਾਂਵਾਲਾ ਰੋਡ 'ਤੇ ਸਥਿਤ ਬੱਸ ਅੱਡਾ ਪਿੰਡ ਕੋਟ ਖੁਰਦ ਦੇ ਡੀ. ਐਸ. ਪੀ. ਅਰਸ਼ਦੀਪ ਸਿੰਘ ਗਿੱਲ, ਐਸ. ਆਈ. ਸ਼ਮਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਨਾਕਾਬੰਦੀ ਕੀਤੀ ਹੋਈ ਸੀ, ਇਸ ਦੌਰਾਨ ਉਨ੍ਹਾਂ ਨੇ ਇਕ ਇੰਡੀਗੋ ਗੱਡੀ ਨੂੰ ਰੋਕ ਕੇ ਤਲਾਸ਼ੀ ਲਈ ਤਾ ਉਸ ਵਿਚ ਸਵਾਰ ਹਕੀਕਤ ਰਾਏ ਉਰਫ ਮੁੰਨਾ ਸਿੰਘ ਅਤੇ ਸੁਰਿੰਦਰ ਸਿੰਘ ਉਰਫ ਕਾਕੂ ਦੇ ਕਬਜ਼ੇ ਵਿਚੋਂ 40 ਲੱਖ ਰੁਪਏ ਦੇ ਕਰੰਸੀ ਨੋਟ, ਜੋ ਕਿ ਹਵਾਲਾ ਨਾਲ ਸੰਬੰਧਤ ਹਨ, ਬਰਾਮਦ ਕੀਤੇ। ਇਨ੍ਹਾਂ ਦਾ ਸੰਬੰਧ ਥਾਣਾ ਸਦਰ ਨਾਭਾ ਵਿਚ ਗੈਸ ਪਲਾਂਟ ਨਾਭਾ ਪਾਸ ਰੱਖੇ ਗਏ ਬੰਬ ਦੇ ਕਥਿਤ ਦੋਸ਼ੀ ਅਤੇ ਥਾਣਾ ਸਦਰ ਨਾਭਾ ਦੇ ਬਖਸ਼ੀਸ਼ ਸਿੰਘ ਉਰਫ ਬਾਬਾ, ਜਸਵੀਰ ਸਿੰਘ ਉਰਫ ਜੱਸੀ ਵਾਸੀ ਮਾਣਕੀ, ਹਰਜੰਟ ਸਿੰਘ ਉਰਫ ਡੀ. ਸੀ. ਵਾਸੀ ਬਿਜਲੀਵਾਲ ਅਤੇ ਪ੍ਰਗਟ ਸਿੰਘ ਵਾਸੀ ਭਲਵਾਨੂ ਨਾਲ ਹੈ ਜੋ ਕਿ ਬਾਹਰਲੇ ਦੇਸ਼ਾਂ ਵਿਚੋਂ ਹਰਮਿੰਦਰ ਸਿੰਘ ਡੱਡੀ ਉਰਫ ਗੋਆ ਅਤੇ ਬਲਦੇਵ ਸਿੰਘ ਵਾਸੀ ਮਲੇਸ਼ੀਆ ਵਲੋਂ ਭਾਰਤ ਵਿਚ ਅੱਤਵਾਦੀ ਗਤੀਵਿਧੀਆਂ ਚਲਾਉਣ ਲਈ ਅਸਲਾ, ਬਾਰੂਦ, ਗੱਡੀਆਂ ਆਦਿ ਦੇ ਖਰਚੇ ਲਈ ਭੇਜੇ ਗਏ ਪੈਸੇ ਅੱਗੇ ਹਵਾਲੇ ਰਾਹੀਂ ਸਪਲਾਈ ਕਰਦੇ ਸਨ।

ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇਨ੍ਹਾਂ ਨੂੰ ਪੈਸਾ ਹਵਾਲਾ ਅਤੇ ਵੈਸਟਰਨ ਯੂਨੀਅਨ ਰਾਹੀਂ ਆਉਂਦਾ ਹੈ, ਜਿਸਦੇ ਤਹਿਤ ਹੀ ਉਕਤ ਖਾੜਕੂ ਇਹ ਹਵਾਲਾ ਦੇ ਪੈਸੇ ਦੇਣ ਜਾਂਦੇ ਬੀਤੀ ਰਾਤ ਕਾਬੂ ਕੀਤੇ ਗਏ। ਸ. ਖੱਟੜਾ ਨੇ ਅੱਗੇ ਦੱਸਿਆ ਕਿ ਬਖਸ਼ੀਸ਼ ਸਿੰਘ ਉਰਫ ਬਾਬਾ ਦਾ ਸਰਕਾਰ ਵਲੋਂ 5 ਲੱਖ ਰੁਪਏ ਦਾ ਇਨਾਮ ਵੀ ਐਲਾਨਿਆ ਗਿਆ ਹੈ ।

## ਸ਼ੇਰੇ–ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਅਤੇ ਪੰਜਾਬ ਸਪੋਰਟਸ ਕਲੱਬ ਦਾ ਰਲੇਵਾਂ

**ਸ਼ਿਕਾਗੋ:** ਕਬੱਡੀ ਅਤੇ ਹੋਰ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਸਰਗਰਮ ਦੋ ਸਥਾਨਕ ਖੇਡ ਕਲੱਬਾਂ–ਪੰਜਾਬ ਸਪੋਰਟਸ ਕਲੱਬ, ਮਿਡਵੈਸਟ ਅਤੇ ਸ਼ੇਰੇ–ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਨੇ ਇਕ ਹੋਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਫੈਸਲਾ ਦੋਹਾਂ ਕਲੱਬਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਕਲੱਬ ਵਲੋਂ ਜਾਰੀ ਇਕ ਬਿਆਨ ਅਨੁਸਾਰ ਦੋਹਾਂ ਕਲੱਬਾਂ ਨੂੰ ਰਲਾਉਣ ਦਾ ਫੈਸਲਾ ਖੇਡਾਂ ਅਤੇ ਸਥਾਨਕ ਭਾਈਚਾਰੇ ਦੇ ਹਿਤ ਵਿਚ ਲਿਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਕਾਫੀ ਪੈਸੇ ਅਤੇ ਮਿਹਨਤ ਦੀ ਬਚਤ ਹੋਏਗੀ। ਰਲੇਵੇਂ ਪਿਛੋਂ ਇਸ ਵਾਰ ਕਬੱਡੀ ਟੂਰਨਾਮੈਂਟ ਐਤਵਾਰ 5 ਸਤੰਬਰ 2010 ਨੂੰ ਕਰਵਾਇਆ ਜਾਏਗਾ। ਜ਼ਿਕਰਯੋਗ ਹੈ ਕਿ ਪੰਜਾਬ ਸਪੋਰਟਸ ਕਲੱਬ ਸੰਨ 2002 ਵਿਚ ਬਣਾਇਆ ਗਿਆ ਸੀ ਜਦੋਂਕਿ ਸ਼ੇਰੇ–ਪੰਜਾਬ ਸਪੋਰਟਸ ਕਲੱਬ ਕੋਈ ਤਿੰਨ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ।

ਜਾਰੀ ਕੀਤੇ ਗਏ ਸਾਂਝੇ ਬਿਆਨ ਅਨੁਸਾਰ ਸ਼ੇਰੇ–ਪੰਜਾਬ ਸਪੋਰਟਸ ਕਲੱਬ ਦੇ ਮੌਜੂਦਾ ਪ੍ਰਧਾਨ ਸ੍ਰੀ ਅਮਰਦੇਵ ਸਿੰਘ ਬੰਦੇਸਾ ਰਲੇਵੇਂ ਤੋਂ ਬਾਅਦ ਕਲੱਬ ਦੇ ਪ੍ਰਧਾਨ ਬਣੇ ਰਹਿਣਗੇ। ਕਲੱਬ ਨੂੰ ਚਲਾਉਣ ਲਈ ਕੋਈ ਹੋਰ ਰਸਮੀ ਅਹੁਦੇਦਾਰ ਨਹੀਂ ਬਣਾਇਆ ਗਿਆ ਸਗੋਂ ਇਕ ਨੌਂ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਅਜੈਬ ਸਿੰਘ ਲੱਖਣ, ਹੈਪੀ ਹੀਰ, ਲਵਦੀਪ ਦੂਲਤ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਅਜਮੇਰ ਸਿੰਘ ਪਨੂੰ, ਜਿੰਦੀ ਦਿਆਲ ਅਤੇ ਮਲਕੀਤ ਸਿੰਘ ਸਿੱਧੂ ਸ਼ਾਮਲ ਹਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2–3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪੰਜਾਬ ਸਰਕਾਰ ਨੇ ਲਾਇਆ ਕਰੰਟ, ਬਿਜਲੀ ਹੋਈ ਹੋਰ ਮਹਿੰਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜ 'ਚ ਬਿਜਲੀ ਦੀਆਂ ਦਰਾਂ 'ਚ ਹੋਰ ਵਾਧਾ ਕਰਦਿਆਂ ਲੋਕਾਂ 'ਤੇ ਨਵਾਂ 950.86 ਕਰੋੜ ਰੁਪਏ ਦਾ ਬੋਝ ਪਾਇਆ ਹੈ। ਇਸ ਨਾਲ ਜਿੱਥੇ ਆਮ ਲੋਕਾਂ 'ਤੇ ਭਾਰੀ ਅਸਰ ਪਵੇਗਾ ਉਥੇ ਕਿਸਾਨਾਂ ਅਤੇ ਉਦਯੋਗਪਤੀਆਂ ਵੀ ਕਾਫੀ ਪ੍ਰਭਾਵਿਤ ਹੋਣਗੇ। ਪਹਿਲਾਂ ਹੀ ਵਧ ਰਹੀ ਮਹਿੰਗਾਈ ਤੇ ਗਰਮੀ ਦੇ ਕੱਟਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਲੋਕਾਂ ਨੂੰ ਬਿਜਲੀ ਦਰਾਂ 'ਚ ਇਹ ਵਾਧਾ ਵੱਡੇ ਕਰੰਟ ਵਾਂਗ ਲੱਗਿਆ ਹੈ। ਬਿਜਲੀ ਦੀਆਂ ਇਹ ਵਧੀਆਂ ਦਰਾਂ ਪਹਿਲੀ ਅਪ੍ਰੈਲ ਤੋਂ ਲਾਗੂ ਹੋਣਗੀਆਂ। ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਜੈ ਸਿੰਘ ਗਿੱਲ ਨੇ ਬਿਜਲੀ ਦੀਆਂ ਵਧੀਆਂ ਨਵੀਆਂ ਦਰਾਂ ਦਾ ਬੀਤੇ ਦਿਨੀਂ ਇਥੇ ਐਲਾਨ ਕਰਦਿਆਂ ਦੱਸਿਆ ਕਿ ਨਵੀਆਂ ਦਰਾਂ ਤਹਿਤ ਕੁੱਲ ਮਿਲਾ ਕੇ 7.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਘਰੇਲੂ ਖਪਤਕਾਰਾਂ 'ਤੇ ਔਸਤਨ 26.33 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਪਰ 100 ਯੂਨਿਟ ਤੱਕ ਬਿਜਲੀ ਦੀ ਵਰਤੋਂ ਕਰਨ ਵਾਲੇ ਘਰੇਲੂ ਖਪਤਕਾਰਾਂ 'ਤੇ 10.28 ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਜਦੋਂ ਕਿ ਕਿਸਾਨਾਂ ਦੀਆਂ ਮੋਟਰਾਂ/ਟਿਊਬਵੈਲਾਂ 'ਤੇ 50 ਰੁਪਏ ਪ੍ਰਤੀ ਹਾਰਸ ਪਾਵਰ ਦਾ ਵਾਧਾ, ਖੇਤੀ ਖਪਤਕਾਰਾਂ 'ਤੇ 12.28 ਫੀਸਦੀ ਦਾ ਵਾਧਾ, ਉਦਯੋਗਿਕ ਤੇ ਦੂਜੇ ਹੋਰ ਖਪਤਕਾਰਾਂ ਦੀਆਂ ਦਰਾਂ ਵਿਚ 5.2 ਫੀਸਦੀ ਦਾ ਵਾਧਾ ਕੀਤਾ ਗਿਆ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਗਿੱਲ ਨੇ ਦੱਸਿਆ ਕਿ ਸਰਕਾਰ ਦੀ ਸਬਸਿਡੀ ਤਹਿਤ ਮੁਫਤ ਬਿਜਲੀ ਦੀ ਸਹੂਲਤ ਲੈ ਰਹੇ ਕਿਸਾਨਾਂ 'ਤੇ ਵੀ ਹੁਣ ਕੁਝ ਹੱਦ ਤੱਕ ਬਿਜਲੀ ਦੇ ਬਿਲ ਲਗਾਏ ਗਏ ਹਨ, ਜਿਹੜੇ ਕਿ ਟਿਊਬਵੈਲ ਮੋਟਰਾਂ 'ਤੇ ਹੀ ਹੋਣਗੇ ਅਤੇ ਬਾਕੀ ਦੇ ਬਿਜਲੀ ਪਹਿਲਾਂ ਦੀ ਤਰ੍ਹਾਂ ਹੀ ਮਾਫ ਰਹਿਣਗੇ। ਉਨ੍ਹਾਂ ਦੱਸਿਆ ਕਿ ਅਨੁਸੂਚਿਤ ਤੇ ਪੱਛੜੀ ਸ਼੍ਰੇਣੀ ਦੇ ਖਪਤਕਾਰਾਂ ਨੂੰ ਮਿਲਦੀਆਂ ਮੁਫ਼ਤ 200 ਯੂਨਿਟਾਂ ਘਟਾ ਕੇ ਹੁਣ 100 ਯੂਨਿਟ ਹੀ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖੇਤੀ ਖੇਤਰ ਦੇ ਕਿਸਾਨਾਂ ਦੇ ਟਿਊਬਵੈਲਾਂ ਦੀਆਂ ਮੋਟਰਾਂ ਉਤੇ ਲਗਾਏ ਗਏ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਬਿਲਾਂ ਨਾਲ ਕਿਸਾਨਾਂ 'ਤੇ 603 ਕਰੋੜ ਰੁਪਏ ਦਾ ਬੋਝ ਪਵੇਗਾ ਜਦਕਿ ਅਨੁਸੂਚਿਤ ਤੇ ਪੱਛੜੀਆਂ ਸ਼੍ਰੇਣੀਆਂ ਦੀਆਂ 100 ਯੂਨਿਟਾਂ ਦੀ ਬਿਜਲੀ ਕਟੌਤੀ ਨਾਲ ਇਨ੍ਹਾਂ ਵਰਗਾਂ 'ਤੇ 333 ਕਰੋੜ ਦਾ ਬੋਝ ਪਵੇਗਾ।

ਨਵੀਆਂ ਦਰਾਂ 'ਚ ਕੀਤੇ ਵਾਧੇ ਤਹਿਤ ਦਰਬਾਰ ਸਾਹਿਬ ਅਤੇ ਦੁਰਗਿਆਨਾ ਮੰਦਿਰ ਅੰਮ੍ਰਿਤਸਰ ਨੂੰ 2 ਹਜ਼ਾਰ ਯੂਨਿਟਾਂ ਤੱਕ ਦੀ ਬਿਜਲੀ ਮੁਫਤ ਦਿੱਤੀ ਜਾਵੇਗੀ ਅਤੇ 2000 ਯੂਨਿਟ ਤੋਂ ਬਾਅਦ ਪ੍ਰਤੀ ਯੂਨਿਟ 20 ਪੈਸੇ ਦਾ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਟੂਰਿੰਗ ਸਿਨੇਮਾ ਆਦਿ ਦੀਆਂ ਸ਼੍ਰੇਣੀ ਵਾਸਤੇ ਲਾਈਟ ਤੇ ਪੱਖਿਆਂ ਦੀ ਦਰ 8.15 ਕੀਤੀ ਗਈ ਹੈ, ਜੋ ਕਿ ਪਹਿਲਾਂ 7.71 ਪੈਸੇ ਪ੍ਰਤੀ ਯੂਨਿਟ ਹੁੰਦੀ ਸੀ। ਇਸ ਦੇ ਇਲਾਵਾ ਅਸਥਾਈ ਬਿਜਲੀ ਸਪਲਾਈ ਵਾਸਤੇ ਨਵੀਆਂ ਦਰਾਂ ਦੇ ਤਹਿਤ ਆਮ ਤੇ ਗੈਰ ਰਿਹਾਇਸ਼ੀ ਵਾਸਤੇ ਦਰਾਂ 8.15 ਪੈਸੇ ਕੀਤੀ ਗਈ ਹੈ ਜੋ ਕਿ ਪਹਿਲਾਂ 7.71 ਪੈਸੇ ਸੀ। ਇਸ ਦੌਰਾਨ ਸੀ ਪੀ ਆਈ (ਐਮ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਚਰਨ ਸਿੰਘ ਵਿਰਦੀ ਨੇ ਬਿਜਲੀ ਦਰਾਂ 'ਚ 7.5 ਫ਼ੀਸਦੀ ਵਾਧਾ ਕਰਨ ਸਬੰਧੀ ਪੰਜਾਬ ਸਰਕਾਰ ਦੇ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਇਥੇ ਜਾਰੀ ਇਕ ਬਿਆਨ ਰਾਹੀਂ ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਦੇ ਇਸ ਕਦਮ ਨਾਲ ਪਹਿਲਾਂ ਹੀ ਮਹਿੰਗਾਈ ਦੀ ਚੱਕੀ ਵਿਚ ਪਿਸ ਰਹੇ ਲੋਕਾਂ 'ਤੇ ਅਸਹਿ ਭਾਰ ਪਵੇਗਾ। ਉਨ੍ਹਾਂ ਕਿਹਾ ਕਿ ਇਸ ਵਾਧੇ ਨਾਲ ਦੂਜੀਆਂ ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਵੀ ਭਾਰੀ ਵਾਧਾ ਹੋਵੇਗਾ। ਉਨ੍ਹਾਂ ਰਾਜ ਸਰਕਾਰ ਪਾਸੋਂ ਮੰਗ ਕੀਤੀ ਕਿ ਬਿਜਲੀ ਦੀਆਂ ਦਰਾਂ 'ਚ ਵਾਧੇ ਦੇ ਇਸ ਲੋਕ ਵਿਰੋਧੀ ਕਦਮ ਨੂੰ ਤੁਰੰਤ ਵਾਪਸ ਲਿਆ ਜਾਵੇ। ਉਨ੍ਹਾਂ ਸੂਬੇ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਉਹ ਪੂਰੀ ਮਜ਼ਬੂਤੀ ਨਾਲ ਇਕਜੁੱਟ ਹੋ ਕੇ ਇਸ ਲੋਕ ਵਿਰੋਧੀ ਕਦਮ ਦਾ ਵਿਰੋਧ ਕਰੇ। ਬਿਜਲੀ ਦਰਾਂ 'ਚ ਵਾਧੇ ਦੀ ਨਿਖੇਧੀ ਕਰਦਿਆਂ ਪੰਜਾਬ ਕਾਂਗਰਸ ਵਿਧਾਇਕ ਦਲ ਦੀ ਆਗੂ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਇਸ ਨਾਲ ਪੰਜਾਬ ਦੇ ਲੋਕਾਂ ਤੇ ਸਨਅਤੀ ਅਦਾਰਿਆਂ ਦੀ ਕਮਰ ਟੁੱਟ ਜਾਵੇਗੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਮਹਿੰਗਾਈ ਨੂੰ ਨੱਥ ਪਾਉਣ ਦੀ ਬਜਾਏ ਬਿਜਲੀ ਦਰਾਂ 'ਚ ਵਾਧਾ ਕਰਕੇ ਬਲਦੀ 'ਤੇ ਤੇਲ ਦਾ ਕੰਮ ਕਰ ਰਹੀ ਹੈ।

ਸੀ ਪੀ ਆਈ ਆਗੂ ਡਾ. ਜੋਗਿੰਦਰ ਦਿਆਲ ਨੇ ਇਸ ਵਾਧੇ ਨੂੰ ਲੋਕ ਵਿਰੋਧੀ ਦੱਸਦਿਆਂ ਕਿਹਾ ਕਿ ਮੰਤਰੀ ਅਤੇ ਸਮੁੱਚੀ ਅਫ਼ਸਰਸ਼ਾਹੀ ਤਾਂ ਮੁਫ਼ਤ ਬਿਜਲੀ ਫੂਕ ਰਹੀ ਹੈ, ਜਦਕਿ ਆਮ ਲੋਕਾਂ 'ਤੇ ਵਾਰ-ਵਾਰ ਬੋਝ ਪਾਇਆ ਜਾ ਰਿਹਾ ਹੈ। ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਸੂਬੇ ਦੀ ਆਰਥਿਕ ਹਾਲਤ ਮਾੜੀ ਹੋਣ ਕਾਰਨ ਸਿਆਸਤ ਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਕਾਂਗਰਸ ਦੇ ਆਗੂ ਸੁੱਚਾ ਸਿੰਘ ਛੋਟੇਪੁਰ ਨੇ ਵੀ ਬਿਜਲੀ ਦਰਾਂ 'ਚ ਕੀਤੇ ਵਾਧੇ ਨੂੰ ਲੋਕਾਂ ਦੀ ਸ਼ਰ੍ਹੇਆਮ ਲੁੱਟ ਦੱਸਿਆ। ਉਪਰੋਕਤ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਸ ਬਿਜਲੀ ਵਾਧੇ ਨੂੰ ਤੁਰੰਤ ਵਾਪਸ ਲਵੇ।

## ਬਠਿੰਡਾ ਜ਼ਿਲ੍ਹੇ ਦੀਆਂ ਸਨਅਤਾਂ ਵਿਚੋਂ ਢਾਈ ਹਜ਼ਾਰ ਇਕਾਈਆਂ ਨੂੰ ਲੱਗੇ ਤਾਲੇ

**ਬਠਿੰਡਾ :** ਬਠਿੰਡਾ ਜ਼ਿਲੇ 'ਚ ਲੱਗੇ 4333 ਸਨਅਤੀ ਯੂਨਿਟਾਂ 'ਚੋਂ 2500 ਦੇ ਕਰੀਬ ਸਨਅਤੀ ਯੂਨਿਟਾਂ ਨੂੰ ਤਾਲੇ ਵੱਜ ਗਏ ਹਨ। ਇੱਕ ਸਰਵੇ ਅਨੁਸਾਰ ਇਕੱਲੇ ਬਠਿੰਡਾ ਸ਼ਹਿਰ ਦੇ 150 ਯੂਨਿਟਾਂ 'ਚੋਂ 64 ਦੇ ਕਰੀਬ ਸਨਅਤੀ ਯੂਨਿਟ ਬੰਦ ਪਏ ਹਨ। ਸਾਲ 2002-03 ਤੋਂ ਮਗਰੋਂ ਸਨਅਤਾਂ ਦੇ ਬੰਦ ਹੋਣ ਦਾ ਦੌਰ ਸ਼ੁਰੂ ਹੋਇਆ ਸੀ। ਪਿਛਲੀ ਕਾਂਗਰਸ ਸਰਕਾਰ ਵਲੋਂ 2003 ਵਿਚ ਬਣਾਈ ਨਵੀਂ ਉਦਯੋਗਿਕ ਨੀਤੀ ਕਾਰਨ ਬਠਿੰਡਾ ਨੂੰ ਵੱਡੀ ਸੱਟ ਵੱਜੀ। ਉਸ ਸਨਅਤੀ ਨੀਤੀ 'ਚ ਜ਼ਿਲ੍ਹਾ ਬਠਿੰਡਾ ਤੋਂ ਏ ਕੈਟਾਗਿਰੀ ਦਾ ਦਰਜਾ ਖੋਹ ਲਿਆ ਗਿਆ ਸੀ। ਏ-ਕੈਟਾਗਿਰੀ ਤਹਿਤ ਬਠਿੰਡਾ ਜ਼ਿਲ੍ਹੇ 'ਚ ਲੱਗਣ ਵਾਲੀ ਹਰ ਨਵੀਂ ਸਨਅਤ ਨੂੰ 30 ਫੀਸਦੀ ਸਬਸਿਡੀ ਦੇਣ ਦਾ ਐਲਾਨ ਹੋਇਆ ਸੀ। ਉਂਝ ਪਿਛਲੀ ਸਰਕਾਰ ਵੇਲੇ ਤਤਕਾਲੀ ਖਜ਼ਾਨਾ ਮੰਤਰੀ ਸੁਰਿੰਦਰ ਸਿੰਗਲਾ ਨੇ ਬਠਿੰਡਾ ਨੂੰ 'ਟੈਕਸਟਾਈਲ ਸਿਟੀ' ਬਣਾਏ ਜਾਣ ਦਾ ਐਲਾਨ ਕੀਤਾ ਸੀ। ਉਸਤੋਂ ਪਹਿਲਾਂ ਮਰਹੂਮ ਬੇਅੰਤ ਸਿੰਘ ਨੇ ਆਪਣੇ ਸਮੇਂ 'ਚ ਇਹੋ ਨਾਹਰਾ ਦਿੱਤਾ ਸੀ। ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਵੀ ਇਹੋ ਗੱਲ ਆਖੀ ਗਈ ਸੀ। ਫਿਰ ਵੀ ਅੱਜ ਤੱਕ ਇਹ ਨਾਹਰਾ ਸਾਕਾਰ ਨਹੀਂ ਹੋ ਸਕਿਆ। ਹੁਣ ਤਾਂ ਸਨਅਤੀ ਵਿਕਾਸ ਦੇ ਮਾਮਲੇ ਤੇ ਮੌਜੂਦਾ ਸਰਕਾਰ ਨੇ ਚੁੱਪ ਹੀ ਵੱਟ ਲਈ ਹੈ।

ਮਾਨਸਾ ਰੋਡ 'ਤੇ ਜ਼ਿਲ੍ਹਾ ਬਠਿੰਡਾ ਦੀ ਇੱਕੋ ਇੱਕ ਸਹਿਕਾਰੀ ਕਤਾਈ ਮਿਲ ਸੀ ਜੋ ਕਿ ਹੁਣ ਫੇਲ੍ਹ ਹੋ ਗਈ ਹੈ। ਇਸ ਬੰਦ ਪਈ ਕਤਾਈ ਮਿਲ 'ਚ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦਾ ਕੈਂਪਸ ਚੱਲ ਰਿਹਾ ਹੈ। ਡਬਵਾਲੀ ਰੋਡ 'ਤੇ ਇੱਕ ਪੁਰਾਣਾ ਸਨਅਤੀ ਫੋਕਲ ਪੁਆਇੰਟ ਹੈ, ਜਿਸਦੇ 62 ਪਲਾਟ ਅਲਾਟ ਹੋ ਚੁੱਕੇ ਹਨ। ਇਨ੍ਹਾਂ 'ਚੋਂ ਹਾਲੇ ਵੀ 7 ਪਲਾਟਾਂ 'ਚ ਸਨਅਤ ਨਹੀਂ ਲੱਗ ਸਕੀ ਹੈ। ਇਥੇ ਟਰਾਂਸਫਾਰਮਰ ਸਨਅਤ ਕਾਫੀ ਅੱਗੇ ਵਧੀ ਹੈ। ਮਾਨਸਾ ਰੋਡ 'ਤੇ ਸਾਲ 1995 ਦੇ ਆਸ ਪਾਸ ਸਥਾਪਤ ਕੀਤਾ ਸਨਅਤੀ ਵਿਕਾਸ ਕੇਂਦਰ ਫੇਲ੍ਹ ਹੋ ਗਿਆ ਹੈ। ਇਹ ਕੇਂਦਰ 394 ਏਕੜ 'ਚ ਬਣਿਆ ਹੋਇਆ ਹੈ, ਜਿਸ ਦੇ 401 ਪਲਾਟ ਹਨ ਜਿਨ੍ਹਾਂ 'ਚ 250, 500, 1000 ਅਤੇ 2500 ਗਜ਼ ਦੇ ਪਲਾਟ ਸ਼ਾਮਲ ਹਨ। ਇਨ੍ਹਾਂ ਪਲਾਟਾਂ 'ਚੋਂ 222 ਪਲਾਟ ਅਲਾਟ ਹੋ ਚੁੱਕੇ ਹਨ ਪ੍ਰੰਤੂ ਸਨਅਤੀ ਯੂਨਿਟ ਕੇਵਲ 66 ਹੀ ਲੱਗੇ ਹਨ। ਗੈਰਸਰਕਾਰੀ ਸੂਤਰ ਇਸ ਸਨਅਤੀ ਵਿਕਾਸ ਕੇਂਦਰ ਵਿਚ ਲੱਗੇ ਯੂਨਿਟਾਂ ਦੀ ਗਿਣਤੀ 30 ਹੀ ਦੱਸਦੇ ਹਨ। ਮੌਜੂਦਾ ਸਰਕਾਰ ਵਲੋਂ ਸਾਲ 2007 'ਚ ਇਸ ਕੇਂਦਰ ਨੂੰ ਵਿਕਸਤ ਕਰਨ ਲਈ ਸਨਅਤੀ ਪਲਾਟ ਅਲਾਟ ਕੀਤੇ ਜਾਣ ਦਾ ਕੰਮ ਸ਼ੁਰੂ ਕੀਤਾ ਗਿਆ। ਸਰਕਾਰ ਨੇ ਢਾਈ ਸਾਲ ਪਹਿਲਾਂ ਆਖਿਆ ਕਿ ਸਨਅਤੀ ਪਲਾਟਾਂ ਲਈ 20 ਫੀ ਸਦੀ ਰਕਮ ਜਮ੍ਹਾਂ ਕਰਾਓ ਤੇ ਫੌਰੀ ਅਲਾਟਮੈਂਟ ਕੀਤੀ ਜਾਵੇਗੀ। ਸਨਅਤੀ ਵਿਕਾਸ ਕੇਂਦਰ ਐਸੋਸੀਏਸ਼ਨ ਦੇ ਪ੍ਰਧਾਨ ਕਪਿਲ ਗੋਇਲ ਨੇ ਦੱਸਿਆ ਕਿ ਬਹੁਤੇ ਲੋਕਾਂ ਨੇ ਪਲਾਟ ਲੈਣ ਖਾਤਰ ਇਹ ਰਾਸ਼ੀ ਭਰ ਦਿੱਤੀ ਪ੍ਰੰਤੂ ਢਾਈ ਸਾਲ ਮਗਰੋਂ ਵੀ ਪਲਾਟਾਂ ਦੀ ਅਲਾਟਮੈਂਟ ਨਹੀਂ ਕੀਤੀ ਗਈ।

## ਅਕਾਲ ਤਖ਼ਤ ਦੇ ਜਥੇਦਾਰ ਵਲੋਂ ਸੰਗਤਾਂ ਨੂੰ ਏਕੇ ਨਾਲ ਰਹਿਣ ਦਾ ਸੱਦਾ

**ਗਰੈਂਡ ਰੈਪਿਡਜ਼, ਮਿਸ਼ੀਗਨ:** ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ ਆਪਸੀ ਏਕੇ ਅਤੇ ਭਾਈਚਾਰੇ ਨਾਲ ਰਹਿਣ ਦਾ ਸੁਨੇਹਾ ਦਿੰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖਾਂ ਨੂੰ ਵਿਦੇਸ਼ਾਂ ਵਿਚ ਰਹਿੰਦਿਆਂ ਇਸ ਤਰ੍ਹਾਂ ਦਾ ਜੀਵਨ ਜਿਉਣਾ ਚਾਹੀਦਾ ਹੈ ਕਿ ਉਹ ਸਿੱਖ ਧਰਮ ਦੇ ਦੂਤ ਬਣ ਕੇ ਪੇਸ਼ ਆਉਣ। ਇਥੇ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ, ਡੈਮੋਕਰੈਟ ਆਗੂ ਅਤੇ ਹਾਲ ਹੀ ਵਿਚ ਕਾਂਗਰਸ ਦੀ ਅਮਰੀਕਾ ਇਕਾਈ ਦੇ ਮੀਤ ਪ੍ਰਧਾਨ ਬਣੇ ਸ੍ਰੀ ਸੰਨੀ ਧੂੜ ਦੇ ਘਰ ਸਥਾਨਕ ਪਤਵੰਤੇ ਸੱਜਣਾਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਨੇ ਉਨ੍ਹਾਂ ਨੂੰ ਨੌਜਵਾਨ ਪੀੜੀ ਨੂੰ ਸਿੱਖੀ ਨਾਲ ਜੋੜਨ, ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਚਲਾਉਣ ਦੀ ਪ੍ਰੇਰਨਾ ਕੀਤੀ।

ਇਸ ਮੌਕੇ ਮਿਸ਼ੀਗਨ ਸਟੇਟ ਅਸੈਂਬਲੀ ਦੇ ਸਪੀਕਰ ਸ੍ਰੀ ਮਾਈਕਲ ਸੈਕ ਅਸੈਂਬਲੀ ਦੇ ਚੱਲ ਰਹੇ ਸੈਸ਼ਨ ਵਿਚੋਂ ਸਮਾਂ ਕੱਢ ਕੇ ਆਪਣੇ ਸਟਾਫ ਸਮੇਤ ਗਿਆਨੀ ਗੁਰਬਚਨ ਸਿੰਘ ਦੇ ਦਰਸ਼ਨਾਂ ਲਈ ਉਚੇਚੇ ਤੌਰ 'ਤੇ ਪਹੁੰਚੇ। ਮਾਣਯੋਗ ਸਪੀਕਰ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ 'ਸਟੇਟ ਗੈਸਟ' ਦਾ ਸਨਮਾਨ ਦਿੰਦਿਆਂ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤਾ। ਸਮਾਗਮ ਦੌਰਾਨ ਕਾਂਗਰਸਮੈਨ ਰੋਏ ਸਮਿਥ ਨੇ ਕਿਹਾ ਕਿ ਸਿੱਖ ਧਰਮ ਇਕ ਵਿਗਿਆਨਕ ਧਰਮ ਹਾਂ ਅਤੇ ਮੈਂ ਇਸ ਦੇ ਉਚੇ ਸੁੱਚੇ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਇਸ ਮੌਕੇ ਹਾਜ਼ਰ ਮਿਸ਼ੀਗਨ ਸਟੇਟ ਦੇ ਕਮਿਸ਼ਨਰ ਸਕਾਟ ਬੋਨ ਨੇ ਕਿਹਾ ਕਿ ਮੈਨੂੰ ਇਨ੍ਹਾਂ ਜਿਹੋਂ ਆਪਣੇ ਪੋਪ ਦੇ ਦਰਸ਼ਨ ਹੋ ਰਹੇ ਹਨ।

ਸ੍ਰੀ ਸੰਨੀ ਧੂੜ ਵਲੋਂ ਨਿਭਾਏ ਗਏ ਭਾਈਚਾਰਕ ਆਗੂ ਦੇ ਰੋਲ ਦੀ ਪ੍ਰਸ਼ੰਸਾ ਕਰਦਿਆਂ ਅਮਰੀਕਨ ਅਧਿਕਾਰੀਆਂ ਨੇ ਕਿਹਾ ਕਿ ਮਿਸ਼ੀਗਨ ਸਟੇਟ ਨੂੰ ਇਸ ਗੱਲ 'ਤੇ ਮਾਣ ਹੈ ਕਿ ਸ੍ਰੀ ਸੰਨੀ ਧੂੜ ਵਰਗੇ ਭਾਈਚਾਰਕ ਆਗੂ ਅਤੇ ਬਿਜਨਸਮੈਨ ਸਾਡੀ ਤਰੱਕੀ ਵਿਚ ਹਿੱਸਾ ਪਾ ਰਹੇ ਹਨ। ਇਸ ਸਮਾਗਮ ਵਿਚ ਸਥਾਨਕ ਸਿੱਖ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਅਤੇ ਦੂਜੇ ਰਾਜਾਂ ਤੋਂ ਵੀ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਸੰਗਤਾਂ ਵਲੋਂ ਗਿਆਨੀ ਗੁਰਬਚਨ ਸਿੰਘ ਅਤੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਗਿਆਨੀ ਰਣਜੀਤ ਸਿੰਘ ਦਿੱਲੀ ਵਾਲਿਆਂ ਦਾ ਸ਼ਾਲ ਭੇਟ ਕਰਕੇ ਆਦਰ-ਮਾਣ ਕੀਤਾ ਗਿਆ। ਇਸ ਮੌਕੇ ਹਾਜ਼ਰ ਅਮਰੀਕਨ ਭਾਈਚਾਰੇ ਦੇ ਆਗੂਆਂ ਵਿਚ ਕਾਂਗਰਸਮੈਨ ਰਾਏ ਸਮਿਥ, ਰਾਬਰਟ ਡੀਨ, ਗੈਰੀ ਅਤੇ ਮਿਸਟਰ ਜਾਨ, ਸਟੇਟ ਲਾਟਰੀ ਕਮਿਸ਼ਨਰ ਸਕਾਟ ਬੋਨ ਅਤੇ ਕਈ ਹੋਰ ਆਗੂ ਹਾਜ਼ਰ ਸਨ। ਸਿੱਖ ਭਾਈਚਾਰੇ ਦੇ ਆਗੂਆਂ ਵਿਚ ਸਿੰਘ ਸਭਾ ਗੁਰਦੁਆਰਾ ਕੈਂਟਨ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਗਰਚਾ, ਗੁਰੂ ਨਾਨਕ ਸਿੱਖ ਸੈਂਟਰ ਲੈਨਸਿੰਗ ਦੇ ਪ੍ਰਧਾਨ ਕੁਲਦੀਪ ਸਿੰਘ, ਗੁਰਦੁਆਰਾ ਗਰੈਂਡ ਰੈਪਿਡਜ਼ ਦੇ ਪ੍ਰਧਾਨ ਡਾ. ਤੇਜਿੰਦਰ ਸਿੰਘ ਮੰਡੇਰ, ਮਨਜੀਤ ਸਿੰਘ ਲੈਨਸਿੰਗ, ਗੁਰਦੇਵ ਸਿੰਘ ਜੱਬੋਵਾਲ ਆਦਿ ਹਾਜ਼ਰ ਸਨ।

## ਸਰਕਾਰ ਨੇ ਕਿਸਾਨਾਂ 'ਤੇ ਚੁੱਪ-ਚਪੀਤੇ ਪਾਇਆ ਵਿੱਤੀ ਬੋਝ

**ਚੰਡੀਗੜ੍ਹ:** ਪੰਜਾਬ ਅੰਦਰ ਇਸ ਵਾਰ ਜਿਥੇ ਕਣਕ ਦਾ ਝਾੜ ਘੱਟ ਹੋਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਪਹੁੰਚੇਗਾ, ਉਥੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਕਹਾਉਣ ਵਾਲੀ ਬਾਦਲ ਸਰਕਾਰ ਨੇ ਚੁੱਪ ਚਪੀਤੇ ਕਿਸਾਨਾਂ 'ਤੇ ਵਿੱਤੀ ਬੋਝ ਪਾਉਂਦੇ ਹੋਏ ਕਪਾਹ, ਨਰਮੇ ਅਤੇ ਸੂਰਜਮੁਖੀ ਦੀ ਖਰੀਦ-ਵੇਚ 'ਤੇ 0.25 ਫੀਸਦੀ ਦੀ ਦਰ ਨਾਲ ਵਾਧੂ ਸੈਸ ਲਾ ਦਿੱਤਾ ਹੈ। ਇਸ ਸੈੱਸ ਨੂੰ ਸ਼ਹਿਰੀ ਵਿਕਾਸ ਸੈੱਸ ਦਾ ਨਾਮ ਦਿੱਤਾ ਗਿਆ ਹੈ। ਰਾਜ ਸਰਕਾਰ ਦੇ ਸਥਾਨਕ ਸਰਕਾਰ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਸ਼ਹਿਰੀ ਵਿਕਾਸ ਦੇ ਨਾਂ 'ਤੇ ਸੈੱਸ ਲਾਉਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਥੇ ਦੱਸਣਯੋਗ ਹੈ ਕਿ ਜਿਸ ਸਥਾਨਕ ਸਰਕਾਰ ਵਿਭਾਗ ਵਲੋਂ ਕਿਸਾਨਾਂ 'ਤੇ ਇਹ ਸੈੱਸ ਲਾਇਆ ਗਿਆ ਹੈ, ਦੇ ਮੰਤਰੀ ਭਾਜਪਾ ਦੇ ਮਨੋਰੰਜਨ ਕਾਲੀਆਂ ਹਨ। ਸਰਕਾਰ ਦੇ ਇਸ ਫੈਸਲੇ ਨਾਲ ਨਾ ਕੇਵਲ ਕਿਸਾਨਾਂ 'ਤੇ ਵਿੱਤੀ ਬੋਝ ਪਵੇਗਾ ਬਲਕਿ ਉਪਭੋਗਤਾ 'ਤੇ ਵੀ ਇਸ ਦਾ ਵਾਧੂ ਬੋਝ ਪਵੇਗਾ। ਇਸ ਸਮੇਂ ਪੰਜਾਬ ਅੰਦਰ ਕਪਾਹ ਤੇ 12.5 ਫੀਸਦੀ ਟੈਕਸ ਲੱਗ ਰਿਹਾ ਹੈ ਜਿਸ 'ਚ 2 ਫੀਸਦੀ ਮਾਰਕੀਟ ਫੀਸ, 4 ਫੀਸਦੀ ਵੈਟ, 2 ਫੀਸਦੀ ਪੇਂਡੂ ਵਿਕਾਸ ਫੰਡ, 2 ਫੀਸਦੀ ਮੁੱਢਲਾ ਢਾਂਚਾ ਟੈਕਸ ਅਤੇ 2.5 ਫੀਸਦੀ ਆੜ੍ਹਤੀਆਂ ਦਾ ਕਮਿਸ਼ਨ ਸ਼ਾਮਲ ਹੈ ਪਰ ਸਰਕਾਰ ਵਲੋਂ ਹੁਣ ਸ਼ਹਿਰੀ ਸੈੱਸ ਹੋਰ ਲਾ ਦਿੱਤਾ ਗਿਆ ਹੈ।

ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਇਹ ਵਾਧੂ ਸੈੱਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ ਬਾਅਦ 60 ਦਿਨਾਂ ਤੱਕ ਲਾਗੂ ਰਹੇਗਾ। ਸਥਾਨਕ ਸਰਕਾਰ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਸ੍ਰੀ ਰਾਹੁਲ ਵਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਰਾਜ ਅੰਦਰ ਸਾਰੀਆਂ ਮਿਊਂਸਪਲ ਕੌਂਸਲਾਂ ਅਤੇ ਨਗਰ ਪੰਚਾਇਤਾਂ ਅਧੀਨ ਕਪਾਹ, ਨਰਮਾ ਅਤੇ ਸੂਰਜਮੁਖੀ ਦੀ ਖਰੀਦ-ਵੇਚ 'ਤੇ ਉੱਕਾ ਪੁੱਕਾ 0.25 ਫੀਸਦੀ ਸ਼ਹਿਰੀ ਵਿਕਾਸ ਸੈੱਸ ਲਾਇਆ ਜਾਂਦਾ ਹੈ। ਰਾਜ ਸਰਕਾਰ ਵਲੋਂ ਚੁੱਪ ਚਪੀਤੇ ਇਹ ਸੈੱਸ ਲਾਉਣ ਦਾ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸਖਤ ਵਿਰੋਧ ਕਰਦੇ ਹੋਏ ਕਿਹਾ ਕਿ ਸਰਕਾਰ ਨੇ ਅਸਿੱਧੇ ਤੌਰ 'ਤੇ ਇਹ ਪੰਜਾਬ ਦੇ ਕਿਸਾਨਾਂ 'ਤੇ ਆਰਥਿਕ ਬੋਝ ਪਾਇਆ ਹੈ ਜਦੋਂਕਿ ਪਹਿਲਾਂ ਹੀ ਕਿਸਾਨ ਸਾਢੇ 12 ਫੀਸਦੀ ਟੈਕਸ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸਾਨ ਵਿਰੋਧੀ ਫੈਸਲਾ ਹੈ ਜਿਸ ਦਾ ਉਨ੍ਹਾਂ ਦੀ ਯੂਨੀਅਨ ਵਲੋਂ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ ਅਤੇ ਇਸਦੇ ਖਿਲਾਫ ਜਬਰਦਸਤ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਕਪਾਹ ਦਾ ਰੇਟ 3 ਹਜ਼ਾਰ ਰੁਪਏ ਕੁਇੰਟਲ ਹੈ ਇਸ ਲਈ ਇਸ ਸੈੱਸ ਦਾ ਬੋਝ ਕਿਸਾਨ 'ਤੇ ਪਵੇਗਾ। ਕਿਸਾਨ ਨੂੰ 12 ਰੁਪਏ ਪ੍ਰਤੀ ਕੁਇੰਟਲ ਸੈੱਸ ਦੇਣਾ ਪਵੇਗਾ। ਕਿਸਾਨ ਪਹਿਲਾਂ ਹੀ ਆਰਥਿਕ ਮੰਦੇ ਦਾ ਸ਼ਿਕਾਰ ਹੈ। ਇਥੋਂ ਤੱਕ ਕਿ ਕੇਂਦਰ ਵਲੋਂ ਜੋ 800 ਕਰੋੜ ਰੁਪਇਆ ਦਿਤਾ ਗਿਆ ਹੈ, ਉਹ ਵੀ ਸਰਕਾਰ ਆਪਣੇ ਕੋਲ ਰੱਖੀ ਬੈਠੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕਿਸਾਨ ਪੇਂਡੂ ਵਿਕਾਸ ਫੰਡ ਦੇ ਨਾਂ 'ਤੇ ਟੈਕਸ ਦੇ ਰਿਹਾ ਹੈ। ਹੁਣ ਸਰਕਾਰ ਨੇ ਕਿਸਾਨ 'ਤੇ ਸ਼ਹਿਰੀ ਵਿਕਾਸ ਸੈੱਸ ਲਾ ਦਿੱਤਾ ਹੈ।

## ਚਾਵਲਾ ਵਲੋਂ ਅਫ਼ਸਰਾਂ ਨੂੰ ਸਖ਼ਤੀ ਦੀਆਂ ਹਦਾਇਤਾਂ

**ਚੰਡੀਗੜ੍ਹ:** ਭਾਜਪਾ ਨਾਲ ਸਬੰਧਤ ਪੰਜਾਬ ਦੀ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਅਤੇ ਮੁੱਖ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਵਿਚ ਠੰਢੀ ਜੰਗ ਅਜੇ ਵੀ ਜਾਰੀ ਹੈ। ਬੀਬੀ ਚਾਵਲਾ ਦੀਆਂ 24 ਅਪ੍ਰੈਲ ਦੀਆਂ ਹਦਾਇਤਾਂ ਨੇ ਭਾਜਪਾ ਆਗੂ ਨੂੰ ਸਾਫ਼ ਕਰ ਦਿਤਾ ਹੈ ਕਿ ਜੇ ਉਸ ਦੇ ਰਿਸ਼ਤੇਦਾਰ ਗ਼ਲਤ ਕੰਮ ਕਰਨਗੇ ਤਾਂ ਨਿਯਮਾਂ ਅਨੁਸਾਰ ਹਰ ਹਾਲਤ ਵਿਚ ਕਾਰਵਾਈ ਹੋਵੇਗੀ। ਯਾਦ ਰਹੇ ਕਿ ਪਿਛਲੇ ਦਿਨੀਂ ਭਾਜਪਾ ਨਾਲ ਸਬੰਧਤ ਮੁੱਖ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਦੇ ਬਟਾਲਾ ਵਿਖੇ ਰਿਸ਼ਤੇਦਾਰਾਂ ਦੇ ਹਸਪਤਾਲਾਂ ਅਤੇ ਪ੍ਰਯੋਗਸ਼ਾਲਾਵਾਂ ਦੀ ਪੜਤਾਲ ਲਈ ਛਾਪੇ ਮਾਰੇ ਗਏ ਸਨ। ਸ੍ਰੀ ਸਾਹਨੀ ਨੇ ਇਸ 'ਤੇ ਇਤਰਾਜ਼ ਕਰਦਿਆਂ ਸਿਹਤ ਮੰਤਰੀ ਦੀ ਸਖ਼ਤ ਨੁਕਤਾਚੀਨੀ ਕੀਤੀ ਤੇ ਦੋਸ਼ ਲਾਇਆ ਕਿ ਮੰਤਰੀ ਉਨ੍ਹਾਂ ਨੂੰ ਜ਼ਲੀਲ ਕਰਨ ਲਈ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਹਸਪਤਾਲਾਂ 'ਤੇ ਛਾਪੇ ਮਰਵਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਥੇ ਕੁਝ ਵੀ ਗ਼ਲਤ ਨਹੀਂ ਹੋ ਰਿਹਾ ਸੀ। ਉਨ੍ਹਾਂ ਇਹ ਮਾਮਲਾ ਪਾਰਟੀ ਤੇ ਮੁੱਖ ਮੰਤਰੀ ਕੋਲ ਵੀ ਉਠਾਉਣ ਦੀ ਗੱਲ ਕਹੀ। ਬੀਬੀ ਚਾਵਲਾ ਨੇ ਨੁਕਤਾਚੀਨੀ ਦੀ ਪ੍ਰਵਾਹ ਨਾ ਕਰਦਿਆਂ ਫਿਰ ਅਧਿਕਾਰੀਆਂ ਨੂੰ ਹਦਾਇਤਾਂ ਦਿਤੀਆਂ ਕਿ ਮੁੰਡਾ-ਕੁੜੀ ਦੇ ਟੈਸਟ ਸਬੰਧੀ ਬਣੇ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਪੂਰੇ ਰਾਜ ਵਿਚ ਇਸ ਕਿਸਮ ਦਾ ਇਕ ਵੀ ਟੈਸਟ ਨਹੀਂ ਹੋਣਾ ਚਾਹੀਦਾ।

ਸ੍ਰੀ ਸਾਹਨੀ ਵਲੋਂ ਲਗਾਏ ਦੋਸ਼ਾਂ ਸਬੰਧੀ ਬਿਨਾਂ ਉਨ੍ਹਾਂ ਦਾ ਨਾਂ ਲਏ ਬੀਬੀ ਚਾਵਲਾ ਨੇ ਆਪਣੇ ਬਿਆਨ ਵਿਚ ਕਿਹਾ ਕਿ 1363 ਰਜਿਸਟਰ ਕੇਂਦਰ ਹਨ, ਜਿਥੇ ਟੈਸਟ ਕਰਨ ਦੀਆਂ ਸਹੂਲਤਾਂ ਹਨ। ਇਕ ਵੀ ਕੇਂਦਰ ਬਿਨਾਂ ਰਜਿਸਟਰੇਸ਼ਨ ਤੋਂ ਨਹੀਂ ਚਲ ਰਿਹਾ। ਬੀਬੀ ਚਾਵਲਾ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ 334 ਕੇਂਦਰਾਂ ਵਿਰੁਧ ਪਾਬੰਦੀ ਸੁਦਾ ਟੈਸਟ ਕਰਨ ਦੇ ਦੋਸ਼ਾਂ ਤਹਿਤ ਕਾਰਵਾਈ ਕੀਤੀ ਗਈ। ਕਈਆਂ ਦੀ ਰਜਿਸਟਰੇਸ਼ਨ ਰੱਦ ਕੀਤੀ ਗਈ। ਕਈਆਂ ਦੀਆਂ ਮਸ਼ੀਨਾਂ ਜ਼ਬਤ ਕਰ ਕੇ ਸਜ਼ਾ ਅਤੇ ਜੁਰਮਾਨਾ ਵੀ ਲਾਇਆ ਗਿਆ। ਅਦਾਲਤਾਂ ਨੇ 18 ਕੇਸਾਂ ਵਿਚ ਸਜ਼ਾਵਾਂ ਵੀ ਦਿਤੀਆਂ।

ਇਸ ਤਰ੍ਹਾਂ ਦੇ ਕਦਮ ਚੁੱਕਣ ਨਾਲ ਪੰਜਾਬ ਵਿਚ ਕੁੜੀਆਂ ਦੀ ਗਿਣਤੀ ਜੋ 2001 ਵਿਚ 1000 ਮੁੰਡਿਆਂ ਪਿੱਛੇ 798 ਸੀ, ਉਹ 2007 ਵਿਚ ਵੱਧ ਕੇ 838 ਹੋ ਗਈ। 2009 ਵਿਚ ਵੱਧ ਕੇ 896 ਹੋ ਗਈ। ਬੀਬੀ ਚਾਵਲਾ ਨੇ ਅਧਿਕਾਰੀਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਗ਼ੈਰ-ਕਾਨੂੰਨੀ ਟੈਸਟ ਰੋਕਣ ਲਈ ਪੂਰੀ ਸਖ਼ਤੀ ਕੀਤੀ ਜਾਵੇ। ਜੇ ਕੋਈ ਇਸ ਤਰ੍ਹਾਂ ਦੇ ਟੈਸਟਾਂ ਬਾਰੇ ਸੂਚਨਾ ਦਿੰਦਾ ਹੈ ਤਾਂ ਉਸ ਨੂੰ ਪੰਜਾਹ ਹਜ਼ਾਰ ਰੁਪਏ ਇਨਾਮ ਦਿਤਾ ਜਾਵੇ। ਜੋ ਵੀ ਇਸ ਬੀਮਾਰੀ ਨੂੰ ਰੋਕਣ ਵਿਚ ਸਹਾਇਤਾ ਕਰੇਗਾ, ਉਸ ਨੂੰ ਇਨਾਮ ਮਿਲੇਗਾ। ਬੀਬੀ ਚਾਵਲਾ ਵਲੋਂ ਜਾਰੀ ਹਦਾਇਤਾਂ ਤੋਂ ਸਪੱਸ਼ਟ ਹੈ ਕਿ ਉਹ ਸ੍ਰੀ ਸਾਹਨੀ ਵਲੋਂ ਦੋਸ਼ਾਂ ਦੀ ਨਾ ਤਾਂ ਪ੍ਰਵਾਹ ਕਰਦੇ ਹਨ ਤੇ ਨਾ ਹੀ ਕਿਸੇ ਵੀ ਸਿਆਸੀ ਆਗੂ ਦੇ ਰਿਸ਼ਤੇਦਾਰਾਂ ਦੇ ਹਸਪਤਾਲਾਂ ਨੂੰ ਗ਼ੈਰ ਕਾਨੂੰਨੀ ਕੰਮ ਕਰਨ ਦੇਣਗੇ। ਉਨ੍ਹਾਂ ਵਿਰੁਧ ਸਖ਼ਤ ਕਾਰਵਾਈ ਹੋਵੇਗੀ।

## ਸ਼ਾਮਲਾਤ ਜ਼ਮੀਨਾਂ ਦੇ ਵੇਰਵੇ ਇਕੱਠੇ ਕਰਨ ਨੂੰ ਕਿਹਾ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਆਦੇਸ਼ ਦਿੱਤੇ ਹਨ ਕਿ ਰਾਜ ਵਿਚ ਸ਼ਾਮਲਾਤ ਅਤੇ ਮੁਸ਼ਤਰਕਾ-ਮਾਲਕਾਨ ਜ਼ਮੀਨ ਨੂੰ ਨਜਾਇਜ਼ ਢੰਗ ਨਾਲ ਆਪਣੇ ਨਾਂ ਕਰਾਉਣ, ਦਾਨ ਕਰਨ ਜਾਂ ਸ਼ਹਿਰਾਂ ਦੀ ਹਦੂਦ ਵਿਚ ਆਉਣ ਵਾਲੀਆਂ ਜ਼ਮੀਨਾਂ ਦੇ ਪਿੰਡ ਪੱਧਰ 'ਤੇ 30 ਜੂਨ ਤਕ ਵੇਰਵੇ ਤਿਆਰ ਕਰਕੇ ਦਿੱਤੇ ਜਾਣ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਸਾਲਾਨਾ ਜਮ੍ਹਾਂਬੰਦੀਆਂ ਸਮੇਂ ਜ਼ਮੀਨਾਂ ਦੀਆਂ ਬੋਲੀਆਂ ਤੋਂ ਪ੍ਰਾਪਤ ਹੋਣ ਵਾਲੀ ਰਕਮ ਵਿਭਾਗ ਦੀ ਆਮਦਨੀ ਦਾ ਵੱਡਾ ਸਰੋਤ ਹੈ ਪਰ ਪਿਛਲੇ ਸਮੇਂ ਦੌਰਾਨ ਸ਼ਾਮਲਾਤ ਅਤੇ ਮੁਸ਼ਤਰਕਾ-ਮਾਲਕਾਨ ਜ਼ਮੀਨਾਂ ਕਈ ਥਾਵਾਂ 'ਤੇ ਲੋਕਾਂ ਵਲੋਂ ਨਾਜਾਇਜ਼ ਢੰਗ ਨਾਲ ਆਪਣੇ ਨਾਂ ਕਰਵਾ ਲਈਆਂ ਗਈਆਂ, ਜਿਸ ਵਿਚ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੀ ਅਣਗਹਿਲੀ ਵੀ ਰਹੀ ਹੈ। ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਇਸ ਕਰਕੇ ਇਹ ਆਦੇਸ਼ ਦਿੱਤੇ ਗਏ ਹਨ ਕਿ 30 ਜੂਨ ਤੱਕ ਵੇਰਵੇ ਤਿਆਰ ਕਰਕੇ ਭੇਜੇ ਜਾਣ। ਇਸ ਬਾਰੇ ਜੁਲਾਈ ਮਹੀਨੇ ਹੋਣ ਵਾਲੀ ਮੀਟਿੰਗ ਵਿਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਪੰਚਾਇਤ ਮੰਤਰੀ ਨੇ ਇਹ ਵੀ ਦੱਸਿਆ ਕਿ ਵਿਭਾਗ ਵਲੋਂ ਇਸ ਵਾਰ ਸ਼ਾਮਲਾਤ ਜ਼ਮੀਨਾਂ ਦੀ ਆਮਦਨ ਵਧਾਉਣ ਲਈ ਕੀਤੇ ਪ੍ਰਚਾਰ ਸਦਕਾ ਜਿੱਥੇ ਬੋਲੀਕਾਰਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਉਥੇ ਬੋਲੀਆਂ ਦੀ ਰਕਮ ਵੀ ਵਧੀ ਹੈ। ਉਨ੍ਹਾਂ ਪੰਚਾਇਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਹਰ ਪਿੰਡ ਵਿਚ ਬੋਲੀ ਪਿਛਲੇ ਸਾਲ ਨਾਲੋਂ ਵੱਧ ਰਕਮ ਉਪਰ ਅਤੇ ਨਿਯਮਾਂ ਅਨੁਸਾਰ ਕਰਵਾਈ ਜਾਵੇ। ਜਿਹੜੀ ਜ਼ਮੀਨ ਪਿਛਲੇ ਸਾਲ ਬੋਲੀ ਹੋਣ ਤੋਂ ਰਹਿ ਗਈ ਸੀ, ਉਹ ਵੀ ਬੋਲੀ 'ਤੇ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਬੋਲੀ ਦੀ ਰਕਮ ਮੌਕੇ 'ਤੇ ਹੀ ਬੈਂਕ ਵਿਚ ਜਮ੍ਹਾਂ ਕਰਵਾਉਣਾ ਬੋਲੀ ਕਰਾਉਣ ਵਾਲੇ ਅਧਿਕਾਰੀ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਬੋਲੀਆਂ ਦਾ ਕੰਮ 31 ਮਈ ਤੱਕ ਮੁਕੰਮਲ ਕੀਤਾ ਜਾਵੇ। ਸ੍ਰੀ ਬ੍ਰਹਮਪੁਰਾ ਨੇ ਆਦੇਸ਼ ਦਿੱਤੇ ਕਿ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਕੋਲ ਧਾਰਾ-7 ਅਤੇ ਧਾਰਾ-11 ਅਧੀਨ ਸ਼ਾਮਲਾਤ ਜ਼ਮੀਨਾਂ ਦੇ ਮਹੀਨਿਆਂ ਬੱਧੀ ਸੁਣਵਾਈ ਅਧੀਨ ਪਏ ਪੁਰਾਣੇ ਕੇਸਾਂ ਦਾ ਨਿਪਟਾਰਾ ਦੋ ਮਹੀਨਿਆਂ ਦੇ ਵਿਚ ਕੀਤਾ ਜਾਵੇ।

## ਹਾਈ ਕੋਰਟ ਵਲੋਂ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਭਰਤੀ ਕੀਤੇ 312 ਡਾਕਟਰਾਂ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਸਾਬਕਾ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਨੇ ਇਕ ਜਨਹਿੱਤ ਰਿੱਟ ਪਟੀਸ਼ਨ ਪਾ ਕੇ ਇਸ ਭਰਤੀ ਦੀ ਵਿਸ਼ੇਸ਼ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸਪਟੀਸ਼ਨ 'ਤੇ ਸੁਣਵਾਈ ਕਰਦਿਆਂ ਚੀਫ ਜਸਟਿਸ ਮੁਕੁਲ ਮੁਦਗਲ ਤੇ ਜਸਟਿਸ ਜਸਬੀਰ ਸਿੰਘ 'ਤੇ ਆਧਾਰਤ ਦੋ ਮੈਂਬਰੀ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਨੂੰ ਇਸਦਾ 18 ਮਈ ਤੱਕ ਜੁਆਬ ਦੇਣ ਲਈ ਕਿਹਾ ਹੈ।

ਸ੍ਰੀ ਗਿੱਲ, ਜੋ ਅਦਾਲਤ ਵਿਚ ਹਾਜ਼ਰ ਸਨ, ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਕਮਿਸ਼ਨ ਵਲੋਂ ਕੀਤੀ 312 ਡਾਕਟਰਾਂ ਦੀ ਭਰਤੀ ਵਿਚ ਕਥਿਤ ਬੇਨਿਯਮੀਆਂ ਵਰਤੀਆਂ ਗਈਆਂ ਹਨ। ਭਰਤੀ ਦਾ ਇਹ ਮਾਮਲਾ ਬਜਟ ਸੈਸ਼ਨ 'ਚ ਰਾਜ ਵਿਧਾਨ ਸਭਾ ਵਿਚ ਵੀ ਗੂੰਜਿਆ ਸੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਸਨ।

ਇਸ ਪਟੀਸ਼ਨ ਤੋਂ ਪਹਿਲਾਂ ਕਮਿਸ਼ਨ ਦੇ ਚੇਅਰਮੈਨ ਐਸ.ਕੇ. ਸਿਨਹਾ ਨੇ ਹਾਈ ਕੋਰਟ ਵਿਚ ਦੋਸ਼ ਲਗਾਇਆ ਸੀ ਕਿ ਮੁੱਖ ਮੰਤਰੀ ਜਾਂਚ ਦੇ ਦਬਾਅ ਹੇਠ ਕਮਿਸ਼ਨ ਨੂੰ ਆਪਣਾ ਗੁਲਾਮ ਬਣਾਉਣ ਲਈ ਦਾਅਪੇਚ ਲਗਾ ਰਹੇ ਹਨ। ਸ੍ਰੀ ਸਿਨਹਾ ਨੇ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਾਂ ਸੀ ਬੀ ਆਈ ਤੋਂ ਕਰਾਉਣ ਦੀ ਮੰਗ ਕੀਤੀ ਸੀ। ਇਹ ਪਹਿਲੀ ਵਾਰ ਹੈ ਕਿ ਜਦੋਂ ਗਿਲ ਨੇ ਜਨਤਕ ਹਿਤ ਵਿਚ ਕੋਈ ਪਟੀਸ਼ਨ ਪਾਈ ਹੈ। ਉਨ੍ਹਾਂ ਕਿਹਾ ਕਿ ਡਾਕਟਰਾਂ ਦੀ ਭਰਤੀ ਵਿਚਲੀਆਂ ਕਥਿਤ ਬੇਨਿਯਮੀਆਂ ਨੇ ਰਵਿੰਦਰਪਾਲ ਸਿੰਘ ਸਿੱਧੂ ਦੀ ਚੇਅਰਮੈਨੀ ਵਾਲਾ ਸਮਾਂ ਚੇਤੇ ਕਰਵਾ ਦਿੱਤਾ ਹੈ।

## ਅਧਿਆਪਨ ਕਾਰਜ ਬੋਝ ਨਹੀਂ ਦਿਲਚਸਪ ਬਣਾਇਆ ਜਾਵੇ-ਡਾ. ਗੁਰਨਾਮ ਸਿੰਘ

**ਜਲੰਧਰ:** ਸਥਾਨਕ ਸੀ ਟੀ ਪਬਲਿਕ ਸਕੂਲ ਅਤੇ ਸੀ ਟੀ ਇੰਸਟੀਚਿਊਸ਼ਨਜ਼ ਆਫ ਮੈਨੇਜਮੈਂਟ ਐਂਡ ਆਈ ਟੀ ਵਲੋਂ ਪ੍ਰਭਾਵਕਾਰੀ ਅਤੇ ਦਿਲਚਸਪ ਪੜ੍ਹਾਈ ਵਿਸ਼ੇ ਉਤੇ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਵਾਰਵਿਕ, ਬੈਡਫੋਰਡ (ਇੰਗਲੈਂਡ) ਤੋਂ ਆਏ ਡਾ. ਗੁਰਨਾਮ ਸਿੰਘ ਸਰੋਤ ਵਿਅਕਤੀ ਸਨ।



ਇਸ ਸੈਮੀਨਾਰ ਦੇ ਜ਼ਰੀਏ ਅਧਿਆਪਕਾਂ ਨੇ ਅਧਿਆਪਨ ਅਤੇ ਕਲਾਸ ਰੂਮ ਰਣਨੀਤੀਆਂ ਦੇ ਆਧੁਨਿਕ ਢੰਗ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਡਾ. ਗੁਰਨਾਮ ਸਿੰਘ ਨੇ ਅਧਿਆਪਨ ਦੀ ਰਵਾਇਤੀ ਪਹੁੰਚ ਦਾ ਆਧੁਨਿਕ ਅਧਿਆਪਨ ਪਹੁੰਚ ਨਾਲ ਮੁਕਾਬਲਾ ਕਰਦਿਆਂ ਅਧਿਆਪਕ ਦੇ ਰੋਲ ਦੀ ਵਿਆਖਿਆ ਕੀਤੀ। ਉਨ੍ਹਾਂ ਕਿਹਾ ਕਿ ਪੜ੍ਹਾਈ ਕਲਾਸ ਰੂਮ ਵਿਚ ਇਕ ਖੁਸ਼ਗਵਾਰ ਅਨੁਭਵ ਹੋਣਾ ਚਾਹੀਦਾ ਹੈ ਨਾ ਕਿ ਬੋਝ ਭਰਿਆ। ਉਨ੍ਹਾਂ ਅਧਿਆਪਨ ਦੀ ਪ੍ਰਕ੍ਰਿਆ ਦੇ ਵਿਕਾਸ ਅਤੇ ਇਸ ਨੂੰ ਵਧੀਆ ਬਣਾਉਣ ਵਾਸਤੇ ਵੀਹ ਨੁਕਤੇ ਵੀ ਦੱਸੇ। ਡਾ. ਗੁਰਨਾਮ ਸਿੰਘ ਨੇ ਇਹ ਵੀ ਆਖਿਆ ਕਿ ਵਿਦਿਆਰਥੀ ਨੂੰ ਆਪਣੀ ਦਿਲਚਸਪੀ, ਸਮਰੱਥਾ ਅਤੇ ਵਿਚਾਰ ਪ੍ਰਕ੍ਰਿਆ ਅਨੁਸਾਰ ਪੜ੍ਹਾਈ ਦੀ ਲਾਈਨ ਜਾਂ ਕਿੱਤਾ ਚੁਣਨ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਸੈਮੀਨਾਰ ਵਿਚ ਸਿੱਖਿਆ ਸ਼ਾਸਤਰੀਆਂ ਨੂੰ ਸੁਝਾਅ ਦਿਤਾ ਗਿਆ ਕਿ ਉਹ ਵਿਦਿਆਰਥੀਆਂ ਲਈ ਅਜਿਹੇ ਸਾਧਨ ਅਤੇ ਢੰਗ ਤਰੀਕੇ ਲੱਭਣ ਕਿ ਵਿਦਿਆਰਥੀ ਆਪਣੀ ਲਿਆਕਤ ਨਾਲ ਇਸ ਸੰਸਾਰ ਨੂੰ ਬਿਤਹਰ ਬਣਾ ਸਕਣ। ਅਧਿਆਪਕ ਨੂੰ ਅਧਿਆਪਨ ਕਾਰਜ ਦਰਮਿਆਨ ਵਿਦਿਆਰਥੀ ਨੂੰ ਹੀ ਆਪਣਾ ਕੇਂਦਰ ਬਣਾ ਕੇ ਰੱਖਣਾ ਚਾਹੀਦਾ ਹੈ।

ਇਸ ਸੈਮੀਨਾਰ ਮੌਕੇ ਸੀ ਟੀ ਸੰਸਥਾਵਾਂ ਦੇ ਐਮ ਡੀ ਸ੍ਰੀ ਮਨਬੀਰ ਚੰਨੀ, ਕੋ-ਚੇਅਰਪਰਸਨ ਸ੍ਰੀਮਤੀ ਪਰਮਿੰਦਰ ਕੌਰ ਚੰਨੀ ਅਤੇ ਤਾਨਿਕਾ ਚੰਨੀ ਵੀ ਮੌਜੂਦ ਸਨ। ਸੰਸਥਾ ਦੇ ਡਾਇਰੈਕਟਰ ਅਸ਼ਵਨੀ ਕਾਂਸਰਾ ਅਤੇ ਸੀ ਟੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਲਖਵਿੰਦਰ ਕੌਰ ਨੇ ਡਾ. ਗੁਰਨਾਮ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ।

## ਦਲਿਤਾਂ ਨੂੰ ਕੋਈ ਫ਼ਾਇਦਾ ਨਹੀਂ ਦੇ ਸਕੇ ਪੰਜਾਬ ਵਿਚ ਲੱਗੇ ਆਰ.ਓ. ਸਿਸਟਮ

**ਝੁਨੀਰ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਭਾਵੇਂ ਵਿਕਾਸ ਕਾਰਜਾਂ ਦਾ ਢੰਡੋਰਾ ਪਿਟ ਰਹੀ ਹੈ ਪਰ ਵਿਕਾਸ ਕਾਰਜਾਂ ਤੋਂ ਦਲਿਤ ਲੋਕ ਫਿਰ ਵੀ ਸੱਖਣੇ ਹਨ। ਇਸ ਦੀ ਤਾਜ਼ਾ ਮਿਸਾਲ ਮਾਨਸਾ ਜ਼ਿਲ੍ਹੇ ਦੀ ਲੋਕ ਸਭਾ ਸੀਟ ਬਠਿੰਡਾ ਵਿਚ ਲਗਾਏ ਗਏ 100 ਆਰ. ਓ. ਸਿਸਟਮ (ਸ਼ੁੱਧ ਪਾਣੀ) ਤੋਂ ਮਿਲਦੀ ਹੈ। ਦਲਿਤਾਂ ਨੂੰ ਇਨ੍ਹਾਂ ਤੋਂ ਕੋਈ ਲਾਭ ਨਹੀਂ ਮਿਲ ਰਿਹਾ ਕਿਉਂਕਿ ਪੀਣ ਵਾਲੇ ਪਾਣੀ ਲਈ ਬਣਾਏ ਕਾਰਡ ਦੀ ਕੀਮਤ 60 ਰੁਪਏ ਹੈ ਜਿਸ 'ਤੇ ਸਿਰਫ਼ 20 ਲੀਟਰ ਪਾਣੀ ਹੀ ਮਿਲਦਾ ਹੈ। ਇਕ ਪਰਵਾਰ ਦੇ ਲਗਭਗ 4 ਜੀਅ ਹੁੰਦੇ ਹਨ। ਉਨ੍ਹਾਂ ਦੇ ਚਾਰ ਕਾਰਡ ਬਨਾਉਣ ਲਈ 240 ਰੁਪਏ ਲਗਦੇ ਹਨ ਜੋ ਦਲਿਤ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਪਿੰਡਾਂ ਵਿਚ ਨਾਦੀ ਫ਼ਾਊਂਡੇਸ਼ਨ ਕੰਪਨੀ ਵਲੋਂ ਲਗਾਏ ਇਨ੍ਹਾਂ ਆਰ.ਓ. ਸਿਸਟਮਾਂ ਤੋਂ ਦਲਿਤ ਕਦੇ ਵੀ ਪਾਣੀ ਨਹੀਂ ਪੀ ਸਕਣਗੇ।

ਅਗਾਂਹ ਵਧੂ ਕਿਸਾਨ ਜਸਮੇਰ ਸਿੰਘ ਨੇ ਦਸਿਆ ਕਿ ਇਕ ਪਾਸੇ ਸਰਕਾਰ ਲੋਕਾਂ ਨੂੰ ਸ਼ੁੱਧ ਪਾਣੀ ਦੇਣ ਦੇ ਦਾਅਵੇ ਕਰਦੀ ਹੈ ਪਰ ਪਿੰਡਾਂ ਵਿਚ ਲਗਾਏ ਗਏ ਆਰ.ਓ. ਸਿਸਟਮ ਵਿਚ ਸਰਕਾਰ ਦੀ ਕੋਈ ਸ਼ਮੂਲੀਅਤ ਨਹੀਂ ਹੈ। ਹਲਕੇ ਦੇ ਪਿੰਡਾਂ ਮੱਲ ਸਿੰਘ ਵਾਲਾ, ਆਲਮਪੁਰ ਮੰਦਰਾਂ, ਅੱਕਾਂਵਾਲੀ, ਕੌਰਵਾਲਾ ਆਦਿ ਵਿਚ ਲੱਗੇ ਆਰ ਓ ਸਿਸਟਮਾਂ ਤੋਂ ਪਾਣੀ ਪੀਣਾਂ ਦਲਿਤਾਂ ਲਈ ਸੁਪਨਾ ਬਣ ਗਿਆ ਹੈ। ਬੇਸ਼ੱਕ ਇਨ੍ਹਾਂ ਪਿੰਡਾਂ ਵਿਚ ਅਕਾਲੀ-ਭਾਜਪਾ ਆਗੂ ਸਟੇਜਾਂ ਲਗਾ ਕੇ ਵਿਕਾਸ ਦੀਆਂ ਤਾਂ ਟਾਹਰਾਂ ਮਾਰਦੇ ਹਨ ਪਰ ਇਸ ਨਾਲ ਦਲਿਤਾਂ ਨੂੰ ਕੁਝ ਨਹੀਂ ਮਿਲਣਾ। ਉਹ ਸ਼ੋਰੇ ਵਾਲਾ ਪਾਣੀ ਪੀਣ ਲਈ ਮਜਬੂਰ ਹਨ। ਇਹ ਪਾਣੀ ਪੀਣ ਨਾਲ ਲੋਕਾਂ ਨੂੰ ਕੈਂਸਰ ਵਰਗੀਆਂ ਬੀਮਾਰੀਆਂ ਲੱਗ ਰਹੀਆਂ ਹਨ। ਸਮੇਂ ਦੀਆਂ ਸਰਕਾਰਾਂ ਹਮੇਸ਼ਾ ਹੀ ਦਲਿਤਾਂ ਨਾਲ ਵਧੀਕੀਆਂ ਕਰਦੀਆਂ ਆ ਰਹੀਆਂ ਹਨ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact- bains1956@yahoo.com

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data- Hsingh2222@gmail.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

## Public Notice

**Change of Name**

I Yadvinder Singh S/O Amarjit Singh, resident of HN. 63, street no. 6, Guru Nanak Nagar, Patiala, (Pb.) Pin 147001, now living at 476 W. Mcarthur Blvd., Oakland, CA 94609, have changed my name to Yadwinder Singh Kamal. All concerned please note.


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Emirates · Asiana Airlines · KOREAN AIR · SINGAPORE AIRLINES · CATHAY PACIFIC · Lufthansa · CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri: 9am -6pm
Saturday 9am-5pm
CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate! SSF Campus 5 Consecutive Quarters January 1008 - March 2009
Affordable Payment Plans! Up to 10 years Repayment Terms on Approved Credit
Start your career now! Find a job fast using our Job Placement Office.
Full Time Part Time Day & Evening
Start Your Nursing Career Today!
12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you... Your career is a call away. Call today!
Peninsula Campus 257 Longford Drive #5 So. San Francisco, CA 94080 1.800.339.5145
East Bay Campus 21615 Hesperian Blvd, Ste A Hayward, CA 94541 1.800.611.4054
www.ncpcollegeofnursing.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਪਾਰਟੀਆਂ ਵਲੋਂ ਸਰਗਰਮੀਆਂ ਸ਼ੁਰੂ







**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਹਾਊਸ ਦੀ ਮਿਆਦ ਅਗਸਤ 2009 ਵਿਚ ਖਤਮ ਹੋ ਚੁੱਕੀ ਹੈ ਅਤੇ ਅਗਾਮੀ ਚੋਣਾਂ ਦਾ ਐਲਾਨ ਹੋਣਾ ਭਾਵੇਂ ਅਨਿਸ਼ਚਿਤ ਬਣਿਆ ਹੋਇਆ ਹੈ ਫਿਰ ਵੀ ਚਾਹਵਾਨ ਉਮੀਦਵਾਰਾਂ ਵਲੋਂ ਡੰਡ ਬੈਠਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਆਪਣੇ ਆਪਣੇ ਆਕਾਵਾਂ ਕੋਲ ਚੌਕੀਆਂ ਭਰਨ ਦਾ ਸਿਲਸਿਲਾ ਵੀ ਆਰੰਭ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਇਸ ਵਾਰੀ ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚ ਵਾਟਰਲੂ ਦੀ ਜੰਗ ਸਾਬਤ ਹੋਣਗੀਆਂ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਵਾਰੀ ਇਹਨਾਂ ਚੋਣਾਂ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਲੋਂ ਸਿੱਖ ਦੀ ਪ੍ਰੀਭਾਸ਼ਾ ਬਾਰੇ ਦਿੱਤੇ ਫੈਸਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਵਾਰੀ ਕੋਈ ਵੀ ਸਹਿਜਧਾਰੀ ਵੋਟ ਪਾਉਣ ਦਾ ਅਧਿਕਾਰ ਨਹੀਂ ਰੱਖ ਸਕਦਾ, ਕੇਵਲ ਉਸ ਵਿਅਕਤੀ ਨੂੰ ਹੀ ਵੋਟ ਦਾ ਅਧਿਕਾਰ ਹੋਵੇਗਾ, ਜਿਹੜਾ ਗੁਰਸਿੱਖ ਦੀ ਪ੍ਰੀਭਾਸ਼ਾ 'ਤੇ ਪੂਰਾ ਉਤਰਦਾ ਹੋਵੇਗਾ। ਗੁਰਦੁਆਰਾ ਚੋਣ ਕਮਿਸ਼ਨ ਨੇ ਵੀ ਹਾਈ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਵੋਟਾਂ ਸਨਾਖਤੀ ਵੋਟਰ ਕਾਰਡ ਅਨੁਸਾਰ ਉਨ੍ਹਾਂ ਸਿੱਖਾਂ ਨੂੰ ਹੀ ਪਾਉਣ ਦਾ ਅਧਿਕਾਰ ਦਿੱਤਾ ਜਾਵੇਗਾ, ਜਿਹੜੇ ਸਾਬਤ ਸੂਰਤ ਹੋਣਗੇ। ਵਿਰੋਧੀ ਧਿਰ ਨੇ ਤਾਂ ਹੁਣ ਤੋਂ ਹੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਚੋਣਾਂ ਵਿਚ ਸੁਰੱਖਿਆ ਲਈ ਨੀਮ ਫੌਜੀ ਦਸਤੇ ਤਾਇਨਾਤ ਕੀਤੇ ਜਾਣ ਅਤੇ ਚੋਣਾਂ ਦੇ ਹਰ ਬੂਥ 'ਤੇ ਵੀਡੀਉ ਗਰਾਫੀ ਵੀ ਕੀਤੀ ਜਾਵੇ। ਹਾਕਮ ਧਿਰ ਭਲੀ ਭਾਂਤ ਜਾਣੂ ਹੈ ਕਿ ਗੁਰਸਿੱਖਾਂ ਦੀਆਂ ਵੋਟਾਂ ਹਾਸਲ ਕਰਨੀਆਂ ਉਹਨਾਂ ਲਈ ਕਠਿਨ ਹੋਣਗੀਆਂ।

ਪੰਜਾਬ ਦੀ ਹਾਕਮ ਧਿਰ ਹਾਲੇ ਤੱਕ ਫੈਸਲਾ ਨਹੀਂ ਕਰ ਸਕੀ ਕਿ ਉਸ ਦੀ ਰਣਨੀਤੀ ਇਹਨਾਂ ਚੋਣਾਂ ਵਿਚ ਕਿਸ ਤਰ੍ਹਾਂ ਦੀ ਹੋਵੇਗੀ। ਮੁੱਖ ਮੰਤਰੀ ਤੇ ਡਿਪਟੀ ਮੁੱਖ ਮੰਤਰੀ ਵਲੋਂ ਗਿਣਤੀ ਮਿਣਤੀਆਂ ਭਾਵੇਂ ਕੀਤੀਆਂ ਜਾ ਰਹੀਆਂ ਹਨ, ਪਰ ਚੋਣਾਂ ਦਾ ਚੌਖਟਾ ਹਾਲੇ ਫਰੇਮ ਵਿਚ ਆਉਂਦਾ ਨਜ਼ਰ ਨਹੀਂ ਆ ਰਿਹਾ, ਜਿਸ ਕਾਰਨ ਸਰਕਾਰ ਜਾਣ-ਬੁਝ ਕੇ ਚੋਣਾਂ ਲੇਟ ਕਰ ਰਹੀ ਹੈ। ਵੋਟਰ ਬਣਨ ਲਈ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਨਾਲ ਵੀ ਹਾਕਮ ਧਿਰ ਨੂੰ ਕੋਈ ਬਹੁਤਾ ਫਾਇਦਾ ਹੋਣ ਦੀ ਆਸ ਨਹੀਂ ਹੈ। 1996 ਵਿਚ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਬਹੁਤ ਭਾਰੀ ਲੀਡ ਮਿਲੀ ਸੀ ਅਤੇ ਵਿਰੋਧੀ ਧਿਰ ਨੂੰ ਕੇਵਲ 5 ਸੀਟਾਂ ਹੀ ਨਸੀਬ ਹੋਈਆਂ ਸਨ। ਇਸੇ ਤਰ੍ਹਾਂ 2004 ਵਿਚ ਹੋਈਆਂ ਚੋਣਾਂ ਦੌਰਾਨ ਵਿਰੋਧੀ ਧਿਰ ਦੇ ਜੇਤੂ ਉਮੀਦਵਾਰਾਂ ਦੀ ਗਿਣਤੀ 5 ਤੋਂ ਵੱਧ ਕੇ 35 ਹੋ ਗਈ, ਜਿਨ੍ਹਾਂ ਵਿਚ 7 ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਵੀ ਸ਼ਾਮਲ ਸਨ। ਇਨ੍ਹਾਂ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਦੇ ਹਰ ਇਜਲਾਸ ਵਿਚ ਆਪਣੀ ਹੋਂਦ ਦਾ ਪ੍ਰਗਟਾਵਾ ਕੀਤਾ ਅਤੇ ਹਾਕਮ ਧਿਰ ਲਈ ਸਿਰਦਰਦੀ ਵੀ ਪੈਦਾ ਕੀਤੀ। ਬੁੱਧੀਜੀਵੀ ਵਰਗ ਨੇ ਉਸੇ ਦਿਨ ਹੀ ਇਕ ਸ਼ੰਕਾ ਪ੍ਰਗਟ ਕਰ ਦਿੱਤੀ ਸੀ ਕਿ 5 ਤੋਂ 35 ਹੋਣ ਵਾਲੀ ਵਿਰੋਧੀ ਧਿਰ ਅਗਾਮੀ ਚੋਣਾਂ ਵਿਚ ਹਾਕਮ ਧਿਰ ਨੂੰ ਪੂਰੀ ਟੱਕਰ ਦੇਵੇਗੀ ਅਤੇ ਬਹੁਮਤ ਦੇ ਨਜ਼ਦੀਕ ਪਹੁੰਚਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। 1996 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਬਾਦਲ ਅਕਾਲੀ ਦਲ ਤੋਂ ਬਾਗੀ ਹੋਏ ਉਮੀਦਵਾਰਾਂ ਨੇ ਹੀ ਵਿਰੋਧੀ ਧਿਰ ਦੀ ਭੂਮਿਕਾ ਨਿਭਾਈ ਸੀ ਪਰ 1920 ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ, ਬਾਦਲ ਦਲ ਦੇ ਬਾਗੀਆਂ, ਹਰਿਆਣਾ ਕਮੇਟੀ ਅਤੇ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ ਗਰੁੱਪ ਨੇ ਰਲਕੇ ਪੰਥਕ ਮੋਰਚੇ ਦੇ ਬੈਨਰ ਹੇਠ ਚੋਣਾਂ ਲੜੀਆਂ ਸਨ। ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਤਿਕੋਣਾਂ ਤੇ ਕਈ ਸੀਟਾਂ ਤੇ ਬਹੁਕੋਨੇ ਮੁਕਾਬਲੇ ਹੋਣ ਦੀ ਆਸ ਹੈ। ਅਕਾਲੀ ਦਲ ਨੇ ਹੁਣ ਤੋਂ ਹੀ ਦੂਰੀ ਬਣਾਈ ਹੋਈ ਹੈ। ਦਿੱਲੀ ਅਕਾਲੀ ਦਲ ਦੇ ਸਰਨਾ ਭਰਾ ਇਕ ਪਾਸੇ ਤਾਂ ਅਕਾਲੀ ਦਲ ਬਾਦਲ ਨੂੰ ਆਪਣਾ ਸਿਆਸੀ ਦੁਸ਼ਮਣ ਸਮਝਦੇ ਹਨ ਅਤੇ ਦੂਜੇ ਪਾਸੇ ਗੁਪਤ ਸਮਝੌਤੇ ਕਰਕੇ ਪੰਜਾਬ ਵਿਚ ਆਪਣੇ ਰਿਸ਼ਤੇਦਾਰਾਂ ਲਈ ਬਿਜਲੀ ਦੇ ਅਰਬਾਂ ਰੁਪਏ ਦੇ ਪ੍ਰਾਜੈਕਟ ਲੈ ਰਹੇ ਹਨ। ਇਸ ਵਾਰੀ ਸ਼੍ਰੋਮਣੀ ਕਮੇਟੀ ਚੋਣਾਂ ਦੀ ਵਿਲੱਖਣਤਾ ਇਹ ਹੋਵੇਗੀ ਕਿ ਕਾਂਗਰਸੀ ਸਿੱਖ ਵੀ ਆਪਣੀਆਂ ਵੋਟਾਂ ਦਾ ਇਸਤੇਮਾਲ ਕਰਨਗੇ ਅਤੇ ਬਾਦਲ ਵਿਰੋਧੀ ਸੈਕੂਲਰ ਉਮੀਦਵਾਰਾਂ ਦੇ ਹੱਕ ਵਿਚ ਭੁਗਤਣਗੇ। ਪਿਛਲੇ ਸਮੇਂ ਦੌਰਾਨ ਆਪਣੇ ਆਪ ਨੂੰ ਰੈਡੀਕਲ ਦੱਸਣ ਵਾਲੇ ਬਹੁਤ ਸਾਰੇ ਸਿੱਖ ਕਾਂਗਰਸ ਦੇ ਵਿਚ ਸ਼ਾਮਲ ਹੋਏ ਹਨ। ਜਿਨ੍ਹਾਂ ਨੇ ਕਾਂਗਰਸੀਆਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਭਾਗ ਲੈਣ ਲਈ ਤਿਆਰ ਕਰ ਲਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਕਈ ਵਾਰ ਐਲਾਨ ਕਰ ਚੁੱਕੇ ਹਨ ਕਿ ਕਾਂਗਰਸੀ ਸਿੱਖ ਇਸ ਵਾਰ ਸ਼੍ਰੋਮਣੀ ਕਮੇਟੀ ਚੋਣਾਂ 'ਚ ਭਾਗ ਲੈਣਗੇ, ਜੋ ਬਾਦਲ ਅਕਾਲੀ ਦਲ ਲਈ ਸਿਰਦਰਦੀ ਸਾਬਤ ਹੋਵੇਗਾ। ਇਥੇ ਹੀ ਬੱਸ ਨਹੀਂ ਇਸ ਵਾਰੀ ਤਾਂ ਖੱਬੀਆਂ ਧਿਰਾਂ ਨਾਲ ਸੰਬੰਧਤ ਸਿੱਖਾਂ ਨੇ ਵੀ ਇਹਨਾਂ ਚੋਣਾਂ ਵਿਚ ਵੋਟਾਂ ਪਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਕਮਿਊਨਿਸਟ ਆਗੂਆਂ ਨੇ ਵੀ ਅਹਿਮ ਭੂਮਿਕਾ ਨਿਭਾਈ ਅਤੇ ਗੁਰਦੁਆਰਿਆਂ ਨੂੰ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਲਈ ਕਈਆਂ ਜੇਲ੍ਹਾਂ ਵੀ ਕੱਟੀਆਂ।

ਕਮਿਊਨਿਸਟ ਆਗੂ ਗੁਰਦੁਆਰਿਆਂ ਵਿਚ ਭ੍ਰਿਸ਼ਟ ਅਤੇ ਐਸ਼ਪ੍ਰਸਤ ਲੋਕਾਂ ਨੂੰ ਬਾਹਰ ਕੱਢ ਕੇ ਗੁਰੂ ਦੀ ਗੋਲਕ ਦੀ ਸਹੀ ਵਰਤੋਂ ਹੋਣੀ ਲੋਚਦੇ ਸਨ। ਗੁਰਦੁਆਰਿਆਂ ਵਿਚ ਵਧੀਆਂ ਬੁਰਿਆਈਆਂ ਅਤੇ ਗੋਲਕ ਦੀ ਦੁਰਵਰਤੋਂ ਨੂੰ ਰੋਕਣ ਲਈ ਖੱਬੇ ਪੱਖੀ ਸਿੱਖ ਇਕ ਵਾਰੀ ਫਿਰ ਅਹਿਮ ਰੋਲ ਨਿਭਾ ਸਕਦੇ ਹਨ, ਕਿਉਂਕਿ ਉਹਨਾਂ ਦੀ ਚੋਣ ਕਦੇ ਗਲਤ ਨਹੀਂ ਹੋ ਸਕਦੀ। ਸ਼੍ਰੋਮਣੀ ਕਮੇਟੀ ਦੇ ਹਾਊਸ ਦੇ 170 ਚੁਣੇ ਹੋਏ ਮੈਂਬਰ ਹੁੰਦੇ ਹਨ, 15 ਨਾਮਜ਼ਦ ਹੁੰਦੇ ਹਨ ਅਤੇ 5 ਤਖਤਾਂ ਦੇ ਜਥੇਦਾਰ ਮੈਂਬਰ ਤੇ ਜ਼ਰੂਰ ਹੁੰਦੇ ਹਨ, ਪਰ ਉਹਨਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ।

# ਸ਼੍ਰੋਮਣੀ ਕਮੇਟੀ 'ਤੇ 176 ਕਰੋੜ ਦੇ ਘਪਲੇ ਦਾ ਦੋਸ਼?

**ਚੰਡੀਗੜ੍ਹ:** ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਗਠਿਤ ਕਰਨ ਲਈ ਅੰਦੋਲਨ ਚਲਾ ਰਹੇ ਪ੍ਰਮੁੱਖ ਆਗੂਆਂ ਨੇ ਐੱਸ.ਜੀ.ਪੀ.ਸੀ. 'ਤੇ ਗੰਭੀਰ ਦੋਸ਼ ਲਾਉਂਦਿਆਂ ਦਾਅਵਾ ਕੀਤਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਦੁਆਰਿਆਂ ਲਈ ਖਰੀਦੇ ਗਏ ਸਿਰੋਪਿਆਂ, ਦਰਬਾਰ ਸਾਹਿਬ 'ਚ ਲਾਏ ਗਏ ਮਹਿੰਗੇ ਸੀ.ਟੀ.ਵੀ. ਕੈਮਰਿਆਂ, ਬੀਮਾ ਕੰਪਨੀ ਦੇ ਕੰਮਾਂ ਤੇ ਲੰਗਰ ਆਦਿ ਦੀ ਰਸਦ ਵਗੈਰਾ ਦੇ ਕੰਮਾਂ 'ਚ ਕਮੇਟੀ ਵਲੋਂ ਪਾਸ ਕੀਤੇ ਗਏ 508 ਕਰੋੜ ਰੁਪਏ ਦੇ ਬਜਟ 'ਚੋਂ 176 ਕਰੋੜ ਰੁਪਏ ਦੇ ਘਪਲੇ ਹੋਏ ਹਨ। ਹਰਿਆਣਾ ਵੱਖਰੀ ਕਮੇਟੀ ਅੰਦੋਲਨ ਦੇ ਪ੍ਰਮੁੱਖ ਆਗੂ ਤੇ ਐੱਸ.ਜੀ.ਪੀ.ਸੀ. ਦੇ ਮੈਂਬਰ ਜਗਦੀਸ਼ ਸਿੰਘ ਝੀਂਡਾ ਤੇ ਹੋਰ ਆਗੂਆਂ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਇਸ ਸੰਬੰਧੀ ਹਾਲ ਹੀ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਸਾਰੇ ਤੱਥਾਂ ਤੋਂ ਜਾਣੂ ਕਰਵਾਇਆ ਹੈ ਤੇ ਉਚਿਤ ਕਾਰਵਾਈ ਦੀ ਮੰਗ ਵੀ ਕੀਤੀ ਹੈ। ਝੀਂਡਾ ਨੇ ਦੱਸਿਆ ਕਿ ਬਜਟ ਪਾਸ ਕਰਨ ਸਮੇਂ ਅਜਲਾਸ 'ਚੋਂ ਉਨ੍ਹਾਂ ਨੂੰ ਬਾਦਲ ਪੱਖੀਆਂ ਨੇ ਇਸੇ ਲਈ ਜ਼ਬਰਦਸਤੀ ਧੱਕਾ ਮੁੱਕੀ ਕਰਕੇ ਬਾਹਰ ਕੱਢ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਘਪਲਿਆਂ ਦਾ ਖੁਲਾਸਾ ਹੋਣ ਦਾ ਡਰ ਸੀ। ਝੀਂਡਾ ਨੇ 176 ਕਰੋੜ ਦੇ ਕਥਿਤ ਘਪਲਿਆਂ ਦੇ ਵੇਰਵੇ ਪੇਸ਼ ਕਰਦਿਆਂ ਕਿਹਾ ਕਿ ਸਿਰੋਪਿਆਂ ਲਈ 37 ਲੱਖ ਮੀਟਰ ਕੱਪੜਾ ਖਰੀਦਣਾ ਸੀ ਪ੍ਰੰਤੂ ਇਸ 'ਚੋਂ 11 ਲੱਖ ਮੀਟਰ ਕੱਪੜਾ ਹੀ ਖਰੀਦਿਆ ਗਿਆ ਹੈ। ਇਸੇ ਤਰ੍ਹਾਂ ਸੀ.ਸੀ.ਟੀ.ਵੀ ਕੈਮਰਿਆਂ 'ਚੋਂ 75 ਲੱਖ ਰੁਪਏ ਦਾ ਘਪਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਬੀਮਾ ਕੰਪਨੀ ਦੇ ਕੰਮ 'ਚ ਵੀ 50 ਕਰੋੜ ਰੁਪਏ ਦੇ ਕਰੀਬ ਦਾ ਘਪਲਾ ਹੈ।

ਝੀਂਡਾ ਨੇ ਹੋਰ ਦੋਸ਼ ਲਾਉਂਦਿਆਂ ਕਿਹਾ ਕਿ ਅਕਾਲੀ ਆਗੂਆਂ ਦੇ ਹਲਕਿਆਂ 'ਚੋਂ ਲੰਗਰ ਲਈ ਲੱਖਾਂ ਰੁਪਏ ਦੀ ਰਸਦ ਤੇ ਹੋਰ ਸਮੱਗਰੀ ਆਉਂਦੀ ਹੈ ਤੇ ਇਸ 'ਚੋਂ ਵੱਡੀ ਗਿਣਤੀ 'ਚ ਮਹਿੰਗੀ ਰਸਦ ਦੀ ਜੋ ਬੱਚਤ ਹੁੰਦੀ ਹੈ, ਦਾ ਕੋਈ ਹਿਸਾਬ ਕਿਤਾਬ ਨਹੀਂ ਰੱਖਿਆ ਜਾ ਰਿਹਾ ਤੇ ਨਾ ਹੀ ਇਸਦਾ ਬਜਟ 'ਚ ਕੋਈ ਵੇਰਵਾ ਦਿਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸੇ ਤਰ੍ਹਾਂ ਬੱਸਾਂ ਦੀ ਖਰੀਦ, ਬਿਜਲੀ ਦੇ ਠੇਕੇ, ਫਰਨੀਚਰ ਦੀ ਖਰੀਦ ਆਦਿ ਕੰਮਾਂ 'ਚ ਵੀ ਭਾਰੀ ਘਪਲਾ ਹੋ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ 100 ਵਿਅਕਤੀਆਂ ਦੇ ਲੰਗਰ ਦੀ ਥਾਂ 1000 ਵਿਅਕਤੀਆਂ ਦਾ ਖਰਚਾ ਦਿਖਾ ਕੇ ਘਪਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ 'ਚ ਐਸ.ਜੀ.ਪੀ.ਸੀ. ਦੇ ਮੈਂਬਰਾਂ ਦੀ ਵੀ ਹਿੱਸੇਦਾਰੀ ਹੈ। ਝੀਂਡਾ ਨੇ ਕਿਹਾ ਕਿ ਐੱਸ.ਜੀ.ਪੀ.ਸੀ. ਮੈਂਬਰ ਇਸ ਮਾਮਲੇ 'ਚ ਬਿੱਲੇ ਹਨ ਤਾਂ ਐੱਸ.ਜੀ.ਪੀ.ਸੀ. ਪ੍ਰਧਾਨ ਬਾਘੜ ਬਿੱਲੇ ਦਾ ਕੰਮ ਕਰ ਰਿਹਾ ਹੈ। ਝੀਂਡਾ ਨੇ ਐੱਸ.ਜੀ.ਪੀ.ਸੀ. ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਇਨ੍ਹਾਂ ਦੋਸ਼ਾਂ ਬਾਰੇ ਹਰਮਿੰਦਰ ਸਾਹਿਬ 'ਚ ਬੈਠ ਕੇ ਇਨ੍ਹਾਂ ਨੂੰ ਗਲਤ ਸਾਬਤ ਕਰਨ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਜੇ ਕਮੇਟੀ ਪ੍ਰਧਾਨ ਇਨ੍ਹਾਂ ਤੱਥਾਂ ਨੂੰ ਗਲਤ ਸਾਬਤ ਕਰ ਦੇਣ ਤਾਂ ਉਹ ਕੋਈ ਵੀ ਸਜ਼ਾ ਭੁਗਤਣ ਨੂੰ ਤਿਆਰ ਹੋਣਗੇ ਨਹੀਂ ਤਾਂ ਉਹ ਆਪਣਾ ਅਹੁਦਾ ਛੱਡ ਦੇਣ।

ਝੀਂਡਾ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਲਿਖੇ ਪੱਤਰ 'ਚ ਕਿਹਾ ਕਿ ਇਸ ਤਰ੍ਹਾਂ ਦੇ ਘਪਲੇ ਸ਼ਰਮਨਾਕ ਹਨ ਜਿਸ ਕਰਕੇ ਹੁਣ ਮੌਜੂਦ ਐੱਸ.ਜੀ.ਪੀ. ਸੀ ਦੀਆਂ ਗੋਲਕਾਂ ਦਾ ਕੰਟਰੋਲ ਕਾਰ ਸੇਵਾ ਵਾਲੇ ਮਸ਼ਹੂਰ ਬਾਬਿਆਂ ਨੂੰ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਜਟ 'ਚੋਂ ਹਰਿਆਣਾ ਦੀ 50 ਕਰੋੜ ਦੀ ਆਮਦਨ ਦੇ ਬਾਵਜੂਦ ਭਾਰੀ ਵਿਤਕਰਾ ਕਰਦੇ ਹੋਏ ਸਿਰਫ 8 ਕਰੋੜ ਰੁਪਏ ਰੱਖੇ ਗਏ ਹਨ। ਝੀਂਡਾ ਨਾਲ ਪ੍ਰੈੱਸ ਕਾਨਫਰੰਸ 'ਚ ਹਰਿਆਣਾ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਦੇ ਉਪ ਪ੍ਰਧਾਨ ਸ਼ਰਨਜੀਤ ਸਿੰਘ ਗਰੇਵਰ ਵੀ ਮੌਜੂਦ ਸਨ।


ਐਲ ਐਂਡ ਆਰ ਟਰੱਕਿੰਗ ਕੰਪਨੀ
ਬੇਕਰਜ਼ਫੀਲਡ

ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।

ਕਾਲ ਕਰੋ: ਹਰਦਮ ਸਿੰਘ ਔਲਖ
ਫੋਨ: 661-496-2536

Prem Indian Cuisine & Sweets
503 N. Golden State Blvd., Turlak, CA 95380
Ph:209-667-6200 or 209-667-6205
Free Delivery Available

Lunch Buffet 10:30AM-3:PM | Dine in or Carry Out | Dinner Buffet 4PM-9PM

ਤੁਸੀਂ ਇਥੋਂ ਤਾਜ਼ੀਆਂ ਮਿਠਾਈਆਂ ਹਰ ਵਕਤ ਲਿਜਾ ਸਕਦੇ ਹੋ। ਇਥੇ ਤੁਸੀਂ ਬੈਂਠ ਕੇ ਸਮੋਸੇ-ਛੋਲੇ, ਟਿੱਕੀ-ਛੋਲੇ, ਛੋਟੇ-ਭਠੂਰੇ ਅਤੇ ਗੋਲਗੱਪੇ ਦਾ ਅਨੰਦ ਮਾਣ ਸਕਦੇ ਹੋ



Catering Available for Marriages, Birthday Parties and other Special Occasions.
Beautiful Banquet Area for Parties
Open 7 Days a Week
10:30AM to 9PM
www.premindianquisine.com

Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Notary Free
Cell:510-452-7370

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com

## ਇਤਰਾਜ਼ਯੋਗ ਤਸਵੀਰ ਤੋਂ ਪਟਿਆਲਾ ਵਿਚ ਤਣਾਅ

**ਪਟਿਆਲਾ:** ਇਕ ਟੀ.ਵੀ. ਚੈਨਲ 'ਤੇ ਕਿਸੇ ਫ਼ਿਲਮ ਦੇ ਦ੍ਰਿਸ਼ ਨਾਲ ਸਬੰਧਤ ਲੜਕੀ ਦੀ ਇਤਰਾਜਯੋਗ ਤਸਵੀਰ ਪ੍ਰਕਾਸ਼ਤ ਹੋਣ ਦੇ ਮਾਮਲੇ ਨੂੰ ਲੈ ਕੇ ਬੀਤੀ 20 ਅਪ੍ਰੈਲ ਨੂੰ ਸ਼ਹਿਰ ਅੰਦਰ ਸਥਿਤੀ ਤਣਾਅ ਪੂਰਨ ਬਣ ਗਈ ਹੈ।

ਇਸ ਸਬੰਧ ਵਿਚ ਇਕ ਫਿਰਕੇ ਦੇ ਲੋਕਾਂ ਵਲੋਂ ਦੁਕਾਨਾਂ ਬੰਦ ਕਰਵਾਉਣ ਮੌਕੇ ਕੁਝ ਸੰਗਠਨਾਂ ਦੇ ਨੁਮਾਇੰਦਿਆਂ ਅਤੇ ਇਕ ਫਿਰਕੇ ਦੇ ਨਾਲ ਸਬੰਧਤ ਦੁਕਾਨਦਾਰਾਂ ਦਰਮਿਆਨ ਤਕਰਾਰ ਤੋਂ ਬਾਅਦ ਝੜੱਪ ਅਤੇ ਭੰਨ ਤੋੜ ਆਦਿ ਵੀ ਹੋਈ। ਕੁਝ ਵਿਅਕਤੀਆਂ ਦੇ ਜ਼ਖਮੀ ਹੋਣ ਦਾ ਸਮਾਚਾਰ ਹੈ। ਬਾਅਦ ਵਿਚ ਰਾਤੀਂ 9 ਵਜੇ ਆਰੀਆ ਸਮਾਜ ਵਿਚਲੇ ਬਾਜ਼ਾਰ ਵਿਚ ਇਕ ਵਿਸਫੋਟ ਵੀ ਹੋਇਆ, ਜਿਸ ਦੌਰਾਨ ਫੁੱਲ ਵੇਚਣ ਵਾਲੇ ਦੋ ਵਿਅਕਤੀਆਂ ਅਤੇ ਇਕ ਪੁਲੀਸ ਮੁਲਾਜ਼ਮ ਸਮੇਤ ਅੱਧੀ ਦਰਜਨ ਵਿਅਕਤੀ ਜ਼ਖਮੀ ਹੋ ਗਏ। ਉਧਰ ਦਿਨ ਮੌਕੇ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਸ਼ਹਿਰ ਦੇ ਹੋਰ ਪਤਵੰਤੇ ਜਦੋਂ ਉਕਤ ਚੈਨਲ ਦੇ ਦਫਤਰ ਉਲਾਂਭਾ ਲੈ ਕੇ ਆਏ, ਤਾਂ ਉਨ੍ਹਾਂ ਅਤੇ ਚੈਨਲ ਪ੍ਰਬੰਧਕਾਂ ਵਿਚ ਤਕਰਾਰ ਹੋ ਗਿਆ। ਉਸਤੋਂ ਬਾਅਦ ਇਹ ਲੋਕ ਇਕੱਠੇ ਹੋ ਕੇ ਪੁਲੀਸ ਚੌਕੀ ਡਿਵੀਜ਼ਨ ਨੰਬਰ 2 ਵਿਖੇ ਕੇਸ ਦਰਜ ਕਰਵਾਉਣ ਗਏ। ਜਦੋਂ ਅਜਿਹਾ ਨਾ ਹੋਇਆ, ਤਾਂ ਉਨ੍ਹਾਂ ਨੇ ਇਸ ਵਿਰੁਧ ਬਾਜ਼ਾਰ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਦੁਕਾਨਦਾਰਾਂ ਨੇ ਜਦੋਂ ਵਿਰੋਧ ਕੀਤਾ ਤਾਂ ਦੋਵਾਂ ਧਿਰਾਂ ਦਰਮਿਆਨ ਖੜਕ ਗਈ। ਇਸ ਮੌਕੇ ਇੱਟਾਂ ਰੋੜੇ ਤੇ ਬੋਤਲਾਂ ਚੱਲੀਆਂ।

# ਤਿਵਾੜੀ ਤੇ ਸਿੱਧੂ ਸਮੇਤ 70 ਸੰਸਦ ਮੈਂਬਰਾਂ ਨੇ ਆਪਣੀ ਜਾਇਦਾਦ ਦਾ ਨਹੀਂ ਕੀਤਾ ਐਲਾਨ

**ਜਲੰਧਰ:** ਕਾਂਗਰਸ ਦੇ ਮਨੀਸ਼ ਤਿਵਾੜੀ ਅਤੇ ਭਾਜਪਾ ਦੇ ਨਵਜੋਤ ਸਿੰਘ ਸਿਧੂ ਸਮੇਤ ਲਗਭਗ 70 ਸੰਸਦ ਮੈਂਬਰਾਂ ਨੇ ਅਜੇ ਤਕ ਆਪਣੀ ਜਾਇਦਾਦ ਅਤੇ ਦੇਣਦਾਰੀਆਂ ਦੀ ਜਾਣਕਾਰੀ ਨਹੀਂ ਦਿੱਤੀ ਹੈ। ਇਨ੍ਹਾਂ ਵਿਚੋਂ ਲਗਭਗ 30 ਸੰਸਦ ਮੈਂਬਰ ਕਾਂਗਰਸ ਨਾਲ ਸੰਬੰਧ ਰੱਖਦੇ ਹਨ। ਸਭ ਸੰਸਦ ਮੈਂਬਰਾਂ ਲਈ ਆਪਣੀ ਜਾਇਦਾਦ ਅਤੇ ਦੇਣਦਾਰੀਆਂ ਦੀ ਲਿਖਤੀ ਤੌਰ 'ਤੇ ਜਾਣਕਾਰੀ ਦੇਣੀ ਜ਼ਰੂਰੀ ਕਰਾਰ ਦਿੱਤੀ ਹੋਈ ਹੈ। ਇਸ ਸੂਚੀ ਵਿਚ ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ.ਦੇਵੇਗੌੜਾ, ਸਾਬਕਾ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਅਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਪੁੱਤਰ ਦੇਪਿੰਦਰ ਹੁੱਡਾ ਦਾ ਨਾਂ ਸ਼ਾਮਲ ਹੈ। ਡਿਫਾਲਟਰਾਂ ਦੀ ਸੂਚੀ ਵਿਚ 5 ਮਹਿਲਾ ਸੰਸਦ ਮੈਂਬਰਾਂ ਦੇ ਨਾਂ ਵੀ ਸ਼ਾਮਲ ਹਨ। ਸੁਭਾਸ਼ ਚੰਦਰ ਅਗਰਵਾਲ ਨੇ ਆਰ.ਟੀ.ਆਈ. ਐਕਟ ਅਧੀਨ ਉਕਤ ਸੂਚਨਾ ਮੰਗੀ ਸੀ, ਜਿਸ ਪਿਛੋਂ ਉਕਤ ਸੰਸਦ ਮੈਂਬਰਾਂ ਦੇ ਨਾਂ ਜਨਤਕ ਹੋਏ। ਅਗਰਵਾਲ ਵਲੋਂ ਮੰਗੀ ਗਈ ਸੂਚਨਾ ਦੇ ਜਵਾਬ ਵਿਚ ਲੋਕ ਸਭਾ ਸਕੱਤਰੇਤ ਵਲੋਂ ਕਿਹਾ ਗਿਆ ਹੈ ਕਿ ਉਹ ਸੂਚਨਾ ਨਾ ਦੇਣ ਵਾਲੇ ਸੰਸਦ ਮੈਂਬਰਾਂ ਵਿਰੁਧ ਕੋਈ ਕਾਰਵਾਈ ਨਹੀਂ ਕਰ ਸਕਦਾ।

ਸਕੱਤਰੇਤ ਦਾ ਕਹਿਣਾ ਹੈ ਕਿ ਜਦੋਂ ਕਿਸੇ ਭਾਰਤੀ ਨਾਗਰਿਕ ਵਲੋਂ ਇਸ ਸੰਬੰਧੀ ਸ਼ਿਕਾਇਤ ਮਿਲੇਗੀ ਤਾਂ ਉਸ ਹਾਲਤ ਵਿਚ ਉਹ ਸੰਸਦ ਮੈਂਬਰਾਂ ਨੂੰ ਉਕਤ ਜਾਣਕਾਰੀ ਦੇਣ ਲਈ ਮਜਬੂਰ ਕਰ ਸਕਦਾ ਹੈ। ਲੋਕ ਸਭਾ ਦੇ ਸਕੱਤਰੇਤ ਦਾ ਜਵਾਬ ਮਿਲਣ ਤੋਂ ਬਾਅਦ ਅਗਰਵਾਲ ਵਲੋਂ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੂੰ ਚਿੱਠੀ ਭੇਜ ਕੇ ਬੇਨਤੀ ਕੀਤੀ ਗਈ ਕਿ ਉਨ੍ਹਾਂ ਦੀ ਚਿੱਠੀ ਨੂੰ ਸੰਸਦ ਮੈਂਬਰਾਂ ਵਿਰੁਧ ਲਿਖਤੀ ਸ਼ਿਕਾਇਤ ਸਮਝ ਕੇ ਕਾਰਵਾਈ ਕੀਤੀ ਜਾਏ। ਲੋਕ ਸਭਾ ਦੀ ਸਪੀਕਰ ਦੇ ਦਫਤਰ ਨੇ ਅਜੇ ਇਸਦਾ ਜਵਾਬ ਭੇਜਣਾ ਹੈ। ਸੂਚੀ ਜਾਰੀ ਹੋਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਕਿੰਨੇ ਸੰਸਦ ਮੈਂਬਰ ਆਪਣੇ ਫਰਜ਼ਾਂ ਦੀ ਪਾਲਣਾ ਨਹੀਂ ਕਰ ਰਹੇ। ਇਸ ਸੂਚੀ ਵਿਚ ਭਾਜਪਾ ਦੇ 7 ਸੰਸਦ ਮੈਂਬਰਾਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਵਿਚ ਸਿੱਧੂ ਨੂੰ ਛੱਡ ਕੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਅਰਜੁਨ ਮੁੰਡਾ ਦਾ ਨਾਂ ਵੀ ਸ਼ਾਮਲ ਹੈ। ਦਿਲਚਸਪ ਗੱਲ ਹੈ ਕਿ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਦੇ ਹੋਰਨਾਂ ਸੰਸਦ ਮੈਂਬਰਾਂ ਨੇ ਆਪਣੀ ਜਾਇਦਾਦ ਦਾ ਐਲਾਨ ਕੀਤਾ ਹੋਇਆ ਹੈ ਪਰ ਪਾਰਟੀ ਪ੍ਰਧਾਨ ਖੁਦ ਸ਼ਾਇਦ ਅਜਿਹਾ ਕਰਨਾ ਠੀਕ ਨਹੀਂ ਸਮਝਦੇ। ਇਸ ਸੂਚੀ ਵਿਚ ਰਾਜਕੁਮਾਰੀ ਰਤਨਾ ਸਿੰਘ ਅਤੇ ਪ੍ਰਿਆ ਰੰਜਨ ਦਾਸ ਮੁਨਸ਼ੀ ਦੀ ਪਤਨੀ ਦੀਪਾ ਦਾਸ ਮੁਨਸ਼ੀ ਦਾ ਨਾਂ ਵੀ ਸ਼ਾਮਿਲ ਦੱਸਿਆ ਜਾਂਦਾ ਹੈ। ਸਮਾਜਵਾਦੀ ਪਾਰਟੀ ਦੇ ਤਿੰਨ ਅਤੇ ਬਸਪਾ ਦੇ 5 ਸੰਸਦ ਮੈਂਬਰ ਡਿਫਾਲਟਰਾਂ ਦੀ ਸੂਚੀ ਵਿਚ ਸ਼ਾਮਲ ਹਨ। ਐਨ.ਸੀ.ਪੀ., ਡੀ. ਐੱਮ.ਕੇ. ਬੀ. ਯੂ ਜਨਤਾ, ਸ਼੍ਰੋਮਣੀ ਅਕਾਲੀ ਦਲ ਦਾ ਇਕ ਇਕ ਐੱਮ.ਪੀ. ਇਸ ਸੂਚੀ ਵਿਚ ਸ਼ਾਮਲ ਹੈ।

## ਵੱਡਾ ਬਾਦਲ ਅਮਰੀਕਾ 'ਚ

**ਚੰਡੀਗੜ੍ਹ:** ਆਉਂਦੇ ਕੁਝ ਦਿਨਾਂ ਤਕ ਪੰਜਾਬ ਸਰਕਾਰ



ਆਪਣੇ ਮੁਖੀ ਤੇ ਉਪ ਮੁਖੀ ਤੋਂ ਬਿਨਾਂ ਹੀ ਚੱਲੇਗੀ ਕਿਉਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 26 ਅਪ੍ਰੈਲ ਨੂੰ ਰਾਤੀਂ ਅਮਰੀਕਾ ਰਵਾਨਾ ਹੋ ਗਏ ਹਨ ਅਤੇ ਸੁਖਬੀਰ ਸਿੰਘ ਬਾਦਲ ਦੋ-ਤਿੰਨ ਦਿਨਾਂ ਤੱਕ ਅਮਰੀਕਾ ਤੋਂ ਪਰਤਣ ਵਾਲੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਸੁਰਿੰਦਰ ਕੌਰ ਬਾਦਲ ਇਲਾਜ ਕਰਾਉਣ ਲਈ ਅਮਰੀਕਾ ਗਏ ਹੋਏ ਹਨ ਅਤੇ ਦੋਵੇਂ ਬਾਦਲ ਉਨ੍ਹਾਂ ਦੀ ਦੇਖਭਾਲ ਲਈ ਉਨ੍ਹਾਂ ਦੇ ਨਾਲ ਹਨ।

ਸ੍ਰੀ ਪ੍ਰਕਾਸ਼ ਸਿੰਘ ਬਾਦਲ ਨਾਲ ਉਨ੍ਹਾਂ ਦੇ ਐਡੀਸ਼ਨਲ ਪ੍ਰਿੰਸੀਪਲ ਸੈਕਟਰੀ ਕੇ.ਜੇ.ਐਸ. ਚੀਮਾ, ਨਿੱਜੀ ਡਾਕਟਰ, ਸੁਰੱਖਿਆ ਅਧਿਕਾਰੀ ਅਤੇ ਨਿੱਜੀ ਸਹਾਇਕ ਵੀ ਹਨ, ਪਰ ਸੁਖਬੀਰ ਬਾਦਲ ਪਿਛਲੇ ਹਫਤੇ ਦੇ ਗਏ ਹੋਏ ਹਨ। ਆਪਣੀ ਮਾਤਾ ਦੀ ਦੇਖਭਾਲ ਦੇ ਨਾਲ-ਨਾਲ ਉਹ ਅਕਾਲੀ ਦਲ ਦੀਆਂ ਇਕਾਈਆਂ ਬਹਾਲ ਕਰਨ ਅਤੇ ਪਰਵਾਸੀ ਭਾਰਤੀ ਉੱਦਮੀਆਂ ਨਾਲ ਮੀਟਿੰਗਾਂ ਕਰਨ ਵਿਚ ਵੀ ਰੁਝੇ ਹੋਏ ਹਨ। ਸਰਕਾਰੀ ਤੌਰ 'ਤੇ ਅਜਿਹਾ ਕੋਈ ਐਲਾਨ ਨਹੀਂ ਕੀਤਾ ਗਿਆ ਕਿ ਦੋਹਾਂ ਬਾਦਲਾਂ ਦੀ ਗੈਰ-ਹਾਜ਼ਰੀ ਵਿਚ ਸਰਕਾਰ ਦਾ ਕੰਮਕਾਰ ਕੌਣ ਦੇਖੇਗਾ, ਪਰ ਸੂਤਰਾਂ ਅਨੁਸਾਰ ਸਨਅਤ ਮੰਤਰੀ ਮਨੋਰੰਜਨ ਕਾਲੀਆ ਆਪਣੇ ਆਪ ਹੀ ਇਹ ਜਿੰਮੇਵਾਰੀ ਸੰਭਾਲ ਲੈਣਗੇ।

ਸ੍ਰੀਮਤੀ ਸੁਰਿੰਦਰ ਕੌਰ ਬਾਦਲ ਪਿਛਲੇ ਤਿੰਨ ਹਫਤਿਆਂ ਤੋਂ ਅਮਰੀਕਾ ਵਿਚ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪੀ.ਜੀ.ਆਈ. ਤੋਂ ਜਾਂਚ ਕਰਵਾਈ ਸੀ। ਪਰਿਵਾਰ ਦੇ ਸੂਤਰਾਂ ਅਨੁਸਾਰ ਇਲਾਜ ਰਾਹੀਂ ਉਹ ਤੰਦਰੁਸਤ ਹੋ ਰਹੇ ਹਨ ਅਤੇ ਉਹ ਹੋਰ ਕੁਝ ਹਫਤੇ ਅਮਰੀਕਾ ਵਿਚ ਹੀ ਇਲਾਜ ਕਰਾਉਣਗੇ। ਸ੍ਰੀ ਪ੍ਰਕਾਸ਼ ਸਿੰਘ ਬਾਦਲ 12 ਮਈ ਨੂੰ ਭਾਰਤ ਪਰਤ ਆਉਣਗੇ।

# ਪੰਜਾਬ ਦੀਆਂ ਸਰਪੰਚ ਔਰਤਾਂ ਦੇ ਪਤੀ ਰਾਜਨੀਤੀ ਨਹੀਂ ਕਰ ਸਕਣਗੇ

**ਲਾਲੜੂ:** ਪਿੰਡਾਂ ਵਿਚ ਔਰਤ ਸਰਪੰਚਾਂ ਦੀ ਥਾਂ 'ਤੇ ਰਾਜਨੀਤੀ ਕਰਨ ਵਾਲੇ ਉਨ੍ਹਾਂ ਦੇ ਪਤੀਆਂ ਅਤੇ ਪੁੱਤਰਾਂ ਦੀ ਹੁਣ ਚੌਧਰ ਨਹੀਂ ਚੱਲੇਗੀ। ਪੰਜਾਬ ਸਰਕਾਰ ਨੇ ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਚੁਣੀਆਂ ਗਈਆਂ ਔਰਤਾਂ ਦੇ ਪਤੀਆਂ/ ਰਿਸ਼ਤੇਦਾਰਾਂ ਦੀ ਕਾਰਵਾਈ ਵਿਚ ਦਖਲਅੰਦਾਜ਼ੀ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਨੂੰ ਰੋਕਣ ਲਈ ਕਦਮ ਚੁੱਕੇ ਹਨ।

ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਪੱਤਰ ਲਿਖ ਕੇ ਸਖਤ ਦਿਸ਼ਾ ਨਿਰਦੇਸ਼ ਦਿੱਤੇ ਹਨ। ਸਰਕਾਰ ਦੇ ਇਨ੍ਹਾਂ ਹੁਕਮਾਂ ਦਾ ਜੇਕਰ ਸਹੀ ਤਰੀਕੇ ਨਾਲ ਪਾਲਣ ਹੋਇਆ ਤਾਂ ਪੰਚਾਇਤੀ ਰਾਜ ਸੰਸਥਾਵਾਂ ਵਿਚ ਚੁਣੀਆਂ ਗਈਆਂ ਔਰਤਾਂ ਖੁਦ ਆਪਣਾ ਕੰਮ ਕਰ ਸਕਣਗੀਆਂ। ਰਾਜ ਦਾ ਪੰਚਾਇਤੀ ਵਿਭਾਗ ਇਸ ਗੱਲ ਤੋਂ ਕਾਫ਼ੀ ਪ੍ਰੇਸ਼ਾਨ ਸੀ ਕਿ ਜਿਨ੍ਹਾਂ ਪਿੰਡਾਂ ਵਿਚ ਔਰਤਾਂ ਸਰਪੰਚ ਹਨ, ਉਥੇ ਉਨ੍ਹਾਂ ਦੇ ਪਤੀ, ਰਿਸ਼ਤੇਦਾਰਾਂ ਦੀ ਸਿੱਧੀ ਦਖਲਅੰਦਾਜ਼ੀ ਹੈ। ਇੱਥੇ ਹੀ ਬੱਸ ਨਹੀਂ ਕਈ ਥਾਵਾਂ 'ਤੇ ਔਰਤਾਂ ਪ੍ਰਤੀਨਿਧੀਆਂ ਦੇ ਪਤੀ ਹੀ ਪੰਚਾਇਤਾਂ ਦੀਆਂ ਮੀਟਿੰਗਾਂ ਕਰਦੇ ਹਨ ਅਤੇ ਉਨ੍ਹਾਂ ਦੇ ਦਫ਼ਤਰ ਦਾ ਕੰਮ ਵੀ ਉਹ ਹੀ ਵੇਖਦੇ ਹਨ, ਜੋ ਪੰਚਾਇਤੀ ਰਾਜ ਐਕਟ ਦੀ ਸਰਾਸਰ ਉਲੰਘਣਾ ਹੈ। ਹੁਣ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਰਾਜ ਦੇ ਸਾਰੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਇੱਕ ਪੱਤਰ ਜਾਰੀ ਕਰਕੇ ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਜ ਪ੍ਰਣਾਲੀ ਬਾਰੇ ਸਪਸ਼ੱਟ ਕੀਤਾ ਹੈ।

ਪੱਤਰ ਵਿਚ ਸਾਰੇ ਡੀ ਡੀ ਪੀ ਓਜ਼ ਨੂੰ ਕਿਹਾ ਗਿਆ ਹੈ ਕਿ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀਆਂ ਅਤੇ ਗਰਾਮ ਪੰਚਾਇਤਾਂ ਵਿਚ ਔਰਤ ਪ੍ਰਤੀਨਿਧਾਂ ਦੇ ਪਤੀਆਂ ਅਤੇ ਰਿਸ਼ਤੇਦਾਰਾਂ ਦੀ ਸਿੱਧੀ ਦਖਲਅੰਦਾਜ਼ੀ ਹੋ ਰਹੀ ਹੈ। ਜਿਸ ਦੇ ਚਲਦਿਆਂ ਜ਼ਿਲ੍ਹਾ ਅਧਿਕਾਰੀ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਪੰਚਾਇਤ ਅਫ਼ਸਰ (ਪੀਓ) ਰਾਹੀਂ ਇਹ ਯਕੀਨੀ ਬਣਾਉਣ ਕਿ ਔਰਤਾਂ ਦੇ ਰਿਸ਼ਤੇਦਾਰ ਉਨ੍ਹਾਂ ਦੇ ਕੰਮ ਵਿਚ ਦਖਲ ਅੰਦਾਜ਼ੀ ਨਾ ਕਰਨ। ਨਾਲ ਹੀ ਉਨ੍ਹਾਂ ਦੇ ਦਫ਼ਤਰਾਂ ਵਿਚ ਵੀ ਨਾ ਬੈਠਣ। ਪੱਤਰ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਹੁਕਮਾਂ ਤੀ ਉਲੰਘਣਾ ਨੂੰ ਮਿਸਕੰਡਕਟ ਮੰਨਦਿਆਂ ਪੰਚਾਇਤੀ ਰਾਜ ਐਕਟ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ।


**Wraich Transport LLS**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਕੈਪਟਨ ਅਮਰਿੰਦਰ ਸਿੰਘ ਦੀ ਬਰਤਰਫੀ ਰੱਦ, ਸੀਟ ਬਹਾਲ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ 'ਚੋਂ ਬਰਤਰਫੀ ਨੂੰ ਰੱਦ ਕਰਦੇ ਹੋਏ ਸੁਪਰੀਮ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਦੀ ਜਿੱਤੀ ਹੋਈ ਪਟਿਆਲਾ ਵਿਧਾਨ ਸਭਾ ਸੀਟ ਨੂੰ ਵੀ ਬਹਾਲ ਕਰ ਦਿੱਤਾ ਹੈ। ਵਿਧਾਨ ਸਭਾ ਵਲੋਂ ਇਹ ਸੀਟ ਖਾਲੀ ਐਲਾਨਣ ਲਈ ਚੋਣ ਕਮਿਸ਼ਨ ਨੂੰ ਆਖਿਆ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਨੂੰ 13ਵੀਂ ਵਿਧਾਨ ਸਭਾ ਦੀ ਵਿਸ਼ੇਸ਼ ਕਮੇਟੀ ਵਲੋਂ ਅੰਮ੍ਰਿਤਸਰ ਦੇ ਨਗਰ ਸੁਧਾਰ ਟਰਸਟ ਦੀ ਕੀਮਤੀ ਜ਼ਮੀਨ ਦੇ ਘੁਟਾਲੇ 'ਚ ਕਥਿਤ ਭੂਮਿਕਾ ਨੂੰ ਲੈ ਕੇ ਬਰਤਰਫ ਕਰਨ ਦੀ ਸਿਫਾਰਸ਼ 'ਤੇ ਇਹ ਕਾਰਵਾਈ ਕੀਤੀ ਗਈ ਸੀ।

26 ਅਪ੍ਰੈਲ ਦੇ ਫੈਸਲੇ ਦਾ ਘੁਟਾਲੇ ਬਾਰੇ ਚੱਲ ਰਹੀ ਕਾਨੂੰਨੀ ਕਾਰਵਾਈ ਉਪਰ ਅਸਰ ਨਹੀਂ ਹੋਵੇਗਾ। ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੀ ਅਗਵਾਈ ਹੇਠ 5 ਮੈਂਬਰੀ ਸੰਵਿਧਾਨਕ ਬੈਂਚ ਵਲੋਂ ਇਹ ਫੈਸਲਾ ਸੁਣਾਉਂਦਿਆਂ ਕਿਹਾ ਗਿਆ ਹੈ ਕਿ ਪੰਜਾਬ ਵਿਧਾਨ ਸਭਾ ਨੂੰ ਕੈਪਟਨ ਨੂੰ ਬਰਤਰਫ ਕਰਨ ਦਾ ਅਧਿਕਾਰ ਹੀ ਨਹੀਂ ਸੀ ਕਿਉਂਕਿ ਇਹ ਮਾਮਲਾ 12ਵੀਂ ਵਿਧਾਨ ਸਭਾ ਦਾ ਸੀ।

ਇਸ ਸੰਵਿਧਾਨਕ ਬੈਂਚ ਦੇ ਹੋਰ ਜੱਜਾਂ 'ਚ ਸ੍ਰੀ ਆਰ.ਵੀ. ਰਾਵਿੰਦਰਨ, ਪੀ. ਸਤਿਆਸ਼ਿਵਮ, ਆਰ.ਐਮ. ਲੋਧਾ ਤੇ ਜੇ.ਐਮ. ਪੰਚਾਲ ਵੀ ਸ਼ਾਮਿਲ ਸਨ। ਇਸ ਅਹਿਮ ਫੈਸਲੇ ਮਗਰੋਂ ਜਿੱਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਲਈ ਵੱਡਾ ਝਟਕਾ ਲੱਗਾ ਹੈ, ਉੱਥੇ ਕਾਂਗਰਸ 'ਚ ਕੈਪਟਨ ਦੇ ਵਿਰੋਧੀ ਖੇਮੇ ਨੂੰ ਵੀ ਮਾਯੂਸੀ ਹੋਣੀ ਲਾਜ਼ਮੀ ਹੈ। ਦੱਸਣਯੋਗ ਹੈ ਕਿ 13ਵੀਂ ਵਿਧਾਨ ਸਭਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਨਗਰ ਸੁਧਾਰ ਟਰਸਟ ਨੂੰ ਵਿੱਤੀ ਨੁਕਸਾਨ ਪਹੁੰਚਾ ਕੇ ਪ੍ਰਾਈਵੇਟ ਠੇਕੇਦਾਰ ਨੂੰ ਲਾਭ ਦੇਣ ਦੇ ਦੋਸ਼ ਵਿਚ ਵਿਧਾਇਕ ਵਜੋਂ ਮੈਂਬਰੀ ਤੋਂ ਬਰਖਾਸਤ ਕਰ ਦਿੱਤਾ ਸੀ। ਇਹ ਮਾਮਲਾ ਸਤੰਬਰ 2008 ਦਾ ਹੈ ਅਤੇ ਵਿਧਾਨ ਸਭਾ ਵਲੋਂ ਬਣਾਈ ਗਈ ਕਮੇਟੀ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਇਹ ਕਾਰਵਾਈ ਕੀਤੀ ਗਈ ਸੀ। ਇਹ ਘੁਟਾਲਾ 12ਵੀਂ ਵਿਧਾਨ ਸਭਾ ਦੌਰਾਨ ਹੋਇਆ ਸੀ ਤੇ ਉਦੋਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ।

ਸੁਪਰੀਮ ਕੋਰਟ ਦੇ ਬੈਂਚ ਨੇ ਆਪਣੇ ਫੈਸਲੇ 'ਚ ਕਿਹਾ ਕਿ ਵਿਧਾਨ ਸਭਾ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਬਰਖਾਸਤਗੀ ਦਾ ਅਮਲ ਦੋਸ਼ ਪੂਰਨ ਸੀ ਕਿਉਂਕਿ 12ਵੀਂ ਵਿਧਾਨ ਸਭਾ ਦੀ ਘਟਨਾ ਨੂੰ ਆਧਾਰ ਬਣਾ ਕੇ 13ਵੀਂ ਵਿਧਾਨ ਸਭਾ 'ਚ ਬਰਖਾਸਤਗੀ ਕੀਤੀ ਗਈ ਸੀ। ਇਸ ਲਈ ਸਹੀ ਕਾਰਵਾਈ ਇਹ ਹੁੰਦੀ ਕਿ ਅਪਰਾਧਕ ਕਾਨੂੰਨ ਦੀ ਵਰਤੋਂ ਕੀਤੀ ਜਾਂਦੀ ਕਿਉਂਕਿ ਵਿਧਾਨ ਦੀ ਧਾਰਾ 194(3) ਤਹਿਤ ਇਹ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਨਹੀਂ ਸੀ ਬਣਦਾ।

## ਸੁਪਰੀਮ ਕੋਰਟ ਦਾ ਅਹਿਮ ਫੈਸਲਾ

ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਕਿ ਵਿਧਾਨ ਸਭਾ ਦੀ ਇਸ ਕਾਰਵਾਈ ਨਾਲ ਗਲਤ ਰਵਾਇਤ ਪੈ ਸਕਦੀ ਸੀ, ਕਿਉਂਕਿ ਹਰ ਨਵੀਂ ਸਰਕਾਰ ਪਿਛਲੀ ਸਰਕਾਰ ਬਾਰੇ ਗੈਰ-ਕਾਨੂੰਨੀ ਅਪਰਾਧਕ ਐਕਸ਼ਨ ਜਾਂ ਬਰਖਾਸਤਗੀ ਵਰਗੀ ਕਾਰਵਾਈ ਕਰ ਸਕਦੀ ਸੀ। ਜਿਸ ਘੁਟਾਲੇ ਵਿਚ ਕੈਪਟਨ ਦੀ ਬਰਖਾਸਤਗੀ ਕੀਤੀ ਗਈ ਉਹ ਅਪਰਾਧਿਕ ਕਾਨੂੰਨ ਦੇ ਘੇਰੇ ਵਿਚ ਆਉਂਦਾ ਹੈ। ਇਸ ਲਈ ਇਸ ਸਬੰਧੀ ਸਜ਼ਾ ਦੇਣਾ ਵੀ ਨਿਆਂਪਾਲਿਕਾ ਦੇ ਦਾਇਰੇ 'ਚ ਆਉਂਦਾ ਹੈ ਨਾ ਕਿ ਵਿਧਾਨ ਸਭਾ ਦੇ। ਸੁਪਰੀਮ ਕੋਰਟ ਨੇ ਸਾਫ ਕੀਤਾ ਕਿ ਕੈਪਟਨ ਦੀ ਬਰਖਾਸਤਗੀ ਨੂੰ ਰੱਦ ਕਰਦਾ ਫੈਸਲਾ ਅਮਰਿੰਦਰ ਸਿੰਘ ਬਾਰੇ ਅਪਰਾਧਕ ਜਾਂਚ 'ਚ ਕੋਈ ਦਖਲਅੰਦਾਜ਼ੀ ਨਹੀਂ ਕਰੇਗਾ ਤੇ ਉਹ ਉਵੇਂ ਹੀ ਜਾਰੀ ਰਹੇਗੀ। ਆਪਣੀ ਕਿਸਮ ਦਾ ਇਹ ਪਹਿਲਾ ਮਾਮਲਾ ਸੀ ਜਿਸ ਵਿਚ ਵਿਧਾਨ ਸਭਾ ਤੋਂ ਬਾਹਰ ਹੋਏ ਅਪਰਾਧ ਨੂੰ ਅਧਿਕਾਰਾਂ ਦੀ ਉਲੰਘਣਾ ਤਹਿਤ ਲੈ ਕੇ ਕਾਰਵਾਈ ਕੀਤੀ ਗਈ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਹੁਣ ਪਟਿਆਲਾ ਸੀਟ ਖਾਲੀ ਨਹੀਂ ਮੰਨੀ ਜਾਵੇਗੀ।

12ਵੀਂ ਪੰਜਾਬ ਵਿਧਾਨ ਸਭਾ ਦੌਰਾਨ ਅੰਮ੍ਰਿਤਸਰ ਨਗਰ ਸੁਧਾਰ ਟਰਸਟ ਦੀ 32 ਏਕੜ ਤੋਂ ਵਧ ਕੀਮਤੀ ਜ਼ਮੀਨ ਨੂੰ ਨਿਯਮਾਂ ਦੀ ਅਣਦੇਖੀ ਕਰਕੇ ਪ੍ਰਾਈਵੇਟ ਬਿਲਡਰਾਂ ਨੂੰ ਦੇਣ ਦੇ ਫੈਸਲੇ ਨਾਲ ਟਰਸਟ ਨੂੰ ਵਿੱਤੀ ਨੁਕਸਾਨ ਕਰਨ ਦਾ ਦੋਸ਼ ਵਰਤਮਾਨ ਰਾਜ ਸਰਕਾਰ ਦੀ ਬਣਾਈ ਵਿਸ਼ੇਸ਼ ਕਮੇਟੀ ਵਲੋਂ ਲਾਇਆ ਗਿਆ ਸੀ। ਕਮੇਟੀ ਨੇ ਜਾਂਚ ਦੌਰਾਨ ਨੋਟ ਕੀਤਾ ਕਿ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਕਰੀਬੀ ਕਾਂਗਰਸੀ ਨੇਤਾ ਜਗਜੀਤ ਸਿੰਘ ਚੌਧਰੀ ਤੇ ਜੁਗਲ ਕਿਸ਼ੋਰ ਸ਼ਰਮਾ ਇਸ ਘੁਟਾਲੇ 'ਚ ਕਥਿਤ ਤੌਰ 'ਤੇ ਸ਼ਾਮਲ ਸਨ। ਕਮੇਟੀ ਵਲੋਂ ਮਾਮਲਾ ਦਰਜ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਸੀ। 13ਵੀਂ ਵਿਧਾਨ ਸਭਾ ਲਈ ਰਹਿੰਦੇ ਸਮੇਂ ਤੱਕ ਕਮੇਟੀ ਨੂੰ ਬਰਖਾਸਤ ਕਰਕੇ ਪਟਿਆਲਾ ਦੀ ਸੀਟ ਖਾਲੀ ਐਲਾਨਣ ਲਈ ਚੋਣ ਕਮਿਸ਼ਨ ਨੂੰ ਆਖਿਆ ਹੋਇਆ ਸੀ ਪਰ ਸੁਪਰੀਮ ਕੋਰਟ ਵਲੋਂ ਕਮੇਟੀ ਦੀ ਇਸ ਸਿਫਾਰਸ਼ ਉਪਰ ਪਹਿਲਾਂ ਹੀ ਰੋਕ ਲਾ ਦਿੱਤੀ ਗਈ ਸੀ।

ਪਹਿਲਾਂ ਇਹ ਮਾਮਲਾ ਪੰਜਾਬ ਹਾਈ ਕੋਰਟ 'ਚ ਗਿਆ ਸੀ ਪਰ ਫਿਰ ਕੈਪਟਨ ਅਮਰਿੰਦਰ ਦੀ ਅਪੀਲ 'ਤੇ ਇਹ ਮਾਮਲਾ ਸੁਪਰੀਮ ਕੋਰਟ 'ਚ ਤਬਦੀਲ ਕਰਵਾਇਆ ਗਿਆ ਸੀ। ਇੱਥੇ ਪਹਿਲਾਂ ਦੋ ਮੈਂਬਰੀ ਬੈਂਚ ਨੇ ਸੁਣਵਾਈ ਕੀਤੀ, ਫਿਰ ਤਿੰਨ ਮੈਂਬਰੀ ਬੈਂਚ ਕੋਲ ਇਹ ਮਾਮਲਾ ਗਿਆ ਤੇ ਅਖੀਰ 5 ਮੈਂਬਰੀ ਬੈਂਚ ਨੇ ਰਾਜਨੀਤਿਕ ਤੇ ਸੰਵਿਧਾਨਕ ਦ੍ਰਿਸ਼ਟੀ ਤੋਂ ਇਸ ਮਾਮਲੇ ਨੂੰ ਵਾਚਿਆ। ਵਿਧਾਨ ਸਭਾ ਵਲੋਂ ਪੇਸ਼ ਵਕੀਲ ਅਜੇਪਾਲ ਨੇ ਅਦਾਲਤ ਤੋਂ ਕੈਪਟਨ ਉਪਰ ਚੱਲੇ ਮਾਮਲਿਆਂ ਬਾਰੇ ਪੁੱਛਿਆ ਕਿ ਉਹ ਕਾਰਵਾਈ ਜਾਰੀ ਰਹੇਗੀ ਤੇ ਸੁਪਰੀਮ ਕੋਰਟ ਨੇ ਕਿਹਾ ਕਿ ਫੈਸਲੇ ਦਾ ਉਨ੍ਹਾਂ ਮਾਮਲਿਆਂ ਉਪਰ ਕੋਈ ਅਸਰ ਨਹੀਂ ਪਵੇਗਾ।

**ਅਕਾਲੀ ਦਲ ਲਈ ਵੱਡਾ ਝਟਕਾ, ਕਾਂਗਰਸੀ ਖੁਸ਼, ਭਾਜਪਾ ਮੁਸਕਰਾਈ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਵਿਧਾਨ ਸਭਾ ਤੋਂ ਬਰਤਰਫੀ ਦਾ ਫੈਸਲਾ ਸੁਪਰੀਮ ਕੋਰਟ ਵਲੋਂ ਰੱਦ ਕੀਤੇ ਜਾਣ ਦਾ ਸਵਾਗਤ ਕਰਦਿਆਂ ਕਾਂਗਰਸ ਨੇ ਹਾਕਮ ਅਕਾਲੀ-ਭਾਜਪਾ ਗਠਜੋੜ ਉਤੇ ਆਪਣੇ ਸਿਆਸੀ ਹਿੱਤਾਂ ਲਈ ਵਿਧਾਨ ਸਭਾ ਵਿਚ ਬਹੁਮਤ ਦੀ 'ਦੁਰਵਰਤੋਂ' ਕੀਤੇ ਜਾਣ ਦਾ ਦੋਸ਼ ਲਾਇਆ ਹੈ। ਪਾਰਟੀ ਨੇ ਇਸ ਮੁੱਦੇ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਸਤੀਫੇ ਦੀ ਮੰਗ ਵੀ ਕੀਤੀ ਹੈ। ਦੂਜੇ ਪਾਸੇ ਅਕਾਲੀ ਦਲ ਨੇ ਫੈਸਲਾ ਪੜ੍ਹਨ ਪਿਛੋਂ 'ਕਾਨੂੰਨੀ ਰਾਇ ਲੈਣ' ਦੀ ਗੱਲ ਕਹੀ ਹੈ। ਕਾਂਗਰਸ ਦੇ ਤਰਜਮਾਨ ਸੁਖਪਾਲ ਸਿੰਘ ਖਹਿਰਾ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ, ''ਸੁਪਰੀਮ ਕੋਰਟ ਦੇ ਇਸ ਫੈਸਲੇ ਨੇ ਪੰਜਾਬ ਵਿਧਾਨ ਸਭਾ ਦੇ (ਕੈਪਟਨ) ਅਮਰਿੰਦਰ ਸਿੰਘ ਖਿਲਾਫ ਸਾਰੇ ਫੈਸਲੇ ਖਤਮ ਕਰ ਦਿੱਤੇ ਹਨ ਅਤੇ ਇਹ ਅਕਾਲੀ-ਭਾਜਪਾ ਗਠਜੋੜ ਦੇ ਮੂੰਹ ਉਤੇ ਇਕ ਚਪੇੜ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨੇ ਅਕਾਲੀਆਂ ਵਲੋਂ ਕਾਂਗਰਸੀ ਆਗੂ ਨੂੰ ਵਿਧਾਨ ਸਭਾ ਵਿਚ ਬਰਤਰਫ ਕਰਕੇ ਪਾਈ ਗਈ ਇਕ 'ਗਲਤ ਰੀਤ' ਦਾ ਭੋਗ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ 'ਫਿਟਕਾਰੇ' ਜਾਣ ਕਾਰਨ ਸ੍ਰੀ ਬਾਦਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਧਰ ਅਕਾਲੀ ਦਲ ਦੇ ਇਕ ਤਰਜਮਾਨ ਨੇ ਕਿਹਾ, ''ਅਸੀਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ। ਅਸੀਂ ਫੈਸਲੇ ਨੂੰ ਵੇਰਵੇ ਸਹਿਤ ਪੜ੍ਹਨ ਪਿਛੋਂ ਇਸ ਸਬੰਧੀ ਕਾਨੂੰਨੀ ਰਾਇ ਲਵਾਂਗੇ।''

ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਖਿਲਾਫ ਦੋਸ਼ਾਂ ਦੀ ਜਾਂਚ ਕਰਨ ਲਈ ਬਣਾਈ ਗਈ ਮਰਿਆਦਾ ਕਮੇਟੀ ਦੇ ਚੇਅਰਮੈਨ ਅਤੇ ਅਕਾਲੀ ਦਲ ਦੇ ਇਕ ਵਿਧਾਇਕ ਹਰੀਸ਼ ਰਾਏ ਢਾਂਡਾ ਨੇ ਕਿਹਾ ਹੈ ਕਿ ਅਸਲ ਵਿਚ ਕਾਂਗਰਸੀ ਆਗੂ ਨੂੰ ਵਿਧਾਨ ਸਭਾ ਦੀ ਮੈਂਬਰੀ ਤੋਂ ਹਟਾਉਣ ਸਬੰਧੀ ਸੁਪਰੀਮ ਕੋਰਟ ਦਾ ਫੈਸਲਾ 'ਇਕ ਸੰਵਿਧਾਨਕ ਮਾਮਲਾ' ਹੈ। ਉਨ੍ਹਾਂ ਕਿਹਾ, ''ਸੁਪਰੀਮ ਕੋਰਟ ਨੇ ਮੇਰੇ ਵਲੋਂ (ਜ਼ਮੀਨ ਅਲਾਟਮੈਂਟ ਵਿਚ ਹੇਰਾਫੇਰੀ ਸਬੰਧੀ) ਕੈਪਟਨ ਅਮਰਿੰਦਰ ਸਿੰਘ ਖਿਲਾਫ ਅਸੈਂਬਲੀ ਵਿਚ ਪੇਸ਼ ਉਸ ਰਿਪੋਰਟ ਨੂੰ ਰੱਦ ਨਹੀਂ ਕੀਤਾ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਬਰਤਰਫ ਕੀਤਾ ਗਿਆ ਸੀ।''

ਪੰਜਾਬ ਦੇ ਪਾਰਲੀਮਾਨੀ ਮੰਤਰੀ ਸ੍ਰੀ ਤੀਕਸ਼ਣ ਸੂਦ ਨੇ ਸੰਪਰਕ ਕਰਨ 'ਤੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਦੇਸ਼ ਦੌਰੇ ਤੋਂ ਵਾਪਸ ਆਉਣ 'ਤੇ ਇਸ ਮੁੱਦੇ ਦੀ ਰਣਨੀਤੀ ਘੜੀ ਜਾਵੇਗੀ। ਉਨ੍ਹਾਂ ਨੇ ਕਿਹਾ ਹੈ ਕਿ ਉਹ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦੇ ਹਨ ਪਰ ਫੈਸਲੇ ਦੀ ਕਾਪੀ ਵੇਖ ਕੇ ਹੀ ਕੋਈ ਵਿਸਥਾਰ ਵਿਚ ਟਿੱਪਣੀ ਕਰ ਸਕਦੇ ਹਨ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਬਲਬੀਰ ਪੁੰਜ ਨੇ ਕਿਹਾ ਹੈ ਕਿ ਉਹ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦੇ ਹਨ। ਸੂਤਰਾਂ ਅਨੁਸਾਰ ਭਾਜਪਾ ਦੇ ਆਗੂ ਇਹ ਵੀ ਮਹਿਸੂਸ ਕਰਦੇ ਹਨ ਕਿ ਪਿਛਲੀ ਸਰਕਾਰ ਵੇਲੇ ਦੇ ਵਿਧਾਨ ਸਭਾ ਮਾਮਲੇ ਨੂੰ ਨਵੇਂ ਸਦਨ ਵਿਚ ਲਿਆ ਕੇ ਪਹਿਲਾਂ ਹੀ ਸਹੀ ਕਾਰਵਾਈ ਨਹੀਂ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਬਹਾਲੀ ਨਾਲ ਵਿਧਾਨ ਸਭਾ ਵਿਚੋਂ ਗੈਰ-ਹਾਜ਼ਰ ਰਹਿਣ ਵਾਲੇ ਮੈਂਬਰਾਂ ਦੀ ਗਿਣਤੀ ਹੋਰ ਵਧ ਜਾਵੇਗੀ। ਇਸੇ ਦੌਰਾਨ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਸ ਇਤਿਹਾਸਕ ਫੈਸਲੇ ਦਾ ਸਵਾਗਤ ਕੀਤਾ ਹੈ।

## ਕੇਸ ਦਾ ਇਹੋ ਹਾਲ ਹੋਣਾ ਸੀ-ਅਮਰਿੰਦਰ



**ਚੰਡੀਗੜ੍ਹ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ 'ਚ ਬਹਾਲੀ ਦੇ ਫੈਸਲੇ ਨਾਲ ਰਾਜਸੀ ਹਲਕਿਆਂ ਵਿਚ ਤਕੜੀ ਹਲਚਲ ਹੈ। ਇਕ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੱਡਾ ਹੁਲਾਰਾ ਮਿਲਿਆ ਹੈ ਉਥੇ ਫੌਰੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਤਕੜਾ ਝਟਕਾ ਲੱਗਾ ਹੈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਹੈ ਕਿ ਉਸ ਨੂੰ ਇਸ ਤਰ੍ਹਾਂ ਦੇ ਫੈਸਲੇ ਦੀ ਆਸ ਸੀ ਕਿਉਂ ਜੋ ਰਾਜਸੀ ਬਦਲੇ ਦੀ ਭਾਵਨਾ ਨਾਲ ਉਨ੍ਹਾਂ 'ਤੇ ਇਹ ਕੇਸ ਤਿਆਰ ਕੀਤਾ ਗਿਆ ਸੀ। ਹਾਕਮ ਧਿਰ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੇ ਆਉਣ 'ਤੇ ਇਸ ਮੁੱਦੇ ਬਾਰੇ ਅਗਲੀ ਰਣਨੀਤੀ ਘੜੀ ਜਾਵੇਗੀ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟੈਲੀਫੋਨ 'ਤੇ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਜੁਡੀਸ਼ਰੀ ਦਾ ਹਮੇਸ਼ਾ ਹੀ ਬਹੁਤ ਸਤਿਕਾਰ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਫੈਸਲੇ ਨਾਲ ਇਹ ਸਾਬਤ ਹੋ ਗਿਆ ਹੈ ਕਿ ਕਿਸੇ ਨਾਲ ਇਸ ਤਰ੍ਹਾਂ ਰਾਜਸੀ ਬਦਲੇ ਦੀ ਭਾਵਨਾ ਨਾਲ ਧੱਕਾ ਨਹੀਂ ਕੀਤਾ ਜਾ ਸਕਦਾ। ਜੇਕਰ ਇਸ ਮਾਮਲੇ ਵਿਚ ਬਾਦਲਾਂ ਦੀ ਸਾਜ਼ਿਸ਼ ਕਾਮਯਾਬ ਹੋ ਜਾਂਦੀ ਤਾਂ ਪੰਜਾਬ ਵਿਚ ਜਮਹੂਰੀਅਤ ਦਾ ਹੀ ਭੋਗ ਪੈ ਜਾਣਾ ਸੀ। ਉਨ੍ਹਾਂ ਕਿਹਾ ਕਿ ਅਦਾਲਤਾਂ ਹੀ ਸਰਕਾਰਾਂ ਦੇ ਧੱਕੇ ਨੂੰ ਰੋਕਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਧਾਨ ਸਭਾ ਵਿਚੋਂ ਕੱਢਣ ਦਾ ਮਨੋਰਥ ਵਿਧਾਨ ਸਭਾ ਵਿਚ ਸਰਕਾਰ ਦੀ ਆਲੋਚਨਾ ਨੂੰ ਰੋਕਣਾ ਸੀ।

ਕੈਪਟਨ ਅਮਰਿੰਦਰ ਸਿੰਘ ਮਈ ਦੇ ਦੂਜੇ ਹਫਤੇ ਵਿਦੇਸ਼ ਤੋਂ ਵਾਪਸ ਆ ਰਹੇ ਹਨ ਅਤੇ ਉਨ੍ਹਾਂ ਵਲੋਂ ਪਾਰਟੀ ਵਰਕਰਾਂ ਅਤੇ ਆਮ ਲੋਕਾਂ ਨਾਲ ਮੀਟਿੰਗਾਂ ਦਾ ਵੀ ਪ੍ਰੋਗਰਾਮ ਹੈ।

## ਨਵੀਂ ਨਹਿਰ ਬਣਾਉਣ ਬਾਰੇ ਹਰਿਆਣਾ ਦੀ ਪਟੀਸ਼ਨ ਰੱਦ

**ਸਮਾਣਾ :** ਪਿਛਲੇ ਲੰਮੇ ਸਮੇਂ ਤੋਂ ਵਿਵਾਦਾਂ ਵਿਚ ਚੱਲੀ ਆ ਰਹੀ ਹਾਂਸੀ-ਬੁਟਾਣਾ ਨਹਿਰ 'ਤੇ ਸੁਪਰੀਮ ਕੋਰਟ ਵਲੋਂ ਹਰਿਆਣਾ ਸਰਕਾਰ ਵਿਰੁਧ ਫੈਸਲਾ ਲੈਂਦਿਆਂ ਹਰਿਆਣਾ ਸਰਕਾਰ ਨੂੰ ਭਾਖੜਾ ਨਹਿਰ ਤੋਂ ਪੰਕਚਰ ਲਗਾ ਕੇ ਪਾਣੀ ਲੈਣ ਤੇ ਰੋਕ ਲਗਾ ਦਿੱਤੀ ਗਈ ਹੈ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ 16 ਜੁਲਾਈ ਤੈਅ ਕੀਤੀ ਗਈ ਹੈ।

ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਪੰਜਾਬ ਦੇ ਕਿਸਾਨਾਂ ਅਤੇ ਰਾਜਸਥਾਨ ਸਰਕਾਰ ਨੇ ਰਾਹਤ ਦੇ ਸਾਹ ਲਏ ਹਨ। ਇਸ ਇਤਿਹਾਸਕ ਫੈਸਲੇ ਨਾਲ ਜਿਥੇ ਹਰਿਆਣਾ ਸਰਕਾਰ ਨੂੰ ਨਹਿਰ ਨਿਰਮਾਣ ਤੋਂ ਕਰੋੜਾਂ ਰੁਪਏ ਦਾ ਨੁਕਸਾਨ ਝੱਲਣਾ ਪਵੇਗਾ, ਉਥੇ ਹੀ ਪੰਜਾਬ ਤੇ ਰਾਜਸਥਾਨ ਦੇ ਕਿਸਾਨਾਂ ਤੇ ਆਮ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਦੱਸਣਯੋਗ ਗੱਲ ਹੈ ਕਿ ਹਰਿਆਣਾ ਦੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਭਾਖੜਾ ਨਹਿਰ ਤੋਂ ਆਪਣੇ ਪਾਣੀ ਦਾ ਹਿੱਸਾ ਲੈਣ ਲਈ ਸਮਾਣਾ ਨਾਲ ਲੱਗਦੇ ਹਰਿਆਣਾ ਦੇ ਪਿੰਡ ਅਜੀਮਗੜ੍ਹ ਤੋਂ ਹਾਂਸੀ ਬੁਟਾਣਾ ਨਹਿਰ ਦਾ ਪਾਣੀ ਹੁੱਡਾ ਦੇ ਵਿਧਾਨ ਸਭਾ ਖੇਤਰ ਤੱਕ ਪਹੁੰਚਾਉਣ ਲਈ ਮੀਲਾਂ ਲੰਮੀ ਨਹਿਰ 'ਤੇ ਕਰੋੜਾਂ ਰੁਪਏ ਖਰਚ ਕਰਕੇ ਤੈਅ ਸੀਮਾ 'ਚ ਨਹਿਰ ਦਾ ਨਿਰਮਾਣ ਕਰਵਾ ਦਿੱਤਾ ਸੀ, ਜਿਸ 'ਤੇ ਪੰਜਾਬ ਤੇ ਰਾਜਸਥਾਨ ਸਰਕਾਰਾਂ ਨੇ ਇਤਰਾਜ਼ ਪ੍ਰਗਟ ਕਰਦਿਆਂ ਮਾਣਯੋਗ ਕੋਰਟ ਦਾ ਸਹਾਰਾ ਲਿਆ ਸੀ।

ਮਾਣਯੋਗ ਕੋਰਟ ਦੀ ਪ੍ਰਕਿਰਿਆ ਮਗਰੋਂ ਚੀਫ ਜਸਟਿਸ (ਸੀ.ਜੇ.ਆਈ.) ਕੇ.ਜੀ. ਬਾਲਕ੍ਰਿਸ਼ਨ, ਜਸਟਿਸ ਦੀਪਕ ਵਰਮਾ ਤੇ ਜਸਟਿਸ ਬੀ.ਐਸ.ਚੌਹਾਨ ਦੀ ਬੈਂਚ ਨੇ ਆਪਣਾ ਇਕ ਫੈਸਲਾ ਸੁਣਾਉਂਦਿਆਂ ਹਰਿਆਣਾ ਨੂੰ ਤੁਰੰਤ ਰਾਹਤ ਦੇਣ ਤੋਂ ਇਨਕਾਰ ਕਰਕੇ ਇਸ ਦੀ ਅਗਲੀ ਸੁਣਵਾਈ 16 ਜੁਲਾਈ ਤੈਅ ਕੀਤੀ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਅਪੀਲ ਦਾਇਰ ਕਰਕੇ ਭਾਖੜਾ ਨਹਿਰ ਦੀ ਮੁੱਖ ਲਾਈਨ 'ਤੇ ਪਾਣੀ ਕੱਢਣ ਦੀ ਇਜਾਜ਼ਤ ਮੰਗੀ ਸੀ ਤੇ ਇਸਦੇ ਨਾਲ ਹਰਿਆਣਾ ਸਰਕਾਰ ਨੇ ਸਮਾਣਾ ਦੇ ਨਾਲ ਲੱਗਦੇ ਹਰਿਆਣਾ ਦੇ ਪਿੰਡ ਅਜੀਮਗੜ੍ਹ 'ਚ ਰੈਗੂਲੇਟਰ ਲਗਾ ਕੇ ਭਾਖੜਾ ਨਹਿਰ ਤੋਂ ਪੰਕਚਰ ਲਗਾ ਕੇ ਪਾਣੀ ਕੱਢਣ ਦੀ ਪੂਰੀ ਯੋਜਨਾ ਤਿਆਰ ਕਰ ਲਈ ਸੀ। ਇਸ ਦੇ ਨਾਲ ਹੀ ਅਦਾਲਤ ਨੇ ਹਰਿਆਣਾ ਦੀ ਇਹ ਦਲੀਲ ਵੀ ਰੱਦ ਕਰ ਦਿੱਤੀ ਹੈ ਕਿ ਪੰਜਾਬ 'ਚੋਂ ਪਾਕਿਸਤਾਨ ਨੂੰ ਵਾਧੂ ਪਾਣੀ ਜਾ ਰਿਹਾ ਹੈ।

## ਸ਼ਹੀਦ ਭਗਤ ਸਿੰਘ ਨਾਲ ਸੰਬੰਧਤ 'ਲਾਹੌਰ ਕੇਸ ਦਸਤਾਵੇਜ਼' ਭਾਰਤ ਲਿਆਂਦੇ

**ਦੇਹਰਾਦੂਨ:** ਭਾਰਤੀ ਅੰਦੋਲਨ ਦੇ ਸਭ ਤੋਂ ਵਿਵਾਦਗ੍ਰਸਤ ਤੇ ਚਰਚਿਤ ਮੁਕੱਦਮੇ 'ਲਾਹੌਰ ਸਾਜ਼ਿਸ਼ ਕੇਸ' ਦੇ ਅਦਾਲਤੀ ਟਰਾਇਲ ਦੇ ਦਸਤਾਵੇਜ਼ ਪਹਿਲੀ ਵਾਰ ਭਾਰਤ ਲਿਆਂਦੇ ਜਾ ਰਹੇ ਹਨ। ਇਸ ਮੁਕੱਦਮੇ ਦੇ ਦਸਤਾਵੇਜ਼ ਦੀ ਕਾਪੀ ਲਾਹੌਰ ਹਾਈ ਕੋਰਟ ਨੇ ਹਰਿਦੁਆਰ ਸਥਿਤ ਗੁਰੂਕੁਲ ਕਾਂਗੜੀ ਯੂਨੀਵਰਸਿਟੀ ਨੂੰ ਸੌਂਪੀ ਹੈ। ਲੱਗਭਗ 2 ਹਜ਼ਾਰ ਪੰਨਿਆਂ ਵਾਲੇ ਇਨ੍ਹਾਂ ਦਸਤਾਵੇਜ਼ਾਂ ਨੂੰ ਯੂਨੀਵਰਸਿਟੀ ਨੇ ਬਹੁਤ ਹੀ ਸ਼ਰਧਾ ਨਾਲ ਅਜਾਇਬ ਘਰ 'ਚ ਰੱਖਿਆ ਹੈ।



ਵਰਣਨਯੋਗ ਹੈ ਕਿ 8 ਅਪ੍ਰੈਲ, 1929 ਨੂੰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਵਿਧਾਨ ਸਭਾ 'ਚ ਬੰਬ ਸੁੱਟਣ ਦੇ ਬਾਅਦ ਆਪ ਹੀ ਗ੍ਰਿਫਤਾਰੀ ਦੇ ਦਿੱਤੀ ਸੀ। ਉਨ੍ਹਾਂ ਦਾ ਮਕਸਦ ਸੀ ਅਦਾਲਤ ਨੂੰ ਮੰਚ ਬਣਾ ਕੇ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਚਾਰ ਕਰਨਾ। ਬਾਅਦ 'ਚ ਜਦੋਂ ਇਹ ਪਾਇਆ ਗਿਆ ਕਿ ਭਗਤ ਸਿੰਘ ਬ੍ਰਿਟਿਸ਼ ਪੁਲਸ ਅਧਿਕਾਰੀ ਜੇ ਪੀ ਸਾਂਡਰਸ ਦੀ ਹੱਤਿਆ 'ਚ ਸ਼ਾਮਲ ਸੀ, ਤਾਂ ਉਨ੍ਹਾਂ ਨੇ ਉਨ੍ਹਾਂ ਦੇ ਦੋ ਸਾਥੀਆਂ ਸੁਖਦੇਵ ਤੇ ਰਾਜਗੁਰੂ 'ਤੇ ਦੇਸ਼ ਧ੍ਰੋਹ ਦੇ ਨਾਲ ਨਾਲ ਹੱਤਿਆ ਦਾ ਵੀ ਮੁਕੱਦਮਾ ਚਲਾਇਆ। ਇਨ੍ਹਾਂ ਦਸਤਾਵੇਜ਼ਾਂ 'ਚ ਇਹ ਵੀ ਸ਼ਾਮਲ ਹੈ ਕਿ ਮੁਕੱਦਮਿਆਂ ਦੌਰਾਨ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀ ਕੀਤਾ ਸੀ, ਇਸਦੇ ਅਨੁਸਾਰ ਭਗਤ ਸਿੰਘ ਨੇ ਅਸੰਬਲੀ 'ਚ ਬੰਬ ਸੁੱਟਣ ਤੋਂ ਬਾਅਦ, ਜੋ ਪਰਚੇ ਸੁੱਟੇ ਸੀ, ਉਨ੍ਹਾਂ 'ਤੇ ਲਿਖਿਆ ਸੀ, 'ਕਿਸੇ ਆਦਮੀ ਨੂੰ ਮਾਰਿਆ ਜਾ ਸਕਦਾ ਹੈ, ਪਰ ਵਿਚਾਰਾਂ ਨੂੰ ਨਹੀਂ', 'ਵੱਡੇ ਸਾਮਰਾਜਾਂ ਦਾ ਪਤਨ ਹੋ ਜਾਂਦਾ ਹੈ, ਪਰ ਵਿਚਾਰ ਹਮੇਸ਼ਾ ਜ਼ਿੰਦਾ ਰਹਿੰਦੇ ਹਨ', 'ਬੋਲੇ ਹੋ ਚੁੱਕੇ ਲੋਕਾਂ ਨੂੰ ਸੁਣਾਉਣ ਲਈ ਉੱਚੀ ਆਵਾਜ਼ ਜ਼ਰੂਰੀ ਹੈ'। ਇਤਿਹਾਸਕਾਰ ਕਹਿੰਦੇ ਹਨ ਕਿ ਇਸ ਘਟਨਾ ਤੋਂ ਬਾਅਦ ਉਨ੍ਹਾਂ 'ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚੱਲਿਆ, ਜਿਸ ਨੇ ਇਕ ਵਾਰ ਤਾਂ ਪੂਰੇ ਬਰਤਾਨੀਆ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਦੇਸ਼ ਭਰ 'ਚ ਜਨਤਾ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਗਈ ਸੀ। ਯੂਨੀਵਰਸਿਟੀ ਦੇ ਵੀ ਸੀ ਪ੍ਰੋਫੈਸਰ ਸਵਤੰਤਰ ਕੁਮਾਰ ਇਨ੍ਹਾਂ ਦਸਤਾਵੇਜ਼ਾਂ ਨੂੰ ਭਾਰਤ ਲਿਆਂਦੇ ਜਾਣ ਨੂੰ ਵੱਡੀ ਉਪਲਬਧੀ ਮੰਨਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਲਈ ਇਹ ਬੜੇ ਫਖਰ ਵਾਲੀ ਗੱਲ ਹੈ। ਯੂਨੀਵਰਸਿਟੀ ਦੀ ਸਥਾਪਨਾ ਗੁੱਜਰਾਂਵਾਲਾ 'ਚ ਹੋਈ ਸੀ, ਜੋ ਹੁਣ ਪਾਕਿਸਤਾਨ 'ਚ ਹੈ ਅਤੇ ਪਾਕਿਸਤਾਨ ਦੇ ਮੁੱਖ ਜੱਜ ਦੇ ਬੁਲਾਵੇ 'ਤੇ ਲਾਹੌਰ ਗਏ ਸਨ। ਉਥੇ ਉਨ੍ਹਾਂ ਨੂੰ ਉਹ ਕਲਾਸ ਅਤੇ ਰਿਕਾਰਡ ਦਿਖਾਏ ਗਏ, ਜੋ ਇਸ ਮੁਕੱਦਮੇ ਨਾਲ ਜੁੜੇ ਹੋਏ ਹਨ। ਮੈਂ ਇਸ ਦੀ ਇੱਕ ਫੋਟੋ ਕਾਪੀ ਦੇਣ ਲਈ ਬੇਨਤੀ ਕੀਤੀ ਸੀ ਅਤੇ ਮੈਨੂੰ ਖੁਸ਼ੀ ਹੈ ਕਿ ਪਾਕਿਸਤਾਨ ਹਾਈ ਕੋਰਟ ਨੇ ਇਸਨੂੰ ਪ੍ਰਵਾਨ ਕਰ ਲਿਆ ਹੈ।

ਉਨ੍ਹਾਂ ਕਿਹਾ, ''ਕਈ ਵਾਰ ਆਦਮੀ ਕੰਮ ਕਰਦਾ ਹੈ ਅਤੇ ਉਸਨੂੰ ਉਸਦੇ ਨਤੀਜੇ ਦਾ ਪਤਾ ਨਹੀਂ ਹੁੰਦਾ, ਪਰ ਇਨ੍ਹਾਂ ਤਿੰਨ ਨੌਜਵਾਨਾਂ ਦਾ ਜਜ਼ਬਾ ਦੇਖ ਕੇ ਲੱਗਦਾ ਹੈ ਕਿ ਉਨ੍ਹਾਂ ਨੇ ਅੰਜਾਮ ਹੀ ਸਭ ਤੋਂ ਅੱਗੇ ਰੱਖਿਆ ਅਤੇ ਫਾਂਸੀ ਦੀ ਤਿਆਰੀ ਕੀਤੀ।'' 5 ਮਈ 1930 ਨੂੰ ਸ਼ੁਰੂ ਹੋਇਆ ਇਹ ਮੁਕੱਦਮਾ 11 ਸਤੰਬਰ, 1930 ਤੱਕ ਚੱਲਿਆ ਸੀ। ਇਤਿਹਾਸਕਾਰ ਕਹਿੰਦੇ ਹਨ ਕਿ ਇਹ ਮੁਕੱਦਮਾ ਇਸ ਲਈ ਵੀ ਮਹੱਤਵਪੂਰਨ ਸੀ, ਕਿਉਂਕਿ ਇਸ 'ਚ ਕਾਨੂੰਨੀ ਨਿਆਂ ਤਾਂ ਦੂਰ ਦੀ ਗੱਲ, ਨਿਆਂ ਦੀ ਪ੍ਰਕਿਰਿਆ ਸਿਧਾਂਤ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਗਿਆ। ਕਾਨੂੰਨ ਅਨੁਸਾਰ ਹਰ ਦੋਸ਼ੀ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਂਦਾ ਹੈ, ਪਰ ਇਨ੍ਹਾਂ ਦੇ ਕੇਸ 'ਚ ਅਜਿਹਾ ਨਹੀਂ ਕੀਤਾ ਗਿਆ। ਉਹ ਕਹਿੰਦੇ ਹਨ ਕਿ ਸਰਕਾਰ ਨੇ ਇਕ ਅਜਿਹਾ ਤਰੀਕਾ ਕੱਢਿਆ, ਜਿਸ ਦੀ ਮਦਦ ਨਾਲ ਸਰਕਾਰ ਬਿਨਾਂ ਕਿਸੇ ਮੁਸ਼ਕਲ ਦੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਵਿਰੁਧ ਕੇਸ ਚਲਾ ਸਕਦੀ ਸੀ। ਦੇਸ਼ 'ਚ ਬਰਤਾਨੀਆ ਸਰਕਾਰ ਦਾ ਕਾਫੀ ਵਿਰੋਧ ਹੋਇਆ। ਇਸਦੇ ਬਾਵਜੂਦ 23 ਮਾਰਚ 1931 ਨੂੰ ਇਨ੍ਹਾਂ ਤਿੰਨਾਂ ਦੇਸ਼ ਭਗਤਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਨ੍ਹਾਂ ਦਸਤਾਵੇਜ਼ਾਂ 'ਚ ਪੁਲਸ ਅਧਿਕਾਰੀਆਂ ਦਾ ਪੱਖ ਅਤੇ ਜੱਜਾਂ ਦੀਆਂ ਟਿੱਪਣੀਆਂ ਦੇ ਨਾਲ ਅਦਾਲਤ ਦੀ ਹਰ ਕਾਰਵਾਈ ਦਾ ਵਿਸਥਾਰ ਨਾਲ ਵਰਣਨ ਕੀਤਾ ਹੋਇਆ ਹੈ। ਜੱਜ ਦੇ ਫੈਸਲੇ ਸਮੇਤ ਪੂਰੀ ਕਾਰਵਾਈ ਫਾਰਸੀ 'ਚ ਲਿਖੀ ਗਈ ਹੈ। ਹਾਲਾਂਕਿ ਨਾਂਅ ਅੰਗਰੇਜ਼ੀ 'ਚ ਲਿਖਿਆ ਹੋਇਆ ਹੈ। ਮਿਊਜ਼ਿਅਮ ਦੇ ਨਿਰਦੇਸ਼ਕ ਡਾ. ਪ੍ਰਭਾਤ ਕਹਿੰਦੇ ਹਨ ਕਿ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲੈ ਕੇ ਕਈ ਧਾਰਨਾਵਾਂ ਅਤੇ ਮਾਨਤਾਵਾਂ ਹਨ ਅਤੇ ਉਨ੍ਹਾਂ ਦੇ ਅਧਿਐਨ 'ਚ ਇਹ ਦਸਤਾਵੇਜ਼ ਕਾਫੀ ਉਪਯੋਗੀ ਹੋਣਗੇ।

## ਮਿਸੀਸਿਪੀ 'ਚ ਸਮੁੰਦਰੀ ਤੂਫਾਨ

**ਯਾਜੋਸਿਟੀ :** ਦੱਖਣੀ ਅਮਰੀਕੀ ਰਾਜ ਮਿਸੀਸਿਪੀ 'ਚ ਆਏ ਤੂਫਾਨ ਨਾਲ 3 ਬੱਚਿਆਂ ਸਮੇਤ 10 ਲੋਕ ਮਾਰੇ ਗਏ, ਜਦਕਿ ਕਈ ਹੋਰ ਜ਼ਖ਼ਮੀ ਹੋ ਗਏ। ਇਸ ਤੂਫਾਨ ਨਾਲ ਘਰਾਂ ਦੀਆਂ ਛੱਤਾਂ ਉਡ ਗਈਆਂ ਅਤੇ ਵਾਹਨ ਪਲਟ ਗਏ। ਕਈ ਥਾਈਂ ਦਰਖ਼ਤ ਡਿੱਗਣ ਨਾਲ ਸੜਕੀ ਆਵਾਜਾਈ ਵੀ ਠੱਪ ਹੋ ਕੇ ਰਹਿ ਗਈ। ਮਿਸੀਸਿਪੀ ਦੇ ਇਕ ਬੁਲਾਰੇ ਗਰੇਗ ਫਿਲਨ ਨੇ ਕਿਹਾ ਕਿ ਚੋਕਤਾ ਕੌਂਟੀ 'ਚ 5 ਲੋਕ ਮਾਰੇ ਗਏ, ਜਿਨ੍ਹਾਂ 'ਚ 2 ਬੱਚੇ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਯਾਜੋ ਕੌਂਟੀ 'ਚ 4 ਅਤੇ ਹੋਲਮਸ ਕੌਂਟੀ 'ਚ ਇਕ ਵਿਅਕਤੀ ਮਾਰਿਆ ਗਿਆ।




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਿਟੀ ਅਤੇ ਸਸਤੀਆਂ ਦਰਾਂ ਤੇ

**ਮੈਡੀਕਲ ਇੰਸ਼ੋਰੈਂਸ**

ਅਤੇ ਲਾਈਫ ਇੰਸ਼ੋਰੈਂਸ

ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell:916-337-1683
Off :661-369-4865
Off :916-983-4890
Fax :916-984-0110
Fax :888-327-6115

NEW YORK LIFE

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP



# JAGDEEP SINGH
## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ
ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ
ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ



Jagdeep Singh
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave.
#300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



# GILL



# DIGITAL VIDEO

Harry Gill 209-648-9716
Jaji 916-470-9781




ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ,
ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ
ਦੇ ਸਮਾਗਮਾਂ ਲਈ ਵਧੀਆ ਅਤੇ
ਭਰੋਸੇਮੰਦ ਸੇਵਾਵਾਂ ਪ੍ਰਦਾਨ
ਕਰਦੇ ਹਾਂ ਇਕ
ਵਾਰ ਸੇਵਾ ਦਾ
ਮੌਕਾ ਜਰੂਰ ਦਿਓ



www.gilldigitalvideo.com
email: gillvideo@yahoo.com





M&J
ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ




MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING

Freeway 5 - 11401 Harlan Rd. Lathrop CA 95330
Across from Kenworth

Freeway 99 - 3327 South Hwy 99, Stockton CA 95215
**New & Used Tires & Truck Repair Service Available**

Hardeep Singh Cell:209-450-8981
Off :209-456-0182

# ਆਖਿਰ ਸਿੱਖ ਗੁਰਦੁਆਰਿਆਂ 'ਚ ਹੀ ਲੜਾਈ ਝਗੜੇ ਕਿਉਂ ਹੁੰਦੇ?

**-ਜਤਿੰਦਰ ਪਨੂੰ**

'ਜਾਤ ਗੋਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰ ਤੇ ਮੰਗਾ।' ਇਹ ਸਤਰਾਂ ਜਦੋਂ ਇੱਕ ਸਿੱਖ ਵਿਦਵਾਨ ਨੇ ਦੋ ਕੁ ਸਦੀਆਂ ਪਹਿਲਾਂ ਲਿਖੀਆਂ ਸਨ, ਉਸ ਦਾ ਮਨ ਹਾਲਾਤ ਦੇ ਵਹਿਣ ਕਾਰਨ ਸਚਮੁਚ ਏਨਾ ਦੁਖੀ ਹੋਵੇਗਾ ਕਿ ਇਹ ਹੁੱਲੜਬਾਜ਼ੀ ਉਸ ਕੋਲੋਂ ਬਰਦਾਸ਼ਤ ਨਹੀਂ ਕੀਤੀ ਜਾ ਰਹੀ ਹੋਵੇਗੀ। ਦੌਰ ਉਹ ਸਿੱਖ ਮਿਸਲਾਂ ਦਾ ਸੀ। ਮਿਸਲਾਂ ਦੇ ਮੁਖੀ ਉਸੇ ਗੁਰੂ ਦੇ ਨਾਮ-ਲੇਵੇ ਸਨ, ਜਿਹੜਾ ਸਰਬੰਸ ਵਾਰ ਗਿਆ ਸੀ। ਜਾਨਾਂ ਵਾਰਨ ਨੂੰ ਤਾਂ ਇਹ ਵੀ ਤਿਆਰ ਸਨ, ਪਰ ਸਰਬੱਤ ਦੇ ਭਲੇ ਜਾਂ ਸਿੱਖੀ ਸੋਚ ਦੇ ਪਸਾਰ ਲਈ ਨਹੀਂ, ਆਪੋ ਆਪਣੀ ਮਿਸਲ ਨੂੰ ਦੂਜੀਆਂ ਉੱਤੇ ਭਾਰੂ ਕਰਨ ਵਾਸਤੇ ਕਮਰ ਕੱਸੇ ਕਰੀ ਫਿਰਦੇ ਸਨ। ਇਤਿਹਾਸ ਗਵਾਹ ਹੈ ਕਿ ਸਿੱਖ ਸਰਦਾਰਾਂ ਨੇ ਇਕ ਦੂਜੇ ਦੇ ਵਿਰੁਧ ਜਾਨ-ਹੂਲਵੀਆਂ ਜੰਗਾਂ ਖੁਦ ਹੀ ਨਹੀਂ ਲੜੀਆਂ, ਕੁਝਨਾਂ ਨੇ ਸਿੱਖਾਂ ਦੇ ਖ਼ਿਲਾਫ਼ ਲੜਦੇ ਅਬਦਾਲੀ ਵਰਗਿਆਂ ਦਾ ਸਾਥ ਦੇਣ ਤੋਂ ਵੀ ਝਿਜਕ ਨਹੀਂ ਸੀ ਵਿਖਾਈ। ਪਹਾੜਾ ਸਿੰਘ ਨੂੰ ਫ਼ਿਰੰਗੀਆਂ ਦਾ ਯਾਰ ਕਹਿ ਕੇ ਸ਼ਾਹ ਮੁਹੰਮਦ ਤੋਂ ਲੈ ਕੇ ਹੁਣ ਤੱਕ ਦੇ ਲਿਖਾਰੀਆਂ ਤੱਕ ਸਾਰੇ ਭੰਡਦੇ ਹਨ, ਪਰ ਅੰਗਰੇਜ਼ਾਂ ਦੀ ਸ਼ਰਨ ਉਸਦਾ ਪਰਵਾਰ ਲਾਹੌਰ ਵਾਲੇ ਮਹਾਰਾਜੇ ਰਣਜੀਤ ਸਿੰਘ ਦੀ ਕੁੱਟ ਅਤੇ ਲੁੱਟ ਤੋਂ ਡਰਦਾ ਗਿਆ ਸੀ, ਓਦਾਂ ਸ਼ਾਇਦ ਕਦੇ ਨਾ ਹੀ ਜਾਂਦਾ। ਜੋ ਵਿਹਾਰ ਸਿੱਖ ਆਗੂਆਂ ਦਾ ਓਦੋਂ ਸੀ, ਉਹ ਵਿਹਾਰ ਉਸ ਤੋਂ ਬਾਅਦ ਵੀ ਰਿਹਾ ਤੇ ਹੁਣ ਉਡਾਰੀਆਂ ਲਾ ਕੇ ਦੁਨੀਆ ਦੇ ਦੂਜੇ ਸਿਰ ਤੱਕ ਵੀ ਜਾ ਪੁੱਜਾ ਹੈ।

ਕੁਝ ਸਾਲ ਪਹਿਲਾਂ ਫ਼ਰਾਂਸ ਵਿਚ ਪੱਗ ਉੱਤੇ ਪਾਬੰਦੀ ਲਾਏ ਜਾਣ ਦੇ ਸਰਕਾਰੀ ਕਦਮ ਵਿਰੁਧ ਪੰਜਾਬ ਦੇ ਲੋਕ ਰੋਸ ਕਰਦੇ ਸਨ। ਪੱਗ ਇਕੱਲੇ ਸਿੱਖਾਂ ਦੀ ਨਹੀਂ, ਪੰਜਾਬੀਆਂ ਦੀ ਸਾਂਝੀ ਵਿਰਾਸਤ ਵੀ ਹੈ। ਇਸਦੇ ਹੱਕ ਵਿਚ ਸਿਰਫ ਸਿੱਖ ਜਥੇਬੰਦੀਆਂ ਵਾਲੇ ਨਹੀਂ, ਉਨ੍ਹਾਂ ਤੋਂ ਹਟਵੇਂ ਕਈ ਸੰਗਠਨ ਵੀ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਤੇ ਅਕਾਲੀ ਦਲਾਂ ਦੀ ਦਲ-ਦਲ ਦੇ ਆਗੂ ਭਾਰਤ ਸਰਕਾਰ ਨੂੰ ਹੀ ਕਹਿੰਦੇ ਰਹੇ ਕਿ ਉਹ ਕੁਝ ਨਹੀਂ ਕਰਦੀ, ਪਰ ਆਪ ਐਲਾਨ ਕਰ ਕੇ ਵੀ ਇਕ ਵਫ਼ਦ ਫ਼ਰਾਂਸ ਨੂੰ ਨਹੀਂ ਭੇਜ ਸਕੇ ਸਨ। ਇੱਕ ਵਾਰੀ ਵਫ਼ਦ ਤਿਆਰ ਹੋ ਕੇ ਰਾਜਾਸਾਂਸੀ ਹਵਾਈ ਅੱਡੇ ਨੂੰ ਜਾਣ ਵੇਲੇ ਮਤਭੇਦਾਂ ਦਾ ਸ਼ਿਕਾਰ ਹੋ ਜਾਣ ਕਾਰਨ ਰੋਕ ਦਿੱਤਾ ਗਿਆ ਸੀ। ਐਨ ਉਹਨੀਂ ਦਿਨੀਂ ਉਨ੍ਹਾਂ ਨੇ ਇਕ ਮਾਹਰਕਾ ਹੋਰ ਮਾਰ ਦਿੱਤਾ, ਜਿਸਨੇ ਜਲੂਸ ਕੱਢ ਕੇ ਰੱਖ ਦਿੱਤਾ ਸੀ।

ਅੰਮ੍ਰਿਤਸਰ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਮੰਜੀ ਸਾਹਿਬ ਦੀ ਸਟੇਜ ਉੱਤੇ ਇੱਕ ਪੰਥਕ ਇਕੱਠ ਹੋਇਆ ਸੀ। ਓਥੇ ਤਕਰੀਰਾਂ ਤੋਂ ਝਗੜਾ ਹੋ ਗਿਆ। ਅਕਾਲੀ ਲੀਡਰ-ਪੱਗੋ ਹੱਥੀ ਹੋ ਗਏ। ਸ਼ਾਂਤੀ ਵਰਤਣ ਮਗਰੋਂ ਵੀ ਕੁਝ ਲੀਡਰਾਂ ਦੀਆਂ ਲੱਥੀਆਂ ਪੱਗਾਂ ਲਾਹੁਣ ਵਾਲਿਆਂ ਨੇ ਵਾਪਸ ਨਹੀਂ ਸਨ ਕੀਤੀਆਂ। ਤਸਵੀਰਾਂ ਉਹ ਅਖ਼ਬਾਰਾਂ ਵਿਚ ਛੱਪ ਗਈਆਂ। ਓਥੋਂ ਇਹ ਪੈਰਿਸ ਪਹੁੰਚ ਗਈਆਂ। ਸਾਨੂੰ ਫ਼ਰਾਂਸ ਦੇ ਇਕ ਅਖ਼ਬਾਰ ਦੀ ਕਤਰਨ ਕਿਸੇ ਨੇ ਭੇਜੀ, ਜਿਸ ਵਿਚ ਅੰਮ੍ਰਿਤਸਰ ਵਿਚ ਲੱਥੀਆਂ ਪੱਗਾਂ ਦੀਆਂ ਤਸਵੀਰਾਂ ਛਾਪ ਕੇ ਹੇਠਾਂ ਜੋ ਕੁਝ ਫ਼ਰੈਂਚ ਭਾਸ਼ਾ 'ਚ ਲਿਖਿਆ ਸੀ, ਉਸ ਦਾ ਅਨੁਵਾਦ ਚਿੱਠੀ ਭੇਜਣ ਵਾਲੇ ਨੇ ਇਹ ਲਿਖਿਆ ਸੀ- 'ਇਹੋ ਪੱਗ ਸਿਰ ਉੱਤੇ ਰੱਖਣ ਲਈ ਸਿੱਖ ਆਗੂ ਸਤਿਕਾਰ ਦਾ ਸਵਾਲ ਖੜਾ ਕਰਦੇ ਹਨ, ਜਿਹੜੀ ਸਿੱਖਾਂ ਦੇ ਮੁੱਖ ਕੇਂਦਰ ਹਰਮੰਦਰ ਸਾਹਿਬ ਵਿਚ ਸਿੱਖ ਆਗੂਆਂ ਦੇ ਪੈਰਾਂ ਵਿਚ ਰੋਲੀ ਜਾ ਰਹੀ ਹੈ।' ਕੋਈ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਇਸ ਨਾਲ ਬਾਹਰ ਵਸਦੇ ਸਿੱਖਾਂ ਤੇ ਨਾਲ ਦੀ ਨਾਲ ਪੰਜਾਬੀਆਂ ਦਾ ਮਾਣ ਕਿੰਨਾ ਕੁ ਵਧਿਆ ਹੋਵੇਗਾ।

ਫਿਰ ਉਨ੍ਹਾਂ ਹੀ ਦਿਨਾਂ ਵਿਚ ਫ਼ਰਾਂਸ ਦੇ ਇੱਕ ਗੁਰਦੁਆਰੇ ਦਾ ਝਗੜਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਆਣ ਪੁੱਜਾ। ਹੋਇਆ ਇਹ ਕਿ ਓਥੇ ਬਾਕਾਇਦਾ ਅਜਲਾਸ ਵਿਚ ਸਿੱਖਾਂ ਨੇ ਇੱਕ ਗੁਰਦੁਆਰਾ ਕਮੇਟੀ ਬਣਾ ਲਈ ਸੀ। ਕਮੇਟੀ ਦੀ ਰਜਿਸਟਰੇਸ਼ਨ ਕਰਾਉਣ ਤੋਂ ਪਹਿਲਾਂ ਕੁਝ ਬੰਦੇ, ਜੋ ਆਗੂ ਮੰਨੇ ਗਏ ਸਨ, ਭਾਰਤ ਦੌਰੇ 'ਤੇ ਆ ਗਏ।

ਉਨ੍ਹਾਂ ਦੀ ਵਾਪਸੀ ਤੱਕ ਇੱਕ ਤਰਫ਼ਾ ਗੁਰਦੁਆਰਾ ਕਮੇਟੀ ਦੀ ਰਜਿਸਟਰੇਸ਼ਨ ਉਨ੍ਹਾਂ ਨੇ ਕਰਵਾਈ ਪਈ ਸੀ, ਜਿਨ੍ਹਾਂ ਨੂੰ ਸੰਗਤ ਗੁਰਦੁਆਰਾ ਪ੍ਰਬੰਧ ਦੇ ਯੋਗ ਨਹੀਂ ਸੀ ਸਮਝਦੀ। ਕਿਉਂਕਿ ਉਹ ਪਹਿਲੀ ਕਮੇਟੀ ਵਜੋਂ ਰਜਿਸਟਰੇਸ਼ਨ ਕਰਵਾ ਚੁੱਕੇ ਸਨ, ਕਾਨੂੰਨ ਲਾਗੂ ਕਰਨ ਦੀਆਂ ਏਜੰਸੀਆਂ ਓਸੇ ਨੂੰ ਮਾਨਤਾ ਦੇਂਦੀਆਂ ਸਨ ਤੇ ਰੋਕ ਦੂਜਿਆਂ 'ਤੇ ਲਾਈ ਪਈ ਸੀ। ਇਹਨਾਂ ਹੀ ਦਿਨਾਂ ਵਿਚ ਫ਼ਰਾਂਸ ਦੇ ਨਾਲ ਲੱਗਦੇ ਦੋ ਦੇਸ਼ਾਂ ਦੇ ਗੁਰਦੁਆਰਿਆਂ ਵਿਚ ਵੀ ਝੂਠੇ ਵਿਆਹਾਂ ਤੇ ਕਬੂਤਰਬਾਜ਼ੀ ਦਾ ਰੌਲਾ ਪੈ ਕੇ ਪੱਗਾਂ ਲਾਹੁਣ-ਲੁਹਾਉਣ ਦੀ ਰਸਮ ਪੂਰੀ ਹੋ ਗਈ ਸੀ।

ਪਿਛਲੇ ਸਾਲਾਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਅਸੀਂ ਕਈ ਹੋਰਨੀਂ ਥਾਈਂ ਵੀ ਹੁੰਦੀਆਂ ਸੁਣੀਆਂ, ਪਰ ਸਭ ਤੋਂ ਵਧ ਸ਼ਰਮਨਾਕ ਹਰਕਤਾਂ ਅਮਰੀਕਾ ਤੇ ਉਸਦੇ ਆਂਢ-ਗੁਆਂਢ ਹੀ ਵਾਪਰਦੀਆਂ ਰਹੀਆਂ ਹਨ। ਓਥੇ ਚੁਣੀਆਂ ਹੋਈਆਂ ਗੁਰਦੁਆਰਾ ਕਮੇਟੀਆਂ ਦੇ ਮੁਕਾਬਲੇ ਗੁਰਦੁਆਰਾ ਕਮੇਟੀਆਂ ਹੀ ਨਹੀਂ, ਸਗੋਂ ਗੁਰਦੁਆਰੇ ਦੇ ਮੁਕਾਬਲੇ ਕਿਸੇ ਦੁਕਾਨ ਵਿਚ ਹਰ ਐਤਵਾਰ ਆਰਜ਼ੀ ਗੁਰਦੁਆਰਾ ਚਲਾਏ ਜਾਣ ਦੀਆਂ ਖ਼ਬਰਾਂ ਵੀ ਆਈਆਂ ਸਨ। ਫੰਡਾਂ ਦੇ ਘਾਲੇ-ਮਾਲੇ ਵੀ ਬਹੁਤ ਜ਼ਿਆਦਾ ਹੋਏ ਸਨ। ਤੱਤ ਖਾਲਸਾ ਤੇ ਬੰਦਈ ਖਾਲਸਾ ਤਾਂ ਤਿੰਨ ਸਦੀਆਂ ਪੁਰਾਣੀ ਗੱਲ ਸੀ, ਭਾਰਤ-ਪੱਖੀ ਤੇ ਭਾਰਤ-ਵਿਰੋਧੀ ਦੇ ਨਾਂਅ ਉੱਤੇ ਵਿਦੇਸ਼ ਵੱਸਦੇ ਸਿੱਖਾਂ ਦੇ ਧੜੇ ਬਣਾਏ ਜਾਂਦੇ ਵੀ ਵੇਖੇ ਗਏ।

ਕੁਝ ਚਿਰ ਮਾਹੌਲ ਸ਼ਾਂਤ ਰਹਿਣ ਮਗਰੋਂ ਹੁਣ ਫਿਰ ਇਕ ਦਮ ਘਟਨਾਵਾਂ ਵਿਚ ਤੇਜ਼ੀ ਆ ਗਈ ਹੈ। ਬਦਕਿਸਮਤੀ ਨਾਲ ਇਸ ਵਾਰੀ ਫਿਰ ਇਹੋ ਜਿਹੀਆਂ ਘਟਨਾਵਾਂ ਅਮਰੀਕਾ ਦੇ ਆਂਢ-ਗੁਆਂਢ ਦੇ ਦੇਸ਼ਾਂ ਵਿਚ, ਖਾਸ ਕਰਕੇ ਕੈਨੇਡਾ ਵਿਚ, ਵਧ ਵਾਪਰ ਰਹੀਆਂ ਹਨ। ਕਈ ਲੋਕ ਕਹਿੰਦੇ ਹਨ ਕਿ ਭਾਰਤ-ਪੱਖੀ ਤੇ ਭਾਰਤ-ਵਿਰੋਧੀ ਘਟਨਾਵਾਂ ਨੂੰ ਛੱਡ ਲਈਏ ਤਾਂ ਬਹੁਤੇ ਥਾਈਂ ਭਾਰਤ ਨਾਲੋਂ ਵੱਖ ਹੋ ਕੇ 'ਸਿੱਖਾਂ ਦਾ ਆਪਣਾ ਦੇਸ਼' ਸਿਰਜਣ ਦੇ ਨਾਹਰੇ ਲਾਉਣ ਵਾਲੇ ਆਪੋ ਵਿਚ ਹੀ ਲੜਦੇ ਮਿਲਦੇ ਹਨ। ਵੈਨਕੂਵਰ ਦੇ ਵੱਖਰੇ ਹਾਲਾਤ ਹਨ ਤੇ ਉਨ੍ਹਾਂ ਹਾਲਾਤ ਵਿਚ ਗੁਰਦੁਆਰਾ ਪ੍ਰਬੰਧ ਦੇ ਮੌਜੂਦਾ ਮੋਹਰੀਆਂ ਦੇ ਪੱਲੇ ਇਕ ਤਰ੍ਹਾਂ ਨਾਲ ਨਮੋਸ਼ੀ ਹੀ ਪਈ ਹੈ।

ਉਨ੍ਹਾਂ ਨੇ ਕਨੇਡਾ ਦੇ ਨਾਗਰਿਕਾਂ ਦੇ ਦੋ ਚੁਣੇ ਹੋਏ ਪ੍ਰਤੀਨਿਧਾਂ ਉਜਲ ਦੁਸਾਂਝ ਅਤੇ ਦੇਵ ਹੇਅਰ ਬਾਰੇ ਜੋ ਊਲ-ਜਲੂਲ ਗੱਲਾਂ ਕਹਿ ਦਿੱਤੀਆਂ, ਉਹ ਪੰਜਾਬ ਵਿਚ ਤਾਂ ਕਿਸੇ ਨੇ ਗੌਲਣੀਆਂ ਨਹੀਂ ਸਨ, ਪਰ ਕਨੇਡੀਅਨ ਸਮਾਜ ਉਨ੍ਹਾਂ ਨੂੰ ਹਜ਼ਮ ਨਹੀਂ ਸੀ ਕਰ ਸਕਦਾ। ਬਦਲੇ ਹੋਏ ਹਾਲਾਤ ਵਿਚ ਜਦੋਂ ਸਰਕਾਰ ਦਾ ਰੁਖ ਸਖ਼ਤ ਵੇਖਿਆ ਤਾਂ ਉਨ੍ਹਾਂ ਨੂੰ ਇਸ ਬਾਰੇ ਮਾਫ਼ੀ ਵੀ ਮੰਗਣੀ ਪੈ ਗਈ। ਇਸ ਨਾਲ ਜਿਹੜੀ ਹਾਨੀ ਹੋਈ ਹੈ, ਉਹ ਉਨ੍ਹਾਂ ਬੇਹੂਦਗੀ ਕਰਨ ਵਾਲਿਆਂ ਦੀ ਇਕੱਲਿਆਂ ਦੀ ਨਹੀਂ, ਸਗੋਂ ਸਿੱਖਾਂ ਅਤੇ ਪੰਜਾਬੀਆਂ ਬਾਰੇ ਵੀ ਕਨੇਡੀਅਨ ਸਮਾਜ ਵਿਚ ਮਾੜਾ ਪ੍ਰਭਾਵ ਜਾ ਸਕਦਾ ਹੈ। ਕੱਲ੍ਹ ਤੱਕ ਉਨ੍ਹਾਂ ਨੂੰ ਕੋਈ ਜਾਣਦਾ ਨਹੀਂ ਸੀ, ਅੱਜ ਉਹ ਲੀਡਰ ਹਨ, ਭਲਕ ਨੂੰ ਸ਼ਾਇਦ ਇਹਨਾਂ ਅਹੁਦਿਆਂ ਉੱਤੇ ਨਾ ਵੀ ਹੋਣਗੇ, ਲੋਕ ਉਨ੍ਹਾਂ ਨੂੰ ਤਾਂ ਭੁੱਲ ਜਾਣਗੇ, ਇਹ ਨਹੀਂ ਭੁੱਲ ਸਕਣਗੇ ਕਿ ਸਿੱਖਾਂ ਦੇ ਲੀਡਰਾਂ ਵਿਚੋਂ ਕਿਸੇ ਨੇ ਮੁਲਕ ਦੇ ਸੱਭਿਅਕ ਕਾਨੂੰਨ ਦਾ ਸਤਿਕਾਰ ਛੱਡ ਕੇ ਚੁਣੇ ਹੋਏ ਪ੍ਰਤੀਨਿਧਾਂ ਬਾਰੇ ਆਹ ਕੁਝ ਕਹਿਣ ਦੀ ਗੁਸਤਾਖ਼ੀ ਕੀਤੀ ਸੀ।

ਜ਼ਖ਼ਮ ਤਾਂ ਜ਼ਬਾਨ ਦਾ ਵੀ ਕਈ ਵਾਰੀ ਕ੍ਰਿਪਾਨ ਤੋਂ ਵਧ ਖੋਪਾ ਪਾਊ ਹੁੰਦਾ ਹੈ, ਪਰ ਕਨੇਡਾ ਦੇ ਟੋਰਾਂਟੋ-ਮਹਾਂਨਗਰ ਨਾਲ ਜੁੜਦੇ ਦੋ ਕੁ ਛੋਟੇ ਸ਼ਹਿਰਾਂ ਅੰਦਰ ਗੁਰਦੁਆਰਾ ਪ੍ਰਬੰਧ ਦਾ ਝਗੜਾ ਇਸ ਤੋਂ ਵੀ ਅਗੇ ਵਧ ਗਿਆ। ਓਥੇ ਕੁਝ ਲੋਕਾਂ ਨੇ ਗਾਤਰੇ ਦੀ ਕਿਰਪਾਨ ਵੀ ਆਪੋ ਵਿਚ ਇੱਕ ਦੂਜੇ ਵਿਰੁਧ ਹਥਿਆਰ ਦੇ ਤੌਰ 'ਤੇ ਵਰਤੀ। ਗੁਰੂ ਦਸਮੇਸ਼ ਦੇ ਦਿੱਤੇ ਪੰਜ ਕੱਕਿਆਂ ਵਿਚ ਸ਼ਾਮਲ ਇਹ ਕੱਕਾ ਕਿਸੇ ਜ਼ਾਲਮ ਤੋਂ ਕਿਸੇ ਮਜ਼ਲੂਮ ਦੀ ਰਾਖੀ ਲਈ ਨਹੀਂ, ਆਪਣੇ ਭਾਈਬੰਦ 'ਪੰਜ ਕੱਕਾਰ' ਦੇ ਧਾਰਨੀਆਂ ਵਿਰੁਧ ਵਰਤਿਆ ਗਿਆ। ਨਤੀਜੇ ਵਜੋਂ ਓਥੇ ਕੁਝ ਲੋਕਾਂ ਨੇ ਕ੍ਰਿਪਾਨ ਉੱਤੇ ਪਾਬੰਦੀ ਦੀ ਮੰਗ ਚੁੱਕ ਦਿੱਤੀ ਹੈ। ਭਾਰਤ ਤੱਕ ਪੁੱਜੀਆਂ ਖ਼ਬਰਾਂ ਮੁਤਾਬਕ ਇਸ ਕੇਸ ਦੀ ਅਦਾਲਤੀ ਕਾਰਵਾਈ ਮੌਕੇ ਗਾਤਰੇ ਦੀ ਕ੍ਰਿਪਾਨ ਨਾਲ ਅਦਾਲਤ ਵਿਚ ਜਾਣ ਤੋਂ ਸਿੱਖਾਂ ਨੂੰ ਰੋਕ ਦਿੱਤਾ ਗਿਆ। ਜੇ ਪਹਿਲਾਂ ਨਹੀਂ ਸੀ ਰੋਕਿਆ ਜਾਂਦਾ ਤੇ ਹੁਣ ਰੋਕਿਆ ਜਾਣ ਲੱਗਾ ਹੈ ਤਾਂ ਇਸ ਦੇ ਲਈ ਹਾਲਾਤ ਸਿੱਖ ਆਗੂਆਂ ਨੇ ਆਪ ਪੈਦਾ ਕੀਤੇ ਹਨ।

ਇਹ ਕੋਈ ਧਰਮ ਦੀ ਲੜਾਈ ਨਹੀਂ, ਸਾਰੀ ਖਹਿਬੜ ਗੋਲਕਾਂ ਉੱਤੇ ਕਬਜ਼ੇ ਲਈ ਹੋ ਰਹੀ ਹੈ ਤੇ ਜਿੱਥੇ ਜਿੰਨੀ ਗੋਲਕ ਦੀ ਆਮਦਨ ਵਧ ਹੈ, ਓਨਾ ਹੀ ਝਗੜਾ ਵਧ ਤਿੱਖਾ ਹੋ ਰਿਹਾ ਹੈ। ਕਈ ਸਾਲ ਪਹਿਲਾਂ ਕਿਸੇ ਲੇਖਕ ਨੇ ਸਿੱਖਾਂ ਨੂੰ ਸੁਝਾਅ ਦਿੱਤਾ ਸੀ ਕਿ ਗੁਰਦੁਆਰੇ ਜਾ ਕੇ ਭਾਰਤ ਵਿਚ ਸਿਰਫ ਇੱਕ ਪੈਸਾ ਤੇ ਵਿਦੇਸ਼ ਵਿਚ ਸਿਰਫ ਇੱਕ ਪੈਨੀ ਚੜ੍ਹਾਉਣੀ ਚਾਹੀਦੀ ਹੈ ਤੇ ਜੇ ਵਧ ਪੈਸੇ ਦੇਣ ਦਾ ਇਰਾਦਾ ਹੋਵੇ ਤਾਂ ਗੁਰੂ ਦਾ ਨਾਂਅ ਲੈ ਕੇ ਕਿਸੇ ਭਲੇ ਦਾ ਕਾਰਜ ਕਰ ਰਹੀ ਪਿੰਗਲਵਾੜਾ ਆਦਿ ਵਰਗੀ ਸੰਸਥਾ ਨੂੰ ਭੇਜਣਾ ਆਰੰਭ ਕਰ ਦੇਣਾ ਚਾਹੀਦਾ ਹੈ। ਉਸ ਲੇਖਕ ਦੀ ਰਾਇ ਸੀ ਕਿ ਗੁਰੂ ਤਾਂ ਦਾਤਾ ਹੈ ਉਹ ਲੋਕਾਂ ਤੋਂ ਪੈਸੇ ਦੀ ਝਾਕ ਰੱਖਣ ਵਾਲਾ ਨਹੀਂ ਹੋ ਸਕਦਾ, ਇਸ ਕਰਕੇ ਘੱਟ ਪੈਸੇ ਮੱਥਾ ਟੇਕਣ ਨਾਲ ਵੀ ਰੁੱਸੇਗਾ ਨਹੀਂ, ਪਰ ਜਿਹੜੇ ਗੋਲਕਾਂ ਦੁਆਲੇ ਕੁੰਡਲੀਆਂ ਮਾਰਨ ਤੋਂ ਲੜਦੇ ਹਨ, ਚੜ੍ਹਾਵਾ ਘਟਣ ਨਾਲ ਇਹਨਾਂ ਦੀ ਗਿਣਤੀ ਕੁਝ ਘਟ ਜਾਵੇਗੀ। ਰਾਏ ਉਸਦੀ ਮੰਨਣੀ ਹੈ ਜਾਂ ਨਹੀਂ, ਇਹ ਸਿੱਖਾਂ ਦੀ ਮਰਜ਼ੀ ਉੱਤੇ ਨਿਰਭਰ ਕਰੇਗਾ, ਪਰ ਇਸ ਵਿਚ ਵਜ਼ਨ ਤਾਂ ਹੈ।

ਧਰਮ ਅਸਥਾਨਾਂ ਅੰਦਰ ਹੁੰਦੇ ਇਹਨਾਂ ਝਗੜਿਆਂ ਦੇ ਸੰਬੰਧ ਵਿਚ ਅਸੀਂ ਦੋ ਗੱਲਾਂ ਕਹਿਣੀਆਂ ਚਾਹੁੰਦੇ ਹਾਂ। ਪਹਿਲੀ ਇਹ ਕਿ ਇਸ ਜਟਵੇਂਡਪੁਣੇ ਤੋਂ ਪਾਸਾ ਵੱਟ ਕੇ ਜਿਹੜੇ ਗੁਰਦੁਆਰੇ ਕੁਝ ਸਮਾਜੀ ਭਾਈਚਾਰਿਆਂ ਨੇ ਵੱਖਰੇ ਬਣਾ ਲਏ ਹਨ, ਓਥੇ ਕਦੇ ਲੜਾਈਆਂ ਨਹੀਂ ਹੁੰਦੀਆਂ, ਜਾਂ ਬਹੁਤ ਹੀ ਘੱਟ ਹੁੰਦੀਆਂ ਹਨ। ਥਾਂ-ਥਾਂ ਰਾਮਗੜ੍ਹੀਆ ਸਿੰਘ ਸਭਾ ਦੇ ਗੁਰਦੁਆਰੇ ਦੇਸ਼ ਵਿਚ ਵੀ ਹਨ, ਵਿਦੇਸ਼ਾਂ ਵਿਚ ਵੀ, ਪਰ ਉਨ੍ਹਾਂ ਵਿਚ ਡਾਂਗ ਖੜਕਦੀ ਕਦੇ ਸੁਣੀ ਹੀ ਨਹੀਂ ਜਾਂਦੀ। ਇੰਜ ਹੀ ਹਿੰਦੂ ਮੰਦਰਾਂ ਆਦਿ ਵਿਚ ਵੀ ਖ਼ੂਨ-ਖ਼ਰਾਬੇ ਦੀ ਨੌਬਤ ਆਉਂਦੀ ਕਿਸੇ ਦੇ ਚੇਤੇ ਵਿਚ ਨਹੀਂ ਜਾਪਦੀ। ਸਿੱਖ ਭਾਈਚਾਰੇ ਨੂੰ ਸੋਚਣਾ ਪਵੇਗਾ ਕਿ ਆਖਰ ਉਨ੍ਹਾਂ ਦੇ ਲੀਡਰਾਂ ਨੂੰ ਹੀ 'ਗੁਰੂ ਕਾ ਧਾਨ' ਛਕਣ ਕਰ ਕੇ ਅੱਚਵੀ ਕਿਉਂ ਲੜਦੀ ਹੈ?

ਤੇ ਦੂਜੀ ਗੱਲ ਇਹ ਕਿ ਇੱਕ ਕਥਾ ਅਸਾਂ ਸਾਰਿਆਂ ਨੇ ਸੁਣੀ ਹੋਈ ਹੈ ਕਿ ਗੁਰੂ ਸਾਹਿਬ ਇਕ ਪਿੰਡ ਗਏ ਸਨ, ਜਿੱਥੋਂ ਦੇ ਲੋਕਾਂ ਨੇ ਸੇਵਾ ਬਹੁਤ ਕੀਤੀ ਤੇ ਜਾਣ ਲੱਗੇ ਗੁਰੂ ਸਾਹਿਬ ਨੇ ਕਹਿ ਦਿੱਤਾ ਸੀ, 'ਉਜੜ ਜਾਓ।' ਅਗਲੇ ਪਿੰਡ ਵਾਲਿਆਂ ਨੇ ਪਾਣੀ ਤੱਕ ਨਾ ਪੁੱਛਿਆ ਤੇ ਗੁਰੂ ਸਾਹਿਬ ਇਹ ਵਰ ਦੇ ਗਏ ਸਨ, 'ਤੁਸੀਂ ਵੱਸਦੇ ਰਹੋ।' ਇਸ ਅਜੀਬ ਕੌਤਕ ਨੂੰ ਵੇਖ ਕੇ ਮਰਦਾਨੇ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਸੇਵਾ ਕਰਨ ਵਾਲਿਆਂ ਨੂੰ ਉੱਜੜ ਜਾਣ ਤੇ ਪਾਣੀ ਨਾ ਪੁੱਛਣ ਵਾਲਿਆਂ ਨੂੰ ਵੱਸਦੇ ਰਹਿਣ ਦਾ ਵਰ ਕਿਉਂ ਦਿੱਤਾ ਹੈ? ਗੁਰੂ ਸਾਹਿਬ ਨੇ ਕਿਹਾ ਸੀ, 'ਸੇਵਾ ਭਾਵਨਾ ਵਾਲੇ ਲੋਕ ਉਜੜ ਕੇ ਜਾਂ ਉੱਠ ਕੇ ਜਿੱਥੇ ਵੀ ਨਵੀਂ ਥਾਂ ਜਾਣਗੇ, ਆਪਣੇ ਵਰਗੀ ਮਹਿਕ ਓਥੇ ਵੀ ਜਾ ਕੇ ਪੈਦਾ ਕਰਨਗੇ, ਏਦਾਂ ਦੇ ਲੋਕ ਹੋਰ ਬਣਨਗੇ, ਪਰ ਜਿਨ੍ਹਾਂ ਦੇ ਮਨ ਵਿਚ ਮੈਲ ਹੈ, ਕੋਈ ਸੇਵਾ ਦੀ ਭਾਵਨਾ ਹੀ ਨਹੀਂ, ਉਹ ਏਥੇ ਹੀ ਵੱਸਦੇ ਰਹਿਣ ਤਾਂ ਚੰਗਾ ਹੈ, ਵਰਨਾ ਜਿੱਥੇ ਵੀ ਗਏ, ਆਪਣੇ ਵਰਗੇ ਹੋਰ ਪੈਦਾ ਕਰ ਦੇਣਗੇ।'

ਅੱਜ ਜਿਹੜੇ ਲੋਕ ਧਰਤੀ ਦੇ ਦੂਜੇ ਸਿਰੇ ਜਾ ਕੇ ਵੀ ਮਹਿਕਾਂ ਵੰਡਣ ਦੀ ਥਾਂ ਸਿੱਖੀ ਅਤੇ ਪੰਜਾਬੀਅਤ ਨੂੰ ਮਜ਼ਾਕ ਦਾ ਪਾਤਰ ਬਣਾ ਰਹੇ ਹਨ, ਅਸੀਂ ਉਨ੍ਹਾਂ ਦੀ ਨਿੰਦਾ-ਨਿਖੇਧੀ ਨਹੀਂ ਕਰ ਸਕਦੇ, ਸਗੋਂ ਇਹ ਕਹਾਂਗੇ, 'ਭਾਈ ਸੱਜਣੋਂ, ਵੱਸਦੇ ਰਹੋ। ਜਿੱਥੇ ਵੀ ਹੋ, ਓਥੇ ਹੀ ਵੱਸਦੇ ਰਹੋ। ਹੁਣ ਹੋਰ ਕਿਸੇ ਨਵੀਂ ਥਾਂ ਜਾ ਕੇ ਕਲਮ ਨਾ ਗੱਡਿਓ, ਤੁਹਾਡੀ ਕੀਤੀ ਏਨੀ ਕੁ ਸੇਵਾ ਹੀ ਕਾਫੀ ਹੈ।' ਜਿਨ੍ਹਾਂ ਦੀ ਆਪਣੀ ਪੱਗ ਕੱਛ ਵਿਚ ਹੈ, ਦੂਜੇ ਕਿਸੇ ਦੀ ਸਿਰ ਉੱਤੇ ਰਹਿਣ ਨਹੀਂ ਦੇਣੀ ਚਾਹੁੰਦੇ, ਉਨ੍ਹਾਂ ਨੂੰ ਇਸ ਤੋਂ ਸਿਵਾ ਹੋਰ ਭਲਾ ਆਖਿਆ ਵੀ ਕੀ ਜਾ ਸਕਦਾ ਹੈ?

# ਪੁਲਿਸ ਮੁਕਾਬਲੇ 'ਚ ਦੋ ਪਾਕਿ ਅਤਿਵਾਦੀ ਮਰੇ

**ਪਠਾਨਕੋਟ :** ਇੱਥੋਂ ਥੋੜ੍ਹੀ ਦੂਰ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਹਮਣੇ ਬੀਤੀ 25 ਅਪ੍ਰੈਲ ਦੀ ਸਵੇਰੇ ਆਪਣੀ ਬਹਾਦਰੀ ਦਾ ਸਬੂਤ ਦਿੰਦਿਆਂ ਪੰਜਾਬ ਪੁਲਿਸ ਨੇ ਦੋ ਪਾਕਿਸਤਾਨੀ ਦਹਿਸ਼ਤਗਰਦਾਂ ਨੂੰ ਢੇਰ ਕਰ ਦਿੱਤਾ। ਦੋ ਘੰਟੇ ਚੱਲੇ ਇਸ ਜ਼ਬਰਦਸਤ ਮੁਕਾਬਲੇ ਵਿਚ ਪੁਲਿਸ ਦੇ ਦੋ ਮੁਲਾਜ਼ਮ ਵੀ ਮਾਰੇ ਗਏ, ਜਦੋਂ ਕਿ ਚਾਰ ਸਿਪਾਹੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ। ਮਾਰੇ ਗਏ ਦਹਿਸ਼ਤਗਰਦਾਂ ਕੋਲੋਂ ਭਾਰੀ ਮਾਤਰਾ ਵਿਚ ਗੋਲੀ ਬਾਰੂਦ ਤੇ ਹੋਰ ਅਸਲਾ ਬਰਾਮਦ ਕੀਤਾ ਗਿਆ ਹੈ। ਇਹ ਦਹਿਸ਼ਤਗਰਦ ਪਿਛਲੇ ਕਈ ਦਿਨਾਂ ਤੋਂ ਪੁਲਿਸ ਅਤੇ ਬੀ ਐਸ ਐਫ ਲਈ ਸਿਰਦਰਦੀ ਬਣੇ ਹੋਏ ਸਨ। ਦਹਿਸ਼ਤਗਰਦਾਂ ਦੀ ਪਛਾਣ ਨਹੀਂ ਹੋ ਸਕੀ। ਪੁਲਿਸ ਇਸ ਬਾਰੇ ਜਾਂਚ ਕਰ ਰਹੀ ਹੈ ਤੇ ਜ਼ਖ਼ਮੀ ਮੁਲਾਜ਼ਮਾਂ ਨੂੰ ਹਸਪਤਾਲ ਭਰਤੀ ਕਰਵਾ ਦਿੱਤਾ ਗਿਆ ਹੈ।



ਪ੍ਰਾਪਤ ਜਾਣਕਾਰੀ ਮੁਤਾਬਕ 25 ਅਪ੍ਰੈਲ ਨੂੰ ਸਵੇਰੇ ਲਗਭਗ 6 ਵਜੇ ਸਰਕਾਰੀ ਪ੍ਰਾਇਮਰੀ ਸਕੂਲ ਰਤਣਵਾਂ ਦੇ ਸਾਹਮਣੇ ਸੁਖਵੰਤ ਸਿੰਘ ਗੋਲਡੀ ਦੇ ਡੇਰੇ ਲਾਗੇ ਬਾਗ ਵਿਚ ਹੁੰਦੀ ਹਲਚਲ ਵੇਖ ਕੇ ਉਸਦੀ ਪਤਨੀ ਪਵਨਪ੍ਰੀਤ ਨੇ ਰੌਲਾ ਪਾ ਦਿੱਤਾ। ਇਸੇ ਦੌਰਾਨ ਤਲਾਸ਼ੀ ਮੁਹਿੰਮ ਲਈ ਪਹੁੰਚੀ ਪੁਲਿਸ ਟੀਮ ਨੂੰ ਦੇਖਦੇ ਹੀ ਇਹ ਦਹਿਸ਼ਤਗਰਦ ਹਮਲਾ ਕਰਨ ਲਈ ਉਨ੍ਹਾਂ ਵਲ ਦੌੜੇ। ਐਸ ਪੀ ਗਰੀਬ ਦਾਸ ਤੇ ਬਾਕੀ ਪੁਲਿਸ ਮੁਲਾਜ਼ਮ ਵੀ ਸੁਚੇਤ ਹੋ ਗਏ। ਇਸ ਉਪਰੰਤ ਪਹਿਲਾਂ ਤਾਂ ਦਹਿਸ਼ਤਗਰਦਾਂ ਨੇ ਹੱਥ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ ਤੇ ਬਾਅਦ 'ਚ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਦੂਜੇ ਪਾਸੇ ਐਸ ਪੀ ਤੇ ਪੁਲਿਸ ਦੇ ਜਵਾਨਾਂ ਨੇ ਵੀ ਨੇੜੇ ਖੜ੍ਹੀ ਬੁਲੇਟ ਪਰੂਫ ਗੱਡੀ ਤੇ ਕੰਬਾਈਨ ਦਾ ਸਹਾਰਾ ਲੈ ਕੇ ਜਵਾਬੀ ਕਾਰਵਾਈ ਕੀਤੀ। ਇਸ ਮੁਕਾਬਲੇ ਵਿਚ ਦੋ ਦਹਿਸ਼ਤਗਰਦ ਢੇਰ ਹੋ ਗਏ ਤੇ ਦੋ ਜਵਾਨ ਵੀ ਮਾਰੇ ਗਏ, ਜਿਨ੍ਹਾਂ ਦੀ ਪਛਾਣ ਸ਼ਵਿੰਦਰ ਸਿੰਘ ਤੇ ਨਰਿੰਦਰ ਸਿੰਘ ਵਜੋਂ ਹੋਈ। ਇਨ੍ਹਾਂ ਤੋਂ ਇਲਾਵਾ ਜ਼ਖ਼ਮੀ ਪੁਲਿਸ ਜਵਾਨਾਂ ਦੀ ਪਛਾਣ ਸੁਖਵੰਤ ਸਿੰਘ, ਬੰਮਣ ਸਿੰਘ, ਸਤਨਾਮ ਸਿੰਘ ਆਦਿ ਵਜੋਂ ਹੋਈ।

ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਪੁਲਿਸ ਦੇ ਡੀ ਜੀ ਪੀ, ਪੀ ਐਸ ਗਿੱਲ ਨੇ ਦੱਸਿਆ ਕਿ ਇਨ੍ਹਾਂ ਦਹਿਸ਼ਤਗਰਦਾਂ ਦੀ ਕਈ ਦਿਨਾਂ ਤੋਂ ਪੁਲਿਸ ਤੇ ਫੌਜ ਨੂੰ ਤਲਾਸ਼ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਹਿਸ਼ਤਗਰਦਾਂ ਤੋਂ 2 ਏ ਕੇ 47, 8 ਚਾਇਨੀ ਬੰਬ, ਦੋ ਰਿਵਾਲਵਰ, ਦੋ ਚਾਈਨੀ ਮਾਊਜ਼ਰ, 60 ਮੈਗਜ਼ੀਨ ਤੇ ਹੋਰ ਅਮਲਾ ਬਰਾਮਦ ਕੀਤਾ ਗਿਆ। ਡੀ ਜੀ ਪੀ ਨੇ ਕਿਹਾ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਵਲੋਂ ਭਾਰਤ 'ਚ ਭੇਜੇ ਗਏ ਇਹ ਦਹਿਸ਼ਤਗਰਦ ਲਸ਼ਕਰ-ਏ-ਤੋਇਬਾ ਦੇ ਹੋ ਸਕਦੇ ਹਨ।

ਉਨ੍ਹਾਂ ਕਿਹਾ ਕਿ ਪੁਲਿਸ ਦਾ ਸਾਥ ਦੇਣ ਵਾਲੇ ਸੁਖਵੰਤ ਸਿੰਘ ਗੋਲਡੀ ਦੇ ਪਰਿਵਾਰ ਵਿਚੋਂ ਇੱਕ ਵਿਅਕਤੀ ਨੂੰ ਭਰਤੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲਿਸ ਦਾ ਨਾਂ ਚਮਕਾਉਣ ਵਾਲਾ ਮੁਲਾਜ਼ਮ ਗੁਰਸ਼ਰਨ ਸਿੰਘ ਹੈ ਜਿਸ ਨੇ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਉਨ੍ਹਾਂ ਕਿਹਾ ਕਿ ਬਹਾਦਰੀ ਵਿਖਾਉਣ ਵਾਲੇ ਗੁਰਸ਼ਰਨ ਸਿੰਘ ਨੂੰ ਤਰੱਕੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਹੀਦ ਹੋਣ ਵਾਲੇ ਪੁਲਿਸ ਦੇ ਜਵਾਨਾਂ ਨੂੰ 10 ਲੱਖ ਰੁਪਏ ਪੰਜਾਬ ਸਰਕਾਰ ਵਲੋਂ ਜਦੋਂ ਕਿ 05 ਲੱਖ ਰੁਪਏ (ਪ੍ਰਤੀ ਮੁਲਾਜ਼ਮ) ਪੁਲਿਸ ਵਿਭਾਗ ਵਲੋਂ ਦਿੱਤੇ ਜਾਣਗੇ। ਇਨ੍ਹਾਂ ਦੇ ਪਰਿਵਾਰ ਵਿਚੋਂ ਇਕ-ਇਕ ਜੀਅ ਨੂੰ ਨੌਕਰੀ ਦਿੱਤੀ ਜਾਵੇਗੀ।

# ਗੋਲਡ ਮੈਡਲ ਲੈਣ ਲਈ ਰਸੂਖ ਦੀ ਵਰਤੋਂ ਦੇ ਦੋਸ਼ ਗਲਤ-ਜੱਸੀ ਬੰਗਾ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਨਿਸ਼ਕਾਮ ਸੇਵਕ, ਪ੍ਰਸਿਧ ਪ੍ਰੋਮੋਟਰ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਨੇ ਨਿਊ ਯਾਰਕ ਤੋਂ ਛਪਦੇ ਇਕ ਪੰਜਾਬੀ ਅਖ਼ਬਾਰ ਵਿਚ ਬਾਮਸੇਫ ਇੰਟਰਨੈਸ਼ਨਲ ਜਥੇਬੰਦੀ ਦੇ ਇਕ ਆਗੂ ਸੋਨੂੰ ਅੰਬੇਦਕਰ ਵਲੋਂ ਲਾਏ ਗਏ ਇਨ੍ਹਾਂ ਦੋਸ਼ਾਂ ਦਾ ਜ਼ੋਰਦਾਰ ਖੰਡਨ ਕੀਤਾ ਹੈ ਕਿ ਉਨ੍ਹਾਂ ਅਤੇ ਨਾਮੀ ਗੀਤਕਾਰ ਮੱਖਣ ਲੁਹਾਰਾਂ ਨੇ ਆਪਣੇ ਅਸਰ ਰਸੂਖ ਦੀ ਵਰਤੋਂ ਕਰਕੇ ਬਾਮਸੇਫ ਇੰਟਰਨੈਸ਼ਨਲ ਜਥੇਬੰਦੀ ਤੋਂ ਗੋਲਡ ਮੈਡਲ ਲਏ। ਸ੍ਰੀ ਜੱਸੀ ਬੰਗਾ ਨੇ ਇਸ ਦੋਸ਼ ਦਾ ਵੀ ਖੰਡਨ ਕੀਤਾ ਕਿ ਗੁਰਦੁਆਰਾ ਰੀਓਲਿੰਡਾ ਵਲੋਂ ਕਰਵਾਏ ਗਏ ਨਗਰ ਕੀਰਤਨ ਮੌਕੇ ਉਨ੍ਹਾਂ ਨੇ ਸਟੇਜ ਹਾਈਜੈਕ ਕਰ ਲਈ ਸੀ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਬੰਗਾ ਨੇ ਆਖਿਆ ਕਿ ਮੈਂ ਜਾਂ ਸੰਸਥਾ ਨੇ ਜੋ ਵੀ ਸਮਾਂ ਉਸ ਮੌਕੇ ਲਿਆ ਉਸ ਅੰਦਰ ਹੀ ਰਹਿ ਕੇ ਸੰਸਥਾ ਨੇ ਸਾਨੂੰ ਦੋਹਾਂ ਨੂੰ ਗੋਲਡ ਮੈਡਲ ਦਿੱਤਾ ਅਤੇ ਮੈਂ ਆਪਣੀ ਸਪੀਚ ਕੀਤੀ। ਸਨਮਾਨ ਸਮੇਂ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਮੌਜੂਦ ਸਨ ਅਤੇ ਕਮੇਟੀ ਦੇ ਵਾਈਸ ਚੇਅਰਮੈਨ ਅਜੀਤ ਰਾਮ ਬੰਗੜ, ਕੇਵਲ ਬੋਲੀਨਾ, ਚੇਅਰਮੈਨ ਤਵਿੰਦਰ ਕਾਜਲਾ, ਪ੍ਰਧਾਨ ਸਤਨਾਮ ਬਸਰਾ, ਸਕੱਤਰ ਸਤੀਸ਼ ਰੱਲ੍ਹ ਅਤੇ ਹੋਰ ਲੋਕ ਮੌਜੂਦ ਸਨ। ਉਨ੍ਹਾਂ ਆਖਿਆ ਕਿ ਜੇ ਗੁਰੂ ਘਰ ਦੀ ਕਮੇਟੀ ਗੁਰੂ ਘਰ ਦੇ ਲੈਟਰ ਪੈਡ 'ਤੇ ਲਿਖ ਕੇ ਦੇਵੇ ਕਿ ਅਸੀਂ ਸਟੇਜ ਹਾਈਜੈਕ ਕੀਤੀ ਹੈ ਤਾਂ ਕਮੇਟੀ ਜੋ ਵੀ ਸਜ਼ਾ ਲਾਏ ਮੈਂ ਭੁਗਤਣ ਨੂੰ ਤਿਆਰ ਹਾਂ।

ਸ੍ਰੀ ਬੰਗਾ ਨੇ ਇਹ ਵੀ ਆਖਿਆ ਕਿ ਸ੍ਰੀ ਮੱਖਣ ਲੁਹਾਰ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਵਿਚ ਇਕ ਵਧੀਆ ਗੀਤਕਾਰ ਵਜੋਂ ਪ੍ਰਵਾਨਿਤ ਹਨ। ਉਨ੍ਹਾਂ ਨੂੰ ਕਿਸੇ ਦੇ ਲਿਹਾਜ਼ ਦੀ ਲੋੜ ਨਹੀਂ।

ਬਿਆਨ ਵਿਚ ਸ੍ਰੀ ਬੰਗਾ ਨੇ ਇਹ ਵੀ ਆਖਿਆ ਕਿ ਉਹ ਆਪਣੇ ਲਾਏ ਇਸ ਦੋਸ਼ ਉੱਤੇ ਕਾਇਮ ਹਨ ਕਿ ਹੈਲੀਕਾਪਟਰ ਰਾਹੀਂ ਪੰਜਾਬ ਵਿਚ ਸਿਰਫ ਫਗਵਾੜੇ ਵਿਚ ਹੀ ਫੁੱਲਾਂ ਦੀ ਵਰਖਾ ਹੋਈ ਸੀ ਅਤੇ ਹੈਲੀਕਾਪਟਰ ਨਗਰ ਕੀਰਤਨ 'ਤੇ ਵਰਖਾ ਕਰਨ ਦੀ ਬਜਾਇ ਗੁਰੂ ਘਰ 'ਤੇ ਕਰਕੇ ਦਸ ਮਿੰਟ ਵਿਚ ਪਰਤ ਗਿਆ ਸੀ। ਇਸ ਸਬੰਧੀ ਲਾਈ ਗਈ ਫੋਟੋ ਵੀ ਸਹੀ ਨਹੀਂ ਹੈ। ਸ੍ਰੀ ਬੰਗਾ ਨਾਲ ਫੋਨ 916-796-5003 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

ਉਧਰ ਸ੍ਰੀ ਸੋਨੂੰ ਅੰਬੇਦਕਰ ਨੇ ਪੰਜਾਬ ਟਾਈਮਜ਼ ਵਿਚ ਪਿਛਲੇ ਹਫਤੇ ਛਪੀ ਇਕ ਖ਼ਬਰ ਦੇ ਹਵਾਲੇ ਨਾਲ ਕਿਹਾ ਹੈ ਕਿ ਉਨ੍ਹਾਂ ਉਪਰ ਗੁਰੂ ਰਵਿਦਾਸ, ਡਾ. ਅੰਬੇਦਕਰ ਜਾਂ ਬੀਬੀ ਮਾਇਆਵਤੀ ਦੇ ਨਾਂ ਉੱਤੇ ਪੈਸੇ ਇਕੱਤਰ ਕਰਨ ਦਾ ਲਾਇਆ ਗਿਆ ਦੋਸ਼ ਸਰਾਸਰ ਝੂਠਾ ਹੈ। ਇਸ ਖ਼ਬਰ ਵਿਚ ਉਂਜ ਉਨ੍ਹਾਂ ਦਾ ਨਾਂ ਨਹੀਂ ਸੀ ਲਿਆ ਗਿਆ। ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਪੰਜਾਬ ਵਿਚ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਵਾਉਣ ਲਈ ਪਹਿਲਾਂ ਕਿਸੇ ਤੋਂ ਪੈਸੇ ਨਹੀਂ ਲਏ ਅਤੇ ਫੁੱਲਾਂ ਦੀ ਵਰਖਾ ਬਾਕਾਇਦਾ ਕਰਵਾਈ ਗਈ ਸੀ।

# ਮਾਝੇ ਦੇ ਅਕਾਲੀ ਹਲਕਿਆਂ 'ਚ ਵਿਆਪਕ ਪਾਟੋ ਧਾੜ

**ਅੰਮ੍ਰਿਤਸਰ:** ਮਾਝੇ ਦੇ ਅਕਾਲੀ ਹਲਕਿਆਂ ਵਿਚ ਅੱਜਕੱਲ ਅਕਾਲੀ ਆਗੂਆਂ ਵਲੋਂ ਹੀ ਇਕ ਦੂਜੇ ਨੂੰ ਸਿਆਸੀ ਠਿੱਬੀ ਲਾਉਣ ਦੀ ਦੌੜ ਚਲ ਪਈ ਹੈ, ਇਸ ਲਈ ਵਿਧਾਨ ਸਭਾ ਹਲਕਿਆਂ 'ਚ ਅਕਾਲੀ ਆਗੂਆਂ ਨੂੰ ਰੋਕਣ ਟੋਕਣ ਵਾਲਾ ਕੋਈ ਨਾ ਹੋਣ ਕਰਕੇ ਇਸ ਸਿਆਸੀ ਘੋਲ ਦੇ ਤੇਵਰ ਤਿੱਖੇ ਹੁੰਦੇ ਜਾ ਰਹੇ ਹਨ। ਸਿਆਸੀ ਘੋਲ ਦੇ ਚਲਦੇ ਕਈ ਅਕਾਲੀ ਆਗੂ ਆਪਣੀ ਪਿੱਠ ਲੱਗਦੀ ਵੇਖ ਕਾਂਗਰਸ ਦਾ ਪੱਲਾ ਵੀ ਫੜ ਸਕਦੇ ਹਨ।

ਮਾਝੇ ਦੇ ਪ੍ਰਮੁੱਖ ਹਲਕਿਆਂ 'ਤੇ ਨਜ਼ਰ ਮਾਰੀਏ ਤਾਂ ਇਥੇ ਇਕ ਦੋ ਹਲਕਿਆਂ 'ਚ ਹੀ ਇਕ ਦੋ ਅਕਾਲੀ ਲੀਡਰਾਂ ਨੇ ਚੰਗੀ ਪਕੜ ਬਣਾਈ ਹੋਈ ਹੈ, ਬਹੁਤਿਆਂ ਹਲਕਿਆਂ 'ਚ ਸਥਿਤੀ ਇਸਦੇ ਬਿਲਕੁਲ ਉਲਟ ਦਿਸ ਰਹੀ ਹੈ। ਵਿਧਾਨ ਸਭਾ ਹਲਕਾ ਮਜੀਠਾ 'ਚ ਬਿਕਰਮ ਸਿੰਘ ਮਜੀਠੀਆ ਵਲੋਂ ਹਲਕੇ 'ਚ ਕਰਵਾਏ ਜਾ ਰਹੇ ਕੰਮਾਂ ਤੇ ਮਜੀਠੀਆ ਦਾ ਸਰਕਾਰ 'ਚ ਟੌਹਰ ਟੱਪਾ ਵੇਖ ਕੇ ਕੋਈ ਵੀ ਹਲਕੇ ਦਾ ਸਿਆਸੀ ਲੀਡਰ ਸਿਰ ਨਹੀਂ ਚੁੱਕ ਰਿਹਾ। ਇਸੇ ਹਲਕੇ 'ਚ ਪਹਿਲਾਂ ਜਦੋਂ ਬਿਕਰਮ ਸਿੰਘ ਮਜੀਠੀਆ ਨਵੇਂ-ਨਵੇਂ ਵਿਧਾਇਕ ਬਣੇ ਸਨ ਕਈ ਵਾਰੀ ਬਾਗੀ ਸੁਰਾਂ ਉਠੀਆ ਸਨ ਪਰ ਮਜੀਠੀਆ ਵਲੋਂ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਸਭ ਨੂੰ ਸ਼ਾਂਤ ਕਰ ਲਿਆ ਗਿਆ ਹੈ।

ਹਲਕਾ ਮਜੀਠਾ 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਦੋ ਧੜਿਆਂ ਵਲੋਂ ਵੀ ਆਪਣਾ ਪੱਖ ਪੇਸ਼ ਕਰਨ ਦੀਆਂ ਗੱਲਾਂ ਉਠ ਰਹੀਆਂ ਹਨ ਜੋ ਕਿ ਆਉਣ ਵਾਲੇ ਸਮੇਂ 'ਚ ਮਜੀਠੀਆ ਲਈ ਮੁਸ਼ਕਲ ਪੈਦਾ ਕਰ ਸਕਦੀਆਂ ਹਨ। ਵਿਧਾਨ ਸਭਾ ਹਲਕਾ ਰਾਜਾਸਾਂਸੀ ਵਿਚ ਇਸ ਵੇਲੇ ਸਿਆਸੀ ਠਿੱਬੀ ਪੂਰੇ ਜ਼ੋਰਾਂ 'ਤੇ ਹੈ। ਸਾਬਕਾ ਅਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ ਦੀ ਪਿੱਠ ਲਾਉਣ ਲਈ ਪ੍ਰੋ. ਸਰਚਾਂਦ ਸਿੰਘ, ਬਲਦੇਵ ਸਿੰਘ ਐੱਮ.ਏ. ਅਤੇ ਕਈ ਹੋਰ ਅਕਾਲੀ ਆਗੂ ਪੂਰੇ ਸਰਗਰਮ ਹਨ, ਇਸੇ ਲਈ ਆਪਣੀ ਸਰਕਾਰ ਵੇਲੇ ਉਹ ਕਈ ਵਾਰ ਅਖ਼ਬਾਰਾਂ 'ਚ ਆਹਮੋ ਸਾਹਮਣੇ ਹੋ ਚੁੱਕੇ ਹਨ। ਹਲਕੇ ਦੇ ਬਵਾਲ ਦਾ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਦਾਅਵੇਦਾਰੀ ਹੈ। ਇਹ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਵੀਰ ਸਿੰਘ ਲੋਪੋਕੇ ਦਾ ਸਿਆਸੀ ਜੀਵਨ ਤਖਤੂਪੁਰਾ ਕਤਲ ਕਾਂਡ ਦੇ ਹੋਰਨਾਂ ਮੁੱਦਿਆਂ ਵਿਚ ਘਿਰਿਆ ਹੋਣ ਕਰਕੇ, ਜਿਸ ਨੂੰ ਸ਼੍ਰੋਮਣੀ ਕਮੇਟੀ ਦੀ ਟਿਕਟ ਮਿਲੇਗੀ, ਉਹ ਹੀ ਅਗਲੀ ਵਾਰ ਰਾਜਾਸਾਂਸੀ ਹਲਕੇ ਤੋਂ ਪਾਰਟੀ ਦੀ ਵਿਧਾਇਕੀ ਲਈ ਪ੍ਰਬਲ ਦਾਅਵੇਦਾਰ ਹੋਵੇਗਾ। ਇਸੇ ਲਈ ਇਸ ਹਲਕੇ 'ਚ ਆਪੋ ਧਾਪ ਪਈ ਹੋਈ ਹੈ। ਹਲਕਾ ਅਟਾਰੀ 'ਚ ਵਿਧਾਨ ਸਭਾ ਚੋਣਾਂ ਵੇਲੇ ਪਹਿਲਾਂ ਗੁਲਜ਼ਾਰ ਸਿੰਘ ਰਣੀਕੇ ਦੇ ਵਿਰੁਧ ਕੁਝ ਅਕਾਲੀਆਂ ਵਲੋਂ ਬਾਗੀ ਸੁਰਾਂ ਉਠਾਈਆਂ ਗਈਆਂ ਸਨ ਪਰ ਰਣੀਕੇ ਦੀ ਸੂਝਬੂਝ ਤੇ ਪਹਿਲਾਂ ਕਰਵਾਏ ਉਨ੍ਹਾਂ ਦੇ ਕੰਮਾਂ ਕਾਰਨ ਇਹ ਸੁਰਾਂ ਜ਼ਿਆਦਾ ਚਿਰ ਆਪਣਾ ਅਸਰ ਰਸੂਖ ਕਾਇਮ ਨਹੀਂ ਰੱਖ ਪਾਈਆਂ। ਬਿਕਰਮ ਸਿੰਘ ਮਜੀਠੀਆ ਵਾਂਗ ਗੁਲਜ਼ਾਰ ਸਿੰਘ ਰਣੀਕੇ ਦੇ ਹਲਕੇ 'ਚ ਹੁਣ ਕੋਈ ਲੀਡਰ ਸਿਰ ਨਹੀਂ ਚੁੱਕਣ ਵਾਲਾ। ਵਿਧਾਨ ਸਭਾ ਹਲਕਾ ਅਜਨਾਲਾ 'ਚ ਵਿਧਾਇਕ ਬੋਨੀ ਅਮਰਪਾਲ ਤੇ ਮੈਂਬਰ ਪਾਰਲੀਮੈਂਟ ਰਤਨ ਸਿੰਘ ਅਜਨਾਲਾ ਦੋਵੇਂ ਪਿਓ ਪੁੱਤ ਦੇ ਹੋਣ ਕਰਕੇ ਉਥੋਂ ਦੀ ਸਾਰੀ ਰਾਜਨੀਤੀ ਇਨ੍ਹਾਂ ਦੇ ਹੱਥਾਂ 'ਚ ਚਲ ਰਹੀ ਹੈ। ਹਲਕਾ ਦੱਖਣੀ ਵਿਚ ਸਵ. ਰਮਿੰਦਰ ਸਿੰਘ ਬੁਲਾਰੀਆ ਦੇ ਦਿਹਾਂਤ ਮਗਰੋਂ ਕਈ ਅਕਾਲੀ ਆਗੂਆਂ ਨੇ ਵਿਧਾਨ ਸਭਾ ਚੋਣਾਂ ਲਈ ਆਪਣੀ ਦਾਅਵੇਦਾਰੀ ਪੇਸ਼ ਕੀਤੀ ਸੀ ਪਰ ਇੰਦਰਬੀਰ ਸਿੰਘ ਬੁਲਾਰੀਆ ਨੂੰ ਆਪਣੇ ਪਿਤਾ ਦੀ ਜਗ੍ਹਾ ਟਿਕਟ ਮਿਲਣ ਕਰਕੇ ਕਈ ਅਕਾਲੂ ਆਗੂ ਦਿਲੋਂ ਵਿਧਾਇਕ ਬੁਲਾਰੀਆ ਨਾਲ ਨਹੀਂ ਤੁਰੇ ਸਨ। ਹੁਣ ਹਲਕੇ 'ਚ ਕੁਝ ਲੀਡਰ ਆਪਣੀ ਦਾਅਵੇਦਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਅਹੁਦਿਆਂ 'ਤੇ ਬਣਵਾਉਣ ਲਈ ਸਿੱਧੇ ਤੌਰ 'ਤੇ ਪਾਰਟੀ ਹਾਈਕਮਾਂਡ ਨਾਲ ਗੱਲਬਾਤ ਰੱਖਦੇ ਹਨ। ਅਗਲੀਆਂ ਚੋਣਾਂ 'ਚ ਇਸ ਹਲਕੇ 'ਚ ਵੀ ਸਿਆਸੀ ਘੋਲ ਹੋਣ ਦੀ ਸੰਭਾਵਨਾ ਲਗਾਈ ਜਾ ਰਹੀ ਹੈ। ਹਲਕਾ ਜੰਡਿਆਲਾ 'ਚ ਕੋਈ ਰੋਕ ਟੋਕ ਨਾ ਹੋਣ ਕਰਕੇ ਹਲਕਾ ਵੇਰਕਾ ਦੇ ਵਿਧਾਇਕ ਵੀ ਹਲਕਾ ਜੰਡਿਆਲੇ ਵਿਚ ਹੀ ਡੇਰੇ ਜਮਾਈ ਬੈਠੇ ਹਨ। ਹਲਕਾ ਜੰਡਿਆਲਾ 'ਚ ਸਥਿਤੀ ਇੰਨੀ ਮਾੜੀ ਹੋਈ ਹੈ ਕਿ ਇਕ ਧੜਾ ਵਿਧਾਇਕ ਦਲਬੀਰ ਸਿੰਘ ਵੇਰਕਾ ਨਾਲ ਖੜਾ ਹੈ ਤੇ ਦੂਜਾ ਵਿਧਾਇਕ ਮਲਕੀਅਤ ਸਿੰਘ ਏ.ਆਰ.ਨਾਲ ਖੜਾ ਹੈ। ਦੋਵੇਂ ਇਕ ਪਾਰਟੀ ਦੇ ਵਿਧਾਇਕ ਆਪਣਾ ਪੱਲੜਾ ਕਮਜ਼ੋਰ ਨਾ ਕਰਨ ਦੇ ਰੌਂਅ 'ਚ ਹਨ, ਇਸੇ ਲਈ ਇਕ ਦੂਜੇ ਦੇ ਵਿਰੁਧ ਵਿਕਾਸ ਕੰਮਾਂ ਨੂੰ ਤੇ ਹੋਰਨਾਂ ਕਾਰਜਾਂ ਨੂੰ ਲੈ ਕੇ ਟਿੱਪਣੀਆਂ ਕਰੀ ਜਾ ਰਹੇ ਹਨ। ਇਸ ਹਲਕੇ 'ਚ ਸਥਿਤੀ ਇੰਨੀ ਮਾੜੀ ਹੋ ਚੁੱਕੀ ਹੈ ਕਿ ਅਗਲੀਆਂ ਚੋਣਾਂ ਜਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਦੋ ਧੜੇ ਉਭਰ ਕੇ ਸਾਹਮਣੇ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਭਾਵੇਂ ਵਿਧਾਨ ਸਭਾ ਚੋਣਾਂ ਨੂੰ 2 ਸਾਲਾਂ ਦੇ ਕਰੀਬ ਸਮਾਂ ਪਿਆ ਹੈ ਪਰ ਹੁਣ ਤੋਂ ਹੀ ਲੀਡਰਾਂ ਵਲੋਂ ਆਪਣੀਆਂ ਦਾਅਵੇਦਾਰੀਆਂ ਪੇਸ਼ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ ਹਾਈਕਮਾਂਡ ਵਲੋਂ ਅਕਾਲੀ ਲੀਡਰਾਂ 'ਚ ਇਕ ਦੂਜੇ ਦੇ ਪ੍ਰਤੀ ਵਧਦੀ ਜਾ ਰਹੀ ਨਫਰਤ ਨੂੰ ਜੇਕਰ ਇਥੇ ਹੀ ਖਤਮ ਨਾ ਕੀਤਾ ਗਿਆ ਤਾਂ ਉਪ੍ਰੋਕਤ ਚੋਣਾਂ 'ਚ ਪਾਰਟੀ ਅੰਦਰ ਭਾਰੀ ਪਾਟੋ ਧਾੜ ਉਭਰ ਕੇ ਸਾਹਮਣੇ ਆ ਸਕਦੀ ਹੈ ਤੇ ਕੁਝ ਲੀਡਰਾਂ ਵਲੋਂ ਆਪਣੀਆਂ ਸੇਵਾਵਾਂ ਪ੍ਰਤੀ ਲਾਭ ਨਾ ਮਿਲਣ ਦੇ ਰੋਸ ਵਿਚ ਅਕਾਲੀ ਦਲ ਨੂੰ ਬਾਏ-ਬਾਏ ਕਹਿ ਕੇ ਕਾਂਗਰਸ ਵਿਚ ਵੀ ਦਾਅਵੇਦਾਰੀ ਪੇਸ਼ ਕੀਤੀ ਜਾ ਸਕਦੀ ਹੈ।

## ਗ੍ਰੰਥੀ ਨੇ ਕੀਤੀ ਪਤਨੀ ਕਤਲ

**ਡੇਹਲੋਂ:**ਗੁਰਦੁਆਰਾ ਰੁੜਕਾ ਸਾਹਿਬ ਵਿਖੇ ਸੇਵਾ ਨਿਭਾ ਰਹੇ ਗ੍ਰੰਥੀ ਅਸ਼ੋਕ ਸਿੰਘ ਨੇ ਆਪਣੀ ਪਤਨੀ ਸਵਰਨਜੀਤ ਕੌਰ (30) ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਲੜਕੀ ਦੇ ਪਿਤਾ ਛੋਟਾ ਸਿੰਘ ਵਾਸੀ ਲੰਮੇ ਜੱਟਪੁਰਾ ਨੇ ਥਾਣਾ ਡੇਹਲੋਂ ਵਿਖੇ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ ਅਸ਼ੋਕ ਸਿੰਘ ਨਾਲ ਹੋਇਆ ਸੀ। 10 ਦਿਨ ਪਹਿਲਾਂ ਹੀ ਪਿੰਡ ਰੁੜਕੇ ਦੀ ਪੰਚਾਇਤ ਆਪਣੀ ਜ਼ਿੰਮੇਵਾਰੀ 'ਤੇ ਸਵਰਨਜੀਤ ਕੌਰ ਨੂੰ ਅਸ਼ੋਕ ਸਿੰਘ ਦੇ ਘਰ ਪਿੰਡ ਮਹਿਮਾ ਸਿੰਘ ਵਾਲਾ ਲਿਆਈ ਸੀ।

ਮ੍ਰਿਤਕ ਲੜਕੀ ਦੇ ਪਿਤਾ ਛੋਟਾ ਸਿੰਘ ਨੇ ਪੁਲਿਸ ਨੂੰ ਕੀਤੀ ਸ਼ਿਕਾਇਤ 'ਚ ਦੋਸ਼ ਲਾਇਆ ਕਿ ਲੜਕੀ ਦੀ ਮੌਤ ਗਲਾ ਘੁੱਟਣ ਨਾਲ ਹੋਈ ਹੈ।

# ਵਿਰੋਧੀ ਧਿਰ ਦੇ ਕਟੌਤੀ ਪ੍ਰਸਤਾਵ ਨਾ-ਮਨਜ਼ੂਰ ਹੋਏ

**ਨਵੀਂ ਦਿੱਲੀ :** ਕਈ ਦਿਨਾਂ ਦੇ ਸਿਆਸੀ ਜੋੜ-ਤੋੜ ਤੋਂ ਬਾਅਦ ਯੂਪੀਏ ਸਰਕਾਰ ਬੀਤੀ 27 ਅਪ੍ਰੈਲ ਨੂੰ ਇਸ ਸਾਲ ਦੇ ਆਪਣੇ ਪਹਿਲੇ ਸ਼ਕਤੀ ਪਰੀਖਣ 'ਚ ਉਦੋਂ ਕਾਮਯਾਬ ਰਹੀ, ਜਦੋਂ ਲੋਕ ਸਭਾ 'ਚ ਚਾਲੂ ਵਿੱਤ ਸਾਲ ਦੇ ਆਮ ਬਜਟ 'ਤੇ ਵਿਰੋਧੀ ਧਿਰ ਦੇ ਕਟੌਤੀ ਪ੍ਰਸਤਾਵਾਂ ਨੂੰ ਵੱਡੇ ਅੰਤਰ ਨਾਲ ਨਾ-ਮਨਜ਼ੂਰ ਕਰਦਿਆਂ ਮੰਤਰਾਲਿਆਂ ਅਤੇ ਵਿਭਾਗਾਂ ਦੀਆਂ ਅਨੁਦਾਨ ਮੰਗਾਂ ਅਤੇ ਇਸ ਨਾਲ ਜੁੜੇ ਬਿਲਾਂ ਨੂੰ ਜ਼ੁਬਾਨੀ ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ ਗਈ। ਇਸ ਦੇ ਨਾਲ ਹੀ ਆਮ ਬਜਟ 'ਤੇ ਚਰਚਾ ਦਾ ਦੂਜਾ ਗੇੜ ਪੂਰਾ ਹੋ ਗਿਆ। ਤੀਜੇ ਤੇ ਅੰਤਿਮ ਗੇੜ 'ਚ ਸਦਨ ਬਿਲ 'ਤੇ ਚਰਚਾ ਕਰੇਗਾ।

ਬਸਪਾ ਦੀ ਹਮਾਇਤ ਤੇ ਸਪਾ ਅਤੇ ਆਰਜੇਡੀ ਦੇ ਵਾਕਆਊਟ ਕਰਨ ਕਰਕੇ ਸਰਕਾਰ ਆਸਾਨੀ ਨਾਲ ਇਹ ਸਫ਼ਲਤਾ ਹਾਸਿਲ ਕਰਨ 'ਚ ਕਾਮਯਾਬ ਹੋਈ। ਜ਼ਿਕਰਯੋਗ ਹੈ ਕਿ 3 ਵਾਰ ਦੀ ਕਾਰਵਾਈ ਤੋਂ ਬਾਅਦ ਜਦੋਂ ਸ਼ਾਮ 6 ਵਜੇ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਸਪੀਕਰ ਮੀਰਾ ਕੁਮਾਰ ਨੇ ਸਾਰੇ ਮੰਤਰਾਲਿਆਂ ਤੇ ਵਿਭਾਗਾਂ ਦੀਆਂ ਅਨੁਦਾਨ ਮੰਗਾਂ ਨੂੰ ਗਿਲੋਟੀਨ (ਬਹਿਸ ਦੇ ਖਾਤਮੇ) ਲਈ ਪੇਸ਼ ਕੀਤਾ ਪਰ ਇਸੇ ਦੌਰਾਨ ਸਪਾ ਦੇ ਮੁਲਾਇਮ ਸਿੰਘ ਯਾਦਵ ਤੇ ਆਰ ਜੇ ਡੀ ਦੇ ਲਾਲੂ ਪ੍ਰਸਾਦ ਯਾਦਵ ਨੇ ਗਿਲੋਟੀਨ ਤੋਂ ਪਹਿਲਾਂ ਆਪਣੀ ਗੱਲ ਕਹਿਣ ਦੀ ਇਜਾਜ਼ਤ ਮੰਗੀ ਤੇ ਇਨ੍ਹਾਂ ਦੋਹਾਂ ਆਗੂਆਂ ਨੇ ਮਹਿੰਗਾਈ ਰੋਕਣ 'ਚ ਯੂਪੀਏ ਸਰਕਾਰ ਨੂੰ ਨਾਕਾਮ ਦੱਸਿਆ। ਉਨ੍ਹਾਂ ਕਿਹਾ ਕਿ ਇਸ ਬਜਟ 'ਚ ਸਰਕਾਰ ਨੇ ਗਰੀਬਾਂ, ਪਛੜਿਆਂ, ਘੱਟ ਗਿਣਤੀਆਂ, ਵਿਦਿਆਰਥੀਆਂ, ਕਿਸਾਨਾਂ ਤੇ ਮਜ਼ਦੂਰਾਂ ਲਈ ਕੁਝ ਨਹੀਂ ਕੀਤਾ। ਆਰ ਜੇ ਡੀ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਇਹ ਕਹਿੰਦਿਆਂ ਸਦਨ ਤੋਂ ਬਾਈਕਾਟ ਕੀਤਾ ਕਿ ਉਹ ਭਾਜਪਾ ਨਾਲ ਵੋਟਿੰਗ ਨਹੀਂ ਕਰਨਗੇ।

ਇਸ ਤੋਂ ਬਾਅਦ ਸਦਨ ਨੇ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਨਾਲ ਜੁੜੇ ਕਟੌਤੀ ਪ੍ਰਸਤਾਵ ਜਿਸ ਨੂੰ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਪੇਸ਼ ਕੀਤਾ ਸੀ, ਨੂੰ 162 ਦੇ ਮੁਕਾਬਲੇ 246 ਵੋਟਾਂ ਨਾਲ ਨਾ-ਮਨਜ਼ੂਰ ਕਰ ਦਿੱਤਾ, ਜਦਕਿ ਸੀ ਪੀ ਆਈ ਆਗੂ ਗੁਰੂਦਾਸ ਦਾਸ ਗੁਪਤਾ ਨੇ ਇਸੇ ਮੰਤਰਾਲੇ ਨਾਲ ਜੁੜੇ ਕਟੌਤੀ ਪ੍ਰਸਤਾਵ ਨੂੰ 201 ਦੇ ਮੁਕਾਬਲੇ 289 ਵੋਟਾਂ ਨਾਲ ਨਾ-ਮਨਜ਼ੂਰ ਕਰ ਦਿੱਤਾ। ਦੂਜੇ ਪਾਸੇ ਭਾਜਪਾ ਦੀ ਸੀਨੀਅਰ ਆਗੂ ਅਰੁਣ ਜੇਤਲੀ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਕਟੌਤੀ ਪ੍ਰਸਤਾਵਾਂ ਨੂੰ ਨਾ-ਮਨਜ਼ੂਰ ਕਰਵਾਉਣ ਲਈ ਸੀਬੀਆਈ ਦੀ ਵਰਤੋਂ ਕੀਤੀ ਹੈ। ਜੇਡੀ (ਯੂ) ਮੁਖੀ ਸਰਦ ਯਾਦਵ ਨੇ ਵੀ ਇਹੀ ਦੋਸ਼ ਸਰਕਾਰ 'ਤੇ ਲਗਾਏ। ਜ਼ਿਕਰਯੋਗ ਹੈ ਕਿ ਬਸਪਾ ਸੁਪਰੀਮੋ ਮਾਇਆਵਤੀ ਤੇ ਸਪਾ ਮੁਖੀ ਮੁਲਾਇਮ ਸਿੰਘ ਤੇ ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਖਿਲਾਫ਼ ਸੀਬੀਆਈ ਨੇ ਕਈ ਮੁਕੱਦਮੇ ਚਲਾਏ ਹੋਏ ਹਨ। ਕਟੌਤੀ ਪ੍ਰਸਤਾਵਾਂ ਦੀ ਕਾਰਵਾਈ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੇ ਇਕ-ਇਕ ਕਰਕੇ ਸ਼ੁਰੂ ਕੀਤੀ ਤੇ ਫਿਰ ਵੋਟਿੰਗ ਦੀ ਲੰਮੀ ਪ੍ਰਕਿਰਿਆ ਸ਼ੁਰੂ ਹੋਈ।

ਸੁਸ਼ਮਾ ਸਵਰਾਜ ਵਲੋਂ ਪੇਸ਼ ਕਟੌਤੀ ਪ੍ਰਸਤਾਵ ਨਾ-ਮਨਜ਼ੂਰ ਹੋਣ ਤੋਂ ਬਾਅਦ ਸੀਪੀਆਈ ਆਗੂ ਗੁਰੂਦਾਸ ਦਾਸ ਗੁਪਤਾ ਨੇ ਕਟੌਤੀ ਪ੍ਰਸਤਾਵ ਪੇਸ਼ ਕੀਤਾ, ਪਰ ਇੱਥੇ ਮਸ਼ੀਨਾਂ ਖ਼ਰਾਬ ਹੋਣ ਕਾਰਨ ਵੋਟਿੰਗ ਨਾ ਹੋ ਸਕੀ। ਬਾਅਦ ਵਿਚ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਮਲ ਕੁਮਾਰ ਬਾਂਸਲ ਨੇ ਸਾਰੇ ਕਟੌਤੀ ਪ੍ਰਸਤਾਵਾਂ 'ਤੇ ਪਰਚੀ ਰਾਹੀਂ ਵੋਟਿੰਗ ਕਰਾਉਣ ਦੀ ਗੱਲ ਕਹੀ, ਜਿਸ ਬਾਰੇ ਪ੍ਰਣਬ ਮੁਖ਼ਰਜੀ ਤੇ ਸੁਸ਼ਮਾ ਸਵਰਾਜ ਨੇ ਸਹਿਮਤੀ ਦੇ ਦਿੱਤੀ। ਪਰਚੀਆਂ ਰਾਹੀਂ ਹੋਈ ਵੋਟਿੰਗ 'ਚ ਸ੍ਰੀ ਦਾਸ ਗੁਪਤਾ ਦੇ ਕਟੌਤੀ ਪ੍ਰਸਤਾਵ ਨੂੰ 201 ਦੇ ਮੁਕਾਬਲੇ 289 ਵੋਟਾਂ ਨਾਲ ਨਾ-ਮਨਜ਼ੂਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਦਨ ਨੇ ਹੋਰ ਕਟੌਤੀ ਪ੍ਰਸਤਾਵਾਂ ਨੂੰ ਵੀ ਜੁਬਾਨੀ ਵੋਟਾਂ ਨਾਲ ਨਾ-ਮਨਜ਼ੂਰ ਕਰਕੇ ਮੰਤਰਾਲਿਆਂ ਦੇ ਵਿਭਾਗਾਂ ਦੀਆਂ ਅਨੁਦਾਨ ਮੰਗਾਂ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ।




# ਪੰਜਾਬ ਟਾਈਮਜ਼

**ਸਨਿਚਰਵਾਰ, 1 ਮਈ, 2010**

**ਸਰਕਾਰ ਦਾ ਕੰਮ ਲੋਕਾਂ ਲਈ ਖੁਸ਼ੀ ਦਾ ਸਬੱਬ ਬਣਨਾ ਹੈ-ਡਬਲਿਊ.ਈ. ਚੈਨਿੰਗ**

## ਮਹਿੰਗਾਈ ਵਿਰੁਧ ਉਠ ਰਹੀ ਆਵਾਜ਼

ਇਕ ਪਾਸੇ ਖੱਬੀਆਂ ਪਾਰਟੀਆਂ ਦੇਸ਼ ਵਿਚ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਵਿਰੁਧ ਸੰਘਰਸ਼ ਦੀ ਤਿਆਰੀ ਵਿਚ ਰੁਝੀਆਂ ਹੋਈਆਂ ਹਨ ਅਤੇ 27 ਅਪਰੈਲ ਨੂੰ ਇਨ੍ਹਾਂ ਪਾਰਟੀਆਂ ਵਲੋਂ ਪ੍ਰਦਰਸ਼ਨ ਕੀਤਾ ਗਿਆ ਅਤੇ ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਵਲੋਂ ਬੀਤੀ 21 ਅਪਰੈਲ ਨੂੰ ਦੇਸ਼ ਦੀ ਰਾਜਧਾਨੀ ਵਿਚ ਮਹਿੰਗਾਈ ਵਿਰੁਧ ਮਹਾ ਰੈਲੀ ਕੀਤੀ ਗਈ। ਇਸ ਮੁੱਦੇ ਦੇ ਸੰਬੰਧ ਵਿਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਪੰਜਾਬ ਯੂਨਿਟ ਦੇ ਆਗੂ ਕਾਮਰੇਡ ਚਰਨ ਸਿੰਘ ਵਿਰਦੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅੱਜ ਦੇਸ਼ ਭਰ ਵਿਚ ਮਹਿੰਗਾਈ ਸਭ ਹੱਦਾਂ ਪਾਰ ਕਰ ਗਈ ਹੈ, ਜਿਸ ਨਾਲ ਹਰ ਵਿਅਕਤੀ ਤੰਗੀ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਪਿੱਛੇ ਸਰਕਾਰ ਦਾ ਦੇਸ਼ ਦੇ ਵੱਡੇ ਉਦਯੋਗਿਕ ਅਤੇ ਵਪਾਰਕ ਘਰਾਣਿਆਂ ਤੋਂ ਇਲਾਵਾ ਜਮ੍ਹਾਖੋਰਾਂ ਦੀ ਮਦਦ ਕਰਨਾ ਵੀ ਇਕ ਪ੍ਰਮੁੱਖ ਕਾਰਨ ਹੈ। ਮਹਿੰਗਾਈ ਕਾਰਨ ਅਸਲ ਵਿਚ ਆਮ ਲੋਕ ਜ਼ਿਆਦਾ ਪ੍ਰਭਾਵਤ ਹੋਏ ਹਨ ਅਤੇ ਉਹ ਰੋਟੀ ਤੋਂ ਆਤੁਰ ਹੋ ਗਏ ਹਨ। ਇਸ ਤੋਂ ਇਲਾਵਾ ਪੈਟਰੌਲ, ਡੀਜ਼ਲ ਤੇ ਖਾਦਾਂ ਦੀਆਂ ਵਧੀਆਂ ਕੀਮਤਾਂ ਨੂੰ ਵਾਪਸ ਲੈਣ ਦੇ ਉਦੇਸ਼ ਨਾਲ ਖੱਬੀਆਂ ਪਾਰਟੀਆਂ ਤੋਂ ਇਲਾਵਾ ਹੋਰ 13 ਪਾਰਟੀਆਂ ਨੇ ਵੀ ਇਸ ਬੰਦ ਦੀ ਹਮਾਇਤ ਕੀਤੀ।

ਯਾਦ ਰਹੇ, ਇਹ 13 ਪਾਰਟੀਆਂ ਪ੍ਰਮੁੱਖ ਤੌਰ 'ਤੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਤੋਂ ਬਾਹਰਲੀਆਂ ਹਨ। ਇਸ ਸੰਬੰਧ ਵਿਚ ਇਨ੍ਹਾਂ ਪਾਰਟੀਆਂ ਨੇ ਆਪਣੇ ਮੈਂਬਰਾਂ ਨੂੰ ਵ੍ਹਿਪ ਜਾਰੀ ਕਰਨ ਦਾ ਫੈਸਲਾ ਵੀ ਕੀਤਾ ਸੀ। ਯਾਦ ਰਹੇ 13 ਪਾਰਟੀਆਂ ਦੇ ਨੇਤਾਵਾਂ ਨੇ ਬੀਤੀ 22 ਅਪਰੈਲ ਨੂੰ ਸੰਸਦ ਭਵਨ ਵਿਚ ਇਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ ਸੀ। ਇਸ ਦੌਰਾਨ ਸ੍ਰੀ ਸੀਤਾ ਰਾਮ ਯੇਚੁਰੀ ਨੇ ਕਿਹਾ ਸੀ ਕਿ ਜਿਸ ਵੇਲੇ ਵੱਖ-ਵੱਖ ਮੰਤਰਾਲਿਆਂ ਦੀਆਂ ਅਨੁਦਾਨ ਮੰਗਾਂ ਨੂੰ ਲੈ ਕੇ ਲੇਖਾ-ਜੋਖਾ ਹੋਵੇਗਾ, ਉਸ ਵੇਲੇ ਕਟੌਤੀ ਤੇ ਸੋਧ ਮਤੇ ਸੰਸਦ ਵਿਚ ਰੱਖੇ ਜਾਣਗੇ। ਅਸੀਂ ਸਰਕਾਰ 'ਤੇ ਤੇਲ ਅਤੇ ਖਾਦ ਦੀਆਂ ਕੀਮਤਾਂ ਵਿਚ ਵਾਧੇ ਨੂੰ ਵਾਪਸ ਲੈਣ ਲਈ ਦਬਾਅ ਬਣਾਵਾਂਗੇ। ਉਂਜ ਖੱਬੇਪੱਖੀ ਪਾਰਟੀਆਂ ਦਾ ਆਖਣਾ ਹੈ ਕਿ ਉਨ੍ਹਾਂ ਦਾ ਸਰਕਾਰ ਨੂੰ ਅਸਥਿਰ ਕਰਨ ਦਾ ਕੋਈ ਇਰਾਦਾ ਨਹੀਂ ਹੈ ਸਗੋਂ ਉਹ ਮਹਿੰਗਾਈ ਖਿਲਾਫ਼ ਵੀ ਸੰਘਰਸ਼ ਕਰ ਰਹੇ ਹਨ।

ਭਾਰਤੀ ਜਨਤਾ ਪਾਰਟੀ ਨੇ ਵੀ 13 ਪਾਰਟੀਆਂ ਵਲੋਂ ਲਿਆਂਦੇ ਜਾ ਰਹੇ ਕਟੌਤੀ ਮਤੇ ਦੀ ਹਮਾਇਤ ਕੀਤੀ ਹੈ। ਯਾਦ ਰਹੇ, ਭਾਰਤੀ ਜਨਤਾ ਪਾਰਟੀ ਵਲੋਂ 21 ਅਪਰੈਲ ਨੂੰ ਦਿੱਲੀ ਵਿਚ ਕੀਤੀ ਗਈ ਮਹਾ ਰੈਲੀ ਨਾਲ ਜਨਜੀਵਨ ਪੂਰੀ ਤਰ੍ਹਾਂ ਪ੍ਰਭਾਵਤ ਹੋ ਕੇ ਰਹਿ ਗਿਆ ਸੀ। ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰੀ ਨਿਤਨ ਗਡਕਰੀ ਦਾ ਆਖਣਾ ਹੈ ਕਿ ਇਕ ਅਰਥਸ਼ਾਸਤਰ ਦੇ ਮਾਹਿਰ ਪ੍ਰਧਾਨ ਮੰਤਰੀ ਹੋਣ ਦੇ ਬਾਵਜੂਦ ਮਹਿੰਗਾਈ ਛਾਲਾਂ ਮਾਰ ਕੇ ਵਧ ਰਹੀ ਹੈ। ਮਹਿੰਗਾਈ ਵਿਰੁਧ ਆਯੋਜਿਤ ਸੰਸਦ ਚਲੋ ਮਹਾ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ, ਮਾੜੇ ਪ੍ਰਬੰਧ ਅਤੇ ਗਲਤ ਆਰਥਿਕ ਨੀਤੀਆਂ ਲਈ ਜ਼ਿੰਮੇਵਾਰ ਕਾਂਗਰਸ ਸਰਕਾਰ ਦੀਆਂ ਜੜ੍ਹਾਂ ਉਖਾੜਨ ਦਾ ਹੁਣ ਸਮਾਂ ਆ ਚੁੱਕਾ ਹੈ ਕਿਉਂਕਿ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ, ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ ਦੇ ਹਿਤਾਂ ਲਈ ਕੰਮ ਕਰਨ ਦਾ ਦਮ ਭਰਨ ਵਾਲੀ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਦੇ ਸ਼ਾਸਨਕਾਲ ਦੌਰਾਨ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ।

ਇਕ ਪਾਸੇ ਅਕਾਲੀ ਦਲ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਕੇਂਦਰ ਸਰਕਾਰ ਵਿਰੁਧ ਮਹਿੰਗਾਈ ਦਾ ਰੌਲਾ ਪਾ ਰਹੀ ਹੈ ਅਤੇ ਦੂਜੇ ਪਾਸੇ ਇਸੇ ਪਾਰਟੀ ਦੀ ਭਾਈਵਾਲੀ ਵਾਲੀ ਸਰਕਾਰ ਪੰਜਾਬ ਵਿਚ ਹੋਰ ਮਹਿੰਗਾਈ ਵਧਾਉਣ ਵਾਲੇ ਰਾਹ ਤੁਰੀ ਹੋਈ ਹੈ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਬਿਜਲੀ ਬੋਰਡ ਦਾ ਨਿਗਮੀਕਰਨ ਕਰ ਦਿੱਤਾ ਅਤੇ ਇਸ ਤੋਂ ਪਹਿਲਾਂ ਵਧਾਈਆਂ ਬਿਜਲੀ ਦਰਾਂ ਦੇ ਜ਼ਰੀਏ ਆਮ ਲੋਕਾਂ ਉਪਰ ਸਾਢੇ 900 ਕਰੋੜ ਦਾ ਨਵਾਂ ਵਿੱਤੀ ਬੋਝ ਪਾ ਦਿੱਤਾ ਹੈ। ਪੰਜਾਬ ਸਟੇਟ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਜੇ. ਸਿੰਘ ਗਿੱਲ ਨੇ ਇਹ ਵਾਧਾ ਐਲਾਨ ਕਰਦਿਆਂ ਕਿਹਾ ਕਿ ਘਰੇਲੂ ਖਪਤਕਾਰਾਂ ਲਈ ਦਰਾਂ ਵਿਚ 10.28 ਫੀਸਦੀ ਦਾ ਵਾਧਾ ਕੀਤਾ ਗਿਆ ਹੈ। ਖੇਤੀ ਸੈਕਟਰ ਵਿਚ 12.28 ਫੀਸਦੀ ਅਤੇ ਬਾਕੀ ਸੈਕਟਰਾਂ ਵਿਚ 5.72 ਫੀਸਦੀ ਦਾ ਵਾਧਾ ਕੀਤਾ ਗਿਆ। ਇੰਜ ਹੀ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਦੀ ਸਹੂਲਤ ਵੀ ਰੋਕ ਲਈ ਗਈ ਹੈ। ਇਸ ਤੋਂ ਇਲਾਵਾ ਐਸ.ਸੀ.ਬੀ.ਸੀ. ਲੋਕਾਂ ਨੂੰ 200 ਯੂਨਿਟ ਮੁਫਤ ਬਿਜਲੀ ਦਿੱਤੀ ਜਾਣ ਦੀ ਸਹੂਲਤ ਵੀ ਕੱਟ ਲਈ ਗਈ। ਸਮੁੱਚੇ ਰੂਪ ਵਿਚ ਇਕ ਪਾਸੇ ਤਾਂ ਸਿਆਸੀ ਪਾਰਟੀਆਂ ਕੇਂਦਰ ਵਿਚ ਸਰਕਾਰ ਵਲੋਂ ਵਧਾਈ ਜਾ ਰਹੀ ਕਥਿਤ ਮਹਿੰਗਾਈ ਦਾ ਵਿਰੋਧ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਆਪੋ-ਆਪਣੇ ਰਾਜਾਂ ਦੇ ਲੋਕਾਂ ਲਈ ਜ਼ਰੂਰੀ ਵਸਤਾਂ ਮਹਿੰਗੀਆਂ ਕਰ ਰਹੀਆਂ ਹਨ। ਅਸਲ ਸਥਿਤੀ ਇਹ ਹੈ ਕਿ ਮਹਿੰਗਾਈ ਸਰਕਾਰ ਦੇ ਕਾਬੂ ਵਿਚ ਨਹੀਂ ਹੈ। ਉਹ ਧਿਰਾਂ, ਜਿਹੜੀਆਂ ਮਹਿੰਗਾਈ ਵਧਾਉਣ ਲਈ ਜ਼ਿੰਮੇਵਾਰ ਹਨ, ਉਨ੍ਹਾਂ ਦੀ ਸਿਆਸੀ ਪਾਰਟੀਆਂ ਜਾਂ ਤਾਂ ਪੁਸ਼ਤਪਨਾਹੀ ਕਰਦੀਆਂ ਹਨ, ਜਾਂ ਫਿਰ ਇਨ੍ਹਾਂ ਦੇ ਆਸਰੇ ਹੀ ਸਰਕਾਰਾਂ ਚਲਦੀਆਂ ਹਨ। ਮਹਿੰਗਾਈ ਲਈ ਮੁੱਖ ਤੌਰ 'ਤੇ ਜਮ੍ਹਾਖੋਰੀ ਜ਼ਿੰਮੇਵਾਰ ਹੈ। ਜਮ੍ਹਾਖੋਰੀ ਅਸਲ ਵਿਚ ਵੱਡੇ ਕਾਰੋਬਾਰੀਆਂ ਅਤੇ ਵਪਾਰੀਆਂ ਦੀ ਖੇਡ ਹੈ। ਇਹੋ ਹੀ ਬਿਜ਼ਨੈਸ ਕਲਾਸ ਹੈ, ਜਿਸ ਤੋਂ ਪੈਸੇ ਲੈ ਕੇ ਰਾਜਨੀਤਕ ਪਾਰਟੀਆਂ ਆਪੋ-ਆਪਣੀ ਸਿਆਸਤ ਚਲਾਉਂਦੀਆਂ ਹਨ। ਇੰਜ ਰਾਜਨੀਤਕ ਪਾਰਟੀਆਂ ਜਮ੍ਹਾਖੋਰਾਂ, ਵਪਾਰੀਆਂ ਅਤੇ ਕਾਰੋਬਾਰੀਆਂ ਦਾ ਗਠਜੋੜ ਮਹਿੰਗਾਈ ਲਈ ਜ਼ਿੰਮੇਵਾਰ ਹੈ। ਤਕਰੀਬਨ ਸਾਰੀਆਂ ਹੀ ਸਿਆਸੀ ਪਾਰਟੀਆਂ ਆਪਣੀ ਸਿਆਸਤ ਲਈ ਇਨ੍ਹਾਂ ਧਿਰਾਂ ਉਪਰ ਮੁਨੱਸਰ ਹਨ। ਫਿਰ ਵੀ ਇਹ ਸੱਚਾਈ ਹੈ ਕਿ ਮਹਿੰਗਾਈ ਦਾ ਮੁੱਦਾ ਕੇਂਦਰੀ ਲੋਕ ਮੁੱਦਾ ਬਣ ਕੇ ਉਭਰ ਰਿਹਾ ਹੈ। ਆਉਂਦੀਆਂ ਲੋਕ ਸਭਾ ਚੋਣਾਂ ਤੱਕ ਸ਼ਾਇਦ ਇਹ ਚੋਣ ਮੁਹਿੰਮ ਦਾ ਕੇਂਦਰੀ ਮੁੱਦਾ ਬਣ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਇਸ਼ਕ ਦੇ ਮਾਰੇ ...!*

ਕਿੱਸਾ ਕਿਸੇ ਦਾ ਨਹੀਂ ਜੇ ਨਸ਼ਰ ਹੋਇਆ, ਸਮਝੋ ਹਾਲੇ ਨਹੀਂ ਹੋਇਆ ਮਸ਼ਹੂਰ ਦੇਖੋ।
ਸਿਆਸਤਦਾਨ ਕੋਈ ਅੱਜ ਦਾ ਨੇਕ ਹੈ ਨਹੀਂ, ਚੜ੍ਹਿਆ ਬਹੁਤਿਆਂ ਤਾਈਂ ਗਰੂਰ ਦੇਖੋ।
ਗਈ ਮੱਤ ਮਾਰੀ ਬੁੱਢੇ ਠੇਰਿਆਂ ਦੀ, 'ਤਿਵਾੜੀ' ਜਿਹਾਂ ਨੂੰ ਆਇਆ ਸਰੂਰ ਦੇਖੋ।
ਚੋਰੀ ਛਿਪੇ ਹੀ ਯਾਰੀਆਂ ਪਾਲਣੇ ਦਾ, ਚੜ੍ਹਿਆ ਅਫਸਰਾਂ ਤਾਈਂ ਫਤੂਰ ਦੇਖੋ।
ਕਣੇ ਕਾਇਦੇ ਕਨੂੰਨ ਨੂੰ ਟੰਗ ਛਿੱਕੇ, ਮਨ ਭਾਉਂਦੀਆਂ ਕਰਦੇ 'ਹਜ਼ੂਰ' ਦੇਖੋ।
ਇਸ਼ਕ-ਮੁਸ਼ਕ ਦੇ ਪੰਗਿਆਂ ਵਿਚ ਪੈ ਕੇ, ਲੱਥਾ ਅਹੁਦਿਓਂ ਸ਼ਸ਼ੀ ਥਰੂਰ ਦੇਖੋ।

# ਬਿਜਲੀ ਬੋਰਡ ਦਾ ਨਿਗਮੀਕਰਨ ਸਫਲ ਸਿੱਧ ਹੋਵੇਗਾ?

**ਪ੍ਰੋ.ਐਚ.ਐਸ. ਡਿੰਪਲ**

ਪੰਜਾਬ ਸਰਕਾਰ ਦੁਆਰਾ ਕੈਬਨਿਟ ਦੀ ਇਕ ਅਹਿਮ ਬੈਠਕ ਕਰਕੇ ਜਿਸ ਤਰ੍ਹਾਂ ਪੰਜਾਬ ਰਾਜ ਬਿਜਲੀ ਬੋਰਡ ਦਾ ਖਾਤਮਾ ਕਰਕੇ ਇਸ ਨੂੰ ਨਿਗਮੀਕਰਨ ਦੀ ਭੇਟ ਚੜ੍ਹਾ ਦਿੱਤਾ ਹੈ, ਉਸਨੂੰ ਪੜ੍ਹ-ਸੁਣ ਕੇ ਹਰ ਜ਼ਿੰਮੇਵਾਰ, ਸੁਹਿਰਦ ਅਤੇ ਲੋਕ-ਹਿਤਾਂ ਦੇ ਹਾਮੀ ਇਨਸਾਨ ਨੂੰ ਗਹਿਰ-ਗੰਭੀਰ ਝਟਕਾ ਲੱਗਾ ਹੈ। 16 ਅਪਰੈਲ ਨੂੰ ਨੋਟੀਫਿਕੇਸ਼ਨ ਨੰਬਰ 196 ਜਾਰੀ ਕਰਕੇ ਪੰਜਾਬ ਰਾਜ ਬਿਜਲੀ ਬੋਰਡ, ਜਿਸਨੂੰ ਲੱਖਾਂ ਇੰਜੀਨੀਅਰਾਂ ਨੇ ਦਿਨ-ਰਾਤ ਇਕ ਕਰਕੇ ਮੌਜੂਦਾ ਰੂਪ ਦਿੱਤਾ ਸੀ, ਅਤੇ ਜਿਸ ਦੀ ਪ੍ਰਮੁੱਖ ਜ਼ਿੰਮੇਵਾਰੀ ਪੰਜਾਬੀਆਂ ਦੀ ''ਬਿਜਲੀ'' ਦੀ ਬੁਨਿਆਦੀ ਸਹੂਲਤ ਨੂੰ ਪੂਰਾ ਕਰਨਾ ਸੀ, ਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਬੋਰਡ ਦਾ ਕੰਮ ਕਾਜ ਹੁਣ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ (ਜੋ ਕਿ ਪਟਿਆਲਾ ਤੋਂ ਬਿਜਲੀ ਦੀ ਪੈਦਾਵਾਰ ਅਤੇ ਵੰਡ ਦਾ ਫ਼ਰਜ਼ ਨਿਭਾਵੇਗੀ) ਅਤੇ ਸਟੇਟ ਲੋਡ ਡਿਸਪੈਚ ਕੇਂਦਰ (ਮੁੱਖ ਦਫ਼ਤਰ ਪਟਿਆਲਾ) ਵਿਚ ਵੰਡ ਦਿੱਤਾ ਗਿਆ ਹੈ। ਇਹ ਦੋਵੇਂ ਵੱਖ-ਵੱਖ ਕੰਪਨੀਆਂ ਹਨ, ਜਿਨ੍ਹਾਂ ਵਿਚੋਂ ਟ੍ਰਾਂਸਕੋ ਦਾ ਕੰਮ ਬਿਜਲੀ ਦੀ ਸਹੀ ਟ੍ਰਾਂਸਮਿਸ਼ਨ ਨੂੰ ਯਕੀਨੀ ਬਣਾਉਣਾ ਹੈ ਅਤੇ ਇਸ ਵਿਚ ਟੁੱਟ-ਚੁੱਕੇ ਬਿਜਲੀ ਬੋਰਡ ਦੇ 3500 ਅਧਿਕਾਰੀ ਰੱਖੇ ਗਏ ਹਨ, ਜਦੋਂਕਿ ਪਾਵਰਕਾਮ, ਜੋ ਕਿ ਬਿਜਲੀ ਨੂੰ ਪੈਦਾ ਕਰਨ ਅਤੇ ਵੰਡਣ ਦਾ ਫ਼ਰਜ਼ ਨਿਭਾਵੇਗੀ, ਦੇ ਵਿਚ ਬਾਕੀ ਰਹਿੰਦੇ 65000 ਕਰਮਚਾਰੀ ਕੰਮ ਕਰਨਗੇ।

ਭਾਵੇਂ ਪੰਜਾਬ ਸਰਕਾਰ ਵਲੋਂ ਬਿਜਲੀ ਖੇਤਰ ਵਿਚ ਲੰਮੇ ਸਮੇਂ ਤੋਂ ਲਟਕਦੇ ਸੁਧਾਰ ਲਾਗੂ ਕਰਨ ਦੀ ਪ੍ਰਕ੍ਰਿਆ ਤੇਜ਼ ਕਰਨ, ਕੇਂਦਰੀ ਬਿਜਲੀ ਐਕਟ-2003 ਦੀ ਮਜਬੂਰੀ ਅਤੇ ਬੋਰਡ ਵਿਚ ਆਈਆਂ ਖਾਮੀਆਂ ਤੋਂ ਨਿਜਾਤ ਦਿਵਾਉਣ ਦੇ ਬਹਾਨੇ ਲਗਾ ਕੇ ਬਿਜਲੀ ਬੋਰਡ ਤੋੜਿਆ ਗਿਆ ਹੈ ਅਤੇ ਇਹੀ ਦਾਅਵੇ/ਵਾਅਦੇ/ਡਰਾਵੇ ਅਤੇ ਮਜਬੂਰੀਆਂ ਕਰਮਚਾਰੀਆਂ ਦੇ ਸੰਘਾਂ ਨੂੰ ਦਿੱਤੀਆਂ ਹਨ, ਪਰ ਇਨ੍ਹਾਂ ਮਿੱਠੀਆਂ ਗੋਲੀਆਂ ਵਿਚ ਲਿਪਟੀ ''ਕੌੜੀ ਜ਼ਹਿਰ'' ਅੱਜ ਨਹੀਂ ਤਾਂ ਕੱਲ੍ਹ ਆਪਣਾ ਰੰਗ ਅਤੇ ਸਵਾਦ ਦਿਖਾਏਗੀ। ਪੰਜਾਬ ਸਰਕਾਰ ਨੇ ਆਪਣੇ ਨਜ਼ਦੀਕੀ ਪੱਤਰਕਾਰਾਂ ਅਤੇ ਅਖੌਤੀ ਚਿੰਤਕਾਂ ਤੋਂ ਬੋਰਡ ਦੇ ਨਿਗਮੀਕਰਨ ਦੇ ਹੱਕ ਵਿਚ ਲਿਖਵਾਏ ਲੇਖ ਬਹੁਤ ਸਾਰੇ ਕੌਮੀ ਅਤੇ ਰਾਜ ਪੱਧਰ ਦੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪੇ ਹਨ, ਛਪ ਰਹੇ ਹਨ, ਪਰ ਅਸਲੀਅਤ ਤੋਂ ਪਿੱਠ ਮੋੜਨ ਜਾਂ ਪਾਠਕ ਨੂੰ ਹਨ੍ਹੇਰੇ ਵਿਚ ਰੱਖਣ ਦਾ ਯਤਨ ਕਰਨ ਵਾਲੇ ਇਨ੍ਹਾਂ ਵਿਚਾਰਕਾਂ ਨੂੰ ਵੀ ਅਸੀਂ ਉਨਾ ਹੀ ਦੋਸ਼ੀ ਮੰਨਦੇ ਹਾਂ, ਜਿੰਨਾ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ।

ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਦੁਆਰਾ ਲੱਖਾਂ ਵਾਅਦੇ ਕੀਤੇ ਗਏ ਸਨ, ਪਰ ਇੱਕਾ-ਦੁੱਕਾ ਵਾਅਦਿਆਂ ਦੇ ਇਲਾਵਾ ਬਾਕੀ ਸਭ ਅਜੇ ਵੀ ਵਾਅਦੇ ਹੀ ਹਨ, ਜਿਨ੍ਹਾਂ ਨੇ ਦਾਅਵੇ ਅਜੇ ਬਣਨਾ ਹੈ। ਆਪਣੀਆਂ ਜ਼ਿੰਮੇਵਾਰੀਆਂ ਤੋਂ ਪਿੱਛਾ ਛੁਡਵਾਉਣ ਲਈ ਸਰਕਾਰ ਨੇ ਸਹੁੰ ਚੁੱਕਦੇ ਸਾਰ ਹੀ ਅਫ਼ਸਰਾਂ ਦੀਆਂ ਸਲਾਹਾਂ ਲੈਣੀਆਂ ਅਰੰਭ ਕਰ ਦਿੱਤੀਆਂ ਸਨ। ਕਿਸੇ ਵੀ ਲੋਕਤੰਤਰੀ ਰਾਜ ਜਾਂ ਦੇਸ਼ ਨੂੰ ਕਲਿਆਣਕਾਰੀ ਮੰਨਿਆ ਜਾਂਦਾ ਹੈ, ਅਤੇ ਇਕ ਕਲਿਆਣਕਾਰੀ ਸਰਕਾਰ ਦੇ ਮੁੱਖ ਫਰਜ਼ ਲੋਕਾਂ ਜਾਂ ਜਨਤਾ ਦੀਆਂ ਬੁਨਿਆਦੀ ਸਹੂਲਤਾਂ ਦੀ ਪੂਰਤੀ ਕਰਨਾ ਹੁੰਦਾ ਹੈ। ਰੋਟੀ, ਕੱਪੜਾ ਅਤੇ ਮਕਾਨ ਦੀਆਂ ਮੁਢਲੀਆਂ ਸਹੂਲਤਾਂ ਦੇਰ ਤੋਂ ਲਟਕਦੀਆਂ ਪਈਆਂ ਹਨ। 4-20 ਦੀ ਸਕੀਮ ਕੋਈ ਵਧੀਆ ਰੰਗ ਦਿਖਾਉਣ ਵਿਚ ਕਾਮਯਾਬ ਨਹੀਂ ਰਹੀ। ਸਿੱਖਿਆ ਖੇਤਰ ਵਿਚ ਠੇਕੇਦਾਰੀ ਪ੍ਰਣਾਲੀ ਨੂੰ ਪ੍ਰੇਰਤ ਕਰਕੇ ਬਾਦਲ ਸਰਕਾਰ ਪਤਾ ਨਹੀਂ ਕੀ ਸਾਬਤ ਕਰਨਾ ਚਾਹੁੰਦੀ ਹੈ। ਮੈਂ ਚੋਣਾਂ ਤੋਂ ਕੁਝ ਦਿਨ ਪਹਿਲਾਂ ਅਜੀਤਵਾਲ ਵਿਚ ਹੋਈ ਵੱਡੀ ਸਿਆਸੀ ਚੋਣ ਰੈਲੀ ਦਾ ਗਵਾਹ ਹਾਂ, ਜਿੱਥੇ ਕਿ ਛੋਟੇ ਬਾਦਲ ਵਲੋਂ ''ਸਾਨੂੰ ਜਿਤਾਓ, ਅਸੀਂ ਛੇ ਮਹੀਨੇ ਦੇ ਅੰਦਰ-ਅੰਦਰ ਸਿੱਖਿਆ ਖ਼ੇਤਰ ਵਿਚ ਪੱਕੀ ਭਰਤੀ ਕਰਾਂਗੇ।'' ਚਾਲੀ ਹਜ਼ਾਰ ਪੋਸਟਾਂ ਭਰਨ ਦਾ ਦਾਅਵਾ ਖੋਖਲਾ ਰਹਿ ਗਿਆ। ਠੇਕੇ 'ਤੇ ਭਰਤੀ ਕੀਤੀ ਗਈ ਜਿੰਨੀ ਕੀਤੀ ਗਈ, ਪਰ ਇਥੇ ਅਸੀਂ ਬਾਦਲ ਸਰਕਾਰ ਦੀ ਇਕ ਅਹਿਮ ਪ੍ਰਾਪਤੀ ਦੀ ਪ੍ਰਸ਼ੰਸਾ ਕਰਾਂਗੇ ਕਿ ਸਰਕਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਦਰਸ਼ ਸੀਨੀਅਰ ਸਕੂਲਾਂ ਵਿਚ ਦੇਰ ਤੋਂ ਲਟਕਦੀ ਆ ਰਹੀ ਲੈਕਚਰਾਰਾਂ ਦੀ ਪੱਕੀ ਭਰਤੀ ਦੀ ਮੰਗ ਪੂਰੀ ਕਰਕੇ ਆਦਰਸ਼ ਸਕੂਲਾਂ ਨੂੰ ਲੀਹ 'ਤੇ ਪਾਇਆ, ਪਰ ਨਾਲ ਹੀ ਨਵੇਂ ਖੋਲ੍ਹੇ ਆਦਰਸ਼ ਸਕੂਲ ਪ੍ਰਾਈਵੇਟ ਭਾਗੀਦਾਰੀ ਨਾਲ ਚਲਾਉਣ ਦੀ ਗੱਲ ਕਰਕੇ ਇਕ ਵਧੀਆ ਮੁੱਦਾ ਠੰਢੇ ਬਸਤੇ ਵਿਚ ਪਾ ਲਿਆ। ਨਾ ਕਿਸੇ ਪ੍ਰਾਈਵੇਟ ਕੰਪਨੀ ਨੇ ਉਤਸ਼ਾਹ ਦਿਖਾਇਆ ਤੇ ਨਾ ਹੀ ਕੋਈ ਵਿਦਿਆਰਥੀ ਇਨ੍ਹਾਂ ਵੱਡ ਆਕਾਰੀ ਇਮਾਰਤਾਂ ਵਲ ਮੂੰਹ ਕਰ ਰਿਹਾ ਹੈ।

ਸਲਾਹ ਇਹੋ ਹੈ ਕਿ ਹਰ ਜ਼ਿਲ੍ਹੇ ਵਿਚ ਇਕ ਆਦਰਸ਼ ਸਕੂਲ ਖੋਲ੍ਹ ਕੇ ਪੁਰਾਣੇ ਆਦਰਸ਼ ਸਕੂਲਾਂ ਦੇ ਅਧਿਆਪਕਾਂ ਨੂੰ ਉਥੇ ਸ਼ਿਫਟ ਕਰ ਦਿੱਤਾ ਜਾਵੇ, ਕਿਉਂਕਿ ਪੁਰਾਣੇ ਆਦਰਸ਼ ਸਕੂਲਾਂ ਵਿਚ ਵਧੇਰੇ ਪੱਕੇ ਅਧਿਆਪਕ ਦੂਰ-ਦੂਰ ਦੇ ਜ਼ਿਲਿਆਂ ਵਿਚੋਂ ਆ ਕੇ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਦਾ ਵਧੇਰੇ ਸਮਾਂ ਆਉਣ-ਜਾਣ ਵਿਚ ਹੀ ਖਪਤ ਹੋ ਜਾਂਦਾ ਹੈ।

ਨਿੱਜੀ ਵਿਦਿਅਕ ਸੰਸਥਾਵਾਂ ਤੇ ਪੰਜਾਬ ਰਾਜ ਸਿੱਖਿਆ ਬੋਰਡ ਦੁਆਰਾ ਦਬਾਅ ਪਵਾ ਕੇ ਇਨ੍ਹਾਂ ਦੇ ਅਧਿਆਪਕਾਂ ਨੂੰ ਪੂਰੀ ਬੇਸਿਕ ਤਨਖਾਹ ਦਿਵਾਉਣ ਦੇ ਕਦਮ ਦੀ ਵੀ ਅਸੀਂ ਰੱਜ ਕੇ ਪ੍ਰਸ਼ੰਸਾ ਕਰਦੇ ਹਾਂ, ਪਰ ਸਿੱਖਿਆ ਦੇ ਨਿੱਜੀਕਰਨ ਅਤੇ ਠੇਕੇ ਕਰਨ ਦੀ ਅਸੀਂ ਉਵੇਂ ਹੀ ਆਲੋਚਨਾ ਕਰਾਂਗੇ, ਜਿਵੇਂ ਕਿ ਬਿਜਲੀ ਬੋਰਡ ਦੇ ਭੰਗ ਕਰਨ ਦੀ। ਸਿੱਖਿਆ ਇਕ ਮੁੱਢਲਾ ਅਧਿਕਾਰ ਹੈ, ਸਿਹਤ ਵੀ। ਪਰ ਦੋਹਾਂ ਖੇਤਰਾਂ ਵਿਚ ਨਿੱਜੀਕਰਨ ਅਤੇ ਠੇਕੇਦਾਰੀ ਦਾ ਚਲਨ ਆਰੰਭ ਕਰਕੇ ਅਕਾਲੀ-ਭਾਜਪਾ ਸਰਕਾਰ ਇਕ ਨਾਕਾਰਾਤਮਕ ਪਿਰਤ ਪਾ ਰਹੀ ਹੈ। ਬਿਜਲੀ ਵੀ ਇਕ ਮੁੱਢਲੀ ਲੋੜ ਹੈ, ਲੋਕਾਂ ਦੀ। ਇਸ ਨੂੰ ਨਿੱਜੀ ਹੱਥਾਂ ਵਿਚ ਦੇਣ ਦਾ ਪਹਿਲਾ ਪੜਾਅ ਹੈ, ਨਿਗਮੀਕਰਨ, ਜਿਸ ਨੂੰ ਵਧੇਰੇ ਲੋਕ ਅਤੇ ਚਿੰਤਕ (ਸ਼ਾਇਦ ਜਾਣ ਬੁੱਝ ਕੇ) ਸਮਝ ਨਹੀਂ ਰਹੇ ਹਨ। ਸਰਕਾਰ ਦਾ ਵਾਰ-ਵਾਰ ਇਹੀ ਬਿਆਨ ਹੈ, ਕਿ ਇਹ ਕੇਂਦਰ ਸਰਕਾਰ ਦੇ ਦਬਾਅ ਕਰਕੇ ਮਜਬੂਰੀ ਸੀ। ਦੂਸਰਾ ਇਹ ਕਿ ਪੰਜਾਬ ਬਿਜਲੀ ਬੋਰਡ ਘਾਟੇ ਵਿਚ ਜਾ ਰਿਹਾ ਸੀ। ਪੁੱਛਿਆ ਜਾ ਸਕਦਾ ਹੈ ਕਿ ਨਿੱਜੀਕਰਨ ਜਾਂ ਨਿਗਮੀਕਰਨ ਕਿਹੜਾ ਰਾਮ ਬਾਣ ਹੈ, ਕਿਹੜੀ ਸੰਜੀਵਨੀ ਬੂਟੀ ਹੈ, ਜੋ ਇੱਕ ਮੰਤਰ ਫੇਰ ਕੇ ਬਿਜਲੀ ਉਤਪਾਦਨ ਅਤੇ ਵੰਡ ਦੀਆਂ ਸਭ ਸਮੱਸਿਆਵਾਂ ਇਕੋ ਝਟਕੇ ਨਾਲ ਖਤਮ ਕਰ ਦੇਵੇਗਾ? ਸਰਕਾਰ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਦੂਸਰੇ ਰਾਜਾਂ ਨੇ ਵੀ ਬਿਜਲੀ ਬੋਰਡਾਂ ਨੂੰ ਭੰਗ ਕੀਤਾ ਹੈ, ਪਰ ਇਸ ਗੱਲ ਦਾ ਜਵਾਬ ਉਸ ਕੋਲ ਨਹੀਂ ਹੈ ਕਿ ਉਨ੍ਹਾਂ ਰਾਜਾਂ ਵਿਚ ਬਿਜਲੀ ਉਤਪਾਦਨ ਵਿਚ ਕਿੰਨਾ ਕੁ ਸੁਧਾਰ ਹੋਇਆ ਹੈ। ਭਾਵੇਂ ਕਿ ਇਨ੍ਹਾਂ ਰਾਜਾਂ ਵਿਚ ਬਿਜਲੀ ਦੇ ਨਿੱਜੀ/ਨਿਗਮੀਕਰਨ ਕਰਕੇ ਬਿਜਲੀ ਮਹਿੰਗੀ ਹੋਈ ਹੈ, ਪਰ ਨਾ ਤਾਂ ਬਿਜਲੀ ਉਤਪਾਦਨ ਤਸੱਲੀਬਖਸ਼ ਹੈ ਅਤੇ ਨਾ ਹੀ ਬਿਜਲੀ ਸਪਲਾਈ। ਹੋਰ ਤਾਂ ਹੋਰ ਇਨ੍ਹਾਂ ਰਾਜਾਂ ਵਿਚ ਨਿਗਮ ਪਹਿਲਾਂ ਦੇ ਮੁਕਾਬਲੇ ਦੁੱਗਣੀ ਜਾਂ ਤਿੱਗਣੀ ਹਾਨੀ ਝੱਲ ਰਹੇ ਹਨ। ਰਾਜਸਥਾਨ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ।

ਪਿੱਛੇ ਜਿਹੇ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਬਿਆਨ ਦਿੱਤਾ ਸੀ ਕਿ ਮੁਲਾਜ਼ਮਾਂ ਨੂੰ ਡਰਨ ਦੀ ਲੋੜ ਨਹੀਂ। ਪਰ ਇਸ ਪਿੱਛੇ ਉਨ੍ਹਾਂ ਦਾ ਤਰਕ ਸੀ, ਕਿ ਬਿਜਲੀ ਬੋਰਡ ਭੰਗ ਹੋਣ ਬਾਅਦ ਇਸ ਦੇ ਕਾਮਿਆਂ ਨੂੰ ''ਸਰਕਾਰੀ'' ਸਹੂਲਤਾਂ ਉਵੇਂ ਮਿਲਣਗੀਆਂ। ਪਰ ਇਸਦੇ ਨਿੱਜੀਕਰਨ ਬਾਰੇ ਉਹ ਬੜੀ ਚਲਾਕੀ ਨਾਲ ਗੱਲ ਗੋਲ ਕਰ ਗਏ ਕਿ ਟ੍ਰਾਂਸਕੋ ਨੂੰ ਕਿਸੇ ਵੀ ਹਾਲਤ ਵਿਚ ਨਿੱਜੀ ਹੱਥਾਂ ਵਿਚ ਨਹੀਂ ਦਿੱਤਾ ਜਾ ਸਕਦਾ, ਜਿਸ ਕਰਕੇ ਮੁਲਾਜ਼ਮਾਂ ਨੂੰ ਡਰਨ ਦੀ ਕੋਈ ਲੋੜ ਨਹੀਂ। ਪਰ ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ-ਅਤੇ ਨਾ ਹੀ ਕਿਸੇ ਨੇ ਪੁੱਛਿਆ-ਕਿ ਪਾਵਰਕਾਮ, ਜਿਸ ਵਿਚ 65 ਹਜ਼ਾਰ ਬਿਜਲੀ ਕਰਮਚਾਰੀ ਹਨ, ਦਾ ਆਉਣ ਵਾਲੇ ਦਿਨਾਂ ਵਿਚ ਕੀ ਹਸ਼ਰ ਹੋਵੇਗਾ। ਜੇਕਰ ਅੱਜ ਸਰਕਾਰ ਬੋਰਡ ਤੋੜ ਸਕਦੀ ਹੈ ਤਾਂ ਕੱਲ੍ਹ ਨੂੰ ਨਿਗਮ ਦਾ ਨਿੱਜੀਕਰਨ ਨਹੀਂ ਕਰ ਸਕਦੀ? ਸਿੱਧੀ ਜਿਹੀ ਗੱਲ ਹੈ ਕਿ ਸਰਕਾਰ ਵਿਦੇਸ਼ੀ ਇਸ਼ਾਰਿਆਂ 'ਤੇ ਨੱਚ ਰਹੀ ਹੈ। ਇਕ ਪਾਸੇ ਤਾਂ ਅਕਾਲੀ-ਭਾਜਪਾ ਵਲੋਂ ਕਾਂਗਰਸ ਦੀਆਂ ਲੋਕ-ਹਿਤੈਸ਼ੀ ਨੀਤੀਆਂ ਦਾ ਰੱਜ ਕੇ ਵਿਰੋਧ ਕੀਤਾ ਜਾਂਦਾ ਹੈ, ਪਰ ਜਦੋਂ ਅਕਾਲੀਆਂ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਲਈ ਕਾਂਗਰਸੀ ਜਾਂ ਹੋਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਲੋਂ ਆਲੋਚਨਾ ਕੀਤੀ ਜਾਂਦੀ ਹੈ ਤਾਂ ਅਕਾਲੀ ਤਿਲਮਿਲਾ ਉਠਦੇ ਹਨ। ਨਾਕਾਰਾਤਮਕ ਆਲੋਚਨਾ ਕਹਿ ਕੇ ਕੰਨਾਂ ਵਿਚ ਉਂਗਲਾਂ ਦੇ ਲੈਂਦੇ ਹਨ।

ਸਰਕਾਰ ਦੇ ਆਹਲਾ ਨੇਤਾ ਕਹਿ ਰਹੇ ਹਨ, ਕਿ ਪੰਜਾਬ ਬਿਜਲੀ ਬੋਰਡ ਇਕ ਚਿੱਟਾ ਹਾਥੀ ਬਣ ਚੁੱਕਾ ਸੀ, ਪਰ ਬੀਮਾਰੀ ਦਾ ਇਲਾਜ ਲੱਭਣ ਦੀ ਥਾਂ ਰੋਗੀ ਨੂੰ ਖਤਮ ਕਰ ਦੇਣਾ ਕਿੱਧਰ ਦੀ ਸਿਆਣਪ ਹੈ? ਵੈਸੇ ਤਾਂ ਇਸ ਸਮੇਂ ਪੰਜਾਬ ਦੀ ਵਿਧਾਨ ਸਭਾ ਨੂੰ ਵੀ ਕਈ ਚਿੰਤਕ ਅਤੇ ਵਿਚਾਰਕ ''ਚਿੱਟਾ ਹਾਥੀ'' ਕਹਿ ਰਹੇ ਹਨ। ਤਾਂ ਕੀ ਵਿਧਾਨ ਸਭਾ ਦਾ ਵੀ ਨਿੱਜੀਕਰਨ ਨਾ ਕਰ ਦਿੱਤਾ ਜਾਵੇ। ਸ਼ਾਇਦ ਅਜਿਹਾ ਸੰਭਵ ਨਹੀਂ।

# ਖੁਦ ਪਿਆਸੀਆਂ ਮਰ ਗਈਆਂ ਪੰਜਾਬ ਦੀਆਂ ਨਹਿਰਾਂ

**ਪੰਜਾਬ ਟਾਈਮਜ਼ ਬਿਊਰੋ**

ਦੋਆਬੇ ਦੀਆਂ ਨਹਿਰਾਂ ਸਾਰੀ ਉਮਰ ਪਿਆਸੀਆਂ ਰਹੀਆਂ ਹਨ। ਇਥੋਂ ਦੇ ਕਿਸਾਨਾਂ ਨੂੰ ਕਦੇ ਵੀ ਪੂਰਾ ਪਾਣੀ ਨਹੀਂ ਮਿਲਿਆ ਅਤੇ ਨਾ ਹੀ ਸਰਕਾਰਾਂ ਨੇ ਇਸ ਵਲ ਧਿਆਨ ਦਿੱਤਾ। ਫੰਡ ਤੇ ਸਟਾਫ ਦੀ ਕਮੀ ਕਾਰਨ ਇਸ ਵਕਤ ਨਹਿਰਾਂ ਨਾਲਿਆਂ ਵਿਚ ਬਦਲ ਚੁੱਕੀਆਂ ਹਨ, ਜਦਕਿ ਕੁਝ ਨਹਿਰਾਂ ਸ਼ਹਿਰ ਦੇ ਵਿਕਾਸ ਦੀ ਬਲੀ ਚੜ੍ਹ ਗਈਆਂ ਹਨ। ਕਰੀਬ 800 ਕਿਲੋਮੀਟਰ ਬਿਸਤ ਦੋਆਬ ਨਹਿਰ, ਜੋ ਕਿਸੇ ਸਮੇਂ ਕਰੀਬ 4.968 ਲੱਖ ਏਕੜ ਵਿਚ ਬਿਜਾਈ ਹੋਣ ਵਾਲੀ ਫਸਲ ਨੂੰ ਪਾਣੀ ਦੇਂਦੀ ਸੀ, ਦਾ ਜ਼ਿਆਦਾਤਰ ਹਿੱਸਾ ਇਸ ਵਕਤ ਕਬਜ਼ੇ ਵਿਚ ਦਬ ਗਿਆ ਹੈ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਕਬਜ਼ਿਆਂ ਨੂੰ ਹਟਾਉਣ ਲਈ ਨਹਿਰੀ ਵਿਭਾਗ ਨੇ ਅੱਜ ਤੱਕ ਕੋਸ਼ਿਸ਼ ਵੀ ਨਹੀਂ ਕੀਤੀ। ਇਸ ਸਮੇਂ ਪੰਜਾਬ ਵਿਚ ਕੇਵਲ ਦੋਆਬਾ ਹੀ ਇਹੋ ਜਿਹਾ ਖੇਤਰ ਹੈ, ਜਿੱਥੇ ਦੀ ਜ਼ਿਆਦਾਤਰ ਖੇਤੀ ਟਿਊਬਵੈਲ 'ਤੇ ਨਿਰਭਰ ਹੈ। ਬਿਸਤ ਦੋਆਬ ਨਹਿਰ ਲਈ ਪੰਜਾਬ ਸਰਕਾਰ ਨੇ ਦਸੰਬਰ 2008 ਵਿਚ ਕਰੀਬ 1.5 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਸੀ। ਇਹ ਗ੍ਰਾਂਟ ਇਸ ਨਹਿਰ ਦੇ ਲਈ ਊਠ ਦੇ ਮੂੰਹ ਵਿਚ ਜੀਰਾ ਸਾਬਿਤ ਹੋਈ। ਉਸੇ ਵਕਤ ਬਿਸਤ ਦੋਆਬ ਨਹਿਰ ਦੀ ਲਾਈਨਿੰਗ ਲਈ ਐਕਸੀਅਨ ਦਲੀਪ ਸਿੰਘ ਨੇ 210 ਕਰੋੜ ਰੁਪਏ ਦਾ ਪ੍ਰੋਜੈਕਟ ਬਣਾਇਆ ਸੀ, ਜਿਸਦਾ ਪੈਸਾ ਹਾਲੇ ਤੱਕ ਨਹੀਂ ਮਿਲਿਆ। ਗ੍ਰਾਂਟ ਨਾ ਹੋਣ 'ਤੇ ਸਟਾਫ ਦੀ ਭਾਰੀ ਕਮੀ ਕਾਰਨ ਬਿਸਤ ਦੋਆਬ ਨਹਿਰਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ। ਥਾਂ-ਥਾਂ ਨਹਿਰਾਂ ਦੇ ਪੁੱਲ ਟੁੱਟੇ ਹੋਏ ਹਨ ਅਤੇ ਕੱਚੇ ਬੰਨ੍ਹ ਬਰਸਾਤ ਦੇ ਦਿਨਾਂ ਵਿਚ ਲੋਕਾਂ ਦੀਆਂ ਪ੍ਰੇਸ਼ਾਨੀਆਂ ਵਧਾ ਦਿੰਦੇ ਹਨ।

ਬਿਸਤ ਦੋਆਬ ਸਿਸਟਮ ਤਹਿਤ ਨਿਕਲਣ ਵਾਲੀਆਂ ਕੁਝ ਨਹਿਰਾਂ 'ਤੇ ਕਿਸਾਨਾਂ ਅਤੇ ਹੋਰ ਲੋਕਾਂ ਨੇ ਕਬਜ਼ੇ ਜਮਾ ਲਏ ਹਨ। ਕਬਜ਼ੇ ਹਟਾਉਣ ਲਈ ਕੋਈ ਯੋਜਨਾ ਨਾ ਹੋਣ ਕਾਰਨ ਕਿਸਾਨਾਂ ਨੂੰ 43.81 ਕਿਊਸਿਕ ਪਾਣੀ ਦੇਣ ਵਾਲੀਆਂ ਨਹਿਰਾਂ ਇਕ ਦਹਾਕੇ ਤੋਂ ਬੰਦ ਹਨ। ਇਨ੍ਹਾਂ ਵਿਚ ਮਾਡਲ ਟਾਊਨ ਮਾਈਨਰ, ਨੰਗਲ ਸਬ ਮਾਈਨਰ ਤੇ ਹਦਿਆਬਾਦ ਮਾਈਨਰ ਸ਼ਾਮਿਲ ਹਨ। ਇਸ ਨਹਿਰੀ ਸਿਸਟਮ ਵਿਚ ਚਾਰ ਜ਼ਿਲ੍ਹੇ ਜਲੰਧਰ, ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਕਿਸਾਨਾਂ ਨੂੰ ਪਾਣੀ ਮਿਲਦਾ ਹੈ। ਨਹਿਰਾਂ ਦੀ ਸਫਾਈ ਸਮੇਂ ਸਿਰ ਨਾ ਹੋਣ ਕਾਰਨ ਇਸਦੇ ਨਾਲ ਲੱਗਣ ਵਾਲੇ ਪਿੰਡਾਂ/ਹਲਕਿਆਂ ਵਿਚ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ।

ਭੂਮੀ ਤੇ ਜਲ ਸੰਭਾਲ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਭਜਨ ਸਿੰਘ ਕਹਿੰਦੇ ਹਨ ਕਿ ਨਹਿਰਾਂ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਵੀ ਜ਼ਿਆਦਾ ਖੁਦਾਈ ਕਰਕੇ ਹੈਂਡ ਪੰਪ ਲਾਉਣੇ ਪਏ। ਉਨ੍ਹਾਂ ਮੁਤਾਬਿਕ ਗ੍ਰਾਮੀਣ ਸੈਕਟਰ ਵਿਚ ਵੀ 200 ਫੁੱਟ ਤਕ ਗਹਿਰੇ ਬੋਰ ਕਰਨੇ ਪੈ ਰਹੇ ਹਨ। ਅਫਸਰਸ਼ਾਹੀ ਦੀ ਅਣਦੇਖੀ ਅਤੇ ਲੋਕਾਂ ਦੇ ਅੰਧਵਿਸ਼ਵਾਸ ਕਾਰਨ ਇਸ ਵਕਤ ਨਹਿਰਾਂ ਵਿਚ ਗੰਦਗੀ ਦੀ ਭਰਮਾਰ ਹੈ। ਨਹਿਰਾਂ ਦੀ ਸਫਾਈ ਨਾ ਹੋਣ ਕਾਰਨ ਵੀ ਬਿਸਤ ਦੋਆਬ ਨਹਿਰ ਨੂੰ 'ਪੇਟ ਭਰ' ਪਾਣੀ ਨਹੀਂ ਮਿਲ ਰਿਹਾ ਹੈ। ਨਹਿਰੀ ਵਿਭਾਗ ਦੇ ਰੂਲ ਮੁਤਾਬਿਕ ਨਹਿਰਾਂ ਦੀ ਸਫਾਈ ਹਰੇਕ ਤਿੰਨ ਸਾਲ ਬਾਅਦ ਹੋਣੀ ਜ਼ਰੂਰੀ ਹੈ, ਪਰ ਇਸਦੀ ਸਫਾਈ ਕਰੀਬ ਪੰਜ ਸਾਲਾਂ ਵਿਚ ਨਹੀਂ ਹੋਈ ਹੈ। ਵਿਭਾਗ ਮੁਤਾਬਿਕ ਦੋਆਬੇ ਦੀਆਂ ਨਹਿਰਾਂ ਕੱਚੀਆਂ ਹਨ ਅਤੇ ਉਨ੍ਹਾਂ ਦਾ ਸੈਕਸ਼ਨ ਵੱਡਾ ਹੋ ਚੁੱਕਾ ਹੈ।

ਵਿਸਤ ਦੋਆਬ ਨਹਿਰ ਦੇ ਐਕਸੀਅਨ ਦਲੀਪ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜੋ ਲਾਈਨਿੰਗ ਦੇ ਕੰਮ ਨੂੰ ਮੁੱਖ ਰੱਖ ਕੇ ਪ੍ਰੋਜੈਕਟ ਭੇਜਿਆ ਸੀ ਉਹ ਮਨਜ਼ੂਰ ਹੋ ਗਿਆ ਹੈ।

# ਭਾਰਤ ਤੇ ਚੀਨ ਦਾ ਸਹਿਯੋਗ ਹੀ ਏਸ਼ੀਆ ਦਾ ਅਸਲ ਭਵਿੱਖ

**ਅਨੰਤ ਕ੍ਰਿਸ਼ਨਨ**

ਇਸ ਸਾਲ ਦੇ ਸ਼ੁਰੂ ਵਿਚ ਅਮਰੀਕਾ ਵਲੋਂ ਤਾਈਵਾਨ ਨੂੰ 6.4 ਬਿਲੀਅਨ ਡਾਲਰ ਦੇ ਹਥਿਆਰ ਵੇਚਣ ਦੀ ਮਨਜ਼ੂਰੀ ਨੇ ਚੀਨ ਦੇ ਫੌਜੀ ਰਸਾਲਿਆਂ ਵਿਚ ਉਤੋ-ੜਿੱਤੀ ਕਈ ਉਤੇਜਿਤ ਟਿੱਪਣੀਆਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਟਿੱਪਣੀਆਂ ਦੀ ਸੁਰ-ਸੇਧ ਭਾਰਤੀ ਸਰੋਤਿਆਂ ਨੂੰ ਆਮ ਵਰਗੀ ਹੀ ਲੱਗੇਗੀ। ਇਹ ਯੁੱਧ-ਚਾਲਕਾਂ ਵਿਚ ਨਿੱਤ ਵਧਦੀ ਚਿੰਤਾ ਦੇ ਪ੍ਰਗਟਾਵੇ ਨੂੰ ਪ੍ਰਤੀਬਿੰਬਤ ਕਰਦੀ ਸੀ ਕਿ ਅਮਰੀਕਾ ਚੀਨ ਨੂੰ ਘੇਰਨ ਅਤੇ ਕਾਬੂ ਵਿਚ ਰੱਖਣ ਲਈ 'ਦੂਜ ਦੇ ਚੰਦ ਵਰਗਾ ਇਕ ਘੇਰਾ' ਘੱਤ ਰਿਹਾ ਹੈ। ਦਿਲਚਸਪ ਗੱਲ ਇਹ ਕਿ ਬਹੁਤੀ ਬਹਿਸ ਇਸ ਗੱਲ ਉਤੇ ਕੇਂਦ੍ਰਿਤ ਸੀ ਕਿ ਭਾਰਤ 'ਚ ਕੋਈ ਭੂਮਿਕਾ ਨਿਭਾਏਗਾ ਜਾਂ ਨਹੀਂ। ਕੁਝ ਯੁੱਧ-ਚਾਲਕਾਂ ਨੇ ਇਹ ਫਿਕਰਮੰਦੀ ਜ਼ਾਹਰ ਕੀਤੀ ਸੀ ਕਿ ਅਮਰੀਕਾ ਦੇ ਇਸ ਗੱਠਜੋੜ ਵਿਚ 'ਭਾਰਤ ਦਾ ਅੰਤ ਨੂੰ ਰਲੇਵਾਂ' ਚੀਨ ਦੀ ਸੁਰੱਖਿਆ ਉਤੇ ਤਕੜਾ ਪ੍ਰਭਾਵ ਪਾਵੇਗਾ, ਜਿਵੇਂ ਕਿ 'ਚਾਈਨਾ ਡੇਲੀ' ਨੇ ਰਿਪੋਰਟ ਛਾਪੀ ਸੀ। ਲੋਕ ਮੁਕਤੀ ਸੈਨਾ ਦੀ ਹਵਾਈ ਫੌਜ ਦੇ ਕਰਨਲ ਨੇ ਚਿਤਾਵਨੀ ਦਿੱਤੀ ਸੀ ਕਿ ਚੀਨ ਨੂੰ ਇਸ ਨਿੱਤ ਵਧਦੇ ਤਾਣੇ-ਬਾਣੇ ਤੋਂ ਸੁਚੇਤ ਰਹਿਣ ਦੀ ਲੋੜ ਹੈ, ਜਿਹੜਾ ਕਿ 'ਜਾਪਾਨ ਤੋਂ ਭਾਰਤ ਤੱਕ' ਫੈਲਿਆ ਹੋਇਆ ਹੈ, ਜਿਸ ਕਾਰਨ ਚੀਨ ਦਾ ਸਾਹ ਕਦੇ ਵੀ ਘੁੱਟ ਸਕਦਾ ਹੈ। ਪ੍ਰੰਤੂ ਦੂਜੇ ਇਸ ਬਾਰੇ ਏਨਾ ਸਹਿਮਤ ਨਹੀਂ ਸਨ ਅਤੇ ਚਾਹੁੰਦੇ ਸਨ ਕਿ ਤਣਾਅ ਘਟਾਏ ਜਾਣ। ਭਾਰਤ ਵਿਚ ਚੀਨ ਦੇ ਸਾਬਕਾ ਰਾਜਦੂਤ ਪੇਈ ਯੁਆਨਯਿੰਗ ਦਾ ਕਹਿਣਾ ਸੀ ਕਿ ''ਅੰਤਰ-ਰਾਸ਼ਟਰੀ ਖੇਤਰ ਵਿਚ ਇਕ ਆਜ਼ਾਦ ਅੰਤਰ-ਰਾਸ਼ਟਰੀ ਸ਼ਕਤੀ ਵਜੋਂ ਭਾਰਤ ਦੇ ਕਿਸੇ ਵੀ ਅਮਰੀਕੀ ਯੋਜਨਾ ਦਾ ਹਿੱਸਾ ਬਣਨ ਦੀ ਸੰਭਾਵਨਾ ਨਹੀਂ ਹੈ।'' ਸ਼ੇਨ ਡਿੰਗਲੀ, ਜੋ ਕਿ ਬੀਜਿੰਗ ਵਿਚਲੇ ਯੁੱਧਨੀਤਕ ਹਲਕਿਆਂ ਵਿਚਲੀਆਂ ਸਿਰਕੱਢ ਹਸਤੀਆਂ ਵਿਚੋਂ ਇਕ ਹੈ, ਇਕ ਇੰਟਰਵਿਊ ਵਿਚ ਦਾਈ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਨਹੀਂ ਸੀ ਅਤੇ ਉਸ ਦਾ ਕਹਿਣਾ ਇਹ ਸੀ ਕਿ ਚਲੰਤ ਸੰਬੰਧ ਚੀਨ ਲਈ ਏਨੇ ਨਿੱਗਰ ਹਨ ਕਿ ਉਸ ਲਈ ਕੋਈ ਕਾਰਨ ਹੀ ਨਹੀਂ ਹੈ ਕਿ ਅਮਰੀਕਾ ਨਾਲ ਭਾਰਤ ਦੇ ਸੰਬੰਧਾਂ ਨੂੰ ਲੈ ਕੇ ਉਹ ਪ੍ਰੇਸ਼ਾਨ ਹੋਵੇ। ਇਹ ਵੱਖੋ-ਵੱਖਰੇ ਦ੍ਰਿਸ਼ਟੀਕੋਣ ਬੀਜਿੰਗ ਵਿਚ ਇਸ ਸਵਾਲ ਬਾਰੇ ਚੱਲ ਰਹੀ ਬਹਿਸ ਵਿਚ ਇਹ ਗੱਲ ਸਾਹਮਣੇ ਲਿਆਉਂਦੇ ਹਨ ਕਿ ਬਹੁਤ ਸਾਰੇ ਨੀਤੀ-ਘਾੜੇ ਇਸ ਸੰਬੰਧੀ ਘੋਲ ਕਰ ਰਹੇ ਹਨ ਕਿ ਉਭਰ ਰਹੇ ਭਾਰਤ ਨਾਲ ਚੀਨ ਕਿਵੇਂ ਨਜਿੱਠੇ? ਬਹਿਸ ਵਿਚ ਇਕ ਪਾਸੇ ਤਾਂ ਲੋਕ ਮੁਕਤੀ ਫੌਜ ਦੀਆਂ ਆਵਾਜ਼ਾਂ ਹਨ, ਜਿਹੜੀਆਂ ਬੀਜਿੰਗ ਉਤੇ ਇਹ ਦਬਾਅ ਪਾ ਰਹੀਆਂ ਹਨ ਕਿ ਭਾਰਤ ਵਲ ਸਖਤ ਰਵੱਈਆ ਅਪਨਾਇਆ ਜਾਵੇ। ਇਹ ਲੋਕ ਦੋਵਾਂ ਵਿਰੋਧੀਆਂ ਦਰਮਿਆਨ ਸਹਿਯੋਗ ਦੀ ਬਹੁਤ ਹੀ ਘੱਟ ਸੰਭਾਵਨਾ ਦੇਖਦੇ ਹਨ। ਦੂਜੇ ਪਾਸੇ ਹੋ ਜਿਨ ਤਾਓ ਸਰਕਾਰ ਅਤੇ ਸਰਕਾਰੀ ਵਿਚਾਰਵਾਨਾਂ ਵਿਚੋਂ ਅਜਿਹੀਆਂ ਆਵਾਜ਼ਾਂ ਵੀ ਉਠੰਦੀਆਂ ਹਨ, ਜਿਹੜੀਆਂ ਕੁਝ ਵਧੇਰੇ ਨਰਮਪੰਥੀ ਅਤੇ ਗੈਰ-ਟਕਰਾਓਵਾਦੀ ਵਿਦੇਸ਼ ਨੀਤੀ ਉਤੇ ਜ਼ੋਰ ਦਿੰਦੀਆਂ ਹਨ। ਇਨ੍ਹਾਂ ਵਿਚੋਂ ਇਕ ਖਿਆਲ ਤਾਂ ਇਹ ਹੈ ਕਿ ਚੀਨ ਦੇ ਆਪਣੇ ਹੀ ਹਿੱਤਾਂ ਅਤੇ ਨਿਰੰਤਰ ਵਿਕਾਸ ਲਈ ਨਰਮ ਨੀਤੀ ਜ਼ਰੂਰੀ ਹੈ।

ਪਿਛਲੇ ਸਾਲ ਫੌਜੀ ਰਸਾਲਿਆਂ ਅਤੇ ਕਮਿਊਨਿਸਟ ਪਾਰਟੀ ਵਲੋਂ ਪ੍ਰਕਾਸ਼ਤ ਕੀਤੇ ਜਾ ਰਹੇ ਅਖ਼ਬਾਰਾਂ ਵਿਚ ਛਪੇ ਕਈ ਲੇਖਾਂ ਅਤੇ ਟਿੱਪਣੀਆਂ ਵਿਚ ਕਈਆਂ ਨੇ ਇਹ ਸੁਝਾਅ ਦਿੱਤਾ ਹੈ ਕਿ ਪਹਿਲੇ ਗਰੁੱਪ ਦੀ ਗੱਲ ਵਧ ਤੋਂ ਵਧ ਸੁਣੀ ਜਾਣ ਲੱਗੀ ਹੈ। ਹੁਣੇ ਜਿਹੇ 'ਪੀਪਲਜ਼ ਡੇਲੀ' ਵਰਗੀਆਂ ਪ੍ਰਭਾਵਸ਼ਾਲੀ ਪ੍ਰਕਾਸ਼ਨਾਵਾਂ ਵਿਚ ਛਪੇ ਲੇਖਾਂ ਵਿਚ ਭਾਰਤ ਬਾਰੇ ਸਖਤ ਰਉਂ ਅਪਨਾਉਣ ਦੀ ਲਾਈਨ ਧਾਰਨ ਕਰਨ ਦੀ ਗੱਲ ਕਹੀ ਗਈ ਹੈ, ਜਿਸ ਵਿਚ ਨਵੀਂ ਦਿੱਲੀ ਉਪਰ 'ਘੁਮੰਡ' ਦਾ ਦੋਸ਼ ਲਗਾਇਆ ਗਿਆ ਹੈ ਅਤੇ ਚੀਨ ਨੂੰ ਸਰਹੱਦੀ ਝਗੜੇ ਬਾਰੇ ਸਖਤ ਪੈਂਤੜਾ ਮੱਲਣ ਲਈ ਕਿਹਾ ਗਿਆ ਹੈ। ਵਿਸ਼ੇਸ਼ ਕਰਕੇ 'ਪੀਪਲਜ਼ ਡੇਲੀ' ਭਾਰਤ ਦੀ ਫੌਜੀ ਲਾਮਬੰਦੀ ਬਾਰੇ ਕਾਫੀ ਕੁਝ ਲਿਖ ਰਿਹਾ ਹੈ ਅਤੇ ਆਮ ਤੌਰ ਉਤੇ 'ਭਾਰਤੀ ਖਤਰੇ' ਦੀ ਗੱਲ ਕਰਦਾ ਰਹਿੰਦਾ ਹੈ।

ਇਨ੍ਹਾਂ ਲੇਖਾਂ ਵਿਚ ਘੱਟ ਜਾਂ ਵਧ ਚੀਨ-ਭਾਰਤ ਸੰਬੰਧਾਂ ਬਾਰੇ 'ਲੋਕ ਮੁਕਤੀ ਸੈਨਾ ਦੇ ਵਿਚਾਰਾਂ' ਨੂੰ ਹੀ ਪ੍ਰਤੀਬਿੰਬਤ ਕੀਤਾ ਜਾਂਦਾ ਹੈ। ਇਹ ਵਿਚਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋ. ਸ੍ਰੀਕਾਂਤ ਕੋਂਡਾਪਲੀ ਦੇ ਹਨ, ਜਿਹੜੇ ਕਿ ਚੀਨੀ ਫੌਜ ਦਾ ਅਧਿਐਨ ਕਰਦੇ ਹਨ। ਉਸ ਦੇ ਅਤੇ ਦੂਜੇ ਵਿਸ਼ਲੇਸ਼ਣਕਾਰਾਂ ਅਨੁਸਾਰ ਇਹ ਵਿਚਾਰ ਭਾਰਤ ਬਾਰੇ ਤਿੰਨ ਬੁਨਿਆਦੀ ਨੀਤੀ ਪੁਜ਼ੀਸ਼ਨਾਂ ਉਤੇ ਆਧਾਰਤ ਹਨ।



ਪਹਿਲੀ ਪੁਜ਼ੀਸ਼ਨ ਇਹ ਸਮਝਦੀ ਹੈ ਕਿ ਭਾਰਤ ਮਹਾਂ-ਸ਼ਕਤੀ ਬਣਨ ਦੀ ਚਾਹਤ ਰੱਖਦਾ ਹੈ। ਇਸ ਸੰਬੰਧ ਵਿਚ ਹੁੰਗਾਰੇ ਵਜੋਂ ਪਾਕਿਸਤਾਨ ਦੀ ਹਮਾਇਤ ਕਰਨ ਦੀ ਨੀਤੀ ਧਾਰਨ ਕਰਨ ਨੂੰ ਕਿਹਾ ਗਿਆ ਹੈ, ਜੋ ਕਿ ਚੀਨ ਨਿਰੰਤਰ ਕਰ ਰਿਹਾ ਹੈ, ਅਤੇ ਯਤਨ ਕਰ ਰਿਹਾ ਹੈ ਕਿ ਭਾਰਤ ਦਾ ਪ੍ਰਭਾਵ ਦੱਖਣੀ ਏਸ਼ੀਆ ਤੱਕ ਹੀ ਸੀਮਤ ਕਰ ਦਿੱਤਾ ਜਾਵੇ। ਉਨ੍ਹਾਂ ਅਨੁਸਾਰ ਦੂਜੀ ਧਾਰਨਾ ਇਹ ਸਮਝਦੀ ਹੈ ਕਿ ਭਾਰਤ ਦੀਆਂ 'ਦੱਖਣੀ ਏਸ਼ੀਆ ਵਿਚ ਸਰਦਾਰਵਾਦੀ ਚਾਹਤਾਂ ਹਨ।' ਇਹ ਉਹ ਵਾਕੰਸ਼ ਹੈ, ਜਿਸ ਦੀ ਵਰਤੋਂ ਪਿਛਲੇ ਸਾਲ 'ਪੀਪਲਜ਼ ਡੇਲੀ' ਨੇ ਆਮ ਹੀ ਕੀਤੀ ਸੀ। ਇਸ ਬਾਰੇ ਚੀਨ ਵਿਚ ਨੀਤੀ-ਹੁੰਗਾਰਾ ਇਹ ਹੈ ਕਿ ਦੱਖਣੀ ਏਸ਼ੀਆ ਦੇ ਨੇਪਾਲ ਅਤੇ ਬੰਗਲਾ ਦੇਸ਼ ਵਰਗੇ ਛੋਟੇ ਰਾਜਾਂ ਦੀ ਹਮਾਇਤ ਕਰ ਕੇ ਇਸ 'ਸਰਦਾਰਵਾਦ ਦਾ ਵਿਰੋਧ' ਕੀਤਾ ਜਾਵੇ। ਤੀਜੀ ਗੱਲ ਹੈ ਭਾਰਤ ਦੀ ਹਿੰਦ-ਮਹਾਂਸਾਗਰ ਵਿਚ ਮੌਜੂਦਗੀ ਅਤੇ ਇਸ ਬਾਰੇ ਨੀਤੀ-ਹੁੰਗਾਰਾ ਇਹ ਹੈ ਕਿ ਚੀਨ ਦੀ ਸਮੁੰਦਰੀ ਫੌਜ ਦੀਆਂ ਯੋਜਨਾਵਾਂ ਵਧਾਈਆਂ ਜਾਣ।

ਕਿਉਂਕਿ ਲੋਕ ਮੁਕਤੀ ਸੈਨਾ ਕਾਫੀ ਪ੍ਰਭਾਵਸ਼ਾਲੀ ਹੈ, ਇਸ ਲਈ ਉਸ ਦਾ ਦ੍ਰਿਸ਼ਟੀਕੋਣ ਹਰ ਤਰੀਕੇ ਨਾਲ ਉਚ-ਨੀਤੀ ਘਾੜਿਆਂ ਦਰਮਿਆਨ ਇਕ ਆਮ ਸਹਿਮਤੀ ਵਾਲੀ ਰਾਏ ਨੂੰ ਪ੍ਰਤੀਬਿੰਬਤ ਕਰਦਾ ਹੈ। ਲੋਕ ਮੁਕਤੀ ਸੈਨਾ ਤੋਂ ਛੁੱਟ ਓਥੇ ਘੱਟੋ-ਘੱਟ ਤਿੰਨ ਗਰੁੱਪ ਹੋਰ ਹਨ, ਜਿਨ੍ਹਾਂ ਦੀ ਚੀਨ ਦੀ ਭਾਰਤ ਬਾਰੇ ਨੀਤੀ ਘੜਨ ਵਿਚ ਭੂਮਿਕਾ ਹੈ ਅਤੇ ਇਨ੍ਹਾਂ ਵਿਚ ਸ਼ਾਮਲ ਹਨ ਵਣਜ ਲਾਬੀਆਂ, ਸੇਵਾ-ਮੁਕਤ ਅਧਿਕਾਰੀ ਅਤੇ ਸਰਕਾਰੀ ਚਿੰਤਨ ਸਮੂਹਾਂ ਵਿਚਲੇ ਭਾਰਤ ਬਾਰੇ ਵਿਦਵਾਨਾਂ ਦੇ ਚੋਣਵੇਂ ਗਰੁੱਪ। ਇਹ ਹਿੱਸਾ ਇਨ੍ਹਾਂ ਸੰਬੰਧਾਂ ਨੂੰ ਲੋਕ ਮੁਕਤੀ ਸੈਨਾ ਦੇ ਫੌਜੀ ਚੌਖਟੇ ਤੋਂ ਬਾਹਰ ਰੱਖ ਕੇ ਵਿਚਾਰਦਾ ਹੈ। ਦਲੀਲ ਇਸ ਦੀ ਇਹ ਹੈ ਕਿ ਦੋਵਾਂ ਦੇਸ਼ਾਂ ਦਰਮਿਆਨ ਨਿਰੰਤਰ ਬੇਵਿਸ਼ਵਾਸੀ ਦੇ ਬਾਵਜੂਦ ਇਹ ਗੱਲ ਚੀਨ ਦੇ ਆਪਣੇ ਹੀ ਹਿੱਤ ਵਿਚ ਹੈ ਕਿ ਇਸ ਦੇ ਆਪਣੇ ਆਰਥਿਕ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਵੀ ਅਤੇ ਇਕ ਜ਼ਿੰਮੇਵਾਰ ਵਿਸ਼ਵ ਸ਼ਕਤੀ ਵਜੋਂ ਵੀ ਇਹ ਭਾਰਤ ਨਾਲ ਸਾਵੇਂ-ਪੱਧਰੇ ਸੰਬੰਧ ਅਤੇ ਇਕ ਸ਼ਾਂਤੀਪੂਰਨ ਮਾਹੌਲ ਕਾਇਮ ਰੱਖੇ।

ਇਕ ਸਿਰਕੱਢ ਦੱਖਣੀ ਏਸ਼ੀਆਈ ਵਿਦਵਾਨ, ਜਿਹੜਾ ਕਿ ਚੀਨ ਦੀਆਂ ਸਮਕਾਲੀ ਅੰਤਰ-ਰਾਸ਼ਟਰੀ ਸੰਬੰਧਾਂ ਦੀਆਂ ਸੰਸਥਾਵਾਂ ਵਿਚ ਕੰਮ ਕਰਦਾ ਹੈ ਅਤੇ ਜਿਹੜਾ ਸਰਕਾਰ ਨੂੰ ਉਸ ਦੀ ਭਾਰਤ ਨੀਤੀ ਬਾਰੇ ਸਲਾਹ ਦੇਂਦਾ ਹੈ, ਮਾ ਜਿਆਲੀ ਦਾ ਕਹਿਣਾ ਹੈ, ''ਇਕ ਸਾਂਝਾ ਨਿਸ਼ਾਨਾ ਵੀ ਹੈ ਅਤੇ ਉਹ ਇਹ ਕਿ ਦੋਵੇਂ ਦੇਸ਼ ਇਕ-ਧਰੁਵੀ ਸੰਸਾਰ ਨਹੀਂ ਚਾਹੁੰਦੇ।'' ਉਸ ਦੇ ਵਿਚਾਰ ਵਿਚ 'ਚਾਰ ਭੂਮਿਕਾਵਾਂ' ਹਨ, ਜਿਹੜੀਆਂ ਉਸ ਦੇ ਨੀਤੀ ਦ੍ਰਿਸ਼ਟੀਕੋਣ ਨੂੰ ਪ੍ਰਭਾਵਤ ਕਰਨ ਲਈ ਭਾਰਤ ਅਦਾ ਕਰਦਾ ਹੈ ਅਤੇ ਉਹ ਹਨ: 'ਇਕ ਨਿਕਟ ਗਵਾਂਢੀ, ਇਕ ਸਾਂਝੇ ਉਦੇਸ਼ਾਂ ਵਾਲਾ ਵਿਕਾਸਸ਼ੀਲ ਦੇਸ਼, ਇਕ ਉਭਰ ਰਹੀ ਸ਼ਕਤੀ ਅਤੇ ਨਿੱਤ ਵਧਦਾ ਇਕ ਮਹੱਤਵਪੂਰਨ ਅੰਤਰ-ਰਾਸ਼ਟਰੀ ਖਿਡਾਰੀ।' ਉਹ ਅੱਗੇ ਕਹਿੰਦਾ ਹੈ ਕਿ ''ਬੁਨਿਆਦੀ ਤੱਥ ਇਹ ਹੈ ਕਿ ਸਾਨੂੰ ਲਾਜ਼ਮੀ ਹੀ ਭਾਰਤ ਨਾਲ ਚੰਗੇ ਸੰਬੰਧ ਰੱਖਣੇ ਚਾਹੀਦੇ ਹਨ, ਨਹੀਂ ਤਾਂ ਸਾਡੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।''

ਉਸ ਦੇ ਵਿਚਾਰ ਹੀ ਸੁਨ ਸ਼ਿਹਾਈ ਨੇ ਦੁਹਰਾਏ, ਜਿਹੜਾ ਕਿ ਚੀਨ ਦੀ ਸਮਾਜਿਕ ਵਿਗਿਆਨ ਦੀ ਅਕੈਡਮੀ ਵਿਚ ਇਕ 'ਭਾਰਤ ਬਾਰੇ ਮਾਹਰ' ਹੈ। ਉਹ ਕਹਿੰਦਾ ਹੈ ਕਿ ਉਹ ਉਨ੍ਹਾਂ ਨੀਤੀ ਵਿਚਾਰਾਂ ਨਾਲ ਪੂਰੀ ਤਰ੍ਹਾਂ ਅਸਹਿਮਤ ਹੈ, ਜਿਹੜੇ ਪਿਛਲੇ ਸਾਲ ਸਰਕਾਰੀ ਪ੍ਰਚਾਰ-ਪਾਸਾਰ ਸਾਧਨਾਂ ਵਿਚ ਰਾਸ਼ਟਰਵਾਦੀ ਟਿੱਪਣੀਆਂ ਵਿਚ ਪ੍ਰਗਟ ਕੀਤੇ ਗਏ ਸਨ। ਪ੍ਰੋ. ਸੁਨ ਕਹਿੰਦਾ ਹੈ, ''ਉਨ੍ਹਾਂ ਵਿਚੋਂ ਬਹੁਤੀਆਂ ਰਿਪੋਰਟਾਂ ਵਿਚ ਭਾਰਤ ਨੂੰ ਬਹੁਤ ਹੀ ਗਲਤ ਸਮਝਿਆ ਗਿਆ ਸੀ। ਘੱਟੋ-ਘੱਟ ਬਹੁਤੇ ਵਿਦਵਾਨਾਂ ਦਰਮਿਆਨ ਇਹ ਜਾਗ੍ਰਿਤੀ ਨਿੱਤ ਵਧਦੀ ਜਾ ਰਹੀ ਹੈ ਕਿ ਭਾਰਤ ਦੀ ਸ਼ਕਤੀ ਵਧ ਰਹੀ ਹੈ, ਇਸ ਦਾ ਅੰਤਰਰਾਸ਼ਟਰੀ ਰੁਤਬਾ ਚੜ੍ਹ ਰਿਹਾ ਹੈ, ਅਤੇ ਇਹ ਤੱਥ ਇਕ ਉਹ ਹਕੀਕਤ ਹਨ, ਜਿਹੜੀ ਕਿ ਬਦਲੀ ਨਹੀਂ ਜਾ ਸਕਦੀ।'' ਉਸ ਦਾ ਵਿਸ਼ਵਾਸ ਹੈ ਕਿ ''ਇਹ ਗੱਲ ਚੀਨ ਦੇ ਆਪਣੇ ਹਿੱਤ ਵਿਚ ਹੈ ਕਿ ਅਜਿਹੇ ਮੁੱਦਿਆਂ ਉਪਰ ਭਾਰਤ ਨਾਲ ਮਿਲ ਕੇ ਕੰਮ ਕੀਤਾ ਜਾਵੇ, ਜਿਨ੍ਹਾਂ ਵਿਚ ਇਨ੍ਹਾਂ ਦੇਸ਼ਾਂ ਦਾ ਸਾਂਝਾ ਹਿੱਤ ਹੈ; ਜਿਵੇਂ ਕਿ ਵਾਤਾਵਰਣ ਦੀ ਤਬਦੀਲੀ ਅਤੇ ਦਹਿਸ਼ਤਵਾਦ ਵਿਰੁਧ ਲੜਾਈ। ਹੁਣ ਭਾਰਤ ਦੀ ਚੜ੍ਹਤ ਦੀ ਚੀਨ ਵਧੇਰੇ ਇੱਜ਼ਤ ਕਰਦਾ ਹੈ ਅਤੇ ਇਹ ਸਾਡੇ ਆਪਣੇ ਹਿੱਤ ਵਿਚ ਹੈ ਕਿ ਅਸੀਂ ਉਨ੍ਹਾਂ ਮੁੱਦਿਆਂ ਬਾਰੇ ਭਾਰਤ ਨਾਲ ਮਿਲਵਰਤਣ ਕਰੀਏ, ਜਿੱਥੇ ਕਿ ਅਸੀਂ ਕਰ ਸਕਦੇ ਹਾਂ, ਜਿਵੇਂ ਪਿਛਲੇ ਸਾਲ ਅਸਾਂ ਕੋਪਨਹੇਗਨ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਸੀ, ਖਾਸ ਕਰ ਕੇ ਵਾਤਾਵਰਣ ਦੀ ਤਬਦੀਲੀ ਦੇ ਮੁੱਦੇ ਨੂੰ ਲੈ ਕੇ।'' ਉਹ ਕਹਿੰਦਾ ਹੈ, ''ਦੋ ਉਭਰ ਰਹੀਆਂ ਸ਼ਕਤੀਆਂ ਦੀਆਂ ਵਧ ਰਹੀਆਂ ਅੰਤਰ-ਰਾਸ਼ਟਰੀ ਭੂਮਿਕਾਵਾਂ ਅਤੇ ਯੁੱਧ-ਚਾਲਕ ਵਜ਼ਨ ਕਾਰਨ ਦੋਵਾਂ ਦਰਮਿਆਨ ਸਹਿਯੋਗ ਅਤੇ ਮੁਕਾਬਲੇਬਾਜ਼ੀ ਕੁਦਰਤੀ ਹੋਵੇਗੀ। ਜਿਹੜੀ ਗੱਲ ਸਰਕਾਰਾਂ ਨੂੰ ਕਰਨ ਦੀ ਲੋੜ ਹੈ, ਉਹ ਇਹ ਹੈ ਕਿ ਮੁਕਾਬਲੇਬਾਜ਼ੀ ਨੂੰ ਕਾਬੂ ਵਿਚ ਰੱਖਣਾ ਅਤੇ ਝਗੜਾ ਟਾਲਣਾ। ਬਹੁਤੇ ਗੰਭੀਰ ਵਿਦਵਾਨ ਇਸੇ ਵਿਚਾਰ ਦੇ ਹਨ।''

ਕੀ ਇਨ੍ਹਾਂ ਵਿਭਿੰਨ ਵਿਚਾਰਾਂ ਦਾ ਭਾਰਤ ਲਈ ਕੋਈ ਅਰਥ ਹੈ? ਇਨ੍ਹਾਂ ਸਾਰੇ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹੀ ਚੀਨ ਦੀ ਵਿਦੇਸ਼ ਨੀਤੀ ਅੰਤ ਨੂੰ ਹੁਕਮਰਾਨ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਰਬ ਉੱਚ ਅਦਾਰਿਆਂ ਵਿਚ ਤੈਅ ਕੀਤੀ ਜਾਂਦੀ ਹੈ। ਪ੍ਰੋ. ਕੋਂਡਾਪਲੀ ਦਾ ਕਹਿਣਾ ਹੈ ਕਿ ''ਇਨ੍ਹਾਂ ਵਿਚਾਰਾਂ ਨੂੰ ਵਰਤਿਆ ਕਿਵੇਂ ਜਾਂਦਾ ਹੈ, ਇਹ ਇਕ 'ਅਤਿ ਦੀ ਗੁੰਝਲਦਾਰ ਪ੍ਰਕਿਰਿਆ' ਹੈ। ਵੱਖੋ-ਵੱਖਰੇ ਗਰੁੱਪ ਆਪਣਾ ਏਜੰਡਾ ਅਜ਼ਮਾਉਣ ਅਤੇ ਆਪਣੀ ਰਾਏ ਸੁਣੇ ਜਾਣ ਲਈ ਯਤਨ ਕਰਦੇ ਰਹਿੰਦੇ ਹਨ, ਪ੍ਰੰਤੂ ਫੈਸਲਾ ਅੰਤ ਨੂੰ ਕੀ ਹੁੰਦਾ ਹੈ, ਉਸ ਦਾ ਆਧਾਰ ਇਹ ਹੁੰਦਾ ਹੈ ਕਿ ਕਿਸੇ ਲੋੜੀਂਦੇ ਵਕਤ ਪ੍ਰਭਾਵ ਕਿਸ ਦਾ ਵਧੇਰੇ ਹੁੰਦਾ ਹੈ। ਭਾਵੇਂ ਇਸ ਵੇਲੇ ਇਸ ਬਹਿਸ ਦਾ ਸਿੱਟਾ ਹਾਲੇ ਗੈਰ-ਯਕੀਨੀ ਜਾਪਦਾ ਹੈ। ਅਕਾਦਮਿਕ ਭਾਈਚਾਰਾ ਨਰਮ ਅਤੇ ਮਿਲਵਰਤਣੀ ਨੀਤੀ ਅਪਨਾਉਂਦਾ ਜਾਪਦਾ ਹੈ, ਜਦੋਂਕਿ ਲੋਕ ਮੁਕਤੀ ਸੈਨਾ ਭਾਰਤ ਨੂੰ ਪ੍ਰੇਸ਼ਾਨ ਕਰੀ ਰੱਖਣ ਲਈ ਆਪਣਾ ਤਿੱਖਾਪਣ ਕਾਇਮ ਰੱਖ ਰਹੀ ਹੈ?

ਇਹੋ ਕਹਿਣਾ ਹੈ ਸੇਵਾ-ਮੁਕਤ ਬ੍ਰੀਗੇਡੀਅਰ ਅਰੁਣ ਸਹਿਗਲ ਦਾ ਜਿਹੜੇ ਕਿ ਨਵੀਂ ਦਿੱਲੀ ਵਿਚਲੀ ਅਮਨ ਅਤੇ ਭੇੜ ਅਧਿਐਨਾਂ ਦੀ ਇੰਸਟੀਚਿਊਟ ਵਿਚ ਕੰਮ ਕਰਦੇ ਹਨ। ਜਦੋਂ ਤੱਕ ਇਸ ਦੇ ਸਿੱਖਿਆ ਬਾਰੇ ਵਧੇਰੇ ਸਪੱਸ਼ਟਤਾ ਨਹੀਂ ਹੋ ਜਾਂਦੀ, ਦੋਵਾਂ ਦੇਸ਼ਾਂ ਅੰਦਰ ਬੇਭਰੋਸਗੀ ਦੇ ਬਣੇ ਰਹਿਣ ਦੀ ਸੰਭਾਵਨਾ ਹੈ, ਕਿਉਂਕਿ ਆਮ ਕਰ ਕੇ ਇਹ ਕੇਵਲ 'ਲੋਕ ਮੁਕਤੀ ਸੈਨਾ' ਦਾ ਭਾਰਤ ਬਾਰੇ ਸਖਤ ਵਤੀਰਾ ਹੀ ਹੈ, ਜਿਹੜਾ ਪ੍ਰਚਾਰ-ਪਾਸਾਰ ਸਾਧਨਾਂ ਅਤੇ ਆਮ ਕਰ ਕੇ ਯੁੱਧ ਚਾਲਕ ਵਿਸ਼ਲੇਸ਼ਣਕਾਰਾਂ ਰਾਹੀਂ 'ਚੀਨੀ ਖਤਰੇ' ਦੇ ਰਾਮ-ਰੌਲੇ ਦੇ ਰੂਪ ਵਿਚ ਸਾਹਮਣੇ ਆਉਂਦਾ ਰਹਿੰਦਾ ਹੈ। ਬਿਨਾਂ ਸ਼ੱਕ ਇਸ ਦਾ ਇਕ ਕਾਰਨ ਇਹ ਹੈ ਕਿ ਇਹ ਵਿਚਾਰ ਸਰਕਾਰ ਅਤੇ ਦੂਜੇ ਵਿਦਵਾਨਾਂ ਵਲੋਂ ਪ੍ਰਗਟ ਕੀਤੇ ਗਏ ਸੰਤੁਲਤ ਵਿਚਾਰਾਂ ਨਾਲੋਂ ਵਧੇਰੇ 'ਖਬਰ ਯੋਗ' ਜਾਪਦੇ ਹਨ। ਪ੍ਰੰਤੂ ਇਨ੍ਹਾਂ ਗਲਤ ਧਾਰਨਾਵਾਂ ਦੇ ਪਿੱਛੇ ਇਕ ਹੋਰ ਤੱਥ ਹੈ ਚੀਨ ਦੀ ਆਪਣੀ ਸਰਕਾਰ ਦਾ ਨਿਰੰਤਰ ਧੁੰਦਲਾਪਨ, ਜਿਹੜਾ ਨੀਤੀ-ਨਿਰਮਾਣ ਵਿਚ ਵੀ ਹੈ ਅਤੇ ਪ੍ਰਚਾਰ-ਪਾਸਾਰ ਸਾਧਨਾਂ ਉੱਪਰ ਰਾਜ ਦੇ ਨਿਯੰਤਰਣ ਵਿਚ ਵੀ। ਪ੍ਰੋ. ਕੋਂਡਾਪਲੀ ਦਾ ਕਹਿਣਾ ਹੈ, ''ਚੀਨ ਦੀਆਂ ਨੀਤੀਆਂ ਨੂੰ ਸਮਝਣ ਵਿਚ ਮੁੱਖ ਸਮੱਸਿਆ ਹੈ ਪਾਰਦਰਸ਼ਤਾ ਦੀ ਘਾਟ ਹੈ, ਜਿਸ ਕਾਰਨ ਆਮ ਤੌਰ ਉਤੇ ਗਲਤ ਧਾਰਨਾਵਾਂ ਬਣਦੀਆਂ ਹਨ।'' ਸਿੱਟੇ ਵਜੋਂ ਅੱਤਵਾਦੀ ਰਾਵਾਂ ਵੀ, ਜੋ ਭਾਵੇਂ ਕਿਸੇ ਵੀ ਪ੍ਰਚਾਰ ਪਾਸਾਰ ਸਾਧਨ ਵਿਚੋਂ ਮਿਲਨ, ਆਮ ਤੌਰ ਤੇ ਬੀਜਿੰਗ ਦੀ ਸਰਕਾਰੀ ਲਾਈਨ ਹੀ ਸਮਝੀਆਂ ਜਾਂਦੀਆਂ ਹਨ, ਇੰਜ ਹੀ ਮਿਲੇ ਹੋਰ ਵਿਚਾਰ ਵੀ ਇਸੇ ਤਰ੍ਹਾਂ ਸਮਝੇ ਜਾਂਦੇ ਹਨ, ਹੋਣ ਭਾਵੇਂ ਉਹ ਚੱਲ ਰਹੀ ਬਹਿਸ ਵਿਚੋਂ ਸੁਣਾਈ ਦੇਣ ਵਾਲੀਆਂ ਆਵਾਜ਼ਾਂ ਤੋਂ ਵਧ ਕੁਝ ਵੀ ਨਾ। ਜਿੰਨੀ ਦੇਰ ਚੀਨ ਵਧੇਰੇ ਪਾਰਦਰਸ਼ੀ ਨਹੀਂ ਬਣ ਜਾਂਦਾ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਵਿਦੇਸ਼ੀ ਦਰਸ਼ਕਾਂ ਦੇ ਅੱਤ ਦੀਆਂ ਮੰਦੀਆਂ ਖਬਰਾਂ ਪੜ੍ਹ-ਪੜ੍ਹ ਕੇ ਮੰਦਾ ਸੋਚਦੇ ਰਹਿਣ ਦੀ ਸੰਭਾਵਨਾ ਬਣੀ ਰਹੇਗੀ।

# ਭਾਰਤੀ ਲੋਕਤੰਤਰ ਦੇ ਸੌ ਵਰ੍ਹੇ ਤੇ ਮੁਸਲਮਾਨ

**ਐਮ.ਜੇ. ਅਕਬਰ**

ਵਰ੍ਹੇਗੰਢ ਆਉਂਦੀ ਹੈ ਤੇ ਚਲੀ ਜਾਂਦੀ ਹੈ। ਇਹ ਸਿਰਫ ਸਮਰਾਟਾਂ ਜਾਂ ਨੇਤਾਵਾਂ ਦੇ ਜਨਮ ਦਿਨਾਂ ਜਾਂ ਜੈਅੰਤੀਆਂ ਤੱਕ ਹੀ ਸੀਮਤ ਨਹੀਂ ਹੁੰਦੀ, ਸਗੋਂ ਇਸ ਨਾਲ ਹੋਰ ਵੀ ਕਈ ਗੱਲਾਂ ਜੁੜੀਆਂ ਹੁੰਦੀਆਂ ਹਨ। ਜੇ ਅਸੀਂ ਅਮਲੀ ਰੂਪ 'ਚ ਦੇਖੀਏ ਤਾਂ 2010 ਭਾਰਤੀ ਲੋਕਤੰਤਰ ਦਾ ਸ਼ਤਾਬਦੀ ਵਰ੍ਹਾ ਹੋਣ ਦਾ ਸਿਲਾ ਯਕੀਨੀ ਤੌਰ 'ਤੇ ਲੈ ਸਕਦਾ ਹੈ। ਜਨਵਰੀ 1910 ਵਿਚ ਮਿੰਟੋ-ਮਾਰਲੇ ਸੁਧਾਰਾਂ ਦੇ ਲਾਗੂ ਹੋਣ ਤੋਂ ਬਾਅਦ ਸੀਮਤ ਅਤੇ ਵੱਖ-ਵੱਖ ਵੋਟਰ ਵਰਗਾਂ ਦੇ ਆਧਾਰ 'ਤੇ ਹੋਈਆਂ ਚੋਣਾਂ 'ਚ ਨਾਮਜ਼ਦ 27 ਮੈਂਬਰਾਂ ਨੇ ਕਲਕੱਤਾ ਵਿਚ ਸਥਿਤ 60 ਮੈਂਬਰੀ ਇੰਪੀਰੀਅਲ ਲੈਜਿਸਲੇਟਿਵ ਕੌਂਸਲ 'ਚ ਆਪਣੀ ਥਾਂ ਸੰਭਾਲੀ ਸੀ। ਇਸ ਤੋਂ ਬਾਅਦ ਭਾਰਤ ਵਿਚ ਚੋਣਾਂ ਦੇ ਤੌਰ-ਤਰੀਕਿਆਂ 'ਚ ਸਮੇਂ-ਸਮੇਂ 'ਤੇ ਸੁਧਾਰ ਹੁੰਦਾ ਰਿਹਾ ਤੇ ਚੋਣ ਪ੍ਰਕਿਰਿਆ ਲਗਾਤਾਰ ਜਾਰੀ ਰਹੀ ਪਰ ਇਸ ਨੂੰ ਕਦੇ ਵੀ ਛੱਡਿਆ ਨਹੀਂ ਗਿਆ।

25 ਜਨਵਰੀ 1910 ਨੂੰ ਮੁਹੰਮਦ ਅਲੀ ਜਿਨਾਹ ਨੇ ਮੁੰਬਈ ਵਿਚ ਇਕ ਮੁਸਲਿਮ ਮੈਂਬਰ ਵਲੋਂ ਅਹੁਦਾ ਸੰਭਾਲਿਆ ਸੀ। ਇਸ ਮਹਾਨਗਰ ਵਿਚ ਜਿੱਤਣ ਵਾਲੇ ਦੂਜੇ ਨੇਤਾ ਸਨ ਗੋਪਾਲਕ੍ਰਿਸ਼ਨ ਗੋਖਲੇ, ਜੋ 'ਜਨਰਲ' ਜਾਂ 'ਹਿੰਦੂ' ਸੀਟ 'ਤੇ ਜਿੱਤ ਕੇ ਆਏ ਸਨ। ਜਿਨਾਹ ਲਈ ਇਹ ਇਕ ਭਾਗਾਂ ਵਾਲਾ ਮੌਕਾ ਸੀ। ਉਨ੍ਹਾਂ ਨੇ ਅੰਗਰੇਜ਼ੀ ਸਿੱਖਿਆ ਹਾਸਿਲ ਕੀਤੀ ਹੋਈ ਸੀ ਤੇ ਇਕ ਵਕੀਲ ਸਨ। ਉਦੋਂ ਤੱਕ ਉਨ੍ਹਾਂ ਦਾ ਅਕਸ ਕੱਟੜਪੰਥੀ ਵਿਅਕਤੀ ਵਾਲਾ ਨਹੀਂ ਸੀ। ਜਿਨਾਹ ਆਪਣੀ ਉਸ ਸੀਟ 'ਤੇ 1946 ਤਕ ਰਹੇ। ਉਂਜ ਜਿਨਾਹ ਉਸ ਚੋਣ ਪ੍ਰਣਾਲੀ ਤੋਂ ਖੁਸ਼ ਨਹੀਂ ਸਨ, ਜਿਸ ਨਾਲ ਚੁਣ ਹੋ ਕੇ ਉਹ ਕੌਂਸਲ ਵਿਚ ਆਏ ਸਨ। ਇਸ ਵੱਖਰੀ ਵੋਟਰ ਪ੍ਰਣਾਲੀ 'ਚ ਮੁਸਲਿਮ ਸਿਰਫ ਮੁਸਲਿਮ ਉਮੀਦਵਾਰ ਨੂੰ ਹੀ ਵੋਟ ਦੇ ਸਕਦਾ ਸੀ।

ਅਸਲ ਵਿਚ ਇਹ ਵਿਵਸਥਾ ਉਨ੍ਹਾਂ ਕੁਝ ਮੁਸਲਿਮ ਨੇਤਾਵਾਂ ਦੀ ਵਜ੍ਹਾ ਕਰਕੇ ਹੋਈ ਸੀ, ਜਿਨ੍ਹਾਂ ਨੇ 1906 ਵਿਚ ਵੇਲੇ ਦੇ ਬ੍ਰਿਟਿਸ਼ ਗਵਰਨਰ ਜਨਰਲ ਸਾਹਮਣੇ ਅਜਿਹੀ ਮੰਗ ਰੱਖੀ ਸੀ ਤੇ ਉਸੇ ਸਾਲ ਦਸੰਬਰ ਵਿਚ ਮੁਸਲਿਮ ਲੀਗ ਦੀ ਸਥਾਪਨਾ ਕੀਤੀ ਸੀ। ਜਿਨਾਹ ਨੇ ਮੁਸਲਿਮ ਲੀਗ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ 1910 ਵਿਚ ਕਾਂਗਰਸ ਦੇ ਇਲਾਹਾਬਾਦ ਇਜਲਾਸ ਵਿਚ ਉਸ ਤਜਵੀਜ਼ ਦਾ ਸਮਰਥਨ ਕੀਤਾ ਸੀ, ਜਿਸ ਵਿਚ ਫਿਰਕੂ ਆਧਾਰ 'ਤੇ ਵੋਟਰਾਂ ਦੇ ਨਿਰਧਾਰਨ ਦਾ ਵਿਰੋਧ ਕੀਤਾ ਗਿਆ ਸੀ।

ਜਿਨਾਹ ਨੇ ਉਦੋਂ ਚਿਤਾਵਨੀ ਦਿੱਤੀ ਸੀ ਕਿ ਅਜਿਹੇ ਵੱਖਰੇ ਫਿਰਕੂ ਚੋਣ ਮੰਡਲਾਂ ਨਾਲ ਦੇਸ਼ ਫਿਰਕੂ ਆਧਾਰਾਂ 'ਤੇ ਵੰਡ ਹੋ ਜਾਵੇਗਾ। ਉਂਜ ਇਹ ਤ੍ਰਾਸਦੀ ਹੀ ਰਹੀ ਕਿ ਅਜਿਹੀ ਫਿਰਕਾਪ੍ਰਸਤੀ ਦਾ ਵਿਰੋਧ ਕਰਨ ਵਾਲੇ ਜਿਨਾਹ ਹੀ ਫਿਰਕੂ ਆਧਾਰ 'ਤੇ ਭਾਰਤ ਦਾ ਬਟਵਾਰਾ ਹੋਣ 'ਤੇ ਬਣੇ ਪਾਕਿਸਤਾਨ ਦੇ ਨਿਰਮਾਤਾ ਸਨ।

ਇਹ ਸਹੀ ਹੈ ਕਿ ਉਦੋਂ ਕਾਂਗਰਸ ਨੇ ਵੀ ਇਸ ਵੱਖਰੇ ਚੋਣ ਮੰਡਲ ਦਾ ਭਾਰੀ ਵਿਰੋਧ ਕੀਤਾ ਸੀ ਤੇ ਬਾਅਦ ਵਿਚ ਵੀ ਉਹ ਇਸ ਦਾ ਵਿਰੋਧ ਕਰਦੀ ਰਹੀ ਪਰ ਇਸ ਨੇ ਭਾਰਤੀ ਲੋਕਤੰਤਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਅਸਿੱਧੇ ਤੌਰ 'ਤੇ ਆਪਣੀ ਹੋਂਦ ਬਣਾਈ ਰੱਖੀ। ਇਸ ਨੂੰ ਤੁਸੀਂ ਰਾਖਵੇਂਕਰਨ ਦੀ ਵਿਵਸਥਾ ਵਜੋਂ ਵੀ ਸਮਝ ਸਕਦੇ ਹੋ। ਅਜਿਹੇ ਰਾਖਵੇਂਕਰਨ ਦੀ ਗੱਲ ਉਦੋਂ ਸ਼ੁਰੂ ਹੋਈ ਸੀ, ਜਦੋਂ ਸਤੰਬਰ 1932 ਵਿਚ ਗਾਂਧੀ ਜੀ ਨੇ ਡਾ. ਅੰਬੇਡਕਰ ਨਾਲ ਸਮਝੌਤਾ ਕੀਤਾ ਸੀ। ਡਾ. ਅੰਬੇਡਕਰ ਉਦੋਂ ਦਲਿਤਾਂ ਲਈ ਵੱਖਰੇ ਚੋਣ ਮੰਡਲ ਦੇ ਪੱਖ ਵਿਚ ਸਨ। ਗਾਂਧੀ ਜੀ ਨੇ ਵੋਟਰਾਂ ਦੇ ਵੱਖਰੇ ਚੋਣ ਮੰਡਲ ਬਣਾਉਣ ਦੀ ਬਜਾਏ ਉਮੀਦਵਾਰਾਂ ਨੂੰ ਹੀ ਵਰਗਾਂ ਵਿਚ ਵੰਡ ਦਿੱਤਾ। ਉਨ੍ਹਾਂ ਨੇ ਡਾ. ਅੰਬੇਡਕਰ ਨੂੰ ਭਰੋਸਾ ਦਿੱਤਾ ਕਿ ਦਲਿਤਾਂ ਲਈ ਇਸ ਨਾਲ ਜ਼ਿਆਦਾ ਸੀਟਾਂ ਰਾਖਵੀਆਂ ਹੋ ਜਾਣਗੀਆਂ, ਜਿੰਨੀਆਂ ਕਿ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਲਈ ਤੈਅ ਕੀਤੀਆਂ ਸਨ।

ਵੱਖਰੇ ਚੋਣ ਮੰਡਲ ਅਤੇ ਰਾਖਵੇਂਕਰਨ ਦਾ ਉਦੇਸ਼ ਇਕ ਤਰ੍ਹਾਂ ਨਾਲ ਸਾਂਝਾ ਹੀ ਸੀ ਕਿਉਂਕਿ ਇਸ ਦਾ ਮਤਲਬ ਇਹੀ ਸੀ ਕਿ ਇਕ ਵਿਸ਼ੇਸ਼ ਭਾਈਚਾਰੇ ਦੇ ਮੈਂਬਰ ਤੈਅ ਗਿਣਤੀ ਵਿਚ ਪਾਰਲੀਮੈਂਟ ਵਿਚ ਪਹੁੰਚਣ। ਜਿਨਾਹ ਨੇ 1928 ਵਿਚ ਰਾਖਵੀਆਂ ਸੀਟਾਂ ਬਦਲੇ ਮੁਸਲਿਮ ਭਾਈਚਾਰੇ ਦੇ ਵੱਖਰੇ ਚੋਣ ਮੰਡਲ ਦੀ ਵਿਵਸਥਾ ਨੂੰ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਉਦੋਂ ਮੋਤੀ ਲਾਲ ਨਹਿਰੂ ਨੇ ਇਕ ਸਰਬਦਲੀ ਸੰਵਿਧਾਨ ਦਾ ਖਰੜਾ ਤਿਆਰ ਕੀਤਾ ਸੀ। ਜੇ ਕਾਂਗਰਸ ਨੇ ਉਦੋਂ ਜਿਨਾਹ ਦੇ ਇਸ ਸੁਝਾਅ ਨੂੰ ਮੰਨ ਲਿਆ ਹੁੰਦਾ ਤਾਂ ਸ਼ਾਇਦ ਪਾਕਿਸਤਾਨ ਨਾ ਬਣਦਾ ਪਰ ਕਾਂਗਰਸ ਉਦੋਂ ਮੁਸਲਮਾਨਾਂ ਨੂੰ ਉਹ ਕੁਝ ਦੇਣ ਲਈ ਤਿਆਰ ਨਹੀਂ ਹੋਈ, ਜੋ ਉਹ ਡਾ. ਅੰਬੇਡਕਰ ਨੂੰ ਦੇਣ ਲਈ ਤਿਆਰ ਹੋ ਗਈ ਸੀ।

**ਰਾਖਵਾਂਕਰਨ ਅਸਥਾਈ ਪ੍ਰਬੰਧ ਸੀ:** ਰਾਖਵੇਂਕਰਨ ਨੂੰ ਭਾਰਤੀ ਸੰਵਿਧਾਨ 'ਚ ਇਕ ਅਸਥਾਈ ਪ੍ਰਬੰਧ ਵਜੋਂ ਲਾਗੂ ਕੀਤਾ ਗਿਆ ਸੀ ਪਰ ਹੁਣ ਇਹ ਇਕ ਸਥਾਈ ਅਸਲੀਅਤ ਬਣ ਗਈ ਹੈ ਤੇ ਇਸ ਨੇ ਹੌਲੀ ਹੌਲੀ ਆਪਣੀਆਂ ਜੜ੍ਹਾਂ ਜਮਾ ਲਈਆਂ ਹਨ। ਸੋਚੋ, ਜੇ ਮਹਿਲਾ ਰਾਖਵੇਂਕਰਨ ਬਿਲ ਪਾਸ ਹੋ ਗਿਆ ਤਾਂ ਭਾਰਤ ਦੇ 60 ਫੀਸਦੀ ਵੋਟਰ (ਮਹਿਲਾ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ-ਜਾਤਾਂ) ਰਾਖਵੇਂਕਰਨ ਦੇ ਅਧੀਨ ਆ ਜਾਣਗੇ। ਇਸ ਤਰ੍ਹਾਂ 1928 ਤੇ 1932 ਵਿਚ ਜਿਸ ਸਵਾਲ ਦਾ ਜਵਾਬ ਨਹੀਂ ਦਿੱਤਾ ਜਾ ਸਕਿਆ, ਉਹ ਅੱਜ ਆਜ਼ਾਦ ਭਾਰਤ ਵਿਚ ਮੁੜ ਉਭਰ ਰਿਹਾ ਹੈ ਅਤੇ ਉਹ ਹੈ ਮੁਸਲਿਮ ਭਾਈਚਾਰੇ ਵਲੋਂ ਪੁੱਛਿਆ ਜਾ ਰਿਹਾ ਇਹ ਸਵਾਲ ਕਿ ਸਾਨੂੰ ਵੀ ਇਸੇ ਤਰ੍ਹਾਂ ਰਾਖਵਾਂਕਰਨ ਕਿਉਂ ਨਹੀਂ ਦਿੱਤਾ ਜਾ ਰਿਹਾ?

ਹੁਣ ਸਿਆਸੀ ਖੇਤਰ ਵਿਚ ਜਗ੍ਹਾ ਬਣਾਉਣ ਦੀ ਬਜਾਏ ਮੁੱਖ ਤੌਰ 'ਤੇ ਆਰਥਿਕ ਸਥਿਤੀ ਤੇ ਸਿੱਖਿਆ ਵਲ ਸਾਰਿਆਂ ਦਾ ਧਿਆਨ ਕੇਂਦ੍ਰਿਤ ਹੁੰਦਾ ਜਾ ਰਿਹਾ ਹੈ। ਇਸ ਨਾਲ ਜੁੜੀਆਂ ਜੋ ਵੀ ਸ਼ਿਕਾਇਤਾਂ ਹਨ, ਉਹ ਇਕ ਤਰ੍ਹਾਂ ਨਾਲ ਭਾਈਚਾਰੇ ਦੀਆਂ ਖੁਦ ਨੂੰ ਅਣਗੌਲੇ ਸਮਝੇ ਜਾਣ ਦੀਆਂ ਭਾਵਨਾਵਾਂ ਕਾਰਨ ਪੈਦਾ ਹੋਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦ ਹੋਰਨਾਂ ਨੂੰ ਰਾਖਵੇਂਕਰਨ ਦਾ ਅਧਿਕਾਰ ਹੈ ਤਾਂ ਮੁਸਲਮਾਨਾਂ ਨੂੰ ਕਿਉਂ ਨਹੀਂ। ਇਹ ਸਹੀ ਹੈ ਕਿ ਸਾਡਾ ਸੰਵਿਧਾਨ ਧਾਰਮਿਕ ਆਧਾਰ 'ਤੇ ਕਿਸੇ ਨੂੰ ਵੀ ਰਾਖਵਾਂਕਰਨ ਦਿੱਤੇ ਜਾਣ ਦੀ ਇਜਾਜ਼ਤ ਨਹੀਂ ਦਿੰਦਾ ਪਰ ਸੰਵਿਧਾਨ ਵਿਚ ਔਰਤਾਂ ਲਈ ਵੱਖਰੇ ਰਾਖਵੇਂਕਰਨ ਦਾ ਪ੍ਰਬੰਧ ਨਹੀਂ ਹੈ। ਜੇ ਤੁਸੀਂ ਔਰਤਾਂ ਨੂੰ ਰਾਖਵਾਂਕਰਨ ਦੇਣ ਲਈ ਸੰਵਿਧਾਨ ਵਿਚ ਸੋਧ ਕਰ ਸਕਦੇ ਹੋ ਤਾਂ ਫਿਰ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਲਈ ਅਜਿਹਾ ਕਿਉਂ ਨਹੀਂ ਕੀਤਾ ਜਾ ਸਕਦਾ?

ਉਂਜ ਧਾਰਮਿਕ ਆਧਾਰ 'ਤੇ ਰਾਖਵੇਂਕਰਨ ਦੀ ਇਹ ਦਲੀਲ ਉਦੋਂ ਅਢੁਕਵੀਂ ਹੋ ਜਾਂਦੀ ਹੈ, ਜਦੋਂ ਪਛੜੇ ਸਿੱਖਾਂ ਤੇ ਬੋਧੀਆਂ ਨੂੰ ਰਾਖਵੇਂ ਕੋਟੇ 'ਚ ਸ਼ਾਮਿਲ ਕਰ ਲਿਆ ਜਾਂਦਾ ਹੈ। ਅੱਜ ਕਾਂਗਰਸ ਸਮੇਂ-ਸਮੇਂ 'ਤੇ ਜਾਤੀ ਆਧਾਰ 'ਤੇ ਪਛੜੀਆਂ ਜਾਤਾਂ ਤੇ ਔਰਤਾਂ ਦੇ ਸਸ਼ਕਤੀਕਰਨ ਦੀ ਗੱਲ ਕਰਦੀ ਹੈ ਪਰ ਕੀ ਕਿਸੇ ਪਛੜੇ ਧਾਰਮਿਕ ਭਾਈਚਾਰੇ ਦਾ ਸਸ਼ਕਤੀਕਰਨ ਕਰਨਾ ਕੋਈ ਗਲਤ ਗੱਲ ਹੈ? ਮੁਸਲਿਮ ਲੀਗ ਨੇ 1947 ਵਿਚ ਧਰਮ ਦੇ ਆਧਾਰ 'ਤੇ ਭਾਰਤ ਦਾ ਬਟਵਾਰਾ ਕਰਵਾ ਦਿੱਤਾ ਸੀ ਪਰ ਭਾਰਤੀ ਮੁਸਲਿਮ ਭਾਈਚਾਰਾ ਇਤਿਹਾਸ ਦੀ ਉਸ ਗਲਤੀ ਦੀ ਕੀਮਤ ਕਦੋਂ ਤੱਕ ਚੁਕਾਉਂਦਾ ਰਹੇਗਾ? ਦਿੱਲੀ 'ਤੇ 1947 'ਚ ਸੱਤਾ ਕਰਨ ਵਾਲੀ ਤੀਜੀ ਫੁੱਟਪਾਊ ਤਾਕਤ ਬ੍ਰਿਟੇਨ ਦਾ ਹੁਣ ਕੋਈ ਕੰਟਰੋਲ ਨਹੀਂ ਹੈ। ਜਦੋਂ ਮੁਸਲਿਮ ਭਾਈਚਾਰਾ ਆਪਣੇ ਆਰਥਿਕ ਸਸ਼ਕਤੀਕਰਨ ਦੀ ਮੰਗ ਕਰਦਾ ਹੈ ਤਾਂ ਫਿਰ ਦੇਸ਼ ਆਤਮ-ਵਿਸ਼ਵਾਸ ਨਾਲ ਆਪਣੇ ਇਸ ਭਾਈਚਾਰੇ ਦੀ ਮੰਗ ਨੂੰ ਲੈ ਕੇ ਉਸ ਦੀ ਹਾਂ ਵਿਚ ਹਾਂ ਕਿਉਂ ਨਹੀਂ ਮਿਲਾਉਂਦਾ?

# ਨਵੀਂ ਕਾਇਮ ਹੋਈ ਕਾਂਗਰਸ ਜਥੇਬੰਦੀ ਪਰਵਾਸੀਆਂ ਦੇ ਮਸਲੇ ਹੱਲ ਕਰਾਏਗੀ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਨਵੀਂ ਕਾਇਮ ਹੋਈ ਸਿਆਸੀ ਜਥੇਬੰਦੀ ਸ਼ਿਕਾਗੋ ਇਲੀਨੋਇਸ (ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਇਲੀਨੋਇਸ ਯੂ.ਐਸ.ਏ.) ਦੀ ਪਲੇਠੀ ਮੀਟਿੰਗ ਇਥੇ ਇੰਡੀਆ ਹਾਊਸ ਸ਼ਾਮਬਰਗ ਵਿਚ ਹੋਈ ਜਿਸ ਵਿਚ ਸ਼ਿਕਾਗੋ ਇਲਾਕੇ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਥੇਬੰਦੀ ਦੇ ਅਹੁਦੇਦਾਰਾਂ ਪ੍ਰਧਾਨ ਅਜੈਬ ਸਿੰਘ ਲੱਖਣ, ਸੀਨੀਅਰ ਮੀਤ ਪ੍ਰਧਾਨ ਵਿਕਰਾਂਤ ਸਾਹਨੀ, ਮੀਤ ਪ੍ਰਧਾਨ ਸੰਤੋਖ ਸਿੰਘ ਡੀ ਸੀ, ਕਾਰਜਕਾਰੀ ਸਕੱਤਰ ਲਵਦੀਪ ਸਿੰਘ ਦੁੱਲਤ, ਜਨਰਲ ਸਕੱਤਰ ਨਰਿੰਦਰ ਸਿੰਘ ਸਰਾਂ ਅਤੇ ਕਾਰਜਕਾਰਨੀ ਦੇ ਮੈਂਬਰਾਂ ਸਤਿੰਦਰ ਸਿੰਘ ਸੁਸਾਣਾ, ਗਿਆਨ ਸਿੰਘ ਸੀਹਰਾ, ਅਜਮੇਰ ਸਿੰਘ ਪੰਨੂੰ ਅਤੇ ਹਰਜਿੰਦਰ ਦਿਆਲ ਦੀ ਹਾਜ਼ਰ ਸੱਜਣਾਂ ਨਾਲ ਜਾਣ-ਪਛਾਣ ਕਰਾਈ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਅਜੈਬ ਸਿੰਘ ਲੱਖਣ ਨੇ ਜਥੇਬੰਦੀ ਦੇ ਕੰਮਾਂ-ਕਾਜਾਂ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਇਸ ਦਾ ਮਕਸਦ ਅਮਰੀਕਾ ਵਿਚ ਰਹਿੰਦੇ ਭਾਰਤੀ ਪਰਵਾਸੀਆਂ ਨੂੰ ਅਮਰੀਕਾ ਅਤੇ ਭਾਰਤ ਅੰਦਰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਜਥੇਬੰਦੀ ਕਾਂਗਰਸ ਦੀਆਂ ਨੀਤੀਆਂ 'ਤੇ ਚੱਲਦਿਆਂ ਧਾਰਮਿਕ ਵਖਰੇਵਿਆਂ ਤੋਂ ਉਪਰ ਰਹਿ ਕੇ ਕੰਮ ਕਰੇਗੀ। ਮੰਚ ਸੰਚਾਲਨ ਕਰਦਿਆਂ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਵਿਕਰਾਂਤ ਸਾਹਨੀ ਨੇ ਆਖਿਆ ਕਿ ਇਹ ਜਥੇਬੰਦੀ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਨੀਤੀਆਂ 'ਤੇ ਚੱਲੇਗੀ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਬਣਦਾ ਸਹਿਯੋਗ ਦੇਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਜੁਲਾਈ ਮਹੀਨੇ ਸ਼ਿਕਾਗੋ ਵਿਚ ਕਾਂਗਰਸ ਪਾਰਟੀ ਦੀ ਇਕ ਕੌਮਾਂਤਰੀ ਮੀਟਿੰਗ ਕੀਤੀ ਜਾ ਰਹੀ ਹੈ ਜਿਸ ਵਿਚ ਭਾਰਤ ਤੋਂ ਕੌਮੀ ਪੱਧਰ ਦੇ ਕੁਝ ਆਗੂ ਹਾਜ਼ਰ ਹੋਣਗੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਥਾਨਕ ਪਤਵੰਤੇ ਸੱਜਣਾਂ ਡਾ. ਰਛਪਾਲ ਸਿੰਘ ਬਾਜਵਾ ਅਤੇ ਸ੍ਰੀ ਭੁਪਿੰਦਰ ਸਿੰਘ ਹੁੰਦਲ ਨੇ ਕਾਂਗਰਸ ਦੀ ਇਹ ਇਕਾਈ ਬਣਨ 'ਤੇ ਵਧਾਈ ਦਿੱਤੀ ਅਤੇ ਉਮੀਦ ਜਾਹਰ ਕੀਤੀ ਕਿ ਇਹ ਜਥੇਬੰਦੀ ਨਿਰਪੱਖ ਹੋ ਕੇ ਪਰਵਾਸੀਆਂ ਦੇ ਮਸਲੇ ਹੱਲ ਕਰਵਾਉਣ ਲਈ ਤਨਦੇਹੀ ਨਾਲ ਕੰਮ ਕਰੇਗੀ। ਉਨ੍ਹਾਂ ਇਸ ਜਥੇਬੰਦੀ ਨੂੰ ਮਜ਼ਬੂਤ ਬਣਾਉਣ ਲਈ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਸ੍ਰੀ ਜਿੰਦੀ ਖੰਗੂੜਾ ਅਤੇ ਮੌਜੂਦਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ ਨੇ ਵੀ ਇਸ ਪਾਰਟੀ ਇਕਾਈ ਦੀ ਸਥਾਪਨਾ ਉਤੇ ਵਧਾਈ ਦਿੰਦਿਆਂ ਇਸ ਨਾਲ ਇਕਮੁੱਠ ਹੋ ਕੇ ਚੱਲਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਇਸ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਮਦਦ ਦੇਣਗੇ। ਸ੍ਰੀ ਗੁਰ ਸਿੰਘ ਸਰਕਾਰੀਆ ਨੇ ਇਹ ਜਥੇਬੰਦੀ ਬਣਨ 'ਤੇ ਤਸੱਲੀ ਪ੍ਰਗਟ ਕਰਦਿਆਂ ਆਖਿਆ ਕਿ ਚੰਗਾ ਹੋਏਗਾ ਜੇ ਅਸੀਂ ਇਸ ਜਥੇਬੰਦੀ ਵਿਚ ਹੋਰ ਭਾਈਚਾਰਿਆਂ ਨੂੰ ਵੀ ਮੈਂਬਰ ਬਣਾਈਏ ਅਤੇ ਉਨ੍ਹਾਂ ਦਾ ਸਹਿਯੋਗ ਨਾਲ ਲੈ ਕੇ ਚੱਲੀਏ। ਸਰਵਣ ਸਿੰਘ ਰਾਜੂ ਅਤੇ ਇੰਦਰਜੀਤ ਸਿੰਘ ਮੁੱਕਰ ਨੇ ਵੀ ਇਹ ਜਥੇਬੰਦੀ ਬਣਨ 'ਤੇ ਤਸੱਲੀ ਪ੍ਰਗਟਾਈ ਅਤੇ ਸਹਿਯੋਗ ਦਾ ਭਰੋਸਾ ਦਿੱਤਾ।

ਜਥੇਬੰਦੀ ਦੇ ਕਾਰਜਕਾਰਨੀ ਮੈਂਬਰ ਗਿਆਨ ਸਿੰਘ ਸੀਹਰਾ ਅਤੇ ਕਾਰਜਕਾਰੀ ਸਕੱਤਰ ਲਵਦੀਪ ਸਿੰਘ ਦੁੱਲਤ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਹਾਜ਼ਰ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਉਹ ਇਸ ਜਥੇਬੰਦੀ ਦੀ ਬਿਹਤਰੀ ਲਈ ਤਨਦੇਹੀ ਨਾਲ ਕੰਮ ਕਰਨਗੇ। ਇਸ ਮੀਟਿੰਗ ਵਿਚ ਪਾਰਟੀ ਦੀ ਇੰਡੀਆਨਾ ਇਕਾਈ ਦੇ ਗਠਨ ਦਾ ਵੀ ਐਲਾਨ ਕੀਤਾ ਗਿਆ। ਇਸ ਇਕਾਈ ਦੀ ਤਰਫੋਂ ਦਰਸ਼ਨ ਸਿੰਘ ਦਰੜ ਆਪਣੇ ਸਾਥੀਆਂ ਸਮੇਤ ਇਸ ਮੀਟਿੰਗ ਵਿਚ ਪਹੁੰਚੇ ਹੋਏ ਸਨ। ਇਸ ਮੌਕੇ ਮਿਡਵੈਸਟ ਦੀਆਂ ਹੋਰ ਸਟੇਟਾਂ ਵਿਚ ਵੀ ਕਾਂਗਰਸ ਪਾਰਟੀ ਦੀਆਂ ਇਕਾਈਆਂ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਜੱਸੀ, ਸਤਨਾਮ ਮਿਨਹਾਸ, ਜਸਬੀਰ ਸੋਹੀ, ਹਰਜਿੰਦਰ ਸਿੰਘ ਬੈਨੀਪਾਲ, ਪੀਟਾ, ਹਰਦੀਪ ਸਿੰਘ ਗਿੱਲ, ਦੀਪਾ ਬਦੇਸ਼ਾ, ਵਿਕਰਮ ਸਿੱਧੂ, ਹਨੀ ਖੰਗੂੜਾ, ਰਵੀ ਖਹਿਰਾ, ਜਗਦੇਵ ਖਹਿਰਾ, ਲੱਕੀ ਅਤੇ ਜੱਸੀ ਸਹੋਤਾ, ਸਤੀਸ਼ ਭਾਰਦਵਾਜ, ਗੁਰਸਾਹਿਬ ਤੂਰ, ਹਰਦੀਪ ਸਿੰਘ ਦੀਪਾ, ਅੰਮ੍ਰਿਤਪਾਲ ਸਿੰਘ, ਬਲਦੇਵ ਗਿੱਲ, ਰਘਵਿੰਦਰ ਮਾਹਲ, ਲਾਲੀ ਸਰਕਾਰੀਆ, ਬੱਬੀ ਬਾਠ, ਬਿੱਲਾ ਬਾਠ, ਹੈਰੀ ਸਿੰਘ, ਬਲਕਾਰ ਸਿੰਘ ਢਿੱਲੋਂ, ਜਰਨੈਲ ਸਿੰਘ ਮੱਲ੍ਹੀ, ਮੇਜਰ ਸਿੰਘ ਮੱਲ੍ਹੀ, ਦਰਸ਼ਨ ਸਿੰਘ ਪੰਮਾ, ਸੁਖਵਿੰਦਰ ਸਿੰਘ, ਭਜਨ ਸਿੰਘ ਕਲਸੀ, ਕਿਰਪਾਲ ਸਿੰਘ ਬੱਗੂ, ਜਿੰਦੀ ਦਿਆਲ ਅਤੇ ਜਸਪਾਲ ਸਿੰਘ ਮਾਇਰ ਹਾਜ਼ਰ ਸਨ।



(ਖੱਬਿਓਂ) ਵਿਕਰਾਂਤ ਸਾਹਨੀ-ਸੀਨੀਅਰ ਮੀਤ ਪ੍ਰਧਾਨ, ਅਜੈਬ ਸਿੰਘ ਲੱਖਣ-ਪ੍ਰਧਾਨ, ਸੰਤੋਖ ਸਿੰਘ ਡੀ ਸੀ-ਮੀਤ ਪ੍ਰਧਾਨ, ਲਵਦੀਪ ਸਿੰਘ ਦੁੱਲਤ-ਕਾਰਜਕਾਰੀ ਸਕੱਤਰ, ਨਰਿੰਦਰ ਸਰਾਂ-ਜਨਰਲ ਸਕੱਤਰ ਅਤੇ ਕਾਰਜਕਾਰਨੀ ਮੈਂਬਰ ਗਿਆਨ ਸਿੰਘ ਸੀਹਰਾ, ਅਮਜੇਰ ਸਿੰਘ ਪੰਨੂੰ ਤੇ ਸਤਿੰਦਰ ਸਿੰਘ ਸੁਸਾਣਾ











ਅਜੈਬ ਸਿੰਘ ਲਖਨ



ਲਵਦੀਪ ਸਿੰਘ ਦੁੱਲਤ



ਵਿਕਰਾਂਤ ਸਿੰਘ



ਸੰਤੋਖ ਸਿੰਘ ਡੀ ਸੀ



ਨਰਿੰਦਰ ਸਿੰਘ ਸਰਾਂ



ਗਿਆਨ ਸਿੰਘ ਸੀਹਰਾ



ਭੁਪਿੰਦਰ ਸਿੰਘ ਬੌਬ ਹੁੰਦਲ



ਦਰਸ਼ਨ ਸਿੰਘ ਦਰੜ



ਹਰਜਿੰਦਰ ਸਿੰਘ ਖੰਗੂੜਾ



ਅਮਰਦੇਵ ਸਿੰਘ ਬਦੇਸ਼ਾ



ਡਾ. ਰਛਪਾਲ ਸਿੰਘ ਬਾਜਵਾ



ਇੰਦਰਜੀਤ ਸਿੰਘ ਮੁਕਰ



ਗੁਰ ਸਿੰਘ ਸਰਕਾਰੀਆ



ਹੈਪੀ ਹੀਰ

# ਵਿਸ਼ਵ ਕਬੱਡੀ ਕੱਪ ਕਰਵਾਉਣ ਲਈ ਸੁਖਬੀਰ ਬਾਦਲ ਦਾ ਧੰਨਵਾਦ

**ਯੂਨੀਅਨ ਸਿਟੀ (ਮਹਿੰਦਰ ਸਿੰਘ ਕੰਡਾ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਹਾਲ ਹੀ ਵਿਚ ਕਰਵਾਇਆ ਗਿਆ ਵਿਸ਼ਵ ਕਬੱਡੀ ਕੱਪ ਸਹੀ ਦਿਸ਼ਾ ਵਿਚ ਚੁਕਿਆ ਗਿਆ ਕਦਮ ਹੈ ਅਤੇ ਇਸ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਖੇਡਾਂ ਪ੍ਰਤੀ ਇਕ ਸਿਹਤਮੰਦ ਰੁਝਾਨ ਪੈਦਾ ਕਰਕੇ ਉਨ੍ਹਾਂ ਨੂੰ ਨਸ਼ਿਆਂ ਵਾਲੇ ਪਾਸੇ ਜਾਣ ਤੋਂ ਰੋਕਣ ਵਿਚ ਵੱਡੀ ਮਦਦ ਮਿਲੇਗੀ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਅਬਲੋਵਾਲ ਦੇ ਸੱਦੇ 'ਤੇ ਇਥੇ ਵੱਖ-ਵੱਖ ਖੇਡ ਕਲੱਬਾਂ, ਸਮਾਜਿਕ ਅਤੇ ਰਾਜਨੀਤਕ ਗਰੁਪਾਂ ਅਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇਕ ਸਾਂਝੀ ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਨੇ ਪੇਸ਼ ਕੀਤੇ। ਇਨ੍ਹਾਂ ਵਿਚ ਵਿਸ਼ੇਸ ਕਰਕੇ ਨਾਰਦਰਨ ਕੈਲੀਫੋਰਨੀਆ ਸਪੋਰਟਸ ਕਲੱਬ, ਹੇਵਰਡ ਹਾਕੀ ਕਲੱਬ, ਯੂਨੀਅਨ ਸਿਟੀ ਵਾਲੀਬਾਲ ਕਲੱਬ, ਬੇ-ਏਰੀਆ ਸਪੋਰਟਸ ਕਲੱਬ, ਯੂਬਾ ਸਿਟੀ ਸਪੋਰਟਸ ਕਲੱਬ ਦੇ ਨੁਮਾਇੰਦਿਆਂ ਨੇ ਭਾਗ ਲਿਆ। ਇਸ ਵਿਚ ਵੱਖ-ਵੱਖ ਗੁਰੂ ਘਰਾਂ ਦੇ ਨੁਮਾਇੰਦੇ ਵਿਸ਼ੇਸ ਤੌਰ 'ਤੇ ਪਹੁੰਚੇ।

ਮੀਟਿੰਗ ਦੇ ਅਰੰਭ ਵਿਚ ਸ. ਅਬਲੋਵਾਲ ਨੇ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਦੀਆਂ ਅਣਥੱਕ ਕੋਸ਼ਿਸਾਂ ਅਤੇ ਨਿੱਗਰ ਸੋਚ ਸਦਕਾ ਕਰਵਾਏ ਗਏ ਵਿਸ਼ਵ ਕੱਬਡੀ ਕੱਪ ਨੇ ਇਕ ਨਵਾਂ ਇਤਿਹਾਸ ਸਿਰਜਿਆ ਹੈ ਜਿਸ ਦੇ ਨਤੀਜੇ ਵਜੋਂ ਅੱਜ ਪੰਜਾਬ ਦੇ ਹਰ ਪਿੰਡ ਵਿਚ ਬੱਚਿਆਂ ਅਤੇ ਜਵਾਨਾਂ ਨੂੰ ਕੱਬਡੀ ਖੇਡ ਦੇ ਵੇਖਿਆ ਜਾ ਸਕਦਾ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਇਕਾਈ ਦੇ ਸਰਪ੍ਰਸਤ ਅਤੇ ਉਘੇ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਨੇ ਪੰਜਾਬ ਸਰਕਾਰ ਅਤੇ ਸ. ਸੁਖਬੀਰ ਸਿੰਘ ਬਾਦਲ ਦੀ ਭਰਵੀਂ ਸ਼ਲਾਘਾ ਕਰਦਿਆਂ ਉਮੀਦ ਕੀਤੀ ਕਿ ਅਜਿਹੇ ਹੋਰ ਖੇਡ ਮੁਕਾਬਲੇ ਕਰਵਾ ਕੇ ਨੌਜਵਾਨਾਂ ਵਿਚ ਖੇਡਾਂ ਪ੍ਰਤੀ ਨਵਾਂ ਉਤਸਾਹ ਪੈਦਾ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਮੌਕੇ 'ਤੇ ਹੀ ਸਰਕਾਰੀ ਨੌਕਰੀ ਦੇਣ ਦਾ ਐਲਾਨ ਕਰ ਕੇ ਸਰਕਾਰ ਨੇ ਖੇਡਾਂ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟਾਈ ਹੈ।

ਐਡਵੋਕੇਟ ਪ੍ਰਿਤਪਾਲ ਸਿੰਘ ਪਟਿਆਲਾ ਨੇ ਸ. ਬੈਂਸ ਦੇ ਵਿਚਾਰਾਂ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਅੱਜ ਪੰਜਾਬ ਦੀ ਜਵਾਨੀ ਨੂੰ ਨਸਿਆਂ ਤੋਂ ਦੂਰ ਰੱਖਣ ਵਾਸਤੇ ਖੇਡਾਂ ਹੀ ਇਕੋ ਇਕ ਸਾਧਨ ਹਨ। ਉਨ੍ਹਾਂ ਕਿਹਾ ਕਿ ਸ. ਬਾਦਲ ਦਾ ਪੰਜਾਬ ਨੂੰ ਇਕ ਨਸ਼ਾ ਮੁਕਤ ਸੂਬਾ ਬਣਾਉਣ ਦਾ ਸੰਕਲਪ ਬਹੁਤ ਹੀ ਸ਼ਲਾਘਾਯੋਗ ਹੈ। ਲਾਈਵ ਓਕ ਗੁਰੂ ਘਰ ਦੇ ਚੇਅਰਮੈਨ ਅਤੇ ਸੀਨੀਅਰ ਅਕਾਲੀ ਆਗੂ ਸ. ਗੁਰਨਾਮ ਸਿੰਘ ਪੰਮਾ ਨੇ ਇਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਤੋਂ ਸ. ਦਵਿੰਦਰ ਸਿੰਘ ਰਣੀਆ ਅਤੇ ਸ. ਗੁਰਦਿਆਲ ਸਿੰਘ ਢਿਲੋਂ ਨੇ ਵਿਸ਼ਵ ਕੱਬਡੀ ਕੱਪ ਵਿਚ ਅਮਰੀਕਾ ਤੋਂ ਕੱਬਡੀ ਟੀਮ ਲੈ ਜਾ ਕੇ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਹੇਵਰਡ ਹਾਕੀ ਕਲੱਬ ਦੇ ਪ੍ਰਧਾਨ ਅਤੇ ਹਾਕੀ ਓਲੰਪੀਅਨ ਸ. ਕਸਮੀਰ ਸਿੰਘ ਧੁੱਗਾ ਨੇ ਸ. ਪ੍ਰਕਾਸ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਵਿਸ਼ਵ ਕੱਬਡੀ ਕੱਪ ਵਾਂਗੂ ਵੱਡੇ ਪੱਧਰ 'ਤੇ ਵਿਸ਼ਵ ਹਾਕੀ ਟੂਰਨਾਮੈਂਟ ਕਰਵਾਇਆ ਜਾਵੇ।

ਮੀਟਿੰਗ ਵਿਚ ਫਰੀਮਾਂਟ ਗੁਰੂ ਘਰ ਦੇ ਸਾਬਕਾ ਮੀਤ ਪ੍ਰਧਾਨ ਅਤੇ ਸੀਨੀਅਰ ਅਕਾਲੀ ਆਗੂ ਸ. ਵਿਕਰਮਜੀਤ ਸਿੰਘ, ਕੈਲੀਫੋਰਨੀਆ ਸਪੋਰਟਸ ਕਲੱਬ ਦੇ ਪ੍ਰਧਾਨ ਸ. ਜਸਵੰਤ ਸਿੰਘ ਸਰਾਂ, ਯੂਨੀਅਨ ਸਿਟੀ ਵਾਲੀਬਾਲ ਕਲੱਬ ਦੇ ਪ੍ਰਧਾਨ ਸ. ਸ਼ੰਤੋਖ ਸਿੰਘ ਤੱਖਰ, ਪਲੈਜੰਟਨ ਸਿਟੀ ਸੌਕਰ ਕਲੱਬ ਦੇ ਜਨਰਲ ਸਕੱਤਰ ਸਮਸ਼ੇਰ ਸਿੰਘ ਵੜੈਚ, ਸੀਨੀਅਰ ਅਕਾਲੀ ਆਗੂ ਸ. ਜਸਵਿੰਦਰ ਸਿੰਘ ਸੰਧੂ, ਹਰਮਿੰਦਰ ਗਿੱਲ, ਜੋਗਿੰਦਰ ਸਿੰਘ ਗਿੱਲ, ਕੰਵਲਜੀਤ ਸਿੰਘ, ਸਤਨਾਮ ਸਿੰਘ ਸਟਾਕਟਨ ਨੇ ਵੀ ਸੰਬੋਧਨ ਕੀਤਾ।



# ਅਟਾਰਨੀ ਜਸਪ੍ਰੀਤ ਸਿੰਘ ਨੇ ਬੇਕਰਜ਼ਫੀਲਡ ਵਿਚ ਦਫਤਰ ਖੋਲ੍ਹਿਆ

**ਸੈਕਰਾਮੈਂਟੋ:** ਅਟਾਰਨੀ ਜਸਪ੍ਰੀਤ ਸਿੰਘ ਨੇ ਇਕ ਹੋਰ ਦਫਤਰ ਬੇਕਰਜ਼ਫੀਲਡ ਵਿਚ ਖੋਲ੍ਹਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੇ ਤਿੰਨ ਦਫਤਰ ਨਿਊ ਯਾਰਕ, ਸੈਕਰਾਮੈਂਟੋ ਅਤੇ ਫਰੀਮਾਂਟ ਵਿਚ ਹਨ। ਅਟਾਰਨੀ ਜਸਪ੍ਰੀਤ ਸਿੰਘ ਇੰਮੀਗਰੇਸ਼ਨ, ਫੈਮਿਲੀ ਲਾਅ ਅਤੇ ਬੈਂਕਰੱਪਸੀ ਵਿਚ ਪਰੈਕਟਿਸ ਕਰਦੇ ਹਨ। ਲੰਘੇ ਸਨਿਚਰਵਾਰ ਇਸ ਦਫਤਰ (1440 ਵੀਡ ਪੈਚ ਹਾਈਵੇਅ) ਦਾ ਉਦਘਾਟਨ ਪੰਜਾਬ ਤੋਂ ਆਏ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਅਤੇ ਬੇਕਰਜ਼ਫੀਲਡ ਦੇ ਮੇਅਰ ਹਾਰਵੀ ਹਾਲ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਹਾਜਰ ਪਤਵੰਤੇ ਸੱਜਣਾਂ ਵਿਚ ਨਾਜਰ ਸਿੰਘ ਕੂਨਰ, ਸੁੱਖੀ ਘੁਮਣ, ਜਗਦੀਸ਼ ਢਿਲੋਂ, ਅਮਰਜੀਤ ਸਿੰਘ ਟੁੱਟ, ਜੋਬਨਜੀਤ ਸਿੰਘ ਬੌਬੀ, ਗੁਰਮੀਤ ਸਿੰਘ, ਲਾਲੀ ਬਾਜਵਾ, ਅਰਵਿੰਦਰ ਸਿੰਘ ਲਾਖਨ, ਰੌਣਕ ਸਿੰਘ ਅਤੇ ਹਰਜੀਤ ਸਿੰਘ ਸ਼ਾਮਲ ਸਨ।

ਇਸ ਮੌਕੇ ਹਾਜਰ ਪੰਜਾਬੀਆ ਨੇ ਮੰਤਰੀ ਸ. ਸੇਖਵਾਂ ਨੂੰ ਪਾਸਪੋਰਟ ਅਤੇ ਵੀਜ਼ੇ ਸਬੰਧੀ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਜਿਸਤੇ ਮੰਤਰੀ ਨੇ ਭਰੋਸਾ ਦਵਾਇਆ ਕਿ ਉਹ ਇਹ ਮਾਮਲਾ ਵਾਪਸ ਜਾ ਕੇ ਸੰਸਦ ਮੈਂਬਰਾਂ ਦੇ ਧਿਆਨ ਵਿਚ ਲਿਆਉਣਗੇ। ਇਸੇ ਦੌਰਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਐਰੀਜ਼ੋਨਾ ਦੀ ਗਵਰਨਰ ਜੈਨ ਬਰੀਵਰ ਨੇ ਇਕ ਨਵਾਂ ਕਾਨੂੰਨ ਪਾਸ ਕਰਵਾਇਆ ਹੈ ਜਿਸ ਤਹਿਤ ਐਰੀਜ਼ੋਨਾ ਸਟੇਟ ਵਿਚ 90 ਦਿਨਾਂ ਤੋਂ ਵੱਧ ਗੈਰਕਾਨੂੰਨੀ ਤਰੀਕੇ ਨਾਲ ਰਹਿਣਾ ਜੁਰਮ ਸਮਝਿਆ ਜਾਏਗਾ। ਸਥਾਨਕ ਪੁਲਿਸ ਸ਼ੱਕ ਹੋਣ ਤੇ ਕਿਸੇ ਦਾ ਵੀ ਇੰਮੀਗਰੇਸ਼ਨ ਸਟੇਟਸ ਪੁਛ ਸਕੇਗੀ। ਗੈਰਕਾਨੂੰਨੀ ਵਿਅਕਤੀ ਨੂੰ ਕੰਮ ਤੇ ਰਖਣਾ ਵੀ ਜੁਰਮ ਹੋਵੇਗਾ। ਰਾਸ਼ਟਰਪਤੀ ਓਬਾਮਾ ਨੇ ਇਸ ਕਾਨੂੰਨ ਦੀ ਆਲੋਚਨਾ ਕੀਤੀ ਹੈ। ਅਟਾਰਨੀ ਜਸਪ੍ਰੀਤ ਸਿੰਘ ਨਾਲ ਸੰਪਰਕ ਫੋਨ 916-372-4448 ਤੇ ਕੀਤਾ ਜਾ ਸਕਦਾ ਹੈ।



# ਅਬਲੋਵਾਲ ਬੀਜ ਨਿਗਮ ਦੇ ਚੇਅਰਮੈਨ ਨਿਯੁਕਤ

**ਚੰਡੀਗੜ੍ਹ:** ਸ. ਸੁਰਜੀਤ ਸਿੰਘ ਅੱਬਲੋਵਾਲ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਦੇ ਨਵੇਂ ਚੇਅਰਮੈਨ ਲਾਇਆ ਗਿਆ ਹੈ। ਇਸ ਤੋਂ ਪਹਿਲਾਂ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਣ ਕਾਰਨ ਇਸ ਕਾਰਪੋਰੇਸ਼ਨ ਦੇ ਚੇਅਰਮੈਨ ਦੀ ਨਿਯੁਕਤੀ ਤੋਂ ਸਰਕਾਰ ਵੱਲੋਂ ਗੁਰੇਜ਼ ਕੀਤਾ ਜਾਂਦਾ ਰਿਹਾ ਹੈ।

ਰਾਜ ਸਰਕਾਰ ਦੇ ਇਕ ਬੁਲਾਰੇ ਨੇ ਇੱਥੇ ਦੱਸਿਆ ਕਿ ਸ. ਅੱਬਲੋਵਾਲ ਨੂੰ ਕਾਰਪੋਰੇਸ਼ਨ ਦੇ ਆਰਟੀਕਲ ਆਫ ਐਸੋਸੀਏਸ਼ਨ ਦੀ ਧਾਰਾ 122 ਅਧੀਨ ਬੋਰਡ ਆਫ ਡਾਇਰੈਕਟਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਅੱਬਲੋਵਾਲ ਅਕਾਲੀ ਆਗੂ ਸ. ਸੁਰਜੀਤ ਸਿੰਘ ਰੱਖੜਾ ਦੇ ਨਿਕਟਵਰਤੀ ਸਾਥੀ ਸਮਝੇ ਜਾਂਦੇ ਹਨ। ਉਹ ਅਕਾਲੀ ਦਲ (ਬਾਦਲ) ਦੀ ਕੈਲੀਫੋਰਨੀਆ ਇਕਾਈ ਦੇ ਇਕ ਸੀਨੀਅਰ ਆਗੂ ਸੁਖਵਿੰਦਰ ਸਿੰਘ ਅਬਲੋਵਾਲ ਦੇ ਭਰਾ ਹਨ।












**Platinum Sponsor: Sher Atta**

**Gold Sponsor:** Fast Choice Markets, KTL Transportation corp., Harman Transportation, Camps Logistics, Capital Accounting & Tax Services, Moonlight Studio, Sterling Real Estate Co., Wells Fargo Bank.

**Silver Sponsor:** BTR Truck & Trailer Repair, Urapar Petroleum, The Auto Experts/Roseville Smog Center, Round Table Pizza, Kay Bee Liquor, HMK Petro Inc., Link Insurance, Sac Truck Lines, Norcal Trucking, Jesse Thandi, Kaiser Permanente, Pal Liquor.

**Bronze Sponsor:** Choice Market, BJ Gear, Pooja Grill, Tak Food & Liquor, Sterling Auto, Power Mart, Stumpy Liquor Redding, Hardeep Singh, Ranjit Bola, Harjot Virk, Aman Dhir, Amrik Cheema, Ravinder "Bittu", Jagjit Dhillon, Gurminder Bhela, Satti Bhele, Sony Sahota, Jaswinder Banga, Makhan Singh Jhattu, Parmjit Phagura, Tony Kalotia, Sukhdev Kalotia, American Travel & Tours, Liquor King Redding, Hinkles Liquor Redding, GA Construction, Sohal Farms, Karamjit Singh Minhas, Singh Realty & Mortgage, Indian Saver USA.



Punjabi Heritage Organization
BAKERSFIELD
Proudly Presents
੬ਵਾਂ ਸਾਲਾਨਾ ਸੱਭਿਆਚਾਰਕ ਮੇਲਾ 2010
6th Annual Cultural Day
ਕਮੇਡੀ ਕਿੰਗ
Bhotu Shah
ਟੇਢੀ ਪੱਗ ਵਾਲਿਆ
Ravinder Grewal
ਮਣਕੇ ਟੁੱਟਦੇ ਜਾਂਦੇ ਆ
Deepak Dhillon
ਵਿਰਸੇ ਦਾ ਵਾਰਿਸ
Mangal Hathoor
ਨਿਸ਼ਾਨਾ ਫੇਮ
Jatinder Jargia
Show Host by :
Asha Sharma
2:00 PM TO 3:00 PM FREE ENTRY
Kids Under 8 Free, General Admission $10
Ticket Available at the door, All India Sweet & Spices or ticketmaster.com
No Re-entry
Multi Cultural Event
Sunday, May 2nd, 2010
Multi Cultural Event
@ Rabobank Convention Center,
1001 Truxtun Ave, Bakersfield CA 93301
Full Day Family Fun Bangra & Giddha
For more Information
Tight Security, No Video Recording Allowed
Pinder Dhillon 661-301-7870
Nindy Dosanjh 661-333-3530
Shiara S Dhindsa 661-703-6664 (Omni Video)
Babbu Gurpal 510-557-9670
DOOR OPEN AT 2:00 PM @ Rabobank Convention Center
Designed & Printed by
Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com

# ਸੈਨ ਹੋਜ਼ੇ ਗੁਰੂ ਘਰ ਦੇ 25 ਸਾਲਾ ਸਥਾਪਨਾ ਦਿਵਸ ਮੌਕੇ ਸੰਗਤਾਂ ਦਾ ਵਿਸ਼ਾਲ ਇਕੱਠ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰੂ ਕੇ ਸਿੱਖ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਚਲੇ ਜਾਣ ਉਨ੍ਹਾਂ ਦੀ ਪਹਿਲੀ ਮਨਸ਼ਾ ਆਪਣੇ ਗੁਰੂ ਘਰ ਦੀ ਸਥਾਪਨਾ ਕਰਕੇ ਗੁਰੂ ਦਾ ਓਟ ਆਸਰਾ ਤੱਕਣ ਦੀ ਹੁੰਦੀ ਹੈ। ਇਹੋ ਮਨਸ਼ਾ ਲੈ ਕੇ ਵਿਦੇਸ਼ਾਂ ਵਿਚ ਵੀ ਗੁਰੂ ਘਰਾਂ ਦੀ ਸਥਾਪਨਾ ਕੀਤੀ ਗਈ ਹੈ। ਇਹ ਵਿਚਾਰ ਇਥੇ ਗੁਰਦੁਆਰਾ ਸੈਨ ਹੋਜ਼ੇ ਦੀ ਸਥਾਪਨਾ ਦੇ 25 ਸਾਲਾ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਪ੍ਰਗਟਾਏ। ਉਨ੍ਹਾਂ ਆਪਣੀ ਤਕਰੀਰ ਵਿਚ ਕਿਹਾ ਕਿ ਪ੍ਰਬੰਧਕ ਵਡਭਾਗੀ ਹਨ ਜਿਨ੍ਹਾਂ ਨੇ ਆਪਣੇ ਧਰਮ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਣ ਦੇ ਮਨੋਰਥ ਨਾਲ ਗੁਰਦੁਆਰਾ ਸਾਹਿਬ ਦੀ ਖ਼ੂਬਸੂਰਤ ਇਮਾਰਤ ਦਾ ਨਿਰਮਾਣ ਕਰਨ ਦਾ ਬੀੜਾ ਚੁੱਕਿਆ ਹੈ।

ਗੁਰੂ ਘਰ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਡਾ. ਤਰਲੋਚਨ ਸਿੰਘ ਨਾਹਲ ਨੇ 1985 ਤੋਂ ਲੈ ਕੇ ਮੌਜੂਦਾ ਸਮੇਂ ਤੱਕ ਗੁਰਦੁਆਰਾ ਸਾਹਿਬ ਦੇ ਸਮੁਚੇ ਇਤਿਹਾਸ-ਗੁਰਦੁਆਰਾ ਸਾਹਿਬ ਕਿਵੇਂ ਸ਼ੁਰੂ ਹੋਇਆ ਅਤੇ ਨਵੀਂ ਇਮਾਰਤ ਬਣਾਉਣ ਸਮੇਂ ਕਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਆਦਿ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਇੱਕ ਡਾਕੂਮੈਂਟਰੀ ਮੂਵੀ ਵੀ ਦਿਖਾਈ ਗਈ। ਭਾਈ ਢਿੱਲੋਂ ਨੇ ਚਲ ਰਹੇ ਉਸਾਰੀ ਪ੍ਰਾਜੈਕਟ ਦੇ ਵੱਖ-ਵੱਖ ਪੱਖਾਂ ਬਾਰੇ ਜਾਣਕਾਰੀ ਦਿੱਤੀ। ਡਾ. ਗੁਰਿੰਦਰਪਾਲ ਸਿੰਘ, ਬੀਬੀ ਨਰਿੰਦਰ ਕੌਰ ਮਹੇੜੂ, ਇੰਦਰਜੀਤ ਸਿੰਘ ਅਤੇ ਗੁਰਚਰਨ ਸਿੰਘ ਮਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਸੇਵਾ ਰਜਿੰਦਰ ਸਿੰਘ ਮੰਘਰ ਨੇ ਨਿਭਾਈ।

ਇਸ ਸਮੇਂ ਸੇਵਾ ਦੇ ਪੁੰਜ ਬਾਬਾ ਸੇਵਾ ਸਿੰਘ ਖੰਡੂਰ ਸਾਹਿਬ ਵਾਲਿਆਂ ਨੇ ਨਵੇਂ ਬਣ ਰਹੇ ਦੀਵਾਨ ਹਾਲ ਵਿਚ ਅਰਦਾਸ ਕੀਤੀ ਅਤੇ ਗੁਰਬਾਣੀ 'ਤੇ ਆਧਾਰਤ ਵਾਤਾਵਰਣ ਸਿਰਜਣ ਲਈ ਉਨ੍ਹਾਂ ਸੰਗਤਾਂ ਨੂੰ ਆਪੋ-ਆਪਣੇ ਪਿੰਡਾਂ ਨੂੰ ਅਪਨਾਉਣ ਲਈ ਕਿਹਾ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਗੁਰਦਆਰਾ ਸਾਹਿਬ ਦੀ ਬਣ ਰਹੀ ਖ਼ੂਬਸੂਰਤ ਇਮਾਰਤ ਲਈ ਵੱਧ ਚੜ੍ਹ ਕੇ ਪ੍ਰਬੰਧਕਾਂ ਨੂੰ ਸਹਿਯੋਗ ਦੇਣ ਦੀ ਬੇਨਤੀ ਕੀਤੀ।

ਇਨ੍ਹਾਂ ਹਫਤਾ ਭਰ ਚੱਲੇ ਸਮਾਗਮਾਂ ਦੌਰਾਨ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀਆਂ, ਢਾਡੀਆਂ, ਕਥਾਵਾਚਕਾਂ ਅਤੇ ਪੰਥਕ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਪਰਪਾਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਜਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਕਥਾਵਾਚਕ ਭਾਈ ਗੁਰਬਖਸ਼ ਸਿੰਘ ਗੁਲਸ਼ਨ ਅਤੇ ਭਾਈ ਪਿੰਦਰਪਾਲ ਸਿੰਘ ਨੇ ਕਥਾ ਪਰਵਾਹ ਚਲਾਇਆ ਜਦੋਂਕਿ ਭਾਈ ਬਲਵੰਤ ਸਿੰਘ ਦੇ ਢਾਡੀ ਜਥੇ ਨੇ ਬੀਰ ਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਖਾਲਸਾ ਸਕੂਲ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਲਵਾਈ। ਗੁਰੂ ਕਾ ਲੰਗਰ ਅਤੁੱਟ ਵਰਤਿਆ।




















ੴ ਸਤਿਗੁਰ ਪ੍ਰਸਾਦਿ ॥

## ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸ਼ੂਸਾਂ ਜ਼ਿਲਾ ਹੁਸ਼ਿਆਰਪੁਰ ਵਾਲਿਆਂ ਦਾ

# ਸੱਤਵਾਂ ਸਲਾਨਾ ਜੋੜ ਮੇਲਾ

ਬੀ-ਸਟਰੀਟ ਗੁਰਦੁਆਰਾ ਸਾਹਿਬ ਲਿਵਿੰਗਸਟਨ ਵਿਖੇ
14, 15 ਅਤੇ 16 ਮਈ 2010 ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ ।
ਤਿੰਨੇ ਦਿਨ ਇਸ ਮੌਕੇ ਆਪਣੇ ਪਰਿਵਾਰ ਸਮੇਤ ਹੁੰਮ-ਹੁੰਮਾ ਕੇ ਪਹੁੰਚੋ ਜੀ ਅਤੇ
ਇਸ ਜੋੜ ਮੇਲੇ ਦੀਆਂ ਰੌਣਕਾਂ ਵਧਾਓ ਅਤੇ
ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

## ਪ੍ਰੋਗਰਾਮ

14 ਮਈ 2010 ਦਿਨ ਸ਼ੁਕਰਵਾਰ
ਆਰੰਭ ਸ੍ਰੀ ਆਖੰਡ ਪਾਠ ਸਾਹਿਬ .......................... ਸਵੇਰੇ 10:00 ਵਜੇ

15 ਮਈ 2010 ਦਿਨ ਸ਼ਨੀਵਾਰ
ਕੀਰਤਨ ਦਰਬਾਰ, ਪੰਥਕ ਵਿਚਾਰਾਂ, ਢਾਡੀ ਵਾਰਾਂ .......... ਸ਼ਾਮ 5:00 ਤੋਂ 9:00 ਵਜੇ ਤੱਕ

16 ਮਈ 2010 ਦਿਨ ਐਤਵਾਰ
ਭੋਗ ਸ੍ਰੀ ਆਖੰਡ ਪਾਠ ਸਾਹਿਬ .............................. ਸਵੇਰੇ 10:00 ਵਜੇ

ਉਪਰੰਤ ਦੀਵਾਨ ਸਜਣਗੇ
ਜਿਸ ਵਿੱਚ ਗੁਰੂ ਕੇ ਕੀਰਤਨੀਏ, ਕਥਾ ਵਾਚਕ, ਗੁਣੀ ਗਿਆਨੀ, ਢਾਡੀ ਅਤੇ
ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ ।




ਗੁਰੂ ਪੰਥ ਦੇ ਸੇਵਾਦਾਰ

| | | | |
|---|---|---|---|
| ਦਲਵਿੰਦਰ ਸਿੰਘ ਸ਼ਾਹੀ | ਹਰਦੀਪ ਸਿੰਘ ਰਾਏ | ਹਰਜਿੰਦਰ ਸਿੰਘ ਸੁਚ (ਹੈਪੀ) | ਭਾਈ ਜਸਵੰਤ ਸਿੰਘ |
| 209.648.4406 | 209.678.6176 | 209.535.0294 | 209.394.3160 |

Design By : Quik Signs www.quiksigns.us *661-703-8795 *661-900-7357 singh_tanjit@yahoo.com or manmit5020@yahoo.com

# ਟੋਰਾਂਟੋ 'ਚ ਨਗਰ ਕੀਰਤਨ ਸੁੱਖ-ਸ਼ਾਂਤੀ ਨਾਲ ਨੇਪਰੇ ਚੜ੍ਹਿਆ

**ਟੋਰਾਂਟੋ:** ਬੇਸ਼ੱਕ ਕਈ ਹਫਤਿਆਂ ਤੋਂ ਟੋਰਾਂਟੋ ਦੇ ਗੁਰਦੁਆਰਿਆਂ ਵਿਚ ਹੁੰਦੀ ਖਹਿਬਾਜ਼ੀ ਨੇ ਧਾਰਮਿਕ ਹਲਕਿਆਂ ਵਿਚ ਫਿਕਰਮੰਦੀ ਦਾ ਆਲਮ ਪੈਦਾ ਕੀਤਾ ਹੋਇਆ ਸੀ ਪਰ 26 ਅਪ੍ਰੈਲ ਇਥੇ ਟੋਰਾਂਟੋ ਦੀਆਂ ਸੜਕਾਂ 'ਤੇ ਨਿਕਲੇ ਨਗਰ ਕੀਰਤਨ ਨੇ ਸ਼ਾਂਤੀ ਦਾ ਸੰਦੇਸ਼ ਬਿਖੇਰ ਦਿੱਤਾ।

ਬਾਰਸ਼ ਦੇ ਮੌਸਮ ਦੇ ਬਾਵਜੂਦ ਖਾਲਸੇ ਦੇ ਜਨਮ ਦਿਨ ਨੂੰ ਸਮਰਪਿਤ ਇਸ ਨਗਰ ਕੀਰਤਨ ਮੌਕੇ ਹਜ਼ਾਰਾਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਹੋਇਆ। ਪੁਲੀਸ ਮੁਤਾਬਕ ਲਗਪਗ 12000



ਲੋਕ ਪਰੇਡ ਵਿਚ ਅਤੇ 30,000 ਹੋਰ ਕੁਈਨਜ਼ ਪਾਰਕ ਵਿਚ ਸਮਾਪਤੀ ਸਮਾਰੋਹਾਂ ਵਿਚ ਸ਼ਾਮਲ ਸਨ ਪਰ ਪ੍ਰਬੰਧਕ ਇਸ ਦੇ 80,000 ਤੋਂ ਵਧ ਦਾ ਦਾਅਵਾ ਕਰਦੇ ਹਨ।

ਰਵਾਇਤ ਮੁਤਾਬਕ ਐਗਜ਼ੀਬਿਸ਼ਨ ਪਲੇਸ 'ਚ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕੀਤਾ ਗਿਆ। ਸ਼ਬਦ ਗਾਇਨ ਦੇ ਨਾਲ ਨਾਲ ਰੰਗ ਬਿਰੰਗੇ ਫਲੋਟਾਂ ਰਾਹੀਂ ਇਹ ਨਗਰ ਕੀਰਤਨ ਸ਼ਾਮ 3 ਕੁ ਵਜੇ ਕੁਈਨਜ਼ ਪਾਰਕ 'ਚ ਪਹੁੰਚਿਆ। ਕੁਈਨਜ਼ ਪਾਰਕ ਜਿਥੇ ਸੂਬਾਈ ਅਸੈਂਬਲੀ ਦੀ ਇਮਾਰਤ ਸਥਿਤ ਹੈ, ਦੇ ਬਾਹਰ ਵਾਰ ਪਾਰਕ ਵਿਚ ਸਜੇ ਪੰਡਾਲ ਵਿਚ ਧਾਰਮਿਕ ਅਤੇ ਰਾਜਨੀਤਕ ਬੁਲਾਰਿਆਂ ਵਲੋਂ ਭਾਸ਼ਨ ਵੀ ਦਿੱਤੇ ਗਏ। ਇਸ ਮੌਕੇ ਹੋਰ ਕਈ ਧਾਰਮਿਕ ਆਗੂਆਂ ਤੋਂ ਇਲਾਵਾ ਸੂਬੇ ਦੇ ਮੁੱਖ ਮੰਤਰੀ ਡਾਲਟਨ ਮਗਿੰਟੀ, ਐਮ.ਪੀ. ਨਵਦੀਪ ਬੈਂਸ ਅਤੇ ਕੈਨੇਡਾ ਦੀ ਲਿਬਰਲ ਪਾਰਟੀ ਦੇ ਪ੍ਰਧਾਨ ਮਾਈਕਲ ਇਗਨਾਟਿਅਫ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

ਵਰਨਣਯੋਗ ਹੈ ਕਿ ਬੀਤੇ ਦਿਨੀਂ ਵੈਨਕੂਵਰ ਦੇ ਨਗਰ ਕੀਰਤਨ ਦੌਰਾਨ ਫਲੋਟਾ 'ਤੇ ਲੱਗੀਆਂ ਖਾੜਕੂ ਸਿੰਘਾਂ ਦੀਆਂ ਤਸਵੀਰਾਂ ਬਾਰੇ ਕਈ ਇਤਰਾਜ਼ ਉਠੇ ਸਨ। ਕੁਝ ਸਿਆਸਤਦਾਨਾਂ ਵਲੋਂ ਇਸੇ ਸਬੰਧੀ ਬਿਆਨਬਾਜ਼ੀ ਕਰਨ ਉਪਰੰਤ ਕੁਝ ਕਸ਼ੀਦਗੀ ਵੀ ਪਾਈ ਜਾ ਰਹੀ ਸੀ। ਪੁਲੀਸ ਵਲੋਂ ਪੂਰੇ ਇੰਤਜ਼ਾਮ ਕੀਤੇ ਗਏ ਸਨ ਅਤੇ ਇਸ ਦੇ ਦਸਤੇ ਦੀ ਅਗਵਾਈ ਟੋਰਾਂਟੋ ਦਾ ਪਹਿਲਾ ਸਿੱਖ ਪਗੜੀਧਾਰੀ ਸਾਰਜੈਂਟ ਗੁਰਪਾਲ ਸਿੰਘ ਸਿੱਧੂ ਕਰ ਰਿਹਾ ਸੀ। ਉਸ ਨੇ ਕਿਹਾ ਕਿ ਉਹ ਪੁਲੀਸ ਅਫਸਰ ਹੋਣ ਦੇ ਨਾਲ ਨਾਲ ਇਕ ਸਿੱਖ ਵੀ ਹੈ ਤੇ ਇਹ ਦਿਨ ਬਹੁਤ ਭਾਗਾਂ ਵਾਲਾ ਹੈ। ਨਗਰ ਕੀਰਤਨ ਦੀ ਪ੍ਰਥਾ 1979 ਤੋਂ ਚਲੀ ਆ ਰਹੀ ਹੈ ਅਤੇ ਹਰ ਸਾਲ ਇਸ ਵਿਚ ਸੰਗਤ ਵਧ ਚੜ੍ਹ ਕੇ ਸ਼ਾਮਿਲ ਹੁੰਦੀ ਹੈ। ਓਨਟਾਰੀਓ ਸਿਖਸ ਐਂਡ ਗੁਰਦੁਆਰਾ ਕੌਂਸਲ ਵਲੋਂ ਆਯੋਜਿਤ ਇਸ ਨਗਰ ਕੀਰਤਨ ਵਿਚ 26 ਅਪ੍ਰੈਲ ਨੂੰ ਅਚਾਨਕ ਮੌਸਮ ਦੀ ਤਬਦੀਲੀ ਦੇ ਬਾਵਜੂਦ ਕਾਫੀ ਇਕੱਠ ਹੋਇਆ।

**ਕਈ ਹਫਤਿਆਂ ਤੋਂ ਟੋਰਾਂਟੋ ਦੇ ਗੁਰਦੁਆਰਿਆਂ ਵਿਚ ਖਹਿਬਾਜ਼ੀ ਚੱਲ ਰਹੀ ਸੀ**

ਯਾਦ ਰਹੇ ਆਉਣ ਵਾਲੀ 3 ਮਈ ਨੂੰ ਇਕ ਹੋਰ ਨਗਰ ਕੀਰਤਨ ਮਿਸੀਸਾਗਾ ਅਤੇ ਰੈਕਸਡੇਲ ਇਲਾਕੇ ਵਿਚ ਸਜਾਇਆ ਜਾਵੇਗਾ।

ਇਥੇ ਜ਼ਿਕਰਯੋਗ ਹੈ ਕਿ ਬਰੈਂਪਟਨ ਸਥਿਤ ਗਲਿਡਨ ਰੋਡ ਗੁਰਦੁਆਰਾ ਜੋ ਪਿਛਲੇ ਦਿਨਾਂ ਤੋਂ ਕਬਜ਼ਾ ਕਰਨ ਦੀ ਕਸ਼ਮਕਸ਼ ਦਾ ਸੰਤਾਪ ਹੰਢਾਅ ਰਿਹਾ ਹੈ, ਦਾ ਪ੍ਰਬੰਧ ਅਦਾਲਤ ਦੇ ਨਵੇਂ ਹੁਕਮਾਂ ਅਨੁਸਾਰ ਇਕ ਵਾਰ ਫਿਰ ਪੁਰਾਣੀ ਕਮੇਟੀ ਦੇ ਹੱਥਾਂ ਵਿਚ ਚਲਾ ਗਿਆ ਹੈ ਅਤੇ ਬੀਤੇ ਐਤਵਾਰ ਗਹਿਗਚ ਲੜਾਈ ਪਿਛੋਂ ਇਸ ਉਤੇ ਕਾਬਜ਼ ਹੋਏ ਕਿਹਰ ਸਿੰਘ ਗਿੱਲ ਦੇ ਧੜੇ ਨੂੰ ਉਥੋਂ ਕੱਢ ਦਿੱਤਾ ਗਿਆ ਹੈ। ਬੀਤੀ 24 ਅਪ੍ਰੈਲ ਨੂੰ ਫਿਰ ਮਾਹਲ ਧੜੇ ਨੇ ਗੁਰਦੁਆਰੇ ਦੇ ਜਿੰਦਰੇ ਬਦਲ ਕੇ ਆਪਣਾ ਦਬਦਬਾ ਕਾਇਮ ਕਰ ਲਿਆ ਹੈ। ਵਰਨਣਯੋਗ ਹੈ ਕਿ ਲੜਾਈ ਤੋਂ ਬਾਅਦ ਪੁਲੀਸ ਵਲੋਂ ਮਾਹਲ ਧੜੇ ਦੇ ਹੀ ਮੈਂਬਰਾਂ 'ਤੇ ਕੇਸ ਪਾਏ ਗਏ ਸਨ ਜੋ ਅਜੇ ਆਪਣੇ ਥਾਂ ਚਲਣਗੇ ਪਰ ਇਸ ਧੜੇ ਨੂੰ ਅਦਾਲਤ ਵਲੋਂ ਦੁਬਾਰਾ ਪ੍ਰਬੰਧ ਸੌਂਪੇ ਜਾਣ ਨਾਲ ਲੋਕਾਂ 'ਚ ਇਸ ਖੋਡ ਦੀ ਬੜੀ ਚਰਚਾ ਛਿੜੀ ਹੋਈ ਹੈ।

ਕਿਹਰ ਸਿੰਘ ਗਿੱਲ ਦੇ ਧੜੇ ਦੇ ਕਬਜ਼ੇ ਨੂੰ ਗਲਤ ਸਿੱਧ ਕਰਨ ਅਤੇ ਆਪਣਾ ਕਬਜ਼ਾ ਬਣਾਉਣ ਲਈ ਅਦਾਲਤ ਵਿਚ ਮਾਹਲ-ਰੂਬੀ ਧੜੇ ਨੇ ਅਰਜ਼ੀ ਪਾਈ ਹੋਈ ਸੀ ਜਿਸ ਦਾ ਬੀਤੇ ਦਿਨ ਫੈਸਲਾ ਆ ਗਿਆ ਸੀ। ਜੱਜ ਡੀ.ਐਲ. ਲੌਰਬੈਂਟ ਨੇ ਆਪਣਾ ਫੈਸਲਾ ਸੁਣਾਉਂਦਿਆਂ ਕਿਹਰ ਸਿੰਘ ਗਿੱਲ ਨੂੰ ਹੁਕਮ ਦਿੱਤਾ ਕਿ ਉਹ ਗੁਰਦੁਆਰੇ ਦਾ ਮੁਕੰਮਲ ਚਾਰਜ ਮਾਹਲ ਧੜੇ ਨੂੰ ਸੌਂਪ ਦੇਵੇ। ਬੇਸ਼ਕ ਇਹ ਅਦਾਲਤੀ ਫੈਸਲਾ 7 ਮਈ ਤਕ ਲਾਗੂ ਹੋਵੇਗਾ ਪਰ ਬਾਅਦ 'ਚ ਅਦਾਲਤ ਦਾ ਪੱਕਾ ਫੈਸਲਾ ਵੀ ਆਉਣ ਦੀ ਉਮੀਦ ਹੈ।

ਇਸਦੇ ਨਾਲ ਹੀ ਅਦਾਲਤ ਨੇ ਕਿਹਰ ਸਿੰਘ ਗਿੱਲ ਦੇ 14-15 ਸਾਥੀਆਂ ਨੂੰ ਗਲਿਡਨ ਰੋਡ ਗੁਰਦੁਆਰੇ ਦੀ ਹਦੂਦ ਦੇ 500 ਮੀਟਰ ਦੇ ਘੇਰੇ ਤੋਂ ਪਰ੍ਹੇ ਰਹਿਣ ਦੇ ਆਦੇਸ਼ ਜਾਰੀ ਕੀਤੇ ਹਨ ਅਤੇ ਉਨ੍ਹਾਂ ਨੂੰ ਕਾਬਜ਼ ਧਿਰ ਦੀ ਸਹਿਮਤੀ ਬਗੈਰ ਗੁਰਦੁਆਰੇ ਅੰਦਰ ਦਾਖਲ ਹੋਣ ਤੋਂ ਰੋਕ ਲਾਈ ਗਈ ਹੈ। ਪੁਲੀਸ ਨੂੰ ਇਸ ਗੁਰਦੁਆਰੇ ਦੇ ਪ੍ਰਬੰਧ ਨੂੰ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਕਾਬਜ਼ ਧਿਰ ਦੇ ਸਕੱਤਰ ਹਰਵਿੰਦਰ ਧਾਲੀਵਾਲ ਰੂਬੀ ਨੇ ਕਿਹਾ ਕਿ ਇਸ ਵੇਲੇ ਗੁਰਦੁਆਰੇ ਦੇ 38 ਅਧਿਕਾਰਤ ਮੈਂਬਰ ਹਨ ਜਦਕਿ 749 ਮੈਂਬਰਾਂ ਦੀ ਅਦਾਲਤ ਵਲੋਂ 2001 'ਚ ਮੈਂਬਰਸ਼ਿਪ ਖਾਰਜ ਕਰ ਦਿੱਤੀ ਸੀ। ਉਸਨੇ ਗਿੱਲ ਧੜੇ ਤੇ ਦੋਸ਼ ਲਾਇਆ ਕਿ ਉਨ੍ਹਾਂ 2008 ਵਿਚ ਮੈਂਬਰਾਂ ਦੀਆਂ ਰਸੀਦ ਬੁੱਕਾਂ ਚੋਰੀ ਕਰ ਲਈਆਂ ਸਨ ਅਤੇ ਅਜੇ ਤੱਕ ਵਾਪਸ ਨਹੀਂ ਕੀਤੀਆਂ ਅਤੇ ਨਾ ਹੀ ਇਨ੍ਹਾਂ ਦੀ ਫੀਸ ਬਾਰੇ ਕੋਈ ਜਾਣਕਾਰੀ ਦਿੱਤੀ ਹੈ। ਉਸਨੇ ਆਪਣੀ ਧਿਰ ਵਲੋਂ ਜਾਣੇ ਅਣਜਾਣੇ 'ਚ ਹੋਈ ਗਲਤੀ ਦੀ ਸੰਗਤਾਂ ਤੋਂ ਮਾਫੀ ਮੰਗਦੇ ਕਿਹਾ ਕਿ ਹੁਣ ਉਹ ਬਣਦੇ ਕਾਗਜ਼ਾਤ ਅਦਾਲਤ 'ਚ ਪੇਸ਼ ਕਰਕੇ ਇਸ ਪ੍ਰਬੰਧ ਨੂੰ ਪਾਰਦਰਸ਼ੀ ਤਰੀਕੇ ਨਾਲ ਪਹਿਲਾਂ ਵਾਂਗ ਹੀ ਚਲਾਉਣਗੇ। ਸਮਾਜੀ ਕਾਰਕੁਨ ਰਾਜ ਝੱਜ ਨੇ ਕਿਹਾ ਕਿ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਇਹੋ ਜਿਹੀਆਂ ਕੀਤੀਆਂ ਕਾਰਵਾਈਆਂ ਨਾਲ ਸਿੱਖਾਂ ਦੇ ਅਕਸ ਅਤੇ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਵੈਸੇ ਤਾਂ ਇਹ ਲੋਕ ਆਪਣੇ ਆਪ ਨੂੰ ਗੁਰਦੁਆਰਾ ਸੁਧਾਰਕ ਆਖਦੇ ਹਨ ਅਤੇ ਸਿੱਖ ਪ੍ਰੰਪਰਾਵਾਂ ਨੂੰ ਮੰਨਣ ਦਾ ਦਾਅਵਾ ਕਰਦੇ ਹਨ ਪ੍ਰੰਤੂ ਇਨ੍ਹਾਂ ਵਲੋਂ ਅਪਨਾਏ ਗਏ ਤਰੀਕੇ ਕੁਝ ਹੋਰ ਦਰਸਾਉਂਦੇ ਹਨ। ਕੈਨੇਡਾ ਵਿਚ ਗੁਰਦੁਆਰਾ ਸਾਹਿਬਾਨ ਉਤੇ ਕਬਜ਼ੇ ਕੀਤੇ ਜਾਣ ਦਾ ਰੁਝਾਨ ਅਤੇ ਇਸ ਰੁਝਾਨ ਦੇ ਨਤੀਜੇ ਵਜੋਂ ਹੋਣ ਵਾਲੀ ਹੁੱਲੜਬਾਜ਼ੀ ਪੰਜਾਬ ਅਤੇ ਭਾਰਤ




ਦੇ ਹੋਰ ਸ਼ਹਿਰਾਂ ਤੋਂ ਵੀ ਨੀਵੇਂ ਦਰਜੇ ਦੀ ਦਿਸ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਗਰੁੱਪ ਦੇ ਕਈ ਮੈਂਬਰਾਂ ਦਾ ਸਬੰਧ ਡਰੱਗ, ਕਰਾਈਮ ਅਤੇ ਭਾਰਤ ਵਿਚ ਪਿਛਲੇ ਸਮੇਂ ਰਹੇ ਅਤਿਵਾਦ ਨਾਲ ਵੀ ਦੱਸਿਆ ਜਾ ਰਿਹਾ ਹੈ। ਸੁਆਲ ਉਠਦਾ ਹੈ ਕਿ ਜੇਕਰ ਇਹ ਲੋਕ ਵਾਕਿਆ ਹੀ ਸੰਜੀਦਗੀ ਨਾਲ ਸਿੱਖੀ ਦਾ ਖਿਆਲ ਰੱਖ ਰਹੇ ਹਨ ਤਾਂ ਸਾਰੇ ਗੁਰਦੁਆਰਿਆਂ ਨੇ ਇਨ੍ਹਾਂ ਨੂੰ ਆਪਣੇ ਤੋਂ ਪਰ੍ਹੇ ਕਿਉਂ ਰੱਖਿਆ ਹੈ। ਹੁਣ ਇਨ੍ਹਾਂ ਦੀ ਧੱਕੇਸ਼ਾਹੀ ਤੋਂ ਹਰ ਗੁਰਦੁਆਰਾ ਆਪਣੇ ਆਪ ਨੂੰ ਬਚਾਉਣ ਲਈ ਚਿੰਤਤ ਹੈ।

ਇਥੇ ਵਰਨਣਯੋਗ ਹੈ ਕਿ ਇਸ ਗੁਰਦੁਆਰੇ ਦੀ ਇਕ ਹੋਰ ਬਰਾਂਚ ਵਿਚ ਵੀ ਕਥਿਤ ਤੌਰ ਉਤੇ ਗਿੱਲ ਧੜਾ ਕਬਜ਼ਾ ਚਾਹੁੰਦਾ ਸੀ ਪਰ ਪੁਲੀਸ ਦੀ ਸਤਰਕੀ ਕਾਰਨ ਅਜਿਹਾ ਨਹੀਂ ਹੋਇਆ ਅਤੇ ਹੁਣ ਕੁਝ ਸਮੇਂ ਲਈ ਟਿਕ ਟਿਕਾਅ ਹੋ ਗਿਆ ਹੈ ਪਰ ਆਉਣ ਵਾਲੇ ਕੁਝ ਦਿਨ ਅਜੇ ਵੀ ਅੰਦਰੂਨੀ ਕਸ਼ੀਦਗੀ ਵਾਲੇ ਹੋ ਸਕਦੇ ਹਨ। 25 ਅਪ੍ਰੈਲ ਨੂੰ ਅਤੇ ਇਸ ਤੋਂ ਅਗਲੇ ਹਫਤੇ ਹੋਣ ਵਾਲੇ ਨਗਰ ਕੀਰਤਨਾਂ ਉਤੇ ਸਭ ਦੀ ਨਿਗ੍ਹਾ ਹੈ ਕਿ ਇਨ੍ਹਾਂ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

**ਗੁਰਦੁਆਰੇ ਦੇ ਅਹੁਦੇਦਾਰ ਨੂੰ ਕਿਰਪਾਨ ਸਮੇਤ ਅਦਾਲਤ 'ਚ ਜਾਣ ਤੋਂ ਰੋਕਿਆ :** ਓਨਟਾਰੀਓ ਦੇ ਸ਼ਹਿਰ ਵਿੰਡਸਰ ਦੀ ਅਦਾਲਤ ਵਲੋਂ ਗੁਰਦੁਆਰੇ ਦੇ ਇੱਕ ਅਹੁਦੇਦਾਰ ਨੂੰ ਕਿਰਪਾਨ ਸਮੇਤ ਅੰਦਰ ਵੜਨ ਤੋਂ ਨਾਂਹ ਕਰ ਦੇਣ ਨਾਲ ਉਹ ਸ਼ੰਕੇ ਸੱਚ ਸਾਬਤ ਹੋ ਗਏ ਹਨ ਜੋ ਪਿਛਲੇ ਦਿਨੀਂ ਟੋਰਾਂਟੋ ਦੇ ਕੁਝ ਗੁਰਦੁਆਰਿਆਂ 'ਚ ਕਿਰਪਾਨ ਦੀ ਦੁਰਵਰਤੋਂ ਨੂੰ ਲੈ ਕੇ ਉਠੇ ਸਨ।

ਵਿੰਡਸਰ ਗੁਰਦੁਆਰੇ ਦੇ ਅਹੁਦੇਦਾਰ ਡਾ. ਸੁਖਦੇਵ ਸਿੰਘ ਕੂਨਰ ਇਸ ਅਦਾਲਤ 'ਚ ਵਿਰੋਧੀ ਧਿਰ ਵਲੋਂ ਚਲਦੇ ਇਕ ਕੇਸ ਦੀ ਸੁਣਵਾਈ ਮੌਕੇ ਆਏ ਸਨ ਪਰ ਅਦਾਲਤ ਦੇ ਇਸ ਨਿਯਮ ਕਾਰਨ ਉਨ੍ਹਾਂ ਨੂੰ ਬਾਹਰ ਹੀ ਰਹਿਣਾ ਪਿਆ। ਸਥਾਨਕ ਸੁਪਰੀਅਰ ਅਦਾਲਤ ਦੇ ਜੱਜ ਸਟੀਫਿਨ ਰੋਗਿਨ ਨੇ ਆਪਣੇ ਹੁਕਮ 'ਚ ਲਿਖਿਆ ਹੈ ਕਿ ਕਿਰਪਾਨ ਉਤੇ ਪਾਬੰਦੀ ਲਾਉਣਾ ਬੇਸ਼ਕ ਡਾ. ਕੂਨਰ ਦੇ ਧਾਰਮਿਕ ਆਜ਼ਾਦੀ ਹੱਕ ਦੀ ਉਲੰਘਣਾ ਹੋਵੇਗੀ ਪਰ ਅਦਾਲਤ ਉਸਨੂੰ ਕਿਰਪਾਨ ਸਮੇਤ ਅੰਦਰ ਆਉਣ ਦੀ ਇਜਾਜ਼ਤ ਨਹੀਂ ਦੇ ਸਕਦੀ। ਅਦਾਲਤ ਦਾ ਤਰਕ ਹੈ ਕਿ ਉਸਨੂੰ ਡਰ ਹੈ ਕਿ ਅਦਾਲਤ ਅੰਦਰ ਚਲਦਾ ਇਹ ਕੇਸ ਗੁਰਦੁਆਰੇ ਨਾਲ ਸਬੰਧਤ ਹੈ ਅਤੇ ਹੋ ਸਕਦਾ ਹੈ ਇਸ ਕਿਰਪਾਨ ਨੂੰ ਹਥਿਆਰ ਵਜੋਂ ਵਰਤਿਆ ਜਾਵੇ।

ਵਰਨਣਯੋਗ ਹੈ ਕਿ ਅਦਾਲਤ ਦੇ 100 ਮੀਟਰ ਦੇ ਘੇਰੇ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਨੇੜੇ ਨਹੀਂ ਢੁਕਣ ਦਿੱਤਾ ਗਿਆ ਅਤੇ ਅਦਾਲਤ ਦੇ ਆਸ-ਪਾਸ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਬਹੁਤ ਸਾਰੇ ਲੋਕ ਇਸ ਫੈਸਲੇ ਨੂੰ ਸੁਣਨ ਪਹੁੰਚੇ ਸਨ। ਕੈਨੇਡਾ ਵਿਚ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਿੱਖ ਕਿਰਪਾਨ ਪਹਿਨ ਸਕਦੇ ਹਨ ਅਤੇ ਸਕੂਲਾਂ ਸਮੇਤ ਜਨਤਕ ਥਾਵਾਂ 'ਤੇ ਕਿਰਪਾਨਧਾਰੀਆਂ ਉਤੇ ਕੋਈ ਰੋਕ ਨਹੀਂ ਹੈ।

## ਮਲੇਸ਼ੀਆ ਚੋਣਾਂ 'ਚ ਭਾਰਤੀ ਮੂਲ ਦੇ ਨਾਗਰਿਕ ਦੀ ਜਿੱਤ

**ਕੁਆਲਾਲੰਪਰ:** ਭਾਰਤੀ ਮੂਲ ਦੇ ਮਲੇਸ਼ੀਆਈ ਨਾਗਰਿਕ ਪੀ ਕਮਲਾਨਾਥਨ ਨੇ ਇਕ ਅਹਿਮ ਜ਼ਿਮਨੀ ਚੋਣ ਵਿਚ ਸੱਤਾਧਾਰੀ ਬਾਰੀਸਨ ਨੈਸ਼ਨਲ ਫਰੰਟ ਲਈ ਇਕ ਤਕੜੀ ਜਿੱਤ ਪ੍ਰਾਪਤ ਕੀਤੀ ਹੈ। ਇਸ ਨਾਲ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਦੀ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਮਲੇਸ਼ੀਅਨ ਇੰਡੀਅਨ ਕਾਂਗਰਸ (ਐਮ. ਆਈ ਸੀ) ਦੇ ਉਮੀਦਵਾਰ ਕਮਲਾਨਾਥਨ ਨੇ ਆਪਣੇ ਮਜ਼ਬੂਤ ਵਿਰੋਧੀ ਇਕ ਮਸ਼ਹੂਰ ਵਕੀਲ ਜ਼ੈਦ ਇਬਰਾਹੀਮ ਦੀ ਜ਼ੋਰਦਾਰ ਚੁਣੌਤੀ ਨੂੰ ਤੋੜ ਕੇ ਜਿੱਤ ਪ੍ਰਾਪਤ ਕੀਤੀ ਹੈ, ਜਿਸ ਨੂੰ ਵਿਰੋਧੀ ਧਿਰ ਦੇ ਆਗੂ ਅਨਵਰ ਇਬਰਾਹਿਮ ਦੇ ਉਤਰਾ-ਅਧਿਕਾਰੀ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਭਾਰਤੀ ਮੂਲ ਦੇ ਉਮੀਦਵਾਰ ਨੂੰ ਜਿਤ ਪ੍ਰਾਪਤ ਕਰਨ ਲਈ ਆਪਣੇ ਵਿਰੋਧੀ ਤੋਂ 1725 ਵੋਟਾਂ ਵੱਧ ਪਈਆਂ, ਜਿਸ ਨਾਲ ਹੁਲ ਸੇਲਨਗੋਰ ਚੋਣ ਹਲਕੇ 'ਤੇ ਭਾਰਤੀ ਮੂਲ ਦਾ ਉਮੀਦਵਾਰ ਕਾਬਜ਼ ਹੋ ਗਿਆ।

ਪ੍ਰਧਾਨ ਮੰਤਰੀ ਰਜ਼ਾਕ ਨੇ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਡੇ ਲਈ ਇਕ ਅਹਿਮ ਪ੍ਰਾਪਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਅਸੀਂ ਸਹੀ ਦਿਸ਼ਾ ਵਲ ਵਧ ਰਹੇ ਹਾਂ। ਜਦਕਿ ਵਿਰੋਧੀ ਪਾਰਟੀ ਨਤੀਜਿਆਂ ਵਿਚ ਹੇਰਾਫੇਰੀ ਹੋਣ ਦਾ ਦੋਸ਼ ਲਗਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੱਤਾਧਾਰੀ ਗਠਜੋੜ ਨੇ ਸਾਨੂੰ ਹਰਾਉਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਹੈ। ਐਮ.ਆਈ. ਸੀ. ਦੇਸ਼ ਵਿਚ ਸਭ ਤੋਂ ਵੱਡੀ ਤੀਜੀ ਪਾਰਟੀ ਹੈ ਤੇ ਇਸ ਜਿੱਤ ਨਾਲ ਗੱਠਜੋੜ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ।

ਇਸ ਖੇਤਰ ਵਿਚ 65 ਹਜ਼ਾਰ ਵੋਟਾਂ ਵਿਚ ਭਾਰਤੀਆਂ ਦੀ ਗਿਣਤੀ ਕਾਫੀ ਘੱਟ ਹੈ ਅਤੇ ਜਿਸ ਬਾਰੇ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ, ਕਿ 2008 ਦੀ ਚੋਣਾਂ ਵਿਚ ਉਨ੍ਹਾਂ ਵਿਰੋਧੀ ਧਿਰ ਨੂੰ ਵੋਟਾਂ ਪਾਈਆਂ ਸਨ। ਅਜਿਹਾ ਲੱਗ ਰਿਹਾ ਹੈ ਕਿ ਇਹ ਜਿੱਤ ਵਿਰੋਧੀ ਆਗੂ ਅਨਵਰ ਇਬਰਾਹਿਮ ਲਈ ਇਕ ਵੱਡਾ ਝਟਕਾ ਹੈ, ਜਿਹੜੇ ਮੌਜੂਦਾ ਸਮੇਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੈਰੀਅਰ ਤਬਾਹ ਕਰਨ ਲਈ ਨੈਸ਼ਨਲ ਫਰੰਟ ਦੀ ਇਕ ਸਿਆਸੀ ਸਾਜ਼ਿਸ਼ ਹੈ। ਇਨ੍ਹਾਂ ਮੁਕੱਦਮਿਆਂ ਵਿਚ ਜੇਕਰ ਉਨ੍ਹਾਂ 'ਤੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ 20 ਸਾਲ ਦੀ ਸਜ਼ਾ ਹੋ ਸਕਦੀ ਹੈ ਤੇ ਉਨ੍ਹਾਂ ਦੇ ਗਠਜੋੜ ਵਿਚ ਅੰਦਰੂਨੀ ਕਲੇਸ਼ ਵੀ ਚੱਲ ਰਿਹਾ ਹੈ। ਪ੍ਰਧਾਨ ਮੰਤਰੀ ਨਜੀਬ ਆਪਣੇ ਸੱਤਾਧਾਰੀ ਗਠਜੋੜ ਦੀ ਸਾਖ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਦਾ ਗਠਜੋੜ ਪਿਛਲੇ ਪੰਜ ਦਹਾਕਿਆਂ ਤੋਂ ਸੱਤਾ 'ਤੇ ਕਾਬਜ਼ ਰਿਹਾ ਹੈ, ਪਰ ਦੋ ਸਾਲ ਪਹਿਲਾਂ ਹੋਈਆਂ ਆਮ ਚੋਣਾਂ ਵਿਚ ਉਨ੍ਹਾਂ ਦੀ ਹਾਰ ਨੇ ਸਾਰ ਦੇਸ਼ ਨੂੰ ਹੈਰਾਨ ਕਰ ਦਿੱਤਾ ਸੀ।

## ਬਰਤਾਨੀਆ 'ਚ ਪੱਗ 'ਤੇ ਪਾਬੰਦੀ ਲਾਉਣ ਦੀ ਤਿਆਰੀ

**ਲੰਦਨ :** ਬਰਤਾਨੀਆ ਦੇ ਦੰਗਾ ਰੋਕੂ ਦਸਤੇ 'ਚ ਸਿੱਖਾਂ ਦੇ ਪੱਗੜੀ ਬੰਨ੍ਹਣ 'ਤੇ ਰੋਕ ਲਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਐਸੋਸੀਏਸ਼ਨ ਆਫ਼ ਪੁਲਿਸ ਆਫੀਸਰਜ਼ ਮੁਤਾਬਕ ਤਜਵੀਜ਼ 'ਚ ਕਿਹਾ ਗਿਆ ਹੈ ਕਿ ਸਿੱਖਾਂ ਨੂੰ ਪੱਗੜੀ ਦੀ ਥਾਂ ਪਟਕਾ ਬੰਨ੍ਹਣਾ ਹੋਵੇਗਾ। ਇਸ ਨਾਲ ਬੁਲੇਟ ਪਰੂਫ਼ ਹੈਲਮਟ ਪਾਉਣ 'ਚ ਸਹੂਲਤ ਹੋਵੇਗੀ।

## ਗੁਰਦੁਆਰਿਆਂ ਦੀ ਜ਼ਮੀਨ ਵੇਚਣ 'ਤੇ ਸੰਸਦੀ ਕਮੇਟੀ ਖ਼ਫਾ

**ਲਾਹੌਰ :** ਪਾਕਿਸਤਾਨ ਦੀ ਇਕ ਪਾਰਲੀਮਾਨੀ ਕਮੇਟੀ ਨੇ ਦੋ ਗੁਰਦੁਆਰਿਆਂ ਦੀ ਜ਼ਮੀਨ ਫੌਜ ਦੀ ਡਿਫੈਂਸ ਹਾਊਸਿੰਗ ਅਥਾਰਟੀ ਨੂੰ ਵੇਚਣ ਦਾ ਮਾਮਲਾ ਉਠਾਇਆ ਹੈ। ਗੁਰਦੁਆਰਿਆਂ ਨਾਲ ਸਬੰਧਤ ਇਹ ਖੇਤੀਯੋਗ ਭੂਮੀ ਸੀ। ਕਮੇਟੀ ਨੇ ਜ਼ਮੀਨ ਵੇਚਣ ਦੇ ਮਾਮਲੇ ਦੀ ਨਿਖੇਧੀ ਕੀਤੀ ਹੈ, ਕਿਉਂਕਿ ਨਿਯਮਾਂ ਤਹਿਤ ਇਹ ਹੋ ਹੀ ਨਹੀਂ ਸਕਦਾ। ਲਾਹੌਰ ਕੈਂਟ ਖੇਤਰ ਵਿਚਲੇ ਦੋ ਗੁਰਦੁਆਰਿਆਂ ਸਮਾਧ ਭਾਈ ਮਾਨ ਸਿੰਘ ਅਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੀ 850 ਕਨਾਲ ਜ਼ਮੀਨ ਕਥਿਤ ਤੌਰ 'ਤੇ ਔਕਾਫ ਬੋਰਡ ਨੇ ਡਿਫੈਂਸ ਹਾਊਸਿੰਗ ਅਥਾਰਟੀ ਨੂੰ ਵੇਚ ਦਿੱਤੀ ਸੀ। ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀਆਂ ਜਾਇਦਾਦਾਂ ਦਾ ਪ੍ਰਬੰਧ ਇਹੀ ਔਕਾਫ ਬੋਰਡ ਕਰਦਾ ਹੈ।

ਇਹ ਜ਼ਮੀਨ ਬਾਜ਼ਾਰ ਦੀ ਕੀਮਤ ਤੋਂ ਬਹੁਤ ਘੱਟ ਕੀਮਤਾਂ 'ਤੇ ਵੇਚੀ ਗਈ ਹੈ। ਕੌਮੀ ਅਸੈਂਬਲੀ (ਹੇਠਲਾ ਸਦਨ) ਦੀ ਲੋਕ ਲੇਖਾ ਸਮਿਤੀ ਨੇ ਬੋਰਡ ਦੇ ਮੁਖੀ ਸਯੱਦ ਆਸਿਫ ਹਾਸ਼ਮੀ, ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰਾਲੇ ਦੇ ਸਕੱਤਰ ਜਾਵੇਦ ਅਖਤਰ ਅਤੇ ਜ਼ਮੀਨ ਦੀ ਇਸ ਖਰੀਦੋ ਫਰੋਖਤ ਵਿਚ ਜੁੜੇ ਹੋਰ ਉੱਚ ਅਧਿਕਾਰੀਆਂ ਨੂੰ ਤਲਬ ਕੀਤਾ ਹੈ ਤਾਂ ਕਿ ਇਸ ਮਾਮਲੇ ਦੀ ਘੋਖ ਹੋ ਸਕੇ। ਲੋਕ ਲੇਖਾ ਕਮੇਟੀ ਦੇ ਚੇਅਰਮੈਨ ਚੌਧਰੀ ਨਿਸਾਰ ਅਲੀ ਖਾਨ ਨੇ ਔਕਾਫ ਬੋਰਡ ਨੂੰ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਾਮਲਾ ਗੰਭੀਰ ਹੈ।

ਸ੍ਰੀ ਹਾਸ਼ਮੀ ਨੇ ਦੱਸਿਆ, ''ਮੈਨੂੰ ਲੱਗਦਾ ਹੈ ਕਿ ਲੋਕ ਲੇਖਾ ਕਮੇਟੀ ਦੇ ਦਖਲ ਪਿੱਛੋਂ ਜ਼ਮੀਨ ਦੀ ਵਿਕਰੀ ਦਾ ਮਾਮਲਾ ਸੁਲਝ ਜਾਵੇਗਾ।'' ਭਰੋਸੇਯੋਗ ਸੂਤਰਾਂ ਅਨੁਸਾਰ ਸਾਲ 1975 ਪਿਛੋਂ ਇਕ ਐਕਟ ਅਨੁਸਾਰ ਔਕਾਫ ਬੋਰਡ ਸਿੱਖ ਗੁਰਦੁਆਰਿਆਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਅਤੇ ਇਸ ਦਾ ਵਪਾਰਕ ਮੁੱਲ ਵਧਾਉਣ ਵਰਗੇ ਕੰਮਾਂ ਦੀ ਨਿਗਰਾਨੀ ਕਰਦਾ ਹੈ। ਪਰ ਬੋਰਡ ਨੇ ਇਹ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਇਸ ਜ਼ਮੀਨ ਨੂੰ ਹੀ ਫੌਜ ਲਈ ਮਕਾਨ ਬਣਾਉਣ ਲਈ ਵੇਚ ਦਿੱਤਾ ਅਤੇ ਪਲਾਟ ਕੱਟ ਦਿੱਤੇ। ਸੂਤਰਾਂ ਅਨੁਸਾਰ ਗੁਰਦੁਆਰਿਆਂ ਦੀ ਜ਼ਮੀਨ ਵੇਚਣ ਦੀ ਪ੍ਰਵਾਨਗੀ ਲੈਂਦੇ ਵਕਤ ਬੋਰਡ ਨੇ ਸਾਰੇ ਮਾਮਲੇ ਦੀ ਸਹੀ ਜਾਣਕਾਰੀ ਮੰਤਰਾਲੇ ਨੂੰ ਨਹੀਂ ਦਿੱਤੀ। ਸੂਤਰਾਂ ਅਨੁਸਾਰ ਗੁਰਦੁਆਰਿਆਂ ਨੂੰ ਇਹ ਜ਼ਮੀਨ ਇਸ ਕਰਕੇ ਦਿੱਤੀ ਸੀ ਤਾਂ ਕਿ ਇਸ ਵਿਚ ਖੇਤੀ ਕਰਕੇ ਗੁਰਦੁਆਰਿਆਂ ਦੀ ਆਮਦਨ ਵਧਾਈ ਜਾ ਸਕੇ ਅਤੇ ਇਮਾਰਤਾਂ ਵਿਕਸਤ ਕੀਤੀਆਂ ਜਾਣ। ਇਸ ਕਰਕੇ ਪਲਾਟ ਕੱਟ ਕੇ ਬੋਰਡ ਨੇ ਇਸ ਦੇ ਅਸਲ ਮਕਸਦ ਦੀ ਮੁਕੰਮਲ ਉਲੰਘਣਾ ਕੀਤੀ ਹੈ। ਲੇਕਿਨ ਸੌਦੇ ਦੇ ਹੱਕ ਵਿਚ ਦਲੀਲ ਦਿੰਦਿਆਂ ਸ੍ਰੀ ਹਾਸ਼ਮੀ ਨੇ ਕਿਹਾ ਕਿ ਬੋਰਡ ਦੇ ਹਿੱਤ ਵਿਚ ਹੀ ਇਹ ਸੌਦਾ ਸਿਰੇ ਚੜ੍ਹਾਇਆ ਹੈ। ਉਨ੍ਹਾਂ ਕਿਹਾ, ''ਜੋ ਜ਼ਮੀਨ ਫੌਜ ਨੂੰ ਵੇਚੀ ਗਈ ਉਹ ਕਿਸੇ ਵੀ ਗੁਰਦੁਆਰੇ ਨਾਲ ਸਬੰਧਤ ਨਹੀਂ ਹੈ।'' ਉਨ੍ਹਾਂ ਕਿਹਾ ਕਿ ਭੁੱਲ ਦਾ ਪਤਾ ਲੱਗਦੇ ਹੀ ਗੁਰਦੁਆਰਾ ਬੇਬੇ ਨਾਨਕੀ ਦੀ ਜ਼ਮੀਨ ਦਾ ਸੌਦਾ ਰੱਦ ਕਰ ਦਿੱਤਾ ਸੀ। ਇਸਤੋਂ ਪਹਿਲਾਂ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਮੰਤਰਾਲੇ ਨੇ ਆਪਣੀ ਜਾਂਚ ਵਿਚ ਨੋਟ ਕੀਤਾ ਕਿ ਇਹ ਜ਼ਮੀਨ ਮੂਲ ਰੂਪ ਵਿਚ ਗੁਰਦੁਆਰੇ ਦੀ ਹੈ ਸੀ ਜਿਸਨੂੰ ਗੁਰਦੁਆਰਾ ਐਕਟ 1925 ਅਨੁਸਾਰ ਵੇਚਿਆ ਨਹੀਂ ਸੀ ਜਾ ਸਕਦਾ। ਭਾਰਤ ਸਰਕਾਰ ਵਲੋਂ ਮਾਮਲਾ ਉਠਾਉਣ ਪਿੱਛੋਂ ਪਾਕਿਸਤਾਨੀ ਅਧਿਕਾਰੀਆਂ ਨੇ ਗੁਪਤ ਤੌਰ 'ਤੇ ਮਾਮਲੇ ਦੀ ਜਾਂਚ ਕਰਵਾਈ ਸੀ ਅਤੇ ਵੇਚ ਖਰੀਦ ਦੀ ਪੁਸ਼ਟੀ ਹੋਈ ਸੀ।

# ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856


ਨਵੰਬਰ 84 ਦੇ ਦਿੱਲੀ ਦੇ ਦੰਗਿਆਂ ਨੇ ਸਿੱਖਾਂ ਦੇ ਦਿਲਾਂ ਤੇ ਨਾ ਭਰਨ ਵਾਲੇ ਜ਼ਖਮ ਕੀਤੇ। ਸਿੱਖਾਂ ਦੇ ਪਰਿਵਾਰਾਂ ਦੇ ਪਰਿਵਾਰ ਹੀ ਇਨ੍ਹਾਂ ਦੰਗਿਆਂ ਦੀ ਭੇਂਟ ਚੜ੍ਹ ਗਏ। ਮਾਪਿਆਂ ਦੇ ਸਾਹਮਣੇ ਧੀਆਂ ਭੈਣਾਂ ਦੀ ਪੱਤ ਲੁੱਟੀ ਗਈ। ਬੱਚਿਆਂ ਸਾਹਮਣੇ ਮਾਪਿਆਂ ਨੂੰ ਜਿਉਂਦੇ ਜੀਅ ਮਾਰ ਦਿੱਤਾ ਗਿਆ। ਚਾਰ ਪੰਜ ਦਿਨ ਮੌਤ ਦਾ ਤਾਂਡਵ ਨਾਚ ਹੁੰਦਾ ਰਿਹਾ। ਇਨ੍ਹਾਂ ਦੰਗਿਆਂ ਦੀ ਅੱਗ ਨੇ ਕਰਮ ਸਿੰਘ ਦਾ ਪਰਿਵਾਰ ਵੀ ਸਾੜ ਦਿੱਤਾ ਜਿਸ ਵਿਚ ਉਸਦੀ ਪਤਨੀ, ਦੋ ਧੀਆਂ, ਇਕ ਪੁੱਤਰ, ਕਰਮ ਸਿੰਘ ਦੇ ਅੱਖੀਂ ਦੇਖਦੇ ਸੜ ਗਏ। ਬਾਅਦ ਵਿਚ ਕਰਮ ਸਿੰਘ ਨੂੰ ਵੀ ਮਾਰ ਦਿੱਤਾ ਗਿਆ। ਕਰਮ ਸਿੰਘ ਦਾ ਇੱਕ ਪੁਤਰ ਬਚ ਗਿਆ ਜੋ ਪੰਜਾਬ ਆਪਣੇ ਚਾਚਿਆਂ ਕੋਲ ਆਇਆ ਹੋਇਆ ਸੀ। ਬੂਟੇ ਨੂੰ ਜਦੋਂ ਆਪਣੇ ਸਾਰੇ ਪਰਿਵਾਰ ਦੀ ਸਾੜ ਕੇ ਮਾਰ ਦੇਣ ਦੀ ਘਟਨਾ ਦੀ ਖਬਰ ਮਿਲੀ ਤਾਂ ਉਹ ਪਾਗਲਾਂ ਵਾਂਗ ਕੰਧਾਂ ਵਿਚ ਟੱਕਰਾਂ ਮਾਰਨ ਲੱਗਿਆ। ਚਾਚਿਆਂ ਮਸਾਂ ਟਿਕਾਣੇ ਲਿਆਂਦਾ। ਬੂਟੇ ਨੇ ਵੀ ਸਬਰ ਕਰ ਕੇ ਵਾਹਿਗੁਰੂ ਦਾ ਭਾਣਾ ਮੰਨ ਲਿਆ।

ਚਾਚਿਆਂ ਨੇ ਜੋ ਕੁਝ ਦਿੱਲੀ ਬਚਿਆ ਸੀ, ਵੇਚ ਕੇ ਬੂਟੇ ਦੇ ਨਾਂ ਕਰਵਾ ਦਿੱਤਾ। ਬੂਟੇ ਨੂੰ ਸ਼ਹਿਰ ਦੇ ਕਾਲਜ ਵਿਚ ਪੜ੍ਹਨ ਲਾ ਦਿੱਤਾ। ਝੱਖੜ ਮਾਰੇ ਫੁੱਲ ਵਾਂਗ ਬੂਟੇ ਨੇ ਕਾਲਜ ਪੜ੍ਹਨਾ ਸ਼ੁਰੂ ਕੀਤਾ। ਹਮੇਸ਼ਾ ਸਾਦਗੀ ਵਿਚ ਰਹਿਣਾ, ਪੜ੍ਹਾਈ ਵਿਚ ਬਹੁਤ ਹੁਸ਼ਿਆਰ, ਬੂਟਾ ਛੇਤੀ ਹੀ ਕੁੜੀਆਂ ਦੇ ਦਿਲਾਂ ਵਿਚ ਧੜਕਣ ਲੱਗਿਆ। ਮੁੰਡਿਆਂ ਨੇ ਉਸਦਾ ਨਾਂ ਸਾਊ ਪੁੱਤ ਰੱਖ ਦਿੱਤਾ। ਕੁੜੀਆਂ ਵੀ ਸਾਊ ਪੁੱਤ ਆਖ ਕੇ ਛੇੜਦੀਆਂ। ਬੂਟੇ ਨੂੰ ਰੱਬ ਦੀਆਂ ਪਈਆਂ ਮਾਰਾਂ ਹਮੇਸ਼ਾ ਚੁੱਪ ਹੀ ਰਖਦੀਆਂ। ਜਿਹੜਾ ਬੂਟਾ ਦਿੱਲੀ ਦੇ ਕਾਲਜ ਵਿਚ ਕਾਲਜ ਦੀ ਜਿੰਦ ਜਾਨ ਸੀ, ਉਹ ਹੁਣ ਇਸ ਕਾਲਜ ਵਿਚ ਬੇਜਾਨ ਹੋਇਆ ਰਹਿੰਦਾ। ਮੁੰਡਿਆਂ ਨੂੰ ਉਸ ਨਾਲ ਬੀਤੀ ਹੋਈ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਬੂਟੇ ਨਾਲ ਹਮਦਰਦੀ ਜਤਾਉਣੀ ਸ਼ੁਰੂ ਕਰ ਦਿੱਤੀ। ਬੂਟਾ ਕਾਲਜ ਦੀ ਹਾਕੀ ਟੀਮ ਦਾ ਵਧੀਆ ਖਿਡਾਰੀ ਸੀ। ਉਸ ਦੀ ਸ਼ਾਨਦਾਰ ਖੇਡ ਅਤੇ ਸਾਊ ਸੁਭਾਅ ਨੇ ਕੁੜੀਆਂ ਦੇ ਬੁਲਾਂ ਤੇ ਬੂਟਾ ਬੂਟਾ ਲਾ ਦਿੱਤੀ।

ਸਰਦਾਰਾਂ ਦੀ ਕੁੜੀ ਜੀਤੀ ਦੇ ਦਿਲ ਵਿਚ ਤਾਂ ਬੂਟਾ ਵੱਸ ਹੀ ਗਿਆ। ਬੂਟੇ ਦੇ ਸੁਭਾਅ ਤੋਂ ਬਿਲਕੁਲ ਵੱਖਰੇ ਸੁਭਾਅ ਦੀ ਜੀਤੀ ਬੂਟੇ ਨੂੰ ਵੇਖ ਆਪਣੇ ਸਰਦਾਰ ਮਾਪਿਆਂ ਨੂੰ ਭੁੱਲਕੇ ਮੋਮ ਵਾਂਗ ਪਿਘਲ ਜਾਂਦੀ। ਜਿਹੜੀ ਜੀਤੀ ਇੰਨੀ ਜਿਆਦਾ ਈਰਖਾਲੂ ਤੇ ਕੌੜੇ ਸੁਭਾਅ ਦੀ ਸੀ, ਉਸਨੂੰ ਬੂਟੇ ਨਾਲ ਮੁਹੱਬਤ ਹੋਣ ਲੱਗੀ। ਪਰ ਬੂਟਾ ਆਪਣੇ ਖਿਆਲਾਂ ਵਿਚ ਖੋਇਆ ਰਹਿੰਦਾ। ਉਹ ਬਗੀਚੇ ਵਿਚ ਲੱਗੇ ਫੁੱਲਾਂ ਨੂੰ ਫੜਕੇ ਗੱਲਾਂ ਕਰਦਾ, ਉਨ੍ਹਾਂ ਨੂੰ ਪਿਆਰ ਨਾਲ ਪਲੋਸਦਾ। ਜੀਤੀ ਤੋਂ ਉਹ ਬੇਖਬਰ ਰਹਿੰਦਾ।

ਇਕ ਦਿਨ ਜੀਤੀ ਨੇ ਬੂਟੇ ਨੂੰ ਕੰਟੀਨ ਵਿਚ ਚਾਹ ਪੀਂਦੇ ਨੂੰ ਆਣ ਬੁਲਾਇਆ। "ਜਨਾਬ ਕੀ ਮੈਂ ਇਸ ਕੁਰਸੀ ਤੇ ਬੈਠ ਸਕਦੀ ਹਾਂ," ਜੀਤੀ ਨੇ ਕੁਰਸੀ ਤੇ ਬੈਠਣ ਤੋਂ ਬਾਅਦ ਵਿਚ ਪੁੱਛਿਆ।

"ਤੁਸੀਂ ਤਾਂ ਪਹਿਲਾਂ ਹੀ ਬੈਠ ਚੁੱਕੇ ਹੋ," ਬੂਟੇ ਨੇ ਚਾਹ ਦੀ ਆਖਰੀ ਘੁੱਟ ਭਰਦਿਆਂ ਉੱਤਰ ਦਿੱਤਾ।

"ਕੀ ਤੁਸੀਂ ਮੇਰੇ ਨਾਲ ਇਕ ਕੱਪ ਕੌਫੀ ਪੀ ਸਕਦੇ ਹੋ," ਜੀਤੀ ਨੇ ਬੇਨਤੀ ਭਰੇ ਲਹਿਜੇ ਵਿਚ ਪੁੱਛਿਆ।

"ਫਿਰ ਕਿਸੇ ਦਿਨ," ਬੂਟੇ ਨੇ ਕੁਰਸੀ ਤੋਂ ਉੱਠਦੇ ਹੋਏ ਜਵਾਬ ਦਿੱਤਾ।

ਜੀਤੀ ਨੇ ਬੂਟੇ ਦਾ ਹੱਥ ਫੜ ਕੇ ਦੁਬਾਰਾ ਕੁਰਸੀ ਤੇ ਬਿਠਾ ਲਿਆ। ਦੋਵੇਂ ਇਕੱਠੇ ਬੈਠ ਕੇ ਕੌਫੀ ਪੀਣ ਲੱਗੇ। ਕਾਲਜ ਦੇ ਮੁੰਡੇ ਕੁੜੀਆਂ ਦੋਵਾਂ ਨੂੰ ਵੇਖਕੇ ਹੈਰਾਨ ਸਨ ਕਿ ਅੱਜ ਧਰਤੀ ਤੇ ਅਸਮਾਨ ਕਿਵੇਂ ਇਕੱਠੇ ਹੋ ਗਏ। ਜੀਤੀ ਨੇ ਸਾਊ ਪੁੱਤ ਕਿਵੇਂ ਕਾਬੂ ਕਰ ਲਿਆ। ਸਾਰੇ ਇਕ ਦੂਜੇ ਤੋਂ ਪੁੱਛ ਰਹੇ ਸਨ।

ਜੀਤੀ ਤੇ ਬੂਟੇ ਦੇ ਪਿਆਰ ਦੀਆਂ ਗੱਲਾਂ ਹੁਣ ਕਾਲਜ ਦੀਆਂ ਕੰਧਾਂ ਟੱਪ ਕੇ ਸ਼ਹਿਰ ਹੁੰਦੀਆਂ ਸਰਦਾਰਾਂ ਦੇ ਵਿਹੜੇ ਪਹੁੰਚ ਗਈਆਂ। ਜੀਤੀ ਦੇ ਪਿਉ ਤਾਰਾ ਸਿੰਘ ਨੂੰ ਜਦੋਂ ਇਨ੍ਹਾਂ ਦੇ ਪਿਆਰ ਦਾ ਪਤਾ ਲੱਗਾ ਤਾਂ ਉਹ ਜ਼ਖਮੀ ਸ਼ੇਰ ਵਾਂਗ ਭੜਕ ਉਠਿਆ। ਆਪਣੇ ਤਿੰਨਾਂ ਪੁੱਤਰਾਂ ਨੂੰ ਜੀਪ ਵਿਚ ਬਿਠਾ ਬੂਟੇ ਦੇ ਗੇਟ ਅੱਗੇ ਜਾ ਗੜ੍ਹਕਿਆ। ਬੂਟੇ ਨੂੰ ਘਰੋਂ ਜੀਪ ਵਿਚ ਸੁੱਟ ਕੇ ਨਹਿਰ ਦੇ ਪੁਲ ਉਪਰ ਲੈ ਆਏ। ਜੀਪ ਵਿਚੋਂ ਉਤਾਰ ਕੇ ਜੀਤੀ ਦੇ ਭਰਾ ਨੇ ਬੂਟੇ ਦਾ ਗਲਾ ਘੁੱਟਦੇ ਹੋਏ ਪੁੱਛਿਆ "ਦਸ ਉਏ ਬੂਟਿਆ ਤੈਨੂੰ ਜਾਨ ਪਿਆਰੀ ਹੈ ਕਿ ਸਾਡੀ ਭੈਣ?"

ਬੂਟੇ ਨੇ ਨਿਧੜਕ ਹੋ ਕੇ ਕਿਹਾ "ਮੈਨੂੰ ਜਾਨ ਨਾਲੋਂ ਪਿਆਰੀ ਮੇਰੀ ਜੀਤੀ ਹੈ।"

"ਰੱਖ ਫਿਰ ਆਪਣਾ ਸਿਰ ਜੀਪ ਦੇ ਬੋਨੱਟ ਤੇ ਤੈਨੂੰ ਹੁਣੇ ਹੀ ਦੱਸਦਾਂ," ਜੀਤੀ ਦੇ ਭਰਾ ਨੇ ਤਲਵਾਰ ਮਿਆਨੋਂ ਕੱਢਦੇ ਕਿਹਾ।

ਬੂਟੇ ਨੇ ਆਪਣਾ ਸਿਰ ਬੋਨੱਟ ਤੇ ਰੱਖ ਦਿੱਤਾ ਪਰ ਜੀਤੀ ਦੇ ਭਰਾ ਤੋਂ ਵਾਰ ਨਾ ਹੋ ਸਕਿਆ। ਤਾਰਾ ਸਿੰਘ ਦੇ ਤਿੰਨੇ ਪੁੱਤ ਬਿਨਾਂ ਕੁਝ ਕੀਤੇ ਬੂਟੇ ਨੂੰ ਉਥੇ ਛੱਡ ਕੇ ਘਰ ਆ ਗਏ। ਇਹੀ ਸਵਾਲ ਉਨ੍ਹਾਂ ਨੇ ਜੀਤੀ ਨੂੰ ਕੀਤੇ ਜੋ ਬੂਟੇ ਦੇ ਪਿਆਰ ਲਈ ਆਪਣੀ ਜਾਨ ਦੇਣ ਲਈ ਤਿਆਰ ਸੀ। ਇਸ ਘਟਨਾ ਤੋਂ ਬਾਅਦ ਜੀਤੀ ਤੇ ਬੂਟਾ ਇਕ ਦੂਜੇ ਤੋਂ ਦੂਰ-ਦੂਰ ਰਹਿਣ ਲੱਗੇ, ਤਾਰਾ ਸਿੰਘ ਨੇ ਦੋਵਾਂ ਨੂੰ ਇਹੀ ਸਜ਼ਾ ਦਿੱਤੀ ਸੀ। ਦਿਲੋਂ ਇਕ ਦੂਜੇ ਨੂੰ ਜਾਨ ਨਾਲੋਂ ਵੱਧ ਚਾਹੁਣ ਵਾਲੇ ਇਕ ਦੂਜੇ ਦੀ ਜਾਨ ਵਾਸਤੇ ਅੱਖਾਂ ਨਾਲ ਹੀ ਦੁੱਖ ਸੁੱਖ ਸਾਂਝਾ ਕਰ ਲੈਂਦੇ। ਤਾਰਾ ਸਿੰਘ ਨੇ ਜੀਤੀ ਵਾਸਤੇ ਆਪਣੇ ਵਰਗੇ ਸਰਦਾਰਾਂ ਦਾ ਮੁੰਡਾ ਮਨੀ ਲੱਭ ਕੇ ਜੀਤੀ ਦਾ ਵਿਆਹ ਕਰ ਦਿੱਤਾ। ਜੀਤੀ ਨੇ ਮਨ ਬੂਟੇ ਕੋਲ ਛੱਡ ਕੇ ਤਨ ਮਨੀ ਹਵਾਲੇ ਕਰ ਦਿੱਤਾ। ਮਨੀ ਤੇ ਜੀਤੀ ਦੀ ਕਦੀ ਆਪਸ ਵਿਚ ਬਣੀ ਹੀ ਨਾ।

ਬੂਟਾ ਬੀ ਏ ਕਰਨ ਤੋਂ ਬਾਅਦ ਏ.ਐਸ.ਆਈ. ਭਰਤੀ ਹੋ ਗਿਆ। ਬੂਟੇ ਦੀ ਚਾਚੀ ਨੇ ਆਪਣੀ ਭਤੀਜੀ ਪਾਲੋ ਦਾ ਰਿਸ਼ਤਾ ਬੂਟੇ ਨੂੰ ਕਰਵਾ ਦਿੱਤਾ। ਜਿੱਥੇ ਪਾਲੋ ਦਾ ਬੂਟੇ ਨਾਲ ਵਿਆਹ ਕਰਵਾ ਕੇ ਧਰਤੀ ਪੈਰ ਨਹੀਂ ਸੀ ਲੱਗਦਾ, ਉਥੇ ਪਾਲੋ ਇਕ ਪੁੱਤ ਨੂੰ ਜਨਮ ਦੇ ਕੇ ਵੀ ਬੂਟੇ ਦਾ ਮਨ ਨਾ ਜਿੱਤ ਸਕੀ। ਜੀਤੀ ਦੇ ਘਰ ਕੁੜੀ ਹੋਈ ਜਿਸ ਨਾਲ ਮਨੀ ਜੀਤੀ ਨੂੰ ਹੋਰ ਨਫਰਤ ਕਰਨ ਲੱਗਿਆ। ਮਨੀ ਨੂੰ ਜੀਤੀ ਦੇ ਕਾਲਜ ਦੇ ਪਿਆਰ ਦਾ ਪਤਾ ਲੱਗ ਚੁਕਾ ਸੀ। ਹੁਣ ਨਿਤ ਦਿਨ ਲੜਾਈ ਤੇ ਮਾਰ ਕੁਟਾਈ ਹੋਣ ਲੱਗੀ। ਬੂਟੇ ਦੀ ਬਦਲੀ ਆਪਣੇ ਹੀ ਸ਼ਹਿਰ ਵਿਚ ਹੋ ਗਈ।

ਇਕ ਦਿਨ ਤਾਰਾ ਸਿੰਘ ਆਪਣੇ ਜਵਾਈ ਦੀ ਸ਼ਿਕਾਇਤ ਦਰਜ ਕਰਾਉਣ ਥਾਣੇ ਆਇਆ। ਸਾਹਮਣੇ ਬੂਟੇ ਨੂੰ ਵੇਖ ਕੇ ਹੈਰਾਨ ਹੋ ਗਿਆ। ਬੂਟੇ ਨੇ ਬੜੇ ਪਿਆਰ ਸਤਿਕਾਰ ਨਾਲ ਤਾਰਾ ਸਿੰਘ ਨੂੰ ਬਿਠਾ ਕੇ ਚਾਹ ਪਾਣੀ ਪਿਆਇਆ। ਮਨੀ ਦੇ ਵਿਰੁਧ ਸ਼ਿਕਾਇਤ ਦਰਜ ਕੀਤੀ। ਤਾਰਾ ਸਿੰਘ ਨੂੰ ਬੂਟੇ ਦੀ ਕਾਬਲੀਅਤ ਤੇ ਮਾਣ ਹੋਣ ਲੱਗਿਆ ਤੇ ਆਪਣੇ ਹੱਥੀਂ ਲੱਭੇ ਜਵਾਈ ਤੋਂ ਗੁੱਸਾ ਆਉਂਦਾ।

ਰੱਬ ਦੀ ਰਜ਼ਾ ਮਨੀ ਦਾ ਮੋਟਰ ਸਾਈਕਲ ਤੇ ਐਕਸੀਡੈਂਟ ਹੋ ਗਿਆ। ਜੋ ਥਾਂ ਤੇ ਹੀ ਦਮ ਤੋੜ ਗਿਆ। ਤਾਰਾ ਸਿੰਘ ਹੋਰੀਂ ਭੋਗ ਤੋਂ ਬਾਅਦ ਜੀਤੀ ਤੇ ਉਸਦੀ ਧੀ ਰਾਣੀ ਨੂੰ ਆਪਣੇ ਕੋਲ ਲੈ ਆਏ। ਰੱਬ ਦੀ ਕਰਨੀ, ਪਾਲੋ ਨੂੰ ਕੈਂਸਰ ਦੀ ਬਿਮਾਰੀ ਲਗ ਗਈ ਅਤੇ ਉਹ ਥੋੜੇ ਸਮੇਂ ਪਿਛੋਂ ਹੀ ਬੂਟੇ ਤੇ ਆਪਣੇ ਦਿਲ ਦੇ ਟੁਕੜੇ ਰਾਜੇ ਨੂੰ ਛੱਡ ਕੇ ਪੂਰੀ ਹੋ ਗਈ।

ਜੀਤੀ ਆਪਣੇ ਪੇਕੀਂ ਰਹਿ ਕੇ ਆਪਣੀ ਧੀ ਨੂੰ ਪੜ੍ਹਾਉਣ ਲੱਗੀ। ਬੂਟਾ ਆਪਣੇ ਪੁੱਤ ਨੂੰ ਵਧੀਆ ਸਿਖਿਆ ਦੇ ਕੇ ਵੱਡਾ ਅਫਸਰ ਬਣਾਉਣਾ ਚਾਹੁੰਦਾ ਸੀ। ਰਾਣੀ ਤੇ ਰਾਜਾ ਵੀ ਹੁਣ ਉਸ ਕਾਲਜ ਵਿਚ ਦਾਖਲ ਹੋ ਗਏ, ਜਿੱਥੇ ਕਦੀ ਜੀਤੀ ਤੇ ਬੂਟਾ ਪੜ੍ਹਦੇ ਹੁੰਦੇ ਸੀ। ਦੋਵਾਂ ਦਾ ਪਿਆਰ ਵੀ ਉਸੇ ਕੰਟੀਨ ਤੋਂ ਸ਼ੁਰੂ ਹੋਇਆ। ਉਹੀ ਥਾਵਾਂ ਬੈਠਣ ਤੇ ਉਡੀਕਣ ਦੀਆਂ। ਉਹੀ ਪਿਆਰ ਦੇ ਬੋਲ ਤੇ ਕਲੋਲ ਹੁੰਦੇ। ਹਾਸੇ ਮਜ਼ਾਕ ਹੁੰਦਿਆਂ ਗੱਲ ਬੂਟੇ ਕੋਲ ਪਹੁੰਚ ਗਈ। ਰਾਣੀ ਨੇ ਰਾਜੇ ਬਾਰੇ ਮਾਂ ਨਾਲ ਗੱਲ ਤੋਰੀ, ਮਾਂ ਨੇ ਆਪਣੇ ਪਿਤਾ ਤਾਰਾ ਸਿੰਘ ਨਾਲ ਗੱਲ ਕੀਤੀ। ਤਾਰਾ ਸਿੰਘ ਨੂੰ ਪਤਾ ਲੱਗ ਗਿਆ ਕਿ ਇਹ ਉਸੇ ਬੂਟੇ ਦਾ ਮੁੰਡਾ ਹੈ, ਜਿਸ ਬੂਟੇ ਨੂੰ ਅਸੀਂ ਠੁਕਰਾਇਆ ਸੀ। ਤਾਰਾ ਸਿਉਂ ਦੀ ਹਾਂ ਤੋਂ ਬਾਅਦ ਦੇਖ ਦਖਾਈ ਦਾ ਕੰਮ ਗੁਰਦਵਾਰੇ ਰੱਖ ਲਿਆ। ਦੋਵੇਂ ਪਰਿਵਾਰ ਗੁਰਦੁਆਰੇ ਇਕੱਠੇ ਹੋ ਗਏ।

ਤਾਰਾ ਸਿੰਘ ਨੇ ਬੂਟੇ ਨੂੰ ਵੇਖ ਕੇ ਮੁਆਫੀ ਮੰਗੀ ਕਿ ਮੈਂ ਤੁਹਾਡੇ ਦੋਵਾਂ ਦਾ ਗੁਨਾਹਗਾਰ ਹਾਂ ਮੈਂ ਤੁਹਾਨੂੰ ਦੋਵਾਂ ਨੂੰ ਸਮਝ ਨਾ ਸਕਿਆ ਹੁਣ ਮੈਂ ਆਪਣੀ ਦੋਹਤੀ ਲਈ ਤੇਰੇ ਪੁੱਤ ਦਾ ਹੱਥ ਮੰਗਦਾ। ਤਾਰਾ ਸਿੰਘ ਦੇ ਦੋਵੇਂ ਹੱਥ ਘੁੱਟ ਕੇ ਬੂਟੇ ਨੇ ਹਿੱਕ ਨਾਲ ਲਾ ਲਏ ਤੇ ਰਾਜੇ ਦਾ ਹੱਥ ਰਾਣੀ ਨੂੰ ਫੜਾ ਦਿੱਤਾ। ਗੁਰਦਵਾਰੇ ਵਿਚ ਹੀ ਰਾਜੇ ਤੇ ਰਾਣੀ ਦਾ ਆਨੰਦ ਕਾਰਜ ਕਰਵਾ ਦਿੱਤਾ। ਸਾਰੇ ਜਣੇ ਖੁਸ਼ੀ ਖੁਸ਼ੀ ਵਿਦਾ ਹੋਏ।

ਰਾਜਾ ਤੇ ਰਾਣੀ ਜੈਨ ਕਾਰ ਵਿਚ ਦੋਵੇਂ ਜਣੇ ਜਾ ਰਹੇ ਸਨ ਕਿ ਸਾਹਮਣਿਓਂ ਤੇਜ ਆਉਂਦੇ ਟਰੱਕ ਨੇ ਦੋਵਾਂ ਨੂੰ ਕੁਚਲ ਦਿੱਤਾ। ਬੂਟੇ ਤੇ ਜੀਤੀ ਦੇ ਸਾਹਮਣੇ ਦੋਵੇਂ ਹੀ ਲਾਸ਼ਾਂ ਬਣੇ ਪਏ ਸਨ। ਪਲ ਵਿਚ ਹੀ ਕੀ ਭਾਣਾ ਵਾਪਰ ਗਿਆ। ਬੂਟੇ ਦੇ ਪਰਿਵਾਰ ਉਪਰ ਫਿਰ ਇਕ ਵਾਰ ਦਿੱਲੀ ਵਾਲਾ ਕਹਿਰ ਵਾਪਰ ਗਿਆ। ਆਪਣੇ ਸਾਹਮਣੇ ਪੁੱਤ-ਨੂੰਹ ਨੂੰ ਮਰਦੇ ਵੇਖਿਆ। ਜੀਤੀ ਦਾ ਬੁਰਾ ਹਾਲ ਸੀ। ਦੋਵਾਂ ਨੂੰ ਸ਼ਗਨਾਂ ਦਾ ਕਫਨ ਪਾ ਕੇ ਪਾ ਕੇ ਅਗਨੀ ਹਵਾਲੇ ਕਰ ਦਿੱਤਾ ਗਿਆ। ਬੂਟਾ ਤੇ ਜੀਤੀ ਹੁਣ ਇਕੱਲੇ ਸਨ, ਰੱਬ ਦੇ ਕਹਿਰ ਦੇ ਮਾਰੇ ਹੋਏ। ਤਾਰਾ ਸਿੰਘ ਦੇ ਮਨ ਵਿਚ ਪਤਾ ਨਹੀਂ ਕੀ ਰੱਬ ਮਿਹਰ ਪਈ ਕਿ ਉਸਨੇ ਜੀਤੀ ਦਾ ਹੱਥ ਬੂਟੇ ਦੇ ਹੱਥ ਫੜਾਉਂਦਿਆਂ ਕਿਹਾ ਕਿ ਜੇ ਮੈਂ ਪਹਿਲਾਂ ਫੜਾਇਆ ਹੁੰਦਾ ਸ਼ਾਇਦ ਤੁਹਾਡੀ ਜ਼ਿੰਦਗੀ ਕੁਝ ਹੋਰ ਹੁੰਦੀ। ਉਸਦੇ ਮੂੰਹੋਂ ਨਿਕਲਿਆ, "ਕੌਣ ਕਹੇ ਸਾਹਿਬ ਨੂੰ ਇੰਜ ਨਹੀਂ ਤਾਂ ਇੰਜ ਕਰ।"


SUPER TRAVEL
847-676-9090
*E-mail: supertravel2003@yahoo.com*
***Lowest Fares With Excellent Service***
*AMERICAN AIR,*



*JET AIRWAYS*
*DELTA, AIR INDIA,*
*For Emergency*
*Call anytime at*
India $545
*EARLY BIRD SALE!!!!*



**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੂਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
**Cell:(510) 557-6988, Ph:209-982-9996**

# ਆਈ ਪੀ ਐਲ ਵਿਵਾਦ ਨੇ ਆਖਿਰ ਲਲਿਤ ਮੋਦੀ ਦੀ ਬਲੀ ਲਈ

**ਮੁੰਬਈ:** ਕਈ ਦਿਨਾਂ ਦੇ ਰੌਲੇ ਰੱਪੇ ਤੋਂ ਬਾਅਦ ਆਖਰਕਾਰ ਆਈ ਪੀ ਐਲ ਦੇ ਕਮਿਸ਼ਨਰ ਲਲਿਤ ਮੋਦੀ ਨੂੰ ਬਦਲਦਿਆਂ ਬੜੌਦਾ ਕ੍ਰਿਕਟ ਸੰਘ ਦੇ ਪ੍ਰਧਾਨ ਚਿਰਾਯੂ ਅਮੀਨ ਨੂੰ ਬੀਤੀ 26 ਅਪ੍ਰੈਲ ਨੂੰ ਇੱਥੇ ਉਨ੍ਹਾਂ ਦੀ ਥਾਂ ਆਈ ਪੀ ਐਲ ਦਾ ਅੰਤ੍ਰਿਮ ਮੁਖੀ ਬਣਾਇਆ ਗਿਆ ਹੈ।ਦੂਜੇ ਪਾਸੇ ਬੀ ਸੀ ਸੀ ਆਈ ਦੇ ਪ੍ਰਧਾਨ ਸ਼ਸ਼ਾਂਕ ਮਨੋਹਰ ਨੇ ਮੋਦੀ ਖਿਲਾਫ਼ ਜੰਮ ਕੇ ਭੜਾਸ ਕੱਢੀ। ਅਮੀਨ ਨੂੰ ਨਿਯੁਕਤ ਕਰਨ ਦਾ ਫ਼ੈਸਲਾ ਆਈ ਪੀ ਐਲ ਦੀ ਗਵਰਨਿੰਗ ਕੌਂਸਲ ਦੀ ਅਹਿਮ ਮੀਟਿੰਗ 'ਚ ਲਿਆ ਗਿਆ, ਜੋ ਇੱਥੇ ਕਰੀਬ ਡੇਢ ਘੰਟਾ ਚੱਲੀ। ਮੀਟਿੰਗ ਤੋਂ ਬਾਅਦ ਸ੍ਰੀ ਮਨੋਹਰ ਨੇ ਮੋਦੀ 'ਤੇ 5 ਦੋਸ਼ ਲਗਾਏ, ਜਿਨ੍ਹਾਂ ਵਿਚ ਰਾਜਸਥਾਨ ਰਾਇਲਜ਼ ਤੇ ਕਿੰਗਜ਼ ਇਲੈਵਨ ਪੰਜਾਬ ਦੀ ਸ਼ੱਕੀ ਸ਼ੁਰੂਆਤੀ ਬੋਲੀ, ਸੋਨੀ ਸ਼ੱਕੀ ਪ੍ਰਸਾਰਣ ਕਰਾਰ, ਇਸ ਸਾਲ ਦੋ ਨਵੀਆਂ ਫਰੈਂਚਾਈਜ਼ੀਆਂ ਨਾਲ ਸਬੰਧਤ ਬੋਲੀ ਤੇ ਉਨ੍ਹਾਂ ਦੇ ਵਿਹਾਰ ਦਾ ਤਰੀਕਾ ਸ਼ਾਮਲ ਹੈ।ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਮਨੋਹਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਹੈ ਕਿ ਬੀ ਸੀ ਸੀ ਆਈ ਦੇ ਸੀਨੀਅਰ ਅਧਿਕਾਰੀ ਰਤਨਾਕਰ ਸੇਠੀ ਸਾਰੇ ਰਿਕਾਰਡ ਵੇਖਣਗੇ। ਉਨ੍ਹਾਂ ਕਿਹਾ ਕਿ ਬੀ ਸੀ ਸੀ ਆਈ ਤੇ ਆਈ ਪੀ ਐਲ ਨਾਲ ਸਬੰਧਤ ਕੁਝ ਮਹੱਤਵਪੂਰਨ ਦਸਤਾਵੇਜ਼ ਗਾਇਬ ਹਨ, ਇਸ ਲਈ ਮੈਂ ਵਧੇਰੇ ਟਿੱਪਣੀ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸਾਡੇ ਕੋਲੋਂ ਆਮਦਨ ਕਰ ਵਿਭਾਗ ਨੇ ਵੀ ਇਨ੍ਹਾਂ ਦਸਤਾਵੇਜ਼ਾਂ ਦੀ ਮੰਗ ਕੀਤੀ ਸੀ, ਪਰ ਸਾਡੇ ਕੋਲ ਨਾ ਹੋਣ ਕਾਰਨ ਅਸੀਂ ਇਹ ਉਨ੍ਹਾਂ ਨੂੰ ਦੇ ਨਹੀਂ ਪਾਏ। ਉਨ੍ਹਾਂ ਕਿਹਾ ਕਿ ਹੁਣ ਅਗਲੇ ਆਈ ਪੀ ਐਲ ਦੀ ਯੋਜਨਾ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਤੇ ਗਵਰਨਿੰਗ ਕੌਂਸਲ ਦੇ ਮੈਂਬਰ ਰਵੀ ਸ਼ਾਸਤਰੀ, ਸੁਨੀਲ ਗਵਾਸਕਰ ਤੇ ਮਨਸੂਰ ਅਲੀ ਖ਼ਾਨ ਪਟੌਦੀ ਬਣਾਉਣਗੇ। ਉਨ੍ਹਾਂ ਕਿਹਾ ਕਿ ਰਾਜਸਥਾਨ ਰਾਇਲਜ਼ ਦੀ ਸਹਿ ਮਾਲਕ ਸ਼ਿਲਪਾ ਸ਼ੈਟੀ ਤੇ ਉਨ੍ਹਾਂ ਦੇ ਵਪਾਰੀ ਪਤੀ ਰਾਜ ਕੁੰਦਰਾ ਦਾ ਹਿੱਸੇਦਾਰਾਂ 'ਚ ਨਾਂ ਨਹੀਂ ਹੈ, ਜਦੋਂ ਕਿ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਇਸ ਟੀਮ 'ਚ ਹਿੱਸੇਦਾਰ ਹਨ। ਉਨ੍ਹਾਂ ਕਿਹਾ ਕਿ ਜੇਕਰ ਮੋਦੀ ਆਪਣੇ ਖਿਲਾਫ਼ ਲੱਗੇ ਦੋਸ਼ਾਂ ਬਾਰੇ ਕੁਝ ਠੋਸ ਸਬੂਤ ਦਿੰਦੇ ਹਨ ਤਾਂ ਉਨ੍ਹਾਂ ਖਿਲਾਫ਼ ਜਾਂਚ ਦੀ ਕਾਰਵਾਈ ਵਾਪਸ ਲਈ ਜਾ ਸਕਦੀ ਹੈ। ਮੋਦੀ ਵੱਲੋਂ ਆਈਪੀਐਲ ਦੇ ਕੁਝ ਬੰਦਿਆਂ ਨੂੰ ਜਨਤਕ ਕਰਨ ਦੀਆਂ ਧਮਕੀਆਂ ਬਾਰੇ ਉਨ੍ਹਾਂ ਕਿਹਾ ਕਿ ਸਾਨੂੰ ਕੋਈ ਪ੍ਰਵਾਹ ਨਹੀਂ ਹੈ ਤੇ ਜੇਕਰ ਕੋਈ ਹੋਰ ਵਿਅਕਤੀ ਦੋਸ਼ੀ ਹੋਇਆ ਤਾਂ ਅਸੀਂ ਉਸ ਨੂੰ ਵੀ ਨਹੀਂ ਬਖਸ਼ਾਂਗੇ।

ਸ੍ਰੀ ਮਨੋਹਰ ਨੇ ਕਿਹਾ ਕਿ ਅਜੇ ਕਿਸੇ ਜਾਂਚ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ, ਕਿਉਂਕਿ ਗਵਰਨਿੰਗ ਕੌਂਸਲ ਅਜੇ ਮੌਜੂਦ ਹੈ। ਇਸ ਮੌਕੇ ਸ੍ਰੀ ਮਨੋਹਰ ਨੇ ਕਿਸੇ ਸਿਆਸੀ ਦਬਾਅ ਹੇਠ ਹੋਣ ਦੀ ਗੱਲ ਵੀ ਨਕਾਰੀ।




ਯਾਦ ਰਹੇ ਆਈ ਪੀ ਐਲ ਵਿਵਾਦ 'ਚ ਸ਼ਸ਼ੀ ਥਰੂਰ ਦੇ ਅਸਤੀਫ਼ੇ 'ਤੇ ਲਲਿਤ ਮੋਦੀ ਦੀ ਫਜ਼ੀਹਤ ਤੋਂ ਬਾਅਦ ਹੁਣ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਤੇ ਰਾਸ਼ਟਰਵਾਦੀ ਕਾਂਗਰਸ ਦੇ ਮੁਖੀ ਸ਼ਰਦ ਪਵਾਰ ਦਾ ਨਾਂ ਵੀ ਵਿਵਾਦਾਂ 'ਚ ਘਿਰ ਗਿਆ ਸੀ। ਮੀਡੀਆ 'ਚ ਨਸ਼ਰ ਹੋਈਆਂ ਖ਼ਬਰਾਂ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਈ ਪੀ ਐਲ 'ਚ ਹੋਏ ਹੇਰ-ਫੇਰ ਵਿਚ ਇਨ੍ਹਾਂ ਦੋਹਾਂ ਦੀ ਭੂਮਿਕਾ ਸਬੰਧੀ ਵਿਸਥਾਰਤ ਜਾਣਕਾਰੀ ਹਾਸਲ ਕੀਤੀ।

ਸੂਤਰਾਂ ਮੁਤਾਬਕ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਪ੍ਰਧਾਨ ਮੰਤਰੀ ਨੂੰ ਪ੍ਰਫੁੱਲ ਪਟੇਲ ਤੇ ਉਸਦੀ ਪੁੱਤਰੀ ਪੂਰਨਾ ਵਲੋਂ ਸ਼ਸ਼ੀ ਥਰੂਰ ਦੀ ਕੀਤੀ ਮਦਦ ਬਾਰੇ ਜਾਣੂੰ ਕਰਵਾਇਆ ਸੀ। ਇਹ ਗੱਲ ਸਾਹਮਣੇ ਆਈ ਸੀ ਕਿ ਸ੍ਰੀ ਪਟੇਲ ਨੇ ਕੋਚੀ ਟੀਮ ਦੀ ਫਰੈਂਚਾਈਜ਼ੀ ਲੈਣ ਮੌਕੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਦੀ ਮਦਦ ਕੀਤੀ ਸੀ, ਜਦਕਿ ਉਸ ਸਮੇਂ ਸ੍ਰੀ ਪਟੇਲ ਨੇ ਇਸ ਗੱਲ ਨੂੰ ਬਿਲਕੁੱਲ ਬੇਬੁਨਿਆਦ ਦੱਸਿਆ ਸੀ। ਹਾਲਾਂਕਿ ਲਗਾਤਾਰ ਪੈ ਰਹੇ ਦਬਾਅ ਤੋਂ ਬਾਅਦ ਉਹ ਇਸ ਗੱਲ ਨੂੰ ਮੰਨ ਗਏ ਕਿ ਉਨ੍ਹਾਂ ਸ਼ਸ਼ੀ ਥਰੂਰ ਨੂੰ ਖ਼ੁਦ ਜਾਣਕਾਰੀ ਦਿੱਤੀ ਸੀ। ਇਸ ਦੇ ਨਾਲ ਹੀ ਇਹ ਵੀ ਪਤਾ ਲੱਗਿਆ ਹੈ ਕਿ ਸ੍ਰੀ ਮੁਖਰਜੀ ਨੇ ਸ਼ਰਦ ਪਵਾਰ ਦੇ ਦਾਮਾਦ ਸਦਾ ਨੰਦ ਦੀ ਆਈ ਪੀ ਐਲ 'ਚ ਸ਼ੱਕੀ ਭੂਮਿਕਾ ਦੀ ਜਾਣਕਾਰੀ ਵੀ ਪ੍ਰਧਾਨ ਮੰਤਰੀ ਨੂੰ ਦਿੱਤੀ। ਦੱਸਣਾ ਬਣਦਾ ਹੈ ਕਿ ਸਦਾ ਨੰਦ ਦਾ ਮਿਊਲਿਟ ਸਕਰੀਨ ਮੀਡੀਆ ਕੰਪਨੀ ਜਿਸ ਕੋਲ ਆਈ ਪੀ ਐਲ ਦੇ ਪ੍ਰਸਾਰਨ ਦਾ ਕੰਮਕਾਰ ਹੈ, ਵਿਚ 10 ਫ਼ੀਸਦੀ ਹਿੱਸਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਇਸ ਕੰਪਨੀ 'ਤੇ ਬੀਤੇ ਦਿਨੀਂ ਆਮਦਨ ਕਰ ਦੇ ਅਧਿਕਾਰੀਆਂ ਨੇ ਛਾਪੇ ਮਾਰੇ।

ਰਿਪੋਰਟ ਮੁਤਾਬਕ ਆਈ ਪੀ ਐਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੁੰਦਰ ਰਮਨ ਨੇ ਪ੍ਰਫੁੱਲ ਪਟੇਲ ਦੀ ਪੁੱਤਰੀ ਪੂਰਨਾ ਨੂੰ ਕੁਝ ਦਿਨ ਪਹਿਲਾਂ ਇਕ ਈਮੇਲ ਭੇਜਿਆ ਸੀ। ਸ੍ਰੀ ਰਮਨ ਨੇ ਇਹ ਈਮੇਲ ਪ੍ਰਫੁੱਲ ਪਟੇਲ ਤੋਂ ਕੁਝ ਜਾਣਕਾਰੀ, ਜੋ ਸ਼ਸ਼ੀ ਥਰੂਰ ਨੇ ਮੰਗੀ ਸੀ, ਹਾਸਲ ਕਰਨ ਲਈ ਪੂਰਨਾ ਨੂੰ ਭੇਜਿਆ ਸੀ। ਅੱਗੇ ਪੂਰਨਾ ਨੇ ਇਹ ਈਮੇਲ ਆਪਣੇ ਪਿਤਾ ਪ੍ਰਫੁੱਲ ਪਟੇਲ ਨੂੰ ਭੇਜ ਦਿੱਤਾ। ਪ੍ਰਫੁੱਲ ਪਟੇਲ ਦੇ ਦਫ਼ਤਰ ਵਲੋਂ ਇਸ ਈਮੇਲ ਦਾ ਬਕਾਇਦਾ ਜਵਾਬ ਵੀ ਭੇਜਿਆ ਗਿਆ। ਸੂਤਰਾਂ ਮੁਤਾਬਕ ਈਮੇਲ ਦਾ ਜਵਾਬ ਪ੍ਰਫੁੱਲ ਪਟੇਲ ਦੀ ਨਿੱਜੀ ਸਕੱਤਰ ਚੰਪਾ ਭਾਰਦਵਾਜ ਵਲੋਂ ਸ੍ਰੀ ਸ਼ਸ਼ੀ ਥਰੂਰ ਨੂੰ ਭੇਜਿਆ ਗਿਆ ਸੀ। ਹਾਲਾਂਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਈਮੇਲ ਪ੍ਰਕਿਰਿਆ ਦਾ ਅਸਲ ਮੰਤਵ ਕੀ ਸੀ? ਦੂਜੇ ਪਾਸੇ ਸ੍ਰੀ ਪਟੇਲ ਨੇ ਕਿਹਾ ਕਿ ਸ਼ਸ਼ੀ ਥਰੂਰ ਉਨ੍ਹਾਂ ਦੇ ਚੰਗੇ ਮਿੱਤਰ ਹਨ ਤੇ ਇਸੇ ਲਈ ਉਨ੍ਹਾਂ ਈਮੇਲ ਦਾ ਜਵਾਬ ਦਿੱਤਾ ਸੀ, ਜਦਕਿ ਪਹਿਲਾਂ ਉਨ੍ਹਾਂ ਕਿਹਾ ਸੀ ਕਿ ਮੇਰਾ ਆਈ ਪੀ ਐਲ ਨਾਲ ਕੋਈ ਲੈਣਾ-ਦੇਣਾ ਨਹੀਂ। ਇਸੇ ਤਰ੍ਹਾਂ ਸ਼ਰਦ ਪਵਾਰ ਦੀ ਪੁੱਤਰੀ ਸੁਪਰੀਆ ਸੂਲੇ ਨੇ ਆਪਣੇ ਪਤੀ ਸਦਾ ਨੰਦ ਦਾ ਆਈ ਪੀ ਐਲ 'ਚ ਨਾਂ ਸਾਹਮਣੇ ਆਉਣ ਬਾਰੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਸੀ ਕਿ ਇਸ 'ਚ ਕੋਈ ਸੱਚਾਈ ਨਹੀਂ ਹੈ। ਇਸੇ ਤਰ੍ਹਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਬਕਾਇਦਾ ਇਕ ਕਾਨਫਰੰਸ ਕਰਕੇ ਆਪਣੇ ਆਗੂਆਂ ਬਾਰੇ ਸਪੱਸ਼ਟੀਕਰਨ ਦਿੱਤਾ। ਐਨ ਸੀ ਪੀ ਦੇ ਬੁਲਾਰੇ ਡਾ. ਤ੍ਰਿਪਾਠੀ ਨੇ ਜਿੱਥੇ ਆਈ ਪੀ ਐਲ ਦੀ ਅਸਲੀਅਤ ਪਤਾ ਲਗਾਉਣ ਲਈ ਕੀਤੀ ਜਾ ਰਹੀ ਜਾਂਚ ਦੀ ਪੂਰੀ ਹਮਾਇਤ ਕੀਤੀ, ਉਥੇ ਨਾਲ ਹੀ ਕਿਹਾ ਕਿ ਸਾਡੇ ਆਗੂਆਂ ਦਾ ਇਸ ਮਸਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੀਡੀਆ 'ਚ ਜੋ ਵੀ ਛਪਿਆ ਹੈ, ਉਹ ਤੱਥਹੀਣ ਹੈ। ਆਪਣੇ ਆਗੂਆਂ ਦੇ ਬੱਚਿਆਂ ਦੀ ਆਈ ਪੀ ਐਲ 'ਚ ਭੂਮਿਕਾ ਬਾਰੇ ਜ਼ੋਰਦਾਰ ਤਰਕ ਦਿੰਦਿਆਂ ਸ੍ਰੀ ਤ੍ਰਿਪਾਠੀ ਨੇ ਕਿਹਾ ਕਿ ਭਾਰਤ 'ਚ ਇਹ ਨਿਯਮ ਕਿਤੇ ਵੀ ਨਹੀਂ ਹੈ ਕਿ ਮੰਤਰੀਆਂ ਦੇ ਬੱਚੇ ਕੋਈ ਕੰਮਕਾਜ ਨਹੀਂ ਕਰ ਸਕਦੇ। ਉਧਰ ਆਈ ਪੀ ਐਲ 'ਚ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਪੈਦਾ ਹੋਏ ਰੌਲੇ ਬਾਰੇ ਸਖ਼ਤ ਰੁਖ਼ ਅਪਣਾਉਂਦਿਆਂ ਬੰਬੇ ਹਾਈ ਕੋਰਟ ਨੇ ਆਈ ਪੀ ਐਲ ਤੇ ਬੀ ਸੀ ਸੀ ਆਈ ਨੂੰ ਨੋਟਿਸ ਜਾਰੀ ਕਰਕੇ ਆਮਦਨ ਦਾ ਸਾਰਾ ਹਿਸਾਬ-ਕਿਤਾਬ ਮੰਗ ਲਿਆ ਹੈ। ਜਾਰੀ ਨੋਟਿਸ 'ਚ ਪੁੱਛਿਆ ਗਿਆ ਹੈ ਕਿ ਮਹਾਰਾਸ਼ਟਰ 'ਚ ਟੂਰਨਾਮੈਂਟ ਤਹਿਤ ਹੋਏ ਮੈਚਾਂ ਤੋਂ ਹੁਣ ਤੱਕ ਕਿੰਨੀ ਕਮਾਈ ਹੋਈ ਹੈ। ਹਾਈ ਕੋਰਟ ਨੇ ਦੋਹਾਂ ਸੰਸਥਾਵਾਂ ਨੂੰ 26 ਅਪ੍ਰੈਲ, ਜੋ ਅਗਲੀ ਸੁਣਵਾਈ ਵਾਲੀ ਤਰੀਕ ਵੀ ਹੈ, ਨੂੰ ਜਵਾਬ ਦੇਣ ਲਈ ਕਿਹਾ ਹੈ। ਸ਼ਿਵ ਸੈਨਾ ਦੇ ਵਿਧਾਇਕ ਸੁਭਾਸ਼ ਦੇਸਾਈ ਵਲੋਂ ਇਸ ਸਬੰਧ 'ਚ ਪਾਈ ਅਰਜ਼ੀ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਜਾਣਨਾ ਚਾਹਿਆ ਕਿ ਬੀ ਸੀ ਸੀ ਆਈ ਕਿਵੇਂ ਆਈ ਪੀ ਐਲ 'ਤੇ ਕੰਟਰੋਲ ਰੱਖਦੀ ਹੈ। ਆਈ ਪੀ ਐਲ ਮੈਚਾਂ ਦੇ ਟਿਕਟਾਂ ਦੀ ਕੀਮਤ 40 ਹਜ਼ਾਰ ਰੁਪਏ ਤੱਕ ਹੋਣ ਦੀਆਂ ਖ਼ਬਰਾਂ ਦੇ ਮੱਦੇਨਜ਼ਰ ਅਦਾਲਤ ਨੇ ਮੈਚਾਂ ਦੀਆਂ ਟਿਕਟਾਂ ਦੀ ਅਸਲ ਕੀਮਤ ਵੀ ਜਾਣਨੀ ਚਾਹੀ।

ਯਾਦ ਰਹੇ ਆਈ ਪੀ ਐਲ ਤੇ ਉਸ ਦੀ ਫਰੈਂਚਾਈਜ਼ੀ 'ਚ ਕਥਿਤ ਵਿੱਤੀ ਬੇਨਿਯਮੀਆਂ ਨੂੰ ਲੈ ਕੇ ਬੀਤੇ ਦਿਨੀਂ ਲਲਿਤ ਮੋਦੀ ਤੋਂ ਪੁੱਛਗਿੱਛ ਕੀਤੀ ਗਈ ਸੀ। ਮੁੰਬਈ ਸਥਿਤ ਮੋਦੀ ਦੇ ਦਫ਼ਤਰ 'ਚ ਪੁੱਛਗਿੱਛ ਕਰਨ ਤੋਂ ਬਾਅਦ ਅਧਿਕਾਰੀਆਂ ਨੇ ਬਰਲੀ ਦੇ ਨਿਰਲੋਨ ਹਾਊਸ ਸਥਿਤ ਮੋਦੀ ਦੇ ਦਫ਼ਤਰ 'ਚ ਉਨ੍ਹਾਂ ਤੋਂ ਪੁੱਛਗਿੱਛ ਕੀਤੀ। 24 ਘੰਟਿਆਂ ਦੇ ਅੰਦਰ-ਅੰਦਰ ਮੋਦੀ ਤੋਂ ਦੂਜੀ ਵਾਰ ਪੁੱਛਗਿੱਛ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਆਈ ਪੀ ਐਲ ਦਫ਼ਤਰਾਂ ਤੇ ਉਸ ਦੀਆਂ ਫਰੈਂਚਾਈਜ਼ੀਆਂ ਤੋਂ ਪੁੱਛਗਿੱਛ ਦਾ ਸਿਲਸਿਲਾ ਜਾਰੀ ਹੈ।

ਇਸੇ ਦੌਰਾਨ ਆਮਦਨ ਕਰ ਵਿਭਾਗ ਦੀਆਂ ਟੀਮਾਂ ਨੇ ਪੁਣੇ ਦੀ ਟੀਮ ਖ਼ਰੀਦਣ ਵਾਲੀ ਸਹਾਰਾ ਸਮੂਹ ਦੀ ਕੰਪਨੀ 'ਤੇ ਛਾਪਾ ਮਾਰਨ ਦੇ ਨਾਲ-ਨਾਲ ਦਿੱਲੀ ਸਥਿਤ ਜੀ ਐਮ ਆਰ ਦਫ਼ਤਰ 'ਚ ਵੀ ਪੁੱਛ ਪੜਤਾਲ ਕੀਤੀ ਸੀ। ਆਮਦਨ ਕਰ ਅਧਿਕਾਰੀਆਂ ਨੇ ਕਈ ਥਾਵਾਂ ਤੋਂ ਬੇਨਿਯਮੀਆਂ ਵਿਰੁਧ ਠੋਸ ਸਬੂਤ ਮਿਲਣ ਦੇ ਦਾਅਵੇ ਕੀਤੇ ਹਨ। ਇਸ ਦੌਰਾਨ ਕੇਂਦਰੀ ਖੇਡ ਅਤੇ ਯੁਵਕ ਮਾਮਲਿਆਂ ਬਾਰੇ ਮੰਤਰੀ ਸ. ਮਨੋਹਰ ਸਿੰਘ ਗਿੱਲ ਨੇ ਕਿਹਾ ਹੈ ਕਿ ਸਰਕਾਰ ਇੰਡੀਅਨ ਪ੍ਰੀਮੀਅਰ ਲੀਗ ਦੇ ਸਾਰੇ ਮਾਮਲੇ ਨੂੰ ਧਿਆਨ ਨਾਲ ਵੇਖ ਰਹੀ ਹੈ ਅਤੇ ਇਸ ਸਭ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਜ਼ੁੰਮੇਵਾਰ ਹੈ। ਰਾਜ ਸਭਾ ਵਿਚ ਅਪਣੇ ਮੰਤਰਾਲੇ ਦੇ ਕੰਮ-ਕਾਜ ਬਾਰੇ ਬਹਿਸ ਨੂੰ ਖ਼ਤਮ ਕਰਦਿਆਂ ਸ. ਗਿੱਲ ਨੇ ਕਿਹਾ ਕਿ ਬੀ.ਸੀ.ਸੀ.ਆਈ. ਦੇ ਮੈਂਬਰਾਂ ਦਾ ਆਈ.ਪੀ.ਐਲ. ਟੀਮਾਂ ਵਿਚ ਭਾਈਵਾਲ ਹੋਣਾ ਅਜੀਬੋ-ਗ਼ਰੀਬ ਹੈ। ਖੇਡ ਮੰਤਰੀ ਨੇ ਆਈ.ਪੀ.ਐਲ. ਅਤੇ ਬੀ.ਸੀ.ਸੀ.ਆਈ. ਦੇ ਕਈ ਪਹਿਲੂਆਂ 'ਤੇ ਟਿੱਪਣੀ ਕੀਤੀ ਅਤੇ ਕਿਹਾ ਕਿ ਐਨੇ ਵੱਡੇ ਟੂਰਨਾਮੈਂਟ ਲਈ ਸਰਕਾਰ ਪੈਸੇ ਖ਼ਰਚ ਕਰਦੀ ਹੈ ਜਦਕਿ ਇਸ ਤੋਂ ਸਰਕਾਰ ਨੂੰ ਲੋੜੀਂਦਾ ਟੈਕਸ ਨਹੀਂ ਮਿਲ ਰਿਹਾ। ਬੀ.ਸੀ.ਸੀ.ਆਈ. ਨੂੰ ਕਰੜੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਦਸ ਪੰਦਰਾਂ ਸਾਲਾਂ ਜਦੋਂ ਤੋਂ ਕ੍ਰਿਕਟ ਦੀ ਖੇਡ ਅਮੀਰ ਹੋਈ ਹੈ, ਬੀ.ਸੀ.ਸੀ.ਆਈ. ਨੇ ਸਾਰਾ ਕੁਝ ਅਪਣੇ ਹੱਥਾਂ ਵਿਚ ਲੈ ਲਿਆ। ਇਸ ਲਈ ਹੁਣ ਦੇਸ਼ ਨੂੰ ਜਵਾਬ ਦੇਣ ਦੀ ਜ਼ੁੰਮੇਵਾਰੀ ਉਸੇ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਕ ਭੱਦਰਪੁਰਸ਼ ਚੋਣਕਾਰ ਹੋਣ ਦੇ ਬਾਵਜੂਦ ਇਕ ਟੀਮ ਦਾ ਬਰੈਂਡ ਅੰਬੈਸਡਰ ਬਣਿਆ ਹੋਇਆ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਆਈ ਪੀ ਐਲ ਕਮਿਸ਼ਨਰ ਵਜੋਂ ਆਪਣਾ ਸਮਾਂ ਖ਼ਤਮ ਹੁੰਦਿਆਂ ਵੇਖ ਲਲਿਤ ਮੋਦੀ ਨੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਲਲਿਤ ਮੋਦੀ ਨੇ ਬੀ ਸੀ ਸੀ ਆਈ ਵਲੋਂ 26 ਅਪ੍ਰੈਲ ਨੂੰ ਸੱਦੀ ਆਈ ਪੀ ਐਲ ਗਵਰਨਿੰਗ ਕੌਂਸਲ ਦੀ ਮੀਟਿੰਗ ਨੂੰ "ਨਾਜਾਇਜ਼" ਕਰਾਰ ਦਿੰਦਿਆਂ ਕਿਹਾ ਸੀ ਕਿ ਬੀ ਸੀ ਸੀ ਆਈ ਨੂੰ ਇਹ ਮੀਟਿੰਗ ਸੱਦਣ ਦਾ ਕੋਈ ਅਧਿਕਾਰ ਨਹੀਂ ਹੈ।

ਮੋਦੀ ਨੇ ਆਈ ਪੀ ਐਲ ਗਵਰਨਿੰਗ ਕੌਂਸਲ ਦੇ ਮੈਂਬਰਾਂ ਨੂੰ ਈਮੇਲ ਭੇਜਦਿਆਂ 26 ਅਪ੍ਰੈਲ ਨੂੰ ਸੱਦੀ ਮੀਟਿੰਗ ਅੱਗੇ ਪਾਉਣ ਲਈ ਕਿਹਾ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਕਈ ਦਿਨਾਂ ਤੋਂ ਆਈ ਪੀ ਐਲ ਦੀਆਂ ਫਰੈਂਚਾਈਜ਼ੀਆਂ 'ਤੇ ਆਮਦਨ ਕਰ ਵਿਭਾਗ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਸੀ। ਬੀ ਸੀ ਸੀ ਆਈ ਤੇ ਕੇਂਦਰ ਸਰਕਾਰ ਵਲੋਂ ਦਿਖਾਈ ਸਰਗਰਮੀ ਤੋਂ ਬਾਅਦ ਆਮਦਨ ਕਰ ਵਿਭਾਗ ਦੀ ਟੀਮ ਨੇ ਬੀਤੇ ਦਿਨੀਂ ਸਾਰੇ ਦੇਸ਼ ਵਿਚ ਆਈ ਪੀ ਐਲ ਫਰੈਂਚਾਈਜ਼ੀਆਂ ਤੋਂ ਇਲਾਵਾ ਕ੍ਰਿਕਟ ਐਸੋਸੀਏਸ਼ਨ ਆਫ਼ ਬੰਗਾਲ, ਹੈਦਰਾਬਾਦ ਸਥਿਤ ਡੈਕਨ ਚਾਰਜਰਜ਼ ਤੇ ਚੇਨਈ ਸੁਪਰ ਕਿੰਗਜ਼ ਦੀ ਮਾਲਕ ਇੰਡੀਆ ਸੀਮਿੰਟ ਦੇ ਦਫ਼ਤਰਾਂ 'ਤੇ ਛਾਪੇ ਮਾਰੇ ਸਨ। ਆਮਦਨ ਕਰ ਵਿਭਾਗ ਨੇ ਵਿੱਤੀ ਬੇਨਿਯਮੀਆਂ ਦੇ ਚੱਲਦਿਆਂ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਹੈ।

ਕੋਲਕਾਤਾ ਵਿਚ ਕ੍ਰਿਕਟ ਐਸੋਸੀਏਸ਼ਨ ਆਫ਼ ਬੰਗਾਲ ਤੋਂ ਇਲਾਵਾ ਸ਼ਾਹਰੁਖ਼ ਦੀ ਰੈਡ ਚਿਲੀਜ਼ ਦੇ ਨਾਲ ਗੇਮ ਪਲਾਨ ਦੇ ਦਫ਼ਤਰ ਵਿਚ ਵੀ ਛਾਪਾ ਮਾਰਿਆ ਗਿਆ ਸੀ। ਗੇਮ ਪਲਾਨ ਵਲੋਂ ਸ਼ਾਹਰੁਖ਼ ਦੀ ਕੋਲਕਾਤਾ ਨਾਈਟਰਾਈਡਰਜ਼ ਟੀਮ ਦੇ ਖੇਡ ਸਬੰਧੀ ਮੁੱਢਲੇ ਕੰਮ-ਕਾਰ ਨੂੰ ਵੇਖਿਆ ਜਾਂਦਾ ਹੈ। ਆਮਦਨ ਕਰ ਵਿਭਾਗ ਦੀ ਟੀਮ ਵਲੋਂ ਕ੍ਰਿਕਟ ਐਸੋਸੀਏਸ਼ਨ ਆਫ਼ ਬੰਗਾਲ ਦੇ ਦਫ਼ਤਰ ਵਿਚ ਕਾਗਜ਼ਾਂ ਦੀ ਜਾਂਚ ਕਰਨ ਦੇ ਨਾਲ ਹੀ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ਸੀ। ਕ੍ਰਿਕਟ ਐਸੋਸੀਏਸ਼ਨ ਆਫ਼ ਬੰਗਾਲ (ਕੈਬ) ਦੇ ਪ੍ਰਧਾਨ ਜਗਮੋਹਨ ਡਾਲਮੀਆ ਦੇ ਨਿੱਜੀ ਸਕੱਤਰ ਨੇ ਕਿਹਾ ਕਿ ਅਸੀਂ ਇਸ ਜਾਂਚ ਦੌਰਾਨ ਆਮਦਨ ਕਰ ਦੇ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕਰ ਰਹੇ ਹਾਂ।

ਦੱਸਣਯੋਗ ਹੈ ਕਿ ਆਈ ਪੀ ਐਲ ਵਿਵਾਦ ਦੇ ਸਾਹਮਣੇ ਆਉਣ ਤੋਂ ਬਾਅਦ ਤਿੰਨ ਦਿਨਾਂ ਦੇ ਅੰਦਰ-ਅੰਦਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਦੂਜੀ ਵਾਰ ਮੁਲਾਕਾਤ ਕਰਦਿਆਂ ਬੀ ਸੀ ਸੀ ਆਈ ਦੇ ਮੀਤ ਪ੍ਰਧਾਨ ਰਾਜੀਵ ਸ਼ੁਕਲਾ ਨੇ ਉਨ੍ਹਾਂ ਨੂੰ ਇਸ ਸਾਰੇ ਮਸਲੇ ਬਾਰੇ ਜਾਣੂ ਕਰਵਾਇਆ ਸੀ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਸ਼ੁਕਲਾ ਨੇ ਕੋਈ ਵੀ ਵਿਸਥਾਰਤ ਜਾਣਕਾਰੀ ਦੇਣ ਤੋਂ ਮਨਾਂ ਕਰਦਿਆਂ ਕਿਹਾ ਸੀ ਕਿ ਡਾ. ਸਿੰਘ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ।

ਆਈ ਪੀ ਐਲ ਵਿਵਾਦ ਦੀ ਸੰਯੁਕਤ ਸੰਸਦੀ ਕਮੇਟੀ ਤੋਂ ਜਾਂਚ ਕਰਾਉਣ ਦੀ ਮੰਗ 'ਤੇ ਅੜੀ ਵਿਰੋਧੀ ਧਿਰ ਨੇ ਬੀਤੇ ਦਿਨੀਂ ਸੰਸਦ ਦੇ ਦੋਹਾਂ ਸਦਨਾਂ 'ਚ ਜ਼ੋਰਦਾਰ ਹੰਗਾਮਾ ਕੀਤਾ ਸੀ।

## ਪ੍ਰਧਾਨ ਮੰਤਰੀ ਵਲੋਂ ਜੇ ਪੀ ਸੀ ਜਾਂਚ ਦੀ ਮੰਗ ਖ਼ਾਰਜ

**ਨਵੀਂ ਦਿੱਲੀ:** ਫੋਨ ਟੈਪਿੰਗ ਤੇ ਆਈ ਪੀ ਐਲ ਦੇ ਮਸਲੇ 'ਤੇ ਸੰਸਦ 'ਚ ਬਿਆਨ ਨਾ ਦੇ ਸਕਣ ਵਾਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਸੰਯੁਕਤ ਸੰਸਦੀ ਕਮੇਟੀ (ਜੇ ਪੀ ਸੀ) ਬਣਾਉਣ ਦੀ ਕੋਈ ਲੋੜ ਨਹੀਂ ਹੈ।

ਪ੍ਰਧਾਨ ਮੰਤਰੀ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਜੇ ਪੀ ਸੀ ਦਾ ਗਠਨ ਸਿਰਫ਼ ਸੰਜੀਦਾ ਮਸਲਿਆਂ ਲਈ ਹੀ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ 26 ਅਪ੍ਰੈਲ ਨੂੰ ਜਦੋਂ ਸੰਸਦ 'ਚ ਇਸ ਮਾਮਲੇ ਨੂੰ ਲੈ ਕੇ ਹੰਗਾਮਾ ਹੋ ਰਿਹਾ ਸੀ ਤਾਂ ਉਸ ਸਮੇਂ ਪ੍ਰਧਾਨ ਮੰਤਰੀ ਉਥੇ ਮੌਜੂਦ ਨਹੀਂ ਸਨ। ਕਾਂਗਰਸ ਦੇ ਸੀਨੀਅਰ ਆਗੂਆਂ ਨੇ ਸੰਸਦ 'ਚ ਪ੍ਰਧਾਨ ਮੰਤਰੀ ਦੇ ਸਾਢੇ ਤਿੰਨ ਵਜੇ ਬਿਆਨ ਦੇਣ ਦੀ ਗੱਲ ਕਹੀ, ਪਰ ਵਿਰੋਧੀ ਧਿਰ ਨੇ ਤੁਰੰਤ ਇਸ ਮਾਮਲੇ 'ਚ ਬਿਆਨ ਦੇਣ ਦੀ ਮੰਗ ਕੀਤੀ। ਇਸ ਤੋਂ ਬਾਅਦ ਚੁਫੇਰਿਓਂ ਪੈ ਰਹੇ ਦਬਾਅ ਕਾਰਨ ਆਖ਼ਰਕਾਰ ਕੇਂਦਰ ਸਰਕਾਰ ਵਲੋਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਇਸ ਮਾਮਲੇ 'ਚ ਸਰਕਾਰ ਦਾ ਪੱਖ ਰੱਖਿਆ। ਸ੍ਰੀ ਚਿਦੰਬਰਮ ਨੇ ਕਿਹਾ ਕਿ ਕਿਸੇ ਵੀ ਸਿਆਸੀ ਆਗੂ ਦੇ ਫੋਨ ਟੇਪ ਕਰਨ ਸਬੰਧੀ ਕਿਸੇ ਏਜੰਸੀ ਨੂੰ ਕੋਈ ਅਧਿਕਾਰ ਨਹੀਂ ਦਿੱਤਾ ਗਿਆ। ਉਨ੍ਹਾਂ ਨਾਲ ਹੀ ਕਿਹਾ ਕਿ ਇਸ ਬਾਰੇ ਮੈਗਜ਼ੀਨ 'ਚ ਛਪੀ ਰਿਪੋਰਟ 'ਚ ਲਗਾਏ ਗਏ ਦੋਸ਼ਾਂ ਦੀ ਵੀ ਸ਼ੁਰੂਆਤੀ ਜਾਂਚ ਦੌਰਾਨ ਪੁਸ਼ਟੀ ਨਹੀਂ ਹੋਈ। ਲੋਕ ਸਭਾ 'ਚ ਬਿਆਨ ਦਿੰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਯੂ ਪੀ ਏ-1 ਵਲੋਂ ਕਿਸੇ ਵੀ ਸਿਆਸੀ ਆਗੂ ਦਾ ਟੈਲੀਫੋਨ ਨਾ ਤਾਂ ਟੇਪ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਦੀ ਗੱਲਬਾਤ ਸੁਣੀ ਗਈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੌਜੂਦਾ ਯੂ ਪੀ ਏ ਸਰਕਾਰ ਨੇ ਵੀ ਅਜਿਹੀ ਕਿਸੇ ਸਰਗਰਮੀ ਲਈ ਮਨਜ਼ੂਰੀ ਨਹੀਂ ਦਿੱਤੀ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਇੱਕ ਅੰਗਰੇਜ਼ੀ ਮੈਗਜ਼ੀਨ 'ਚ ਛਪੀ ਰਿਪੋਰਟ ਮੁਤਾਬਕ ਲਗੇ ਦੋਸ਼ਾਂ ਦੀ ਪੂਰੀ ਜਾਂਚ ਪੜਤਾਲ ਕੀਤੀ ਗਈ ਹੈ। ਕੌਮੀ ਤਕਨੀਕੀ ਖੋਜ ਸੰਸਥਾ (ਐਨ ਟੀ ਆਰ ਓ) ਦੇ ਰਿਕਾਰਡ 'ਚ ਵੀ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਨਹੀਂ ਹੋਈ, ਪਰ ਇਸ ਦੇ ਬਾਵਜੂਦ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋੜੀਂਦੇ ਸਬੂਤ ਮਿਲਣ ਤੋਂ ਬਾਅਦ ਉਚਿਤ ਏਜੰਸੀਆਂ ਤੋਂ ਵੀ ਜਾਂਚ ਕਰਵਾਈ ਜਾ ਸਕਦੀ ਹੈ। ਯਾਦ ਰਹੇ ਫੋਨ ਟੈਪਿੰਗ ਦੇ ਮਾਮਲੇ ਵਿਚ ਅਹਿਮ ਪ੍ਰਗਟਾਵਾ ਕਰਦਿਆਂ ਦਿੱਲੀ ਦੀ ਇਕ ਪੱਤਰਕਾ ਨੇ ਦਾਅਵਾ ਕੀਤਾ ਸੀ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਅਪਣੇ ਸੀਨੀਅਰ ਆਗੂਆਂ ਸਣੇ ਕਈ ਹੋਰਨਾਂ ਦੇ ਫ਼ੋਨ ਟੇਪ ਕਰਦੀ ਰਹੀ ਹੈ ਅਤੇ ਇੰਡੀਅਨ ਪ੍ਰੀਮੀਅਰ ਲੀਗ ਤੋਂ ਲੈ ਕੇ ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਵਰਗੇ ਮਸਲਿਆਂ 'ਤੇ ਜਾਣਕਾਰੀ ਲੈਂਦੀ ਰਹੀ। 'ਆਊਟਲੁੱਕ ਪੱਤਰਕਾ' ਦੇ ਤਾਜ਼ਾ ਅੰਕ 'ਚ ਉਚ ਸੂਤਰਾਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਦੀ ਆਈ.ਪੀ.ਐਲ. ਮੁਖੀ ਲਲਿਤ ਮੋਦੀ ਨਾਲ ਫ਼ੋਨ 'ਤੇ ਹੁੰਦੀ ਗੱਲਬਾਤ ਨੂੰ ਟੇਪ ਕਰਦੀ ਰਹੀ। ਰੀਪੋਰਟ ਅਨੁਸਾਰ ਸ਼ਰਦ ਪਵਾਰ ਕਿਸੇ ਸਮਝੌਤੇ ਨੂੰ ਲੈ ਕੇ ਮੋਦੀ ਨਾਲ ਗੱਲਬਾਤ ਕਰਦੇ ਰਹੇ। ਇਸੇ ਤਰ੍ਹਾਂ ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਾਰਤ ਦਾ ਫ਼ੋਨ ਵੀ ਜੂਨ 2008 'ਚ ਟੇਪ ਕੀਤਾ ਗਿਆ ਜਦੋਂ ਸੰਸਦ 'ਚ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਬਾਰੇ ਬਹਿਸ ਚਲ ਰਹੀ ਸੀ। ਸ੍ਰੀ ਕਾਰਤ ਪ੍ਰਮਾਣੂ ਸਮਝੌਤੇ ਦੇ ਵਿਰੋਧ 'ਚ ਵਿਰੋਧੀ ਧਿਰ ਦੀ ਅਗਵਾਈ ਕਰ ਰਹੇ ਸਨ। ਰੀਪੋਰਟ 'ਚ ਇਹ ਵੀ ਭੇਤ ਖੋਲ੍ਹਿਆ ਗਿਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਅਕਤੂਬਰ 2007 'ਚ ਦਿੱਲੀ ਦੌਰੇ ਨੂੰ ਵੀ ਟੇਪ ਕੀਤਾ ਗਿਆ। ਉਨ੍ਹਾਂ ਵਲੋਂ ਕੋਚੀ ਨਦੀ ਪ੍ਰਾਜੈਕਟ ਲਈ ਕੇਂਦਰੀ ਫ਼ੰਡਾਂ ਨੂੰ ਲੈ ਕੇ ਅਪਣੇ ਸਾਥੀ ਨਾਲ ਗੱਲਬਾਤ ਕਰਦਿਆਂ ਸੁਣਿਆ ਗਿਆ। ਕਾਂਗਰਸ ਨੇ ਅਪਣੇ ਆਗੂ ਦਿਗਵਿਜੈ ਸਿੰਘ ਨੂੰ ਵੀ ਨਹੀਂ ਬਖ਼ਸ਼ਿਆ।

## ਪ੍ਰਿਟੀ ਜ਼ਿੰਟਾ, ਨੈਸ ਵਾਡੀਆ ਸਣੇ ਪੰਜਾਂ ਨੂੰ ਨੋਟਿਸ



**ਚੰਡੀਗੜ੍ਹ:** ਆਈ ਪੀ ਐਲ ਦੀ ਫਰੈਂਚਾਈਜ਼ੀ ਕਿੰਗਜ਼ ਇਲੈਵਨ ਪੰਜਾਬ ਦੀ ਟੀਮ ਦੀ ਸਹਿ ਮਾਲਕਣ ਅਤੇ ਫਿਲਮੀ ਅਦਾਕਾਰਾ ਪ੍ਰਿਟੀ ਜ਼ਿੰਟਾ, ਉਦਯੋਗਪਤੀ ਨੈਸ ਵਾਡੀਆ, ਹਿੱਸੇਦਾਰ ਮੋਹਿਤ ਬਰਮਨ ਤੇ ਦੋ ਹੋਰਨਾਂ ਨੂੰ ਸਥਾਨਕ ਅਦਾਲਤ ਨੇ 27 ਅਪ੍ਰੈਲ ਲਈ ਨੋਟਿਸ ਜਾਰੀ ਕੀਤਾ ਹੈ। ਇਸ ਸਬੰਧ ਵਿਚ ਕੰਪਨੀਆਂ ਦੇ ਰਜਿਸਟਰਾਰ ਨੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਜੇ.ਐਸ ਸਿੱਧੂ ਦੀ ਅਦਾਲਤ ਵਿਚ ਕੇਸ ਦਾਇਰ ਕਰਕੇ ਦੋਸ਼ ਲਾਇਆ ਕਿ ਕਿੰਗਜ਼ ਇਲਵੈਨ ਪੰਜਾਬ ਟੀਮ ਦੀ ਸਹਿ ਮਾਲਕਣ ਪ੍ਰਿਟੀ ਜ਼ਿੰਟਾ, ਨੈਸ ਵਾਡੀਆ, ਹਿੱਸੇਦਾਰ ਮੋਹਿਤ ਬਰਮਨ ਤੇ ਹੋਰ ਪ੍ਰਮੋਟਰਾਂ ਨੇ ਨਾ ਤਾਂ ਬੈਲੈਂਸ ਸ਼ੀਟ ਦਾਖਲ ਕੀਤੀ ਅਤੇ ਨਾ ਹੀ ਸਾਲਾਨਾ ਰਿਟਰਨ ਦਾਖਲ ਕੀਤੀ ਹੈ।

ਕੰਪਨੀ ਦੇ ਰਜਿਸਟਰਾਰ ਨੇ ਅਦਾਲਤ ਨੂੰ ਦੱਸਿਆ ਜਦੋਂ ਤੋਂ ਕਿੰਗਜ਼ ਇਲੈਵਨ ਪੰਜਾਬ ਦੀ ਟੀਮ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਪ੍ਰਿਟੀ ਜ਼ਿੰਟਾ ਨੇ ਕੋਈ ਰਿਟਰਨ ਦਾਖਲ ਨਹੀਂ ਕੀਤੀ। ਕੰਪਨੀ ਰਜਿਸਟਰਾਰ ਦੇ ਵਕੀਲ ਗੌਰਵ ਹੁਡਾ ਨੇ ਦੱਸਿਆ ਕਿ ਮਾਰਚ, 2008 ਵਿਚ ਸਥਾਪਤ ਹੋਈ ਕਿੰਗਜ਼ ਇਲੈਵਨ ਪੰਜਾਬ ਦੀ ਟੀਮ, ਜੋ ਕੰਪਨੀ ਐਕਟਰ ਮੁਤਾਬਕ ਆਈਪੀਐਲ ਦੀ ਫਰੈਂਚਾਈਜ਼ੀ ਹੈ, ਨੇ ਅਜੇ ਤੱਕ ਕੋਈ ਰਿਟਰਨ ਨਹੀਂ ਭਰੀ, ਜੋ ਜ਼ਰੂਰੀ ਹੈ। ਇਸ 'ਤੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਜੇ.ਐਸ ਸਿੱਧੂ ਨੇ ਉਕਤ ਸਾਰਿਆਂ ਨੂੰ 27 ਅਪ੍ਰੈਲ ਲਈ ਨੋਟਿਸ ਜਾਰੀ ਕਰ ਦਿੱਤਾ।

# ਭਲਾ ਕੀ ਹੈ ਵਿਸ਼ਵ ਕਬੱਡੀ ਕੱਪ ਪਿੱਛੇ ਕੰਮ ਕਰਦੀ ਸਿਆਸਤ?

**ਜਸਵੀਰ ਸਿੰਘ ਸ਼ੀਰੀ**

ਪੰਜਾਬ ਸਰਕਾਰ ਵਲੋਂ ਬੀਤੀ 3 ਤੋਂ 12 ਅਪਰੈਲ ਤੱਕ ਕਰਵਾਇਆ ਗਿਆ ਵਿਸ਼ਵ ਕੱਬਡੀ ਕੱਪ ਨਾ ਸਿਰਫ ਖੇਡ ਦੀ ਦ੍ਰਿਸ਼ਟੀ ਤੋਂ ਦਿਲਚਸਪ ਰਿਹਾ ਸਗੋਂ ਇਸ ਪਿਛੇ ਲੁਕੀ/ਖੇਡੀ ਗਈ ਸਿਆਸਤ ਵੀ ਘੱਟ ਦਿਲਚਸਪ ਨਹੀਂ ਸੀ। ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਇਸ ਰਾਹੀਂ ਆਪਣੀ ਸਿਆਸੀ ਲੁਕਣਮੀਚੀ ਵੀ ਖੇਡਦੇ ਰਹੇ। ਇਸ ਦੌਰਾਨ ਕਈ ਵਾਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਫੋਟੋ ਹੋਰਡਿੰਗਾਂ ਤੋਂ ਲਾਹੇ ਅਤੇ ਲਾਏ ਗਏ। ਛੋਟਾ ਬਾਦਲ ਕਾਲੀਆ ਨੂੰ ਠਿੱਬੀਆਂ ਲਾਉਂਦਾ ਰਿਹਾ ਅਤੇ ਵੱਡਾ ਫਿਰ ਪਲੋਸ ਲੈਂਦਾ ਰਿਹਾ।

ਉਂਜ ਭਾਵੇਂ ਇਸ ਟੂਰਨਾਮੈਂਟ ਨੂੰ ਵਿਸ਼ਵ ਕੱਪ ਦਾ ਨਾਂ ਦਿੱਤਾ ਗਿਆ ਹੈ ਪਰ ਅਸਲੀ ਹਕੀਕਤ ਇਹ ਹੈ ਕਿ ਵੱਖ-ਵੱਖ ਮੁਲਕਾਂ ਦੀਆਂ ਟੀਮਾਂ ਦੇ ਨਾਂ ਹੇਠ ਬਹੁਤੇ ਪੰਜਾਬੀ ਮੁੰਡੇ ਹੀ ਇਨ੍ਹਾਂ ਵਿਚ ਖੇਡੇ ਹਨ। ਇਸ ਦੌਰਾਨ ਇਹ ਸਵਾਲ ਵੀ ਉਠਦਾ ਰਿਹਾ ਹੈ ਕਿ ਕੀ ਇਸ ਤਰ੍ਹਾਂ ਕਿਸੇ ਮੁਲਕ ਵਿਚ ਵੱਸਦੇ ਪਰਵਾਸੀ ਭਾਰਤੀ ਆਪਣੀ ਕਬੱਡੀ ਟੀਮ ਲਈ ਸੰਬੰਧਤ ਦੇਸ਼ ਦਾ ਨਾਂ ਵਰਤ ਵੀ ਸਕਦੇ ਹਨ ਜਾਂ ਨਹੀਂ? ਜਿਹੜੀਆਂ ਟੀਮਾਂ ਭਾਰਤੀ ਪੰਜਾਬੀਆਂ ਤੋਂ ਵੱਖਰੇ ਖਿਡਾਰੀਆਂ ਨਾਲ ਲੈਸ ਸਨ, ਉਨ੍ਹਾਂ ਵਿਚ ਪ੍ਰਮੁਖ ਤੌਰ 'ਤੇ ਇਰਾਨ ਅਤੇ ਪਾਕਿਸਤਾਨ ਦੇ ਨਾਂ ਸ਼ਾਮਲ ਸਨ। ਪਾਕਿਸਤਾਨ ਦੇ ਬਹੁਤੇ ਖਿਡਾਰੀ ਵੀ ਪੱਛਮੀ ਪੰਜਾਬ ਪ੍ਰਾਂਤ ਨਾਲ ਹੀ ਸੰਬੰਧਤ ਸਨ। ਉਂਜ ਵੀ ਸਰਕਲ ਸਟਾਈਲ ਕਬੱਡੀ ਪੰਜਾਬ ਦੇ ਲੋਕਾਂ ਦੀ ਕੌਮੀ ਖੇਡ ਹੈ। ਇਸ ਤੱਥ ਦੇ ਬਾਵਜੂਦ ਕਿ ਸੰਬੰਧਤ ਵਿਸ਼ਵ ਕੱਪ ਬਹੁਗਿਣਤੀ ਪੰਜਾਬੀ ਖਿਡਾਰੀਆਂ ਦੇ ਦਰਮਿਆਨ ਹੀ ਖੇਡਿਆ ਗਿਆ ਹੈ। ਇਸ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉੱਤਰੀ ਭਾਰਤ ਦੇ ਸਮੁੱਚੇ ਮੀਡੀਆ ਵਿਚ ਅਤੇ ਕੁਝ ਟੈਲੀਵੀਜ਼ਨ ਚੈਨਲਾਂ ਵਲੋਂ ਜਿਸ ਢੰਗ ਨਾਲ ਇਸ ਟੂਰਨਾਮੈਂਟ ਨੂੰ ਪੇਸ਼ ਕੀਤਾ ਗਿਆ ਹੈ, ਉਸ ਤੋਂ ਕਬੱਡੀ ਦੀ ਖੇਡ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸਥਾਪਤੀ ਵਲ ਵਧਣ ਲਈ ਚੰਗੇ ਮੌਕੇ ਬਣੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਲੋਕਾਂ ਨੇ ਸਮੂਹਿਕ ਰੂਪ ਵਿਚ ਇਸ ਮੁਕਾਬਲੇ ਵਿਚ ਜਿੰਨੀ ਦਿਲਚਸਪੀ ਵਿਖਾਈ ਉਸ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਖਤਮ ਕਰਨ ਲਈ ਖੇਡਾਂ ਦਾ ਪਸਾਰਾ ਹੀ ਇਕੋ ਇਕ ਢੰਗ ਹੈ। ਕਬੱਡੀ ਇੰਨੀ ਸਸਤੀ ਖੇਡ ਹੈ ਕਿ ਇਸ ਦੇ ਲਈ ਕਿਸੇ ਵੀ ਸਾਜ਼ੋ ਸਮਾਨ ਦੀ ਲੋੜ ਨਹੀਂ ਹੈ। ਇਸ ਨੂੰ ਪੰਜਾਬ ਦਾ ਗਰੀਬ ਤੋਂ ਗਰੀਬ ਬੱਚਾ ਵੀ ਖੇਡ ਸਕਦਾ। ਇਸ ਨਾਲ ਪਿੰਡਾਂ ਵਿਚ ਕ੍ਰਿਕਟ ਜਿਹੀ ਬੀਮਾਰੀ ਦੇ ਫੈਲਾਅ ਨੂੰ ਵੀ ਰੋਕਿਆ ਜਾ ਸਕਦਾ ਹੈ। ਇਕ ਹੋਰ ਵੀ ਚੰਗੀ ਗੱਲ ਇਹ ਵਾਪਰੀ ਹੈ ਕਿ ਟੂਰਨਾਮੈਂਟ ਦੌਰਾਨ ਖਿਡਾਰੀਆਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਦਾ ਗੰਭੀਰ ਉਪਰਾਲਾ ਕੀਤਾ ਗਿਆ ਹੈ। ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਰੱਗ ਲੈਣ ਦੇ ਦੋਸ਼ ਅਧੀਨ 13 ਖਿਡਾਰੀ ਟੂਰਨਾਮੈਂਟ ਤੋਂ ਬਾਹਰ ਕਰ ਦਿੱਤੇ ਗਏ ਸਨ।




ਇਸ ਕਬੱਡੀ ਟੂਰਨਾਮੈਂਟ ਦੇ ਕਰਤਾ-ਧਰਤਾ ਅਤੇ ਪੀ. ਟੀ. ਸੀ. ਚੈਨਲ ਦੇ ਸਰਬਰਾਹ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਇਹ ਗੱਲ ਵਾਰ-ਵਾਰ ਕਹੀ ਹੈ ਕਿ ਮੌਜੂਦਾ ਕਬੱਡੀ ਟੂਰਨਾਮੈਂਟ ਦੀ ਪੀ. ਟੀ. ਆਰ. ਰੇਟਿੰਗ ਇੰਡੀਅਨ ਪ੍ਰੀਮੀਅਰ ਕ੍ਰਿਕਟ ਲੀਗ ਨਾਲੋਂ ਉਪਰ ਰਹੀ ਹੈ। ਇਸ ਬਿਆਨ ਵਿਚ ਸੱਚਾਈ ਹੈ ਜਾਂ ਨਹੀਂ ਪਰ ਇਹ ਸਪੱਸ਼ਟ ਹੈ ਕਿ ਇਸ ਕਬੱਡੀ ਟੂਰਨਾਮੈਂਟ ਦੇ ਮੈਚਾਂ ਨੂੰ ਦੇਖਣ ਲਈ ਵੱਡੀ ਪੱਧਰ 'ਤੇ ਪੰਜਾਬੀ ਲੋਕ ਖੇਡ ਸਟੇਡੀਅਮਾਂ ਵਿਚ ਪਹੁੰਚੇ ਅਤੇ ਟੈਲੀਵੀਜ਼ਨ ਉਪਰ ਵੀ ਵਿਆਪਕ ਪੱਧਰ 'ਤੇ ਲੋਕਾਂ ਨੇ ਇਹ ਮੁਕਾਬਲੇ ਵੇਖੇ।

ਕਬੱਡੀ ਨੂੰ ਠੀਕ ਹੀ ਪੰਜਾਬੀ ਲੋਕਾਂ ਦੀ ਮਾਂ ਖੇਡ ਕਿਹਾ ਜਾਂਦਾ ਹੈ। ਸੰਸਾਰ ਭਰ ਵਿਚ ਫੈਲੇ ਪੰਜਾਬ ਦੇ ਲੋਕ ਇਸ ਖੇਡ ਵਿਚ ਗਹਿਰੀ ਦਿਲਚਸਪੀ ਰੱਖਦੇ ਹਨ। ਕਬੱਡੀ ਦੀ ਖੇਡ ਦਾ ਇਤਿਹਾਸ ਲਿਖਣ ਵਾਲੇ ਮਾਹਿਰਾਂ ਅਨੁਸਾਰ ਇਹ ਖੇਡ ਪੰਜਾਬ ਦੀ ਜ਼ਿੰਦਗੀ ਅਤੇ ਸੱਭਿਆਚਾਰ ਨਾਲ ਬਹੁਤ ਡੂੰਘੇ ਰੂਪ ਵਿਚ ਜੁੜੀ ਹੋਈ ਹੈ। ਪੰਜਾਬ ਦੇ ਲੋਕ ਕਿਉਂਕਿ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਦਾ ਮੁਕਾਬਲਾ ਕਰਦੇ ਰਹੇ ਹਨ, ਇਸ ਦੌਰਾਨ ਲੜੀ ਜਾਣ ਵਾਲੀ ਜੰਗ ਦੀ ਤਰਜ਼ 'ਤੇ ਹੀ ਇਸ ਖੇਡ ਦਾ ਵਿਕਾਸ ਹੋਇਆ ਹੈ। ਖੇਡ ਦੌਰਾਨ ਇਕ ਖਿਡਾਰੀ ਰੇਡ (ਹਮਲਾ ਕਰਦਾ) ਪਾਉਂਦਾ ਹੈ ਅਤੇ ਦੂਜਾ ਉਸਨੂੰ ਰੋਕਦਾ ਹੈ। ਇਹ ਹਮਲਾ ਕਰਨ ਅਤੇ ਹਮਲਾ ਕਰਨ ਵਾਲੇ ਨੂੰ ਚਿੱਤ ਕਰਨਾ, ਜੰਗ ਦਾ ਹੀ ਦੂਜਾ ਰੂਪ ਹੈ। ਸ਼ਾਇਦ ਇਹੋ ਕਾਰਨ ਹੈ ਕਿ ਪੰਜਾਬ ਦੇ ਲੋਕਾਂ ਦੀ ਇਸ ਖੇਡ ਵਿਚ ਇੰਨੀ ਗਹਿਰੀ ਦਿਲਚਸਪੀ ਹੈ।

ਉਂਜ ਭਾਵੇਂ ਹਾਕੀ ਦੀ ਖੇਡ ਬਰਤਾਨੀਆਂ ਤੋਂ ਫੌਜੀ ਛਾਉਣੀਆਂ ਦੇ ਰਾਹੀਂ ਭਾਰਤ ਅਤੇ ਪੰਜਾਬ ਵਿਚ ਪ੍ਰਵੇਸ਼ ਕੀਤੀ ਪਰ ਪੰਜਾਬ ਦੀ ਰਵਾਇਤੀ ਖਿੱਦੋ-ਖੂੰਡੀ ਵਾਲੀ ਖੇਡ ਨਾਲ ਇਸ ਦਾ ਇੰਨਾ ਜੋੜ ਬੈਠਿਆ ਕਿ ਆਪਣੀਆਂ ਰਵਾਇਤੀ ਖੇਡਾਂ ਵਾਂਗ ਹੀ ਪੰਜਾਬ ਦੇ ਲੋਕ ਇਸ ਨੂੰ ਪਿਆਰ ਕਰਨ ਲੱਗੇ। ਇੰਜ ਇਹ ਦੋਵੇਂ ਖੇਡਾਂ ਪੰਜਾਬ ਦੀ ਸੱਭਿਆਚਾਰਕ ਆਤਮਾ ਦੇ ਅੰਦਰ ਵਸ ਗਈਆਂ ਹਨ। ਮੀਡੀਆ ਅਤੇ ਵਪਾਰੀਕਰਨ ਦੇ ਸਿੱਟੇ ਵਜੋਂ ਭਾਵੇਂ ਕ੍ਰਿਕਟ ਦੀ ਖੇਡ ਵੀ ਹੁਣ ਪੰਜਾਬ ਦੇ ਧੁਰ ਪੇਂਡੂ ਖੇਤਰਾਂ ਤਕ ਪੱਸਰ ਗਈ ਹੈ ਪਰ ਫਿਰ ਵੀ ਇਸ ਖੇਡ ਦਾ ਪੰਜਾਬ ਦੀਆਂ ਰਵਾਇਤੀ ਖੇਡਾਂ ਨਾਲ ਕੋਈ ਲੈਣ-ਦੇਣ ਨਹੀਂ ਹੈ। ਅਸਲ ਵਿਚ ਕ੍ਰਿਕਟ ਮੁੱਖ ਰੂਪ ਵਿਚ ਪੈਸੇ, ਇਸ਼ਤਿਹਾਰਬਾਜ਼ੀ ਅਤੇ ਮੀਡੀਆ ਨੇ ਹੀ ਆਮ ਲੋਕਾਂ ਉਪਰ ਥੋਪੀ ਹੈ। ਕ੍ਰਿਕਟ ਕਿਉਂਕਿ ਲੰਮਾ ਸਮਾਂ ਖੇਡੀ ਜਾਂਦੀ ਹੈ ਇਸ ਲਈ ਇਸ ਨਾਲ ਬਾਣੀਆ ਭਾਈਚਾਰੇ ਲਈ ਟੈਲੀਵਿਜਨ 'ਤੇ ਇਸ਼ਤਿਹਾਰਬਾਜ਼ੀ ਦੇ ਮੌਕੇ ਵਧ ਜਾਂਦੇ ਹਨ। ਪਰ ਮੀਡੀਆ ਵਿਚੋਂ ਗਾਇਬ ਹੋਣ ਦੇ ਨਾਲ ਹੀ ਇਹ ਇਕਦਮ ਲੋਕਾਂ ਦੇ ਮਨਾਂ ਵਿਚੋਂ ਪਾਸੇ ਹੋ ਸਕਦੀ ਹੈ। ਕਬੱਡੀ ਜਿਹੀ ਖੇਡ ਨਾਲ ਅਜਿਹਾ ਨਹੀਂ ਵਾਪਰ ਸਕਦਾ। ਇਹ ਆਮ ਲੋਕਾਂ ਦੇ ਮਨਾਂ ਵਿਚ ਰਚੀ-ਮਿਚੀ ਹੋਈ ਹੈ। ਕਬੱਡੀ, ਹਾਕੀ ਅਤੇ ਕੁਸ਼ਤੀਆਂ ਪੰਜਾਬੀ ਲੋਕਾਂ ਦੇ ਸਭਿਆਚਾਰ ਦਾ ਹਿੱਸਾ ਹਨ।

ਪਰ ਸਵਾਲ ਇਹ ਉਠਦਾ ਹੈ ਕਿ ਪੰਜਾਬ ਦੇ ਸਿਆਸਤਦਾਨ, ਜਿਹੜੇ ਪਿਛਲੇ ਕੁਝ ਹੀ ਸਮੇਂ ਵਿਚ ਸੰਸਾਰ ਵਪਾਰੀਕਰਨ ਦੀ ਵਿਆਪਕ ਲਹਿਰ ਦੇ ਪ੍ਰਭਾਵ ਹੇਠ ਆਪਣੇ ਲੋਕਾਂ ਦੀ ਹਰ ਰਵਾਇਤੀ ਚੀਜ਼ ਨਾਲੋਂ ਟੁੱਟ ਰਹੇ ਹਨ, ਉਨ੍ਹਾਂ ਨੂੰ ਕਬੱਡੀ ਦੀ ਖੇਡ ਦਾ ਇੰਨਾ ਹੇਜ਼ ਕਿਉਂ ਜਾਗ ਪਿਆ ਹੈ? ਕਾਰਨ ਸ਼ਾਇਦ ਇਸਦਾ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਆਰਥਿਕਤਾ ਦੇ ਜ਼ਰੀਏ ਇਹ ਸਿਆਸਤ ਨਾਲ ਵੀ ਜੁੜ ਗਿਆ ਹੈ। ਪਰਵਾਸੀਆਂ, ਖਾਸ ਕਰਕੇ ਪੱਛਮੀ ਦੇਸ਼ਾਂ ਵਿਚ ਵੱਸਦੇ ਪੰਜਾਬੀ ਪ੍ਰਵਾਸੀਆਂ ਤੋਂ ਪੰਜਾਬ ਦੇ ਸਿਆਸਤਦਾਨਾਂ ਨੂੰ ਹਮੇਸ਼ਾ ਫੰਡਾਂ ਦੀ ਝਾਕ ਰਹਿੰਦੀ ਹੈ। ਇਸੇ ਲਈ ਹਰ ਪਾਰਟੀ ਦੇ ਸਿਆਸਤਦਾਨ ਪਰਵਾਸੀ ਭਾਰਤੀਆਂ/ਪੰਜਾਬੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਵਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ। ਕਬੱਡੀ ਵੀ ਪਿਛਲੇ ਸਮੇਂ ਵਿਚ ਪ੍ਰਵਾਸੀ ਪੰਜਾਬੀਆਂ ਦੇ ਆਸਰੇ ਹੀ ਕਿਸੇ ਨਾ ਕਿਸੇ ਤਰ੍ਹਾਂ ਬਚਦੀ/ਵਿਗੜਦੀ ਰਹੀ ਹੈ। ਕਬੱਡੀ ਟੂਰਨਾਮੈਂਟਾਂ ਦਾ ਸੈਂਕੜੇ ਕਰੋੜ ਦਾ ਕਾਰੋਬਾਰ ਹਰ ਸਾਲ ਚਲਦਾ ਹੈ। ਇਸ ਕਾਰੋਬਾਰ ਨੂੰ ਆਪਣੀ ਰਾਜਨੀਤਕ ਸਰਪ੍ਰਸਤੀ ਹੇਠ ਲਿਆਉਣ ਦੇ ਮਕਸਦ ਨਾਲ ਹੀ ਇਹ ਵਿਸ਼ਵ ਕੱਪ ਕਰਵਾਇਆ ਗਿਆ ਹੈ। ਇਸ ਨੂੰ ਇਸ ਦ੍ਰਿਸ਼ਟੀ ਤੋਂ ਵੇਖਿਆਂ ਹੀ ਇਸ ਕੱਪ ਦੀ ਅਸਲ ਰਾਜਨੀਤਿਕ ਆਰਥਿਕਤਾ ਸਮਝ ਪੈ ਸਕਦੀ ਹੈ।

ਇਹ ਗੱਲ ਹੋਰ ਵੀ ਮਹੱਤਵਪੂਰਨ ਹੈ ਕਿ ਪਰਦੇਸਾਂ ਵਲ ਪੰਜਾਬ ਦੀ ਬਹੁਤੀ ਕਿਸਾਨੀ ਹੀ ਗਈ ਹੈ ਅਤੇ ਇਹ ਤਬਕਾ ਹੀ ਮੁੱਖ ਰੂਪ ਵਿਚ ਅਕਾਲੀ ਦਲ ਦਾ ਆਧਾਰ ਹੈ। ਬਹੁਤ ਵੱਡੀ ਗਿਣਤੀ ਵਿਚ ਲੋਕ ਪਰਦੇਸਾਂ ਵਲ ਅੱਸੀਵਿਆਂ ਦੇ ਦੌਰ ਵਿਚ ਸਰਕਾਰੀ ਤਸ਼ੱਦਦ ਤੋਂ ਡਰਦੇ ਗਏ ਹਨ। ਇਸ ਦੌਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਹਰ ਪਰਿਵਾਰ ਇਸ ਦੌਰ ਤੋਂ ਪ੍ਰਭਾਵਤ ਹੋਇਆ ਹੈ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੀ ਸਿਆਸਤ ਨੂੰ ਇਹ ਲੋਕ ਚਿੱਤੋਂ ਨਫਰਤ ਕਰਦੇ ਹਨ ਅਤੇ ਅਕਾਲੀ ਦਲ (ਬਾਦਲ) ਦੀ ਭਾਰਤੀ ਜਨਤਾ ਪਾਰਟੀ ਨਾਲ ਯਾਰੀ ਵੀ ਇਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ। ਸਿੱਟਾ ਇਹ ਹੈ ਕਿ ਇਨ੍ਹਾਂ ਪੰਜਾਬੀਆਂ/ਸਿੱਖਾਂ ਤੋਂ ਡਰਦੇ ਅਕਾਲੀ ਦਲ (ਬਾਦਲ) ਵਾਲੇ ਪ੍ਰਦੇਸਾਂ ਵਿਚ ਸ਼ਰੇਆਮ ਜਾਣ ਦੀ ਹਿੰਮਤ ਵੀ ਨਹੀਂ ਜੁਟਾ ਪਾਉਂਦੇ। ਅਜਿਹੀ ਸਿਆਸੀ ਹਾਲਤ ਵਿਚ ਪਰਵਾਸੀ ਪੰਜਾਬੀਆਂ ਨਾਲ ਰਿਸ਼ਤਾ ਗੰਢਣ ਲਈ ਅਕਾਲੀ ਦਲ (ਬਾਦਲ) ਵਾਲੀ ਧਿਰ ਗੈਰਸਿਆਸੀ ਰੂਟ ਅਖਤਿਆਰ ਕਰਦੀ ਹੈ।

ਕਬੱਡੀ ਕੱਪ ਵੀ ਇਸੇ ਕਿਸਮ ਦਾ ਇਕ ਰੂਟ ਹੈ। ਇਸ ਤੋਂ ਪਹਿਲਾਂ ਪਰਵਾਸੀ ਪੰਜਾਬੀਆਂ ਲਈ ਵਿਸ਼ੇਸ਼ ਥਾਣਿਆਂ ਦਾ ਪ੍ਰਬੰਧ ਅਤੇ ਅਕਾਲੀ ਸਰਕਾਰ ਬਣਨ ਪਿਛੋਂ ਜਲੰਧਰ ਵਿਚ ਪਰਵਾਸੀਆਂ

*(ਬਾਕੀ ਸਫਾ 36 'ਤੇ)*

## ਬੇਨਜ਼ੀਰ ਕਤਲ ਬਾਰੇ ਤਿੰਨ ਮੈਂਬਰੀ ਤੱਥ ਖੋਜ ਕਮੇਟੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਇਸ ਸੱਚਾਈ ਦਾ ਪਤਾ ਲਾਉਣ ਲਈ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਕਿ ਕੀ ਦਸੰਬਰ, 2007 'ਚ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਮਗਰੋਂ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨਾਲ ਜੁੜੇ ਫ਼ੌਜ ਦੇ ਉੱਚ ਅਧਿਕਾਰੀਆਂ ਨੇ ਪੁਲਸ ਅਧਿਕਾਰੀਆਂ ਨੂੰ ਉਹ ਥਾਂ ਸਾਫ਼ ਕਰਨ ਲਈ ਕਿਹਾ ਸੀ, ਜਿੱਥੇ ਬੇਨਜ਼ੀਰ ਭੁੱਟੋ ਨੂੰ ਕਤਲ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਦੇ ਮੀਡੀਆ ਦਫਤਰ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਗਿਲਾਨੀ ਵਲੋਂ ਇਹ ਪਤਾ ਲਾਉਣ ਲਈ ਕੈਬਨਿਟ ਸਕੱਤਰ ਅਬਦੁਲ ਰਊਫ ਚੌਧਰੀ ਦੀ ਅਗਵਾਈ ਹੇਠ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਕਿ ਕੀ ਉਸ ਵੇਲੇ ਦੇ ਡਾਇਰੈਕਟਰ ਜਨਰਲ ਮਿਲਟਰੀ ਇੰਟੈਲੀਜੈਂਸ ਨੇ ਪੁਲਸ ਅਧਿਕਾਰੀਆਂ ਨੂੰ ਜੁਰਮ ਵਾਲੀ ਥਾਂ ਨੂੰ ਸਾਫ ਕਰਨ ਦਾ ਹੁਕਮ ਦਿੱਤਾ ਸੀ। ਜ਼ਿਕਰਯੋਗ ਹੈ ਕਿ ਬੇਨਜ਼ੀਰ ਭੁੱਟੋ ਦੇ ਕਤਲ ਵੇਲੇ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਦੇ ਨਜ਼ਦੀਕੀ ਮੇਜਰ ਜਨਰਲ ਨਦੀਮ ਇਜਾਜ਼ ਅਹਿਮਦ ਮਿਲਟਰੀ ਇੰਟੈਲੀਜੈਂਸ ਦੇ ਮੁਖੀ ਸਨ। ਗਿਲਾਨੀ ਵਲੋਂ ਗਠਿਤ ਕੀਤੀ ਗਈ ਕਮੇਟੀ ਦੇ ਦੂਜੇ ਮੈਂਬਰਾਂ 'ਚ ਵਾਈਸ ਚੀਫ ਆਫ਼ ਜਨਰਲ ਸਟਾਫ ਮੇਜਰ ਜਨਰਲ ਸੱਯਾਦ ਗਨੀ ਅਤੇ ਖੈਬਰ ਪਖ਼ਤੂਨਵਾ ਸੂਬੇ ਦੇ ਐਡੀਸ਼ਨਲ ਮੁੱਖ ਸਕੱਤਰ (ਗ੍ਰਹਿ) ਫੈਯਾਜ਼ ਤੂਰੂ ਸ਼ਾਮਲ ਹਨ। ਬਿਆਨ 'ਚ ਅੱਗੇ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਵਲੋਂ ਇਸ ਕਮੇਟੀ ਨੂੰ ਆਉਂਦੇ 7 ਦਿਨਾਂ ਦੌਰਾਨ ਆਪਣੀ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ। ਗਿਲਾਨੀ ਵਲੋਂ ਇਹ ਹੁਕਮ ਯੂ ਐੱਨ ਜਾਂਚ ਕਮਿਸ਼ਨ ਵਲੋਂ ਰਿਪੋਰਟ ਪੇਸ਼ ਕੀਤੇ ਜਾਣ ਤੋਂ 9 ਦਿਨ ਮਗਰੋਂ ਜਾਰੀ ਕੀਤਾ ਗਿਆ ਹੈ, ਜਿਸਨੇ ਰਿਪੋਰਟ 'ਚ ਇਸ ਮਾਮਲੇ ਨੂੰ ਪ੍ਰਮੁੱਖਤਾ ਨਾਲ ਉਛਾਲਿਆ ਸੀ। ਰਿਪੋਰਟ ਮਗਰੋਂ ਪੁਲਸ ਅਤੇ ਅਧਿਕਾਰੀਆਂ ਵਿਚਕਾਰ ਇਸ ਗੱਲ ਨੂੰ ਲੈ ਕੇ ਦੂਸ਼ਣਬਾਜ਼ੀ ਤੇਜ਼ ਹੋ ਗਈ ਸੀ ਕਿ ਬੇਨਜ਼ੀਰ ਭੁੱਟੋ ਦੇ ਕਤਲ ਵਾਲੀ ਥਾਂ ਨੂੰ ਕਿਸ ਦੀ ਹਦਾਇਤ 'ਤੇ ਸਾਫ ਕੀਤਾ ਗਿਆ। ਪੰਜਾਬ ਸੂਬੇ ਦੇ ਐਮਰਜੈਂਸੀ ਸੇਵਾਵਾਂ ਬਾਰੇ ਵਿਭਾਗ ਦੇ ਮੁਖੀ ਰਿਜ਼ਵਾਨ ਅਹਿਮਦ ਨੇ ਕਿਹਾ ਕਿ ਉਹ ਥਾਂ ਰਾਵਲਪਿੰਡੀ ਦੇ ਉਸ ਵੇਲੇ ਦੇ ਪੁਲਿਸ ਮੁਖੀ ਸੌਦ ਅਜ਼ੀਜ਼ ਦੇ ਹੁਕਮ 'ਤੇ ਸਾਫ ਕੀਤੀ ਗਈ ਸੀ।

ਯੂ.ਐਨ.ਪੈਨਲ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਅਜ਼ੀਜ਼ ਨੇ ਇਹ ਫੈਸਲਾ ਆਪਣੇ ਤੌਰ 'ਤੇ ਨਹੀਂ ਲਿਆ। ਸਗੋਂ ਉਸਨੂੰ ਅਜਿਹਾ ਕਰਨ ਲਈ ਉਪਰੋਂ ਹੁਕਮ ਆਇਆ ਸੀ। ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਇਕ ਅਧਿਕਾਰੀ ਨੇ ਪੈਨਲ ਨੂੰ ਦੱਸਿਆ ਕਿ ਮਿਲਟਰੀ ਇੰਟੈਲੀਜੈਂਸ ਦੇ ਮੁੱਖੀ ਮੇਜਰ ਜਨਰਲ ਨਦੀਮ ਇਜਾਜ਼ ਅਹਿਮਦ ਨੇ ਅਜੀਜ਼ ਨੂੰ ਬੇਨਜ਼ੀਰ ਭੁੱਟੋ ਦੇ ਕਤਲ ਵਾਲੀ ਥਾਂ ਨੂੰ ਸਾਫ ਕਰਨ ਦਾ ਹੁਕਮ ਦਿੱਤਾ ਸੀ।

**ਕਿਸ਼ਨ ਗੰਗਾ ਯੋਜਨਾ ਨੂੰ ਪਾਕਿ ਲੈ ਕੇ ਜਾਵੇਗਾ ਵਿਸ਼ਵ ਬੈਂਕ 'ਚ :** 1960 ਦੀ ਸਿੰਧੂ ਜਲ ਸੰਧੀ ਦੇ ਉਲੰਘਣ ਦਾ ਦੋਸ਼ ਲਾਉਣ ਵਾਲੇ ਪਾਕਿਸਤਾਨ ਨੇ ਐਤਵਾਰ ਇਹ ਨਵੀਂ ਧਮਕੀ ਦਿੱਤੀ ਕਿ ਜੰਮੂ-ਕਸ਼ਮੀਰ ਵਿਚ ਕਿਸ਼ਨ ਗੰਗਾ ਬਿਜਲੀ ਯੋਜਨਾ ਨੂੰ ਲੈ ਕੇ ਵਿਸ਼ਵ ਬੈਂਕ ਨੂੰ ਉਹ ਵਿਚੋਲਗੀ ਕਰਨ ਲਈ ਕਹੇਗਾ। ਸਰਕਾਰੀ ਸੂਤਰਾਂ ਨੇ ਐਤਵਾਰ ਇਥੇ ਕਿਹਾ ਕਿ ਪਾਕਿਸਤਾਨ ਨੇ ਭਾਰਤ ਨੂੰ ਹੁਣੇ ਜਿਹੇ ਲਿਖੀ ਚਿੱਠੀ ਵਿਚ ਇਹ ਚਿਤਾਵਨੀ ਦਿੱਤੀ ਹੈ ਕਿ ਇਸ ਮੁੱਦੇ 'ਤੇ ਬੀਤੇ ਇਕ ਸਾਲ ਦੌਰਾਨ ਹੋਇਆ ਇਹ ਅਜਿਹਾ ਤੀਜਾ ਸੰਪਰਕ ਹੈ। ਚਿੱਠੀ ਵਿਚ ਪਾਕਿਸਤਾਨ ਨੇ ਕਿਹਾ ਹੈ ਕਿ 6 ਸਾਂਝੇ ਦਰਿਆਵਾਂ ਦਾ ਕੰਟਰੋਲ ਕਰਨ ਵਾਲੀ ਸਿੰਧੂ ਜਲ ਸੰਧੀ ਦਾ ਕਿਸ਼ਨ ਗੰਗਾ ਯੋਜਨਾ ਕਾਰਨ ਉਲੰਘਣ ਹੋ ਰਿਹਾ ਹੈ। ਪਾਕਿਸਤਾਨ ਦਾ ਕਹਿਣਾ ਹੈ ਕਿ ਉਸ ਕੋਲ ਵਿਚੋਲਗੀ ਲਈ ਵਿਸ਼ਵ ਬੈਂਕ ਨੂੰ ਬੇਨਤੀ ਕਰਨ ਦਾ ਅਧਿਕਾਰ ਹੈ। ਪਾਕਿਸਤਾਨ ਦੀ ਇਹ ਤਾਜ਼ਾ ਧਮਕੀ ਇਸ ਮੁੱਦੇ 'ਤੇ ਕਈ ਦੌਰ ਦੀ ਦੌਪਾਸੜ ਗੱਲਬਾਤ ਵਿਚ ਮਤਭੇਦ ਦੂਰ ਨਾ ਹੋਣ ਪਿੱਛੋਂ ਆਈ ਹੈ। ਪਾਕਿਸਤਾਨ ਕਿਸ਼ਨ ਗੰਗਾ ਪਣਬਿਜਲੀ ਯੋਜਨਾ ਦਾ ਵਿਰੋਧ ਕਰ ਰਿਹਾ ਹੈ।

## ਮਾਹਵਾਰੀ ਸ਼ੁਰੂ ਹੋਣ 'ਤੇ 29 ਕੁੜੀਆਂ ਨੂੰ ਸਕੂਲੋਂ ਕੱਢਿਆ

**ਕਾਠਮੰਡੂ :** ਨੇਪਾਲ ਦੇ ਇਕ ਸਕੂਲ ਪ੍ਰਸ਼ਾਸਨ ਨੇ ਆਪਣੇ ਹੋਸਟਲ ਕੰਪਲੈਕਸ ਵਿਖੇ ਰਹਿਣ ਵਾਲੀਆਂ 29 ਕੁੜੀਆਂ ਨੂੰ ਸਿਰਫ ਇਸ ਲਈ ਸਕੂਲ ਵਿਚੋਂ ਕੱਢ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਮਾਹਵਾਰੀ ਸ਼ੁਰੂ ਹੋ ਗਈ ਸੀ। ਮੀਡੀਆ ਦੀਆਂ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਇਕ ਹਫਤਾ ਪਹਿਲਾਂ ਈਰਾਨ ਦੇ ਇਕ ਧਾਰਮਿਕ ਨੇਤਾ ਨੇ ਕਿਹਾ ਸੀ ਕਿ ਔਰਤਾਂ ਅੱਜਕਲ ਸਰੀਰ ਵਿਖਾਉਣ ਵਾਲੇ ਕੱਪੜੇ ਪਹਿਨਣ ਲੱਗ ਪਈਆਂ ਹਨ ਜਿਸ ਕਾਰਨ ਪ੍ਰਮਾਤਮਾ ਨਰਾਜ਼ ਹੋ ਗਿਆ ਹੈ। ਨੇਤਾ ਮੁਤਾਬਕ ਇਸੇ ਕਾਰਨ ਭੂਚਾਲ ਆ ਰਹੇ ਹਨ। ਨੇਪਾਲ ਵਿਚ ਕੁੜੀਆਂ ਨੂੰ ਸਕੂਲ ਵਿਚੋਂ ਕੱਢੇ ਜਾਣ ਦੀ ਇਹ ਸਨਸਨੀਖੇਜ਼ ਘਟਨਾ ਕਾਫੀ ਹੱਦ ਤੱਕ ਉਕਤ ਈਰਾਨੀ ਧਾਰਮਿਕ ਨੇਤਾ ਦੇ ਬਿਆਨ ਦਾ ਨਤੀਜਾ ਮੰਨੀ ਜਾ ਸਕਦੀ ਹੈ ਕਿਉਂਕਿ ਸਕੂਲ ਵਿਚੋਂ ਕੱਢੇ ਜਾਂਦੇ ਸਮੇਂ ਪ੍ਰਸ਼ਾਸਨ ਨੇ ਕਿਹਾ ਸੀ ਕਿ ਇਨ੍ਹਾਂ ਕੁੜੀਆਂ ਨੇ ਭਗਵਾਨ ਨੂੰ ਨਾਰਾਜ਼ ਕੀਤਾ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਘੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

# ਬੰਗਾਲ ਦੀ ਕਿਸਾਨ ਬਗ਼ਾਵਤ ਅਤੇ ਕਾਨੂ ਸਾਨਿਆਲ

**ਜਸਵੀਰ ਸਮਰ***

ਦੇਸ਼ ਦੀ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਬੰਗਾਲ ਵਿਚ ਕਿਸਾਨਾਂ ਦੇ ਵਿਦਰੋਹ ਅਤੇ ਫਿਰ ਇਸ ਵਿਦਰੋਹ ਨੂੰ ਇਨਕਲਾਬ ਦੇ ਰਾਹ ਤੋਰਨ ਵਾਲੀ ਤਿੱਕੜੀ ਦਾ ਆਖਰੀ ਸ਼ਾਹਸਵਾਰ ਕਾਨੂ (ਕ੍ਰਿਸ਼ਨ ਕੁਮਾਰ) ਸਾਨਿਆਲ ਵੀ ਆਖਰੀ ਅਲਵਿਦਾ ਆਖ ਗਿਆ। ਇਸ ਤਿੱਕੜੀ ਦਾ ਮੁੱਖ ਲੀਡਰ ਚਾਰੂ ਮੌਜੂਮਦਾਰ 28 ਜੁਲਾਈ 1972 ਨੂੰ ਪੁਲਿਸ ਹਿਰਾਸਤ ਵਿਚ ਫ਼ੌਤ ਹੋ ਗਿਆ ਸੀ ਅਤੇ ਲੋਕ ਲੀਡਰ ਜੰਗਲ ਸੰਥਾਲ 1982 ਵਿਚ ਸਦਾ ਸਦਾ ਲਈ ਤੁਰ ਗਿਆ ਸੀ। ਇਸ ਤਿੱਕੜੀ, ਇਨ੍ਹਾਂ ਦੇ ਸੰਗੀ-ਸਾਥੀਆਂ ਅਤੇ ਇਨ੍ਹਾਂ ਨਾਲ ਜੁੜੀਆਂ ਸੰਗਤਾਂ ਨੇ ਉਦੋਂ ਦੇਸ਼ ਦੇ ਸਿਆਸੀ ਪਿੜ ਵਿਚ ਅਜਿਹਾ ਵੱਧ ਮਾਰਿਆ ਜਿਸ ਦੀ ਗੂੰਜ ਅੱਜ ਵੀ ਸੁਣਾਈ ਦੇ ਰਹੀ ਹੈ।

ਚਾਰੂ, ਕਾਨੂ ਅਤੇ ਜੰਗਲ ਦਾ ਨਾਂ ਨਕਸਲਬਾੜੀ ਦੀ ਕਿਸਾਨ ਬਗ਼ਾਵਤ ਨਾਲ ਡੂੰਘਾ ਜੁੜਿਆ ਹੋਇਆ ਹੈ। ਤਿੰਨਾਂ ਵਿਚੋਂ ਮੁਕਾਬਲਤਨ ਵੱਧ ਚਰਚਾ ਚਾਰੂ ਦੀ ਹੋਈ। ਕਾਨੂ ਸਾਨਿਆਲ, ਚਾਰੂ ਮੌਜੂਮਦਾਰ ਦੇ ਅਸਰ ਥੱਲੇ ਹੀ ਸੀ.ਪੀ.ਆਈ. ਵਿਚ ਸ਼ਾਮਲ ਹੋਇਆ ਸੀ। ਜਦੋਂ ਉਹ ਸਿਲੀਗੁੜੀ ਦੀ ਅਦਾਲਤ ਵਿਚ ਬਤੌਰ ਕਲਰਕ ਕੰਮ ਕਰਦਾ ਸੀ ਤਾਂ ਮੁੱਖ ਮੰਤਰੀ ਬੀ.ਸੀ. ਰਾਏ ਨੂੰ ਕਾਲਾ ਝੰਡਾ ਦਿਖਾਉਣ ਦੇ ਦੋਸ਼ ਵਿਚ ਉਸ ਨੂੰ ਜਲਪਾਈਗੁੜੀ ਜੇਲ੍ਹ ਅੰਦਰ ਡੱਕਿਆ ਗਿਆ ਸੀ। ਉਥੇ ਉਸ ਦੀ ਮੁਲਾਕਾਤ ਚਾਰੂ ਮੌਜੂਮਦਾਰ ਨਾਲ ਹੋਈ ਜੋ ਉਦੋਂ ਸੀ. ਪੀ. ਆਈ. ਦੀ ਜ਼ਿਲ੍ਹਾ ਕਮੇਟੀ ਦਾ ਮੈਂਬਰ ਸੀ। ਰਿਹਾਈ ਤੋਂ ਬਾਅਦ ਕਾਨੂ ਵੀ ਸੀ.ਪੀ.ਆਈ. ਵਿਚ ਸ਼ਾਮਲ ਹੋ ਗਿਆ ਅਤੇ 1964 ਵਿਚ ਪਾਰਟੀ ਵਿਚ ਫੁੱਟ ਤੋਂ ਬਾਅਦ ਉਹ ਸੀ. ਪੀ. ਆਈ. (ਐਮ) ਨਾਲ ਖੜ੍ਹਿਆ।

ਨਕਸਲਬਾੜੀ ਦੇ ਇਲਾਕੇ ਵਿਚ ਕਿਸਾਨਾਂ ਵਿਚ ਰੋਹ ਦੇ ਭਾਂਬੜ ਬਾਲਣ ਵਾਲਿਆਂ ਵਿਚ ਮੋਹਰੀ ਕਾਨੂ ਅਤੇ ਜੰਗਲ ਸਨ। ਇਹ ਬਗ਼ਾਵਤ ਅਚਾਨਕ ਕੁਝ ਦਿਨਾਂ ਵਿਚ ਪੈਦਾ ਨਹੀਂ ਸੀ ਹੋਈ ਜਿਸ ਤਰ੍ਹਾਂ ਅਕਸਰ ਪੇਸ਼ ਕੀਤਾ ਜਾਂਦਾ ਹੈ। ਕਾਨੂ ਦੀ ਸਤੰਬਰ 1968 ਨੂੰ ਲਿਖੀ 'ਰਿਪੋਰਟ ਆਨ ਦ ਪਿਜ਼ੈਂਟਸ ਮੂਵਮੈਂਟ ਇਨ ਦ ਤਰਾਈ ਰੀਜਨ' (ਤਰਾਈ ਖੇਤਰ ਵਿਚ ਕਿਸਾਨ ਘੋਲ ਬਾਰੇ ਰਿਪੋਰਟ) ਅਤੇ ਫਿਰ ਅਪਰੈਲ 1973 ਵਿਚ ਲਿਖੀ 'ਮੋਰ ਆਨ ਨਕਸਲਬਾੜੀ' (ਨਕਸਲਬਾੜੀ ਬਾਰੇ ਕੁਝ ਹੋਰ ਤੱਥ) ਵਿਚ ਇਸ ਕਿਸਾਨ ਬਗ਼ਾਵਤ ਦਾ ਇਤਿਹਾਸ ਅਤੇ ਪਿਛੋਕੜ ਸਮੋਇਆ ਪਿਆ ਹੈ। ਇਸ ਦੀਆਂ ਜੜ੍ਹਾਂ 1946 ਤੱਕ ਪਸਰੀਆਂ ਹੋਈਆਂ ਹਨ। ਇਸ ਬਗ਼ਾਵਤ ਨੂੰ ਸਮਝਣ ਲਈ ਤੇਭਾਗਾ (ਬੰਗਾਲ) ਅਤੇ ਤਿਲੰਗਾਨਾ (ਆਂਧਰਾ ਪ੍ਰਦੇਸ਼) ਦੇ ਹਥਿਆਰਬੰਦ ਘੋਲਾਂ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ।

ਇਤਿਹਾਸ ਵਿਚ ਇਸ ਬਗ਼ਾਵਤ ਦੀ ਸ਼ੁਰੂਆਤ ਦਾ ਦਿਨ 25 ਮਈ 1967 ਮੰਨਿਆ ਜਾਂਦਾ ਹੈ ਜਿਸ ਦਿਨ ਪੁਲਿਸ ਨੇ 11 ਲੋਕਾਂ ਨੂੰ ਮਾਰ ਸੁੱਟਿਆ ਸੀ। ਇਨ੍ਹਾਂ ਵਿਚ 8 ਔਰਤਾਂ ਅਤੇ 2 ਬੱਚੇ ਸ਼ਾਮਲ ਸਨ। ਇਕ ਬੱਚਾ ਸਿਰਫ਼ 6 ਮਹੀਨੇ ਦਾ ਸੀ ਜਿਹੜਾ ਆਪਣੀ ਮਾਂ ਦੀ ਗੋਦੀ ਵਿਚ ਹੀ ਤੜਫ਼ਦਾ ਦਮ ਤੋੜ ਗਿਆ। ਉਂਜ ਕਾਨੂ ਬਗ਼ਾਵਤ ਦੀ ਸ਼ੁਰੂਆਤ ਦਾ ਦਿਨ 24 ਮਈ ਮੰਨਦਾ ਹੈ। ਇਸ ਦਿਨ ਪੁਲਿਸ ਪੂਰੀ ਤਿਆਰੀ ਨਾਲ ਪਿੰਡ ਬੋਰੋ-ਝੋਰੋ ਜੋਤ ਵਿਚ ਪੁੱਜੀ। ਇਹਦੀ ਸੂਹ ਸੀ ਕਿ ਇਸ ਪਿੰਡ ਵਿਚ ਇਨਕਲਾਬੀਆਂ ਦੀ ਸਮੁੱਚੀ ਲੀਡਰਸ਼ਿਪ ਪੁੱਜ ਰਹੀ ਹੈ ਪਰ ਉਥੇ ਤਾਂ ਆਮ ਕਿਸਾਨਾਂ ਦਾ ਇਕੱਠ ਸੀ। ਇਸੇ ਦੌਰਾਨ ਆਦਿਵਾਸੀਆਂ ਦੇ ਤੀਰ ਨਾਲ ਇਕ ਪੁਲਿਸ ਮੁਲਾਜ਼ਮ ਮਾਰਿਆ ਗਿਆ। ਦੂਜੇ ਦਿਨ ਪੁਲਿਸ ਨੇ ਪਿੰਡ ਪ੍ਰਸਾਦ ਜੋਤ ਵਿਚ ਲੋਕਾਂ ਦੇ ਇਕੱਠ ਉਤੇ ਅੰਧਾਧੁੰਦ ਗੋਲੀ ਚਲਾ ਦਿੱਤੀ ਅਤੇ ਗਿਆਰਾਂ ਜਣੇ ਮਾਰੇ ਗਏ। ਇਸ ਤੋਂ ਬਾਅਦ ਨਕਸਲਬਾੜੀ ਇਲਾਕੇ ਵਿਚ ਜੂਝ ਰਹੇ ਇਨ੍ਹਾਂ ਇਨਕਲਾਬੀਆਂ ਅਤੇ ਸੱਤਾਧਾਰੀ ਸੀ.ਪੀ.ਐਮ. ਵਿਚਕਾਰ ਪਾੜਾ ਵਧਦਾ ਗਿਆ। ਮਗਰੋਂ ਇਨ੍ਹਾਂ ਇਨਕਲਾਬੀਆਂ ਨੇ ਲਾਮਬੰਦੀ ਕਰਕੇ 'ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ਼ ਦ ਕਮਿਊਨਿਸਟ ਰੈਵੋਲਿਊਸ਼ਨਰੀਜ਼' (ਏ.ਆਈ.ਸੀ.ਸੀ.ਸੀ. ਆਰ.) ਬਣਾ ਲਈ। ਬੰਗਾਲ, ਪੰਜਾਬ, ਬਿਹਾਰ, ਆਂਧਰਾ ਪ੍ਰਦੇਸ਼, ਉਤਰ ਪ੍ਰਦੇਸ਼, ਕੇਰਲ, ਆਸਾਮ, ਉੜੀਸਾ ਅਤੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਨੇ ਇਸ ਕਮੇਟੀ ਲਈ ਭਰਵਾਂ ਹੁੰਗਾਰਾ ਭਰਿਆ ਅਤੇ ਸੀ.ਪੀ.ਐਮ. ਵਿਚਲਾ ਇਨਕਲਾਬੀ ਹਿੱਸਾ ਇਸ ਕਮੇਟੀ ਅਧੀਨ ਲਾਮਬੰਦ ਹੋਣ ਲੱਗ ਪਿਆ। ਇਸ ਕਮੇਟੀ ਦਾ ਹੋਕਾ ਅਤੇ ਟੀਚਾ ਚੋਣ ਸਿਆਸਤ ਛੱਡ ਕੇ ਹਥਿਆਰਬੰਦ ਘੋਲ ਰਾਹੀਂ ਇਨਕਲਾਬ ਵੱਲ ਵਧਣਾ ਸੀ।

ਸਾਲ 1969 ਵਿਚ 22 ਅਪਰੈਲ ਨੂੰ ਲੈਨਿਨ ਦੇ ਜਨਮ ਦਿਨ ਮੌਕੇ ਕਲਕੱਤਾ ਵਿਚ ਵੱਡੀ ਰੈਲੀ ਦੌਰਾਨ ਏ.ਆਈ.ਸੀ.ਸੀ.ਸੀ.ਆਰ. ਨੂੰ ਸੀ.ਪੀ.ਆਈ. (ਐਮ.ਐਲ) ਵਿਚ ਬਦਲਣ ਦਾ ਐਲਾਨ ਕਰ ਦਿੱਤਾ ਗਿਆ। ਇਹ ਨਵੀਂ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਕਾਨੂ ਸਾਨਿਆਲ ਨੇ ਕੀਤਾ ਸੀ।

1967 ਚੜ੍ਹਦਿਆਂ ਹੀ ਉਠੀ ਨਕਸਲਬਾੜੀ ਦੇ ਕਿਸਾਨਾਂ ਦੀ ਇਹ ਬਗ਼ਾਵਤ ਛੇਤੀ ਹੀ ਸਿਆਸੀ ਰੁਖ ਅਖਤਿਆਰ ਕਰ ਗਈ। ਜੂਨ 1967 ਵਿਚ ਚੀਨ ਦੇ ਪੇਇਚਿੰਗ ਰੇਡੀਓ ਅਤੇ ਪੀਪਲਜ਼ ਡੇਲੀ



ਕਾਨੂ ਸਾਨਿਆਲ

ਅਖਬਾਰ ਨੇ ਇਸ ਬਗ਼ਾਵਤ ਨੂੰ 'ਭਾਰਤ ਵਿਚ ਬਸੰਤੀ ਗੜ੍ਹਕਾ' ਆਖਿਆ। ਕਾਨੂ ਸਤੰਬਰ 1967 ਵਿਚ ਚੀਨ ਵੀ ਗਿਆ ਅਤੇ ਉਥੇ ਚੀਨੀ ਕਮਿਊਨਿਸਟ ਪਾਰਟੀ ਦੇ ਲੀਡਰ ਮਾਓ ਨੂੰ ਮਿਲਿਆ। ਨਕਸਲਬਾੜੀ ਵਿਚ ਭਾਵੇਂ ਮੁੱਖ ਕੰਮ ਕਾਨੂ ਅਤੇ ਜੰਗਲ ਸੰਥਾਲ ਦਾ ਸੀ ਪਰ ਲੀਡਰ ਵਜੋਂ ਚਾਰੂ ਸਿਰ ਕੱਢ ਗਿਆ ਹਾਲਾਂਕਿ ਚਾਰੂ ਦੀ ਸਰਗਰਮੀ ਦਾ ਖੇਤਰ ਇਸਲਾਮਪੁਰ ਇਲਾਕੇ ਵਿਚ ਸੀ। ਉਂਜ ਘੋਖਿਆ ਜਾਵੇ ਤਾਂ ਇਨ੍ਹਾਂ ਲੀਡਰਾਂ ਦੀ ਲਾਈਨ ਵਿਚ ਫ਼ਰਕ ਪ੍ਰਤੱਖ ਸੀ। ਇਸਲਾਮਪੁਰ ਵਿਚ ਜਿਹੜੀ ਸਰਗਰਮੀ ਹੋਈ, ਉਸ ਦਾ ਆਧਾਰ ਚਾਰੂ ਦੇ ਪਹਿਲੇ ਛੇ ਉਹ ਦਸਤਾਵੇਜ਼ ਸਨ ਜਿਹੜੇ ਬਾਅਦ ਵਿਚ ਦੋ ਹੋਰ ਦਸਤਾਵੇਜ਼ ਜੁੜਨ ਕਾਰਨ ਚਾਰੂ ਦੇ ਅੱਠ ਦਸਤਾਵੇਜ਼ਾਂ ਵਜੋਂ ਮਸ਼ਹੂਰ ਹੋਏ। ਇਸਲਾਮਪੁਰ ਵਿਚ ਸਿਆਸੀ ਪਿੜ ਬੰਨ੍ਹਣ ਦੀ ਥਾਂ ਮੁੱਖ ਸਰਗਰਮੀ ਗੁਰੀਲਾ ਜੱਥਿਆਂ ਰਾਹੀਂ ਖਾੜਕੂ ਕਾਰਵਾਈਆਂ ਦੀ ਹੋ ਰਹੀਆਂ ਸਨ। ਦੂਜੇ ਬੰਨੇ ਨਕਸਲਬਾੜੀ ਵਿਚ ਮਾਸ ਲਾਈਨ ਮੁੱਖ ਸੀ ਅਤੇ ਇਸ ਮਾਸ ਲਾਈਨ ਨੂੰ ਨਾਲੋ ਨਾਲ, ਲੋੜ ਮੁਤਾਬਕ ਹਥਿਆਰਬੰਦ ਹੱਲੇ ਦੀ ਪੁੱਠ ਚਾੜ੍ਹੀ ਜਾ ਰਹੀ ਸੀ। ਕਾਨੂ ਦਾ ਐਲਾਨ ਸੀ ਕਿ ਇਹ ਲੜਾਈ ਹੁਣ ਜ਼ਮੀਨ ਲਈ ਨਹੀਂ ਸੀ ਰਹਿ ਗਈ, ਹੁਣ ਗੱਲ ਸੱਤਾ ਹਾਸਲ ਕਰਨ ਵੱਲ ਮੋੜ ਕੱਟ ਚੁੱਕੀ ਹੈ।...ਤੇ ਸੱਚਮੁੱਚ ਗੱਲ ਜ਼ਮੀਨ ਦੀ ਨਾ ਰਹੀ, ਗੱਲ ਸੱਤਾ ਖੋਹਣ ਵੱਲ ਮੁੜ ਗਈ ਅਤੇ ਦਿਨਾਂ-ਮਹੀਨਿਆਂ ਵਿਚ ਇਹ ਗੱਲ ਦੇਸ਼ ਦੇ ਕੋਨੇ ਕੋਨੇ ਵਿਚ ਹੋਣ ਲੱਗ ਪਈ। ਦੇਸ਼ ਦਾ ਨੌਜਵਾਨ ਤਬਕਾ ਜਿਹੜਾ 1947 ਵਿਚ ਅੰਗਰੇਜ਼ਾਂ ਦੇ ਦੇਸ਼ ਛੱਡਣ ਪਿਛੋਂ ਆਜ਼ਾਦੀ ਦੇ ਨਾਲੋ ਨਾਲ ਜਵਾਨ ਹੋਇਆ ਸੀ, ਯੁੱਗ ਪਲਟਾਉਣ ਵਿਚ ਮਸਰੂਫ਼ ਹੋ ਗਿਆ।

ਨੌਜਵਾਨਾਂ ਦੇ ਇਸ ਇਨਕਲਾਬੀ ਹੱਲੇ ਨੇ ਸਿਆਸਤ ਵਿਚ ਕਈ ਰਾਹ ਖੋਲ੍ਹੇ ਅਤੇ ਲੋਕਾਂ ਨੂੰ ਨਵੇਂ ਵਿਚਾਰਾਂ ਨਾਲ ਮਾਲਾਮਾਲ ਕੀਤਾ। ਨੌਜਵਾਨਾਂ ਦੀ ਇਸ ਲਹਿਰ ਦੌਰਾਨ ਤਿੰਨ ਵੱਡੇ ਨੀਤੀਗਤ ਰਣਨੀਤਕ ਫ਼ੈਸਲੇ ਕੀਤੇ ਗਏ ਜਿਨ੍ਹਾਂ ਨੇ ਦੇਸ਼ ਦੀ ਸਿਆਸਤ ਨੂੰ ਬਹੁਤ ਜ਼ਰਬ ਦਿੱਤੀ। ਇਨ੍ਹਾਂ ਦਾ ਅਸਰ ਅੱਜ ਵੀ ਸਿਆਸਤ ਦੇ ਪਿੜ ਵਿਚ ਬਖ਼ੂਬੀ ਦੇਖਿਆ ਜਾ ਸਕਦਾ ਹੈ। ਪਹਿਲਾ ਸੀ, ਚੋਣਾਂ ਰਾਹੀਂ ਮੁੱਢੋਂ-ਸੁੱਢੋਂ ਤਬਦੀਲੀ ਸੰਭਵ ਨਹੀਂ। ਅੱਜ ਚੋਣ ਢਾਂਚੇ ਵਿਚ ਜਿਸ ਢੰਗ ਦੀਆਂ ਬਦਕਾਰੀਆਂ ਆ ਗਈਆਂ ਹਨ, ਉਸ ਪ੍ਰਸੰਗ ਵਿਚ ਇਸ ਨੁਕਤੇ ਨੂੰ ਘੋਖਣ ਦੀ ਬੜੀ ਅਹਿਮੀਅਤ ਹੈ। ਦੂਜਾ, ਸਮਾਜ ਦਾ ਵਿਸ਼ਲੇਸ਼ਣ ਸੀ। ਕਿਹਾ ਗਿਆ ਕਿ ਭਾਰਤੀ ਤਾਣਾ-ਬਾਣਾ ਅਰਧ-ਜਗੀਰੂ ਅਰਧ-ਬਸਤੀਵਾਦੀ ਹੈ। ਇਕ ਵਾਰ ਫਿਰ ਅੱਜ ਦੇ ਹਾਲਾਤ 'ਤੇ ਨਜ਼ਰ ਮਾਰੀਏ ਤਾਂ ਲੱਭਦਾ ਹੈ ਕਿ ਇਕ ਪਾਸੇ ਬਹੁ-ਕੌਮੀ ਕੰਪਨੀਆਂ ਰਾਹੀਂ ਨਵੀਂ ਤਰਜ਼ ਦਾ ਬਸਤੀਵਾਦ ਭਾਰੂ ਪੈ ਰਿਹਾ ਹੈ ਅਤੇ ਨਾਲ ਹੀ ਹਰਿਆਣਾ ਵਰਗੇ ਸੂਬੇ ਵਿਚ ਜਗੀਰੂ ਧੌਂਸ ਦਾ ਪ੍ਰਗਟਾਵਾ ਖਾਪ ਪੰਚਾਇਤਾਂ ਰਾਹੀਂ ਹੋ ਰਿਹਾ ਹੈ। ਤੀਜਾ ਦੇਸ਼ ਦੀ ਸਰਮਾਏਦਾਰੀ ਨੂੰ ਸਾਮਰਾਜਵਾਦ ਦੀ ਦਲਾਲ ਮਿਥਣਾ ਸੀ। ਦੇਸ਼ ਦੀ ਸੱਤਾਧਾਰੀ ਸਰਮਾਏਦਾਰ ਜਮਾਤ ਜਿਸ ਢੰਗ ਨਾਲ ਸਾਮਰਾਜਵਾਦ ਨੂੰ ਗਲੇ ਲਾ ਰਹੀ ਹੈ ਅਤੇ ਆਪਣੇ ਲੋਕਾਂ ਦੇ ਗਲੋਂ ਵੱਢ ਰਹੀ ਹੈ, ਉਸ ਤੋਂ ਜ਼ਾਹਿਰ ਹੀ ਹੈ ਕਿ ਇਹ ਵਿਸ਼ਲੇਸ਼ਣ ਕਿੰਨਾ ਸੱਚਾ ਸੀ।

ਕਾਨੂ ਨੇ ਚਾਰੂ ਦੀ ਜਮਾਤੀ ਸਫ਼ਾਏ ਵਾਲੀ ਲਾਈਨ ਦਾ ਤਿੱਖਾ ਵਿਰੋਧ ਕੀਤਾ। ਅਗਸਤ 1970 ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਉਤੇ ਆਂਧਰਾ ਪ੍ਰਦੇਸ਼ ਅਤੇ ਉੜੀਸਾ ਦੇ ਧਨਾਢ ਕਿਸਾਨਾਂ ਖਿਲਾਫ਼ ਲਾਮਬੰਦੀ ਕਰਨ ਦਾ ਕੇਸ ਬਣਾਇਆ ਗਿਆ ਜੋ ਪਾਰਬਤੀਪੁਰਮ ਸਾਜ਼ਿਸ਼ ਕੇਸ ਵਜੋਂ ਚਰਚਿਤ ਹੋਇਆ। ਇਸੇ ਕੇਸ ਤਹਿਤ ਉਹ 7 ਸਾਲ ਵਿਸ਼ਾਖਾਪਟਨਮ ਦੀ ਜੇਲ੍ਹ ਵਿਚ ਬੰਦ ਰਿਹਾ। ਇਸੇ ਦੌਰਾਨ ਪਾਰਟੀ ਵਿਚ ਤਕਰਾਰ ਵੀ ਵਧਿਆ। ਜੁਲਾਈ 1972 ਵਿਚ ਚਾਰੂ ਦੀ ਪੁਲਿਸ ਹਿਰਾਸਤ ਵਿਚ ਮੌਤ ਤੋਂ ਬਾਅਦ ਲਹਿਰ ਖਿੰਡਣ ਲੱਗ ਪਈ। ਐਨੀਆਂ ਪਾਰਟੀਆਂ ਬਣ ਗਈਆਂ ਕਿ ਗਿਣਤੀ ਮੁਸ਼ਕਿਲ ਹੋ ਗਈ। ਸਾਲ 1977 ਵਿਚ ਰਿਹਾਅ ਹੋਣ ਤੋਂ ਬਾਅਦ ਕਾਨੂ ਨੇ ਆਰਗੇਨਾਈਜ਼ਿੰਗ ਕਮੇਟੀ ਆਫ਼ ਕਮਿਊਨਿਸਟ ਰੈਵੋਲਿਊਸ਼ਨਰੀਜ਼ (ਓ.ਸੀ.ਸੀ.ਆਰ.) ਬਣਾਈ ਜੋ 1985 ਵਿਚ ਪੰਜ ਧੜਿਆਂ ਦੀ ਏਕਤਾ ਪਿਛੋਂ ਕਮਿਊਨਿਸਟ ਆਰਗੇਨਾਈਜ਼ੇਸ਼ਨ ਆਫ਼ ਇੰਡੀਆ (ਐਮ.ਐਲ) ਬਣ ਗਈ। ਫਿਰ 2003 ਵਿਚ ਚਾਰ ਐਮ.ਐਲ. ਗਰੁੱਪਾਂ ਦੇ ਰਲੇਵੇਂ ਪਿੱਛੋਂ ਇਸ ਦਾ ਨਾਂ ਸੀ.ਪੀ.ਆਈ. (ਐਮ.ਐਲ)-ਯੂਨਿਟੀ ਇਨੀਸ਼ੀਏਟਿਵ ਰੱਖ ਦਿੱਤਾ ਗਿਆ। 2005 ਵਿਚ ਚੀ. ਰਾਮਚੰਦਰਨ ਦੀ ਸੀ.ਪੀ.ਆਈ. (ਐਮ.ਐਲ)-ਰੈਡ ਫਲੈਗ ਨਾਲ ਏਕਤਾ ਤੋਂ ਬਾਅਦ ਪਾਰਟੀ ਦਾ ਨਾਂ ਸੀ.ਪੀ.ਆਈ. (ਐਮ.ਐਲ) ਪ੍ਰਚਾਰਿਆ ਗਿਆ। ਪਿਛਲੇ ਸਾਲ ਇਹ ਏਕਤਾ ਟੁੱਟ ਗਈ। ਮੌਤ ਵੇਲੇ ਉਹ ਸੀ.ਪੀ.ਆਈ. (ਐਮ.ਐਲ) ਦੇ ਜਨਰਲ ਸਕੱਤਰ ਸਨ। ਪਿਛਲੇ ਸਾਲ ਦਸੰਬਰ ਵਿਚ ਕੋਲਕਾਤਾ ਵਿਖੇ ਹੋਈ ਪਾਰਟੀ ਕਾਂਗਰਸ ਦੌਰਾਨ ਉਸ ਨੂੰ ਮੁੜ ਜਨਰਲ ਸਕੱਤਰ ਚੁਣਿਆ ਗਿਆ ਸੀ। ਉਹ ਆਪਣੀ ਜ਼ਿੰਦਗੀ ਦੇ ਆਖਰੀ ਲਮਹੇ ਤੱਕ ਸਰਗਰਮ ਰਹੇ। ਸਿਲੀਗੁੜੀ ਦੇ ਰੇਲ ਸਟੇਸ਼ਨ ਉਤੇ ਦਿੱਲੀ ਜਾ ਰਹੀ ਗੱਡੀ ਰਾਜਧਾਨੀ ਐਕਸਪ੍ਰੈਸ ਡੱਕਣ ਦੇ ਦੋਸ਼ ਵਿਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਨੇ ਨੰਦੀਗਰਾਮ ਅਤੇ ਸਿੰਗੂਰ ਵਿਚ ਸੀ.ਪੀ.ਆਈ. (ਐਮ) ਦੀਆਂ ਨੀਤੀਆਂ ਦਾ ਤਿੱਖਾ ਵਿਰੋਧ ਕੀਤਾ।

ਕਾਨੂ ਦੀ ਮੌਤ ਫ਼ਿਲਹਾਲ ਰਹੱਸ ਬਣ ਗਈ ਹੈ। ਉਹਦੇ ਪਿੰਡ ਹਤੀਘੀਸ਼ਾ ਵਿਚ 23 ਮਾਰਚ ਦੀ ਦੁਪਹਿਰ ਨੂੰ ਉਸ ਦੀ ਦੇਹ ਪੱਖੇ ਨਾਲ ਲਟਕਦੀ ਮਿਲੀ ਸੀ। ਪਾਰਟੀ ਦੇ ਆਗੂਆਂ ਮੁਤਾਬਕ ਕਾਨੂ ਇੰਨਾ ਬਿਮਾਰ ਸੀ ਕਿ ਇਕ ਕਦਮ ਤੁਰਨ ਲਈ ਵੀ ਸਹਾਰੇ ਦੀ ਲੋੜ ਪੈਂਦੀ ਸੀ। ਇੰਨੇ ਬਿਮਾਰ ਬੰਦੇ ਦਾ ਪੱਖੇ ਨਾਲ ਲਟਕਣਾ ਨਾਮੁਮਕਿਨ ਹੈ। ਨਾਲੇ ਉਹਦੇ ਪੈਰ ਤਾਂ ਜ਼ਮੀਨ ਨਾਲ ਲੱਗੇ ਹੋਏ ਸਨ। ਖ਼ੈਰ...ਐਤਕੀਂ 23 ਮਾਰਚ ਦਾ ਦਿਨ ਪਹਿਲੇ ਸਾਲਾਂ ਨਾਲੋਂ ਹੋਰ ਵੀ ਬੋਝਲ ਹੋ ਗਿਆ। ਪੰਜਾਬੀਆਂ ਲਈ 23 ਮਾਰਚ ਦੇ ਅਰਥ ਸਮੁੱਚੇ ਦੇਸ਼ ਨਾਲੋਂ ਵੱਖਰੇ ਹਨ। 79 ਵਰ੍ਹੇ ਪਹਿਲਾਂ ਅੰਗਰੇਜ਼ ਸ਼ਾਸਕਾਂ ਨੇ ਪੰਜਾਬ ਦੇ ਦੋ ਜ਼ਹੀਨ ਪੁੱਤਾਂ-ਭਗਤ ਸਿੰਘ ਤੇ ਸੁਖਦੇਵ ਅਤੇ ਮਹਾਂਰਾਸ਼ਟਰ ਦੇ ਜੁਝਾਰੂ ਨੌਜਵਾਨ ਰਾਜਗੁਰੂ ਨੂੰ ਸਿਆਸੀ ਪਿੜ ਵਿਚ ਆਪਣੀ ਗੱਲ ਠੋਕ ਵਜਾ ਕੇ ਕਹਿਣ ਦੇ ਜੁਰਮ ਵਿਚ ਫ਼ਾਂਸੀ ਉਤੇ ਲਟਕਾ ਦਿੱਤਾ ਸੀ।

23 ਮਾਰਚ ਦੀ ਹੀ ਗੱਲ ਕਰੀਏ ਤਾਂ ਇਸੇ ਦਿਨ 1988 ਵਿਚ ਪੰਜਾਬ ਦੇ ਬੁਨਿਆਦਪ੍ਰਸਤਾਂ ਨੇ ਜ਼ਹੀਨ ਪੰਜਾਬੀ ਸ਼ਾਇਰ ਪਾਸ਼ ਨੂੰ ਮਾਰ ਦਿੱਤਾ ਸੀ। ਦੋਹਾਂ ਮਾਮਲਿਆਂ ਵਿਚ ਮਸਲਾ ਬੋਲਣ ਦਾ ਬਣਿਆ ਸੀ। ਜਿਸ ਤਰ੍ਹਾਂ ਸੱਤਾ ਉਤੇ ਕੁੰਡਲ ਮਾਰੀ ਬੈਠੇ ਅੰਗਰੇਜ਼ ਸ਼ਾਸਕਾਂ ਨੂੰ ਭਗਤ ਸਿੰਘ ਤੇ ਸਾਥੀਆਂ ਦੀ ਲਲਕਾਰ ਸਵੀਕਾਰ ਨਹੀਂ ਸੀ, ਉਸੇ ਤਰ੍ਹਾਂ ਪੰਜਾਬ ਦੇ ਬੁਨਿਆਦਪ੍ਰਸਤਾਂ ਨੂੰ ਵੀ ਵਿਰੋਧ ਦੀ ਆਵਾਜ਼ ਸਵੀਕਾਰ ਨਹੀਂ ਸੀ। ਉਹ ਆਪਣਾ ਵਿਰਸਾ ਭੁਲਾ ਬੈਠੇ ਸਨ ਕਿ ਬਾਬੇ ਨਾਨਕ ਨੇ ਵਿਰੋਧੀਆਂ ਨਾਲ ਗੋਸ਼ਟਾਂ ਰਚਾਉਣ ਦੀ ਪਿਰਤ ਪਾਈ ਸੀ। ਕਾਨੂ ਸਾਨਿਆਲ ਜਿਸ ਨੇ ਆਪਣੇ ਪਿੰਡ ਹਤੀਘੀਸ਼ਾ ਵਿਚ ਕੱਚੇ ਘਰ ਜਿਹੜਾ ਉਹਦੀ ਪਾਰਟੀ ਦਾ ਹੈਡਕੁਆਰਟਰ ਵੀ ਸੀ, ਵਿਚ ਆਖਰੀ ਸਾਹ ਲਿਆ ਪਰ ਉਹਨੇ ਚੰਗੇਰੀ ਜ਼ਿੰਦਗੀ ਲਈ ਲੜਾਈ ਲੜਦਿਆਂ ਪੈੜਾਂ ਪਾਈਆਂ ਅਤੇ ਉਹਦੇ ਸੰਗੀ-ਸਾਥੀ ਅਤੇ ਸੰਗਤ ਮਤਭੇਦਾਂ ਦੇ ਬਾਵਜੂਦ ਇਨ੍ਹਾਂ ਪੈੜਾਂ ਉਤੇ ਚੱਲ ਰਹੀ ਹੈ।

*ਫੋਨ: 91-98156-22928

## ਆਸਾ ਰਾਮ ਦੇ ਆਸ਼ਰਮ ਤੋਂ ਕੁਝ ਹੋਰ ਪਿੰਜਰ ਮਿਲੇ

**ਅਹਿਮਦਾਬਾਦ:** ਆਸਾ ਰਾਮ ਬਾਪੂ ਅਤੇ ਉਸਦੇ ਬੇਟੇ ਨਾਰਾਇਣ ਸਾਈਂ ਦੇ ਆਸ਼ਰਮ ਤੋਂ ਕੁਝ ਹੋਰ ਲੋਕਾਂ ਦੇ ਪਿੰਜਰ ਮਿਲਣ ਨਾਲ ਸਨਸਨੀ ਫੈਲ ਗਈ ਹੈ। ਐਨ.ਆਰ.ਆਈ. ਈਸ਼ਵਰ ਨਾਇਕ ਨੇ ਜਸਟਿਸ ਡੀ.ਕੇ. ਤ੍ਰਿਵੇਦੀ ਸਾਹਮਣੇ ਪੇਸ਼ ਹੋ ਕੇ ਦੋਸ਼ ਲਾਇਆ ਕਿ ਦੋਵੇਂ ਬਾਪ ਬੇਟਾ ਉਨ੍ਹਾਂ ਦੇ ਪਰਿਵਾਰ 'ਤੇ ਕਾਲਾ ਜਾਦੂ ਚਲਾ ਰਹੇ ਹਨ ਅਤੇ ਆਸਾ ਰਾਮ ਬਾਪੂ ਦਾ ਬੇਟਾ ਉਨ੍ਹਾਂ ਦੀ ਨੂੰਹ ਨਾਲ ਸਰੀਰਕ ਸੰਬੰਧ ਬਣਾਉਂਦਾ ਹੈ। ਨਾਇਕ, ਡੀ.ਕੇ. ਤ੍ਰਿਵੇਦੀ ਜੋ ਕਿ ਇਕ ਵਿਗਿਆਨਕ ਹਨ, ਨੇ ਇਸ ਦੌਰਾਨ ਇਕ ਸੀ.ਡੀ.ਵੀ ਪੇਸ਼ ਕੀਤੀ ਜਿਸ ਵਿਚ ਉਸਦੀ ਨੂੰਹ ਨਾਲ ਯੌਨ ਸ਼ੋਸ਼ਣ ਹੁੰਦਾ ਦਿਖਾਇਆ ਗਿਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਆਸਾ ਰਾਮ ਬਾਪੂ ਤੇ ਉਨ੍ਹਾਂ ਦੇ ਬੇਟੇ ਨੇ ਉਨ੍ਹਾਂ ਦੇ ਪਰਿਵਾਰ 'ਤੇ ਕਾਲਾ ਜਾਦੂ ਚਲਾਇਆ ਜਿਸ ਦੇ ਅਸਰ ਨਾਲ 45 ਦਿਨਾਂ ਦੇ ਅੰਦਰ ਉਨ੍ਹਾਂ ਦੇ ਪਰਿਵਾਰ ਦੇ 5 ਮੈਂਬਰ ਮਰ ਗਏ। ਇਸ ਦੌਰਾਨ ਪਟਨਾ ਦੀ ਇਕ ਅਦਾਲਤ ਨੇ



ਮਾਣਹਾਨੀ ਦੇ ਮਾਮਲੇ ਵਿਚ ਸੰਤ ਆਸਾਰਾਮ ਬਾਪੂ ਸਮੇਤ ਤਿੰਨ ਲੋਕਾਂ ਨੂੰ ਸੰਮਨ ਜਾਰੀ ਕਰਨ ਦਾ ਹੁਕਮ ਦਿੱਤਾ ਹੈ।

ਫਸਟ ਕਲਾਸ ਜੁਡੀਸ਼ੀਅਲ ਮੈਜਿਸਟ੍ਰੇਟ ਦਿਵਯਾ ਵਸ਼ਿਸ਼ਟ ਨੇ ਬਿਹਾਰ ਰਾਜ ਧਾਰਮਿਕ ਟਰੱਸਟ ਕੌਂਸਲ ਦੇ ਪ੍ਰਸ਼ਾਸਕ ਕਿਸ਼ੋਰ ਕੁਨਾਲ ਵਲੋਂ ਦਾਇਰ ਕੀਤੇ ਗਏ ਮੁੱਕਦਮੇ ਵਿਚ ਜਾਂਚ ਤੋਂ ਬਾਅਦ ਆਸਾਰਾਮ ਬਾਪੂ ਅਤੇ ਪਟਨਾ ਕਦਮ ਕੂਆਂ ਸਥਿਤ ਉਨ੍ਹਾਂ ਦੇ ਆਸ਼ਰਮ ਦੇ ਸਵਾਮੀ ਨਰਿੰਦਰ ਗੋਸਵਾਮੀ ਉਰਫ ਨਰਿੰਦਰ ਬ੍ਰਹਮਚਾਰੀ ਅਤੇ ਜੈ ਕੁਮਾਰ ਸਿੰਘ ਉਰਫ ਜੈ ਭਾਈ ਵਿਰੁਧ ਭਾਰਤੀ ਦੰਡਾਵਲੀ ਦੀ ਧਾਰਾ 500, 508, 120 ਬੀ ਅਤੇ 109 ਅਧੀਨ ਪਹਿਲੀ ਨਜ਼ਰੇ ਮਾਮਲਾ ਸਹੀ ਪਾਏ ਜਾਣ ਉਤੇ ਸੰਮਨ ਜਾਰੀ ਕਰਨ ਦਾ ਹੁਕਮ ਦਿੱਤਾ ਗਿਆ ਹੈ। ਦਾਖਲ ਕੀਤੀ ਗਈ ਚਾਰਜਸ਼ੀਟ ਅਨੁਸਾਰ ਆਸਾਰਾਮ ਬਾਪੂ ਦੀ ਸ਼ਹਿ 'ਤੇ ਉਨ੍ਹਾਂ ਦੇ ਚੇਲਿਆਂ ਨੇ ਕਦਮ ਕੂਆਂ ਸਥਿਤ ਬੀਖਮ ਦਾਸ ਠਾਕੁਰਵਾੜੀ ਦੀ 13 ਕੱਟਾ ਜ਼ਮੀਨ, ਜਿਸ ਦੀ ਕੀਮਤ ਢਾਈ ਕਰੋੜ ਰੁਪਏ ਹੈ, ਉਸ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਹੈ। ਪਟਨਾ ਹਾਈ ਕੋਰਟ ਦੇ ਹੁਕਮ ਦੇ ਸੰਦਰਭ ਵਿਚ ਹੇਠਲੀ ਅਦਾਲਤ ਦੇ ਹੁਕਮ ਨਾਲ ਉਕਤ ਜ਼ਮੀਨ ਦਾ ਕਬਜ਼ਾ ਕੌਂਸਲ ਨੂੰ ਦਿੱਤਾ ਗਿਆ, ਜਿਸ ਤੋਂ ਬਾਅਦ ਆਸਾਰਾਮ ਬਾਪੂ ਦੇ ਚੇਲਿਆਂ ਨੇ ਜਲੂਸ ਕੱਢ ਕੇ ਉਸ ਵਿਰੁਧ ਇਤਰਾਜ਼ਯੋਗ ਨਾਅਰੇ ਲਗਾਏ।

## ਨਾਸਾ ਵਲੋਂ ਸੂਰਜ ਦੀਆਂ ਹੈਰਤਅੰਗੇਜ਼ ਤਸਵੀਰਾਂ

**ਵਾਸ਼ਿੰਗਟਨ :** ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸੂਰਜ ਦੀਆਂ ਕੁਝ ਹੈਰਾਨ ਕਰਨ ਵਾਲੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਇਨ੍ਹਾਂ ਵਿਚ ਕੁਝ ਵਿਚੋਂ ਸੂਰਜ ਤੋਂ ਤਰਲ ਪਦਾਰਥ ਬਾਹਰ ਨਿਕਲਦਾ ਦਿਖਾਈ ਦੇ ਰਿਹਾ ਹੈ, ਜਦਕਿ ਹੋਰਾਂ ਵਿਚ ਸੂਰਜ ਦੀ ਤਹਿ ਤੋਂ ਬੇਹੱਦ ਕਰੀਬ ਹੋਣ ਵਾਲੀਆਂ ਗਤੀਵਿਧੀਆਂ ਵਿਖਾਈ ਦਿੰਦੀਆਂ ਹਨ। ਇਹ ਤਸਵੀਰਾਂ ਨਾਸਾ ਵਲੋਂ ਹਾਲ ਹੀ 'ਚ ਪੁਲਾੜ ਵਿਚ ਭੇਜੀ ਗਈ ਸੋਰ ਗਤੀਸ਼ੀਲ ਵੇਧਸ਼ਾਲਾ ਸੋਲਰ ਡਾਇਨੇਮਿਕਸ ਆਬਜ਼ਰਵੇਟਰੀ (ਐਸ ਡੀ ਓ) ਨੇ ਖਿੱਚੀਆਂ ਹਨ। ਨਾਸਾ ਨੇ ਆਪਣੀ ਇਸ ਮੁਹਿੰਮ ਦਾ ਨਾਂ ਲੀਵਿੰਗ ਵਿਦ ਦੇ ਸਟਾਰ ਪ੍ਰੋਗਰਾਮ (ਐਲ ਡਬਲਿਊ ਐਸ) ਰੱਖਿਆ ਹੈ। ਸੂਰਜ ਤੇ ਪੁਲਾੜ ਦੇ ਵਾਤਾਵਰਨ ਦਾ ਅਧਿਐਨ ਕਰਨ ਲਈ ਨਾਸਾ ਵਲੋਂ ਚਲਾਈਆਂ ਕਈ ਮੁਹਿੰਮਾਂ ਵਿਚੋਂ ਇਹ ਇਕ ਹੈ। ਵਾਸ਼ਿੰਗਟਨ ਸਥਿਤ ਨਾਸਾ ਮੁੱਖ ਦਫ਼ਤਰ ਦੇ ਹੇਲੀਓਫਿਜ਼ਿਕਸ ਵਿਭਾਗ ਦੇ ਡਾਇਰੈਕਟਰ ਰਿਚਰਡ ਫਿਸ਼ਰ ਨੇ ਕਿਹਾ, '' ਇਨ੍ਹਾਂ ਸ਼ੁਰੂਆਤੀ ਤਸਵੀਰਾਂ ਤੋਂ ਸੂਰਜ ਦੀ ਗਤੀਸ਼ੀਲਤਾ ਦਾ ਪਤਾ ਚੱਲਦਾ ਹੈ। ਅਜਿਹਾ ਮੈਂ ਪਿਛਲੇ 40 ਸਾਲਾਂ 'ਚ ਜਾਰੀ ਸੂਰਜ ਨਾਲ ਸਬੰਧਤ ਸੋਧ ਦੌਰਾਨ ਨਹੀਂ ਦੇਖਿਆ ਹੈ।'' ਐਸ ਡੀ ਓ ਪ੍ਰੋਜੈਕਟ ਨਾਲ ਜੁੜੇ ਵਿਗਿਆਨੀ ਡੀ ਪੇਸਨੇਲ ਨੇ ਵੀ ਕਿਹਾ ਕਿ ਇਨ੍ਹਾਂ ਅਜੀਬੋ ਗ਼ਰੀਬ ਤਸਵੀਰਾਂ ਨਾਲ ਸਾਨੂੰ ਗਤੀਸ਼ੀਲ ਸੂਰਜ ਬਾਰੇ ਅਹਿਮ ਤੇ ਨਵੀਂ ਜਾਣਕਾਰੀ ਮਿਲੀ ਹੈ। ਅਸਲ 'ਚ ਇਹ ਸੂਰਜ ਨੂੰ ਸਮਝਣ 'ਚ ਐਸ ਡੀ ਓ ਦੇ ਯੋਗਦਾਨ ਦੀ ਸ਼ੁਰੂਆਤ ਹੈ।

ਦੱਸਣਾ ਬਣਦਾ ਹੈ ਕਿ ਨਾਸਾ ਦੇ ਐਲ ਡਬਲਿਊ ਐਸ ਪ੍ਰੋਗਰਾਮ ਦਾ ਮੁੱਖ ਮਕਸਦ ਸੂਰਜ-ਪ੍ਰਿਥਵੀ ਪ੍ਰਣਾਲੀ ਦੇ ਆਪਸੀ ਤਾਲਮੇਲ ਦੇ ਉਨ੍ਹਾਂ ਪਹਿਲੂਆਂ ਦੇ ਬਾਰੇ 'ਚ ਵਿਗਿਆਨਕ ਸਮਝ ਵਿਕਸਤ ਕਰਨਾ ਹੈ, ਜਿਨ੍ਹਾਂ ਨਾਲ ਸਾਡਾ ਜੀਵਨ ਸਿੱਧੇ ਤੌਰ 'ਤੇ ਪ੍ਰਭਾਵਤ ਹੁੰਦਾ ਹੈ। ਫਿਸ਼ਰ ਨੇ ਕਿਹਾ ਕਿ ਐਸ ਡੀ ਓ ਸੂਰਜ ਤੇ ਉਸ ਦੀਆਂ ਪ੍ਰੀਕਿਰਿਆਵਾਂ ਬਾਰੇ ਸਾਡੀ ਸਮਝ ਨੂੰ ਬਦਲ ਦੇਵੇਗਾ। ਇਸ ਮੁਹਿੰਮ ਦਾ ਵਿਗਿਆਨ 'ਤੇ ਬਹੁਤ ਵੱਡਾ ਅਸਰ ਪਵੇਗਾ।

# ਜਿਨ੍ਹਾਂ ਦੇ ਰੂਪ ਨੇ ਸੋਹਣੇ ਉਨ੍ਹਾਂ ਦੇ ਲੇਖ ਨੇ ਖੋਟੇ

*ਗੱਲੀਂ-ਬਾਤੀਂ*



**ਐਸ. ਅਸ਼ੋਕ ਭੌਰਾ**

***ਕਤਲ ਇਨਸਾਨ ਦਾ ਇਨਸਾਨ ਨੇ ਕੀਤਾ ਹੁੰਦਾ ਹੈ ਪਰ ਕਾਤਲਾਂ ਦੀ ਪਹਿਚਾਣ ਕਈ ਵਾਰ ਕੁੱਤਿਆਂ ਨੇ ਕਰਨੀ ਹੁੰਦੀ ਹੈ। ਇਸੇ ਲਈ ਬੰਦਿਆਂ ਨਾਲੋਂ ਸਿਆਣਪ ਵਿਚ ਕੁੱਤੇ ਬਾਜ਼ੀ ਮਾਰ ਗਏ ਹੁੰਦੇ ਹਨ। ਇਸ ਗੱਲ 'ਚ ਸੱਚਾਈ ਹੈ ਕਿ ਕਤਲ ਗੁੱਝੇ ਨਹੀਂ ਰਹਿੰਦੇ ਪਰ ਇਸ ਗੱਲ 'ਚ ਯਕੀਨ ਨਹੀਂ ਕਿ ਕਾਤਲਾਂ ਨੂੰ ਸਜ਼ਾਵਾਂ ਮਿਲਣ ਜਾਂ ਨਾ ਮਿਲਣ, ਕਿਉਂਕਿ ਕਈ ਅਦਾਲਤਾਂ ਤੇ ਮੁਨਸਿਫ ਸਬੂਤ ਮੰਗਦਿਆਂ ਹੀ ਤਰਾਜੂ ਨੂੰ ਬੇਇਨਸਾਫੀ ਹਵਾਲੇ ਕਰ ਜਾਂਦੇ ਹਨ। ਕਹਾਵਤ ਹੈ ਕਿ ਅੰਨ੍ਹੇ ਦੇ ਪੈਰ ਹੇਠ ਬਟੇਰਾ ਆ ਗਿਆ ਹੈ, ਇਹ ਹੈਰਾਨੀਜਨਕ ਘਟਨਾ ਹੀ ਹੈ, ਕਿਉਂਕਿ ਬਟੇਰਾ ਏਨਾ ਫੁਰਤੀਲਾ ਪੰਛੀ ਹੈ ਕਿ ਇਹ ਤਾਂ ਸ਼ਿਕਾਰੀਆਂ ਦੇ ਹੱਥ ਖੜੇ ਕਰਾ ਦਿੰਦਾ ਹੈ। ਜਿਹੜੇ ਕਹਿੰਦੇ ਨੇ 'ਅਸਲੀ ਮਾਸ ਬਟੇਰੇ ਦਾ' ਅਰਥ ਭਾਵੇਂ ਜਿਹੜੇ ਮਰਜ਼ੀ ਕੱਢੀ ਜਾਵੋ ਪਰ ਜਿਸ ਮਾਸ ਨਾਲ ਜੀਭ ਵੀ ਗਿੱਲ੍ਹੀ ਨਹੀਂ ਹੁੰਦੀ, ਘੱਟੋ ਘੱਟ ਉਹਦੇ ਬਦਲੇ ਤਾਂ ਬੇਕਸੂਰਾਂ ਦੀ ਜਾਨ ਨਾ ਲਵੋ। ਇਹ ਮਨੁੱਖ ਦੇ ਲਾਲਚੀ ਢਿੱਡ 'ਚ ਹੂਰਾ ਹੀ ਹੈ ਕਿ ਕਿਤੇ ਤਾਂ ਸੰਗ, ਸ਼ਰਮ ਤੇ ਤਰਸ ਕਰ। ਬਹੁਤ ਸਾਰੇ ਲੋਕ ਨੋਟ ਤੜਾਉਣ ਗਏ ਸੀ ਭਾਨ ਨਾਲ ਪੱਲਾ ਭਰ ਲਿਆਏ। ਇਸੇ ਕਰਕੇ ਕਈ ਲੋਕ ਖੀਸੇ 'ਤੇ ਹੱਥ ਮਾਰ ਕੇ ਤਾਂ ਵੇਖਦੇ ਹਨ ਕਿ ਮਾਇਆ ਵਾਹਵੈ ਪਰ ਹੁੰਦਾ ਭਾਨ ਦਾ ਭਾਰ ਹੀ ਹੈ। ਜੇ ਆਪਣੇ ਮੁਲਕ ਦੇ ਸਾਰੇ ਥਾਣੇਦਾਰਾਂ ਨੂੰ ਇਕ ਕਤਾਰ 'ਚ ਖੜ੍ਹੇ ਕਰ ਲਈਏ ਤਾਂ ਟਾਸ ਹੀ ਪਾਉਣੀ ਪਊ ਚੰਗਾ ਕਿਹੜਾ ਹੈ। ਬਹੁਤ ਸਾਰੇ ਲੋਕ ਗਏ ਤਾਂ ਗੰਗਾ ਨਹਾਉਣ ਸਨ ਪਰ ਛਪੜੀ 'ਚ ਡੁੱਬ ਕੇ ਆਪਣਾ-ਆਪ ਲਬੇੜ ਲਿਆਏ। ਮੁੱਛਾਂ ਖੜੀਆਂ ਕਰਕੇ, ਹੱਥ ਅਕੜਾ ਕੇ ਦਾਨ ਦੇਣ ਦਾ ਯਤਨ ਕਰੋਗੇ ਤਾਂ ਪੁੰਨ ਨਹੀਂ ਪਾਪ ਦਾ ਭੈਰਵੀ ਰਾਗ ਅਲਾਪ ਰਹੇ ਹੋਵੋਗੇ। ਆਕੜਖੋਰਾਂ ਨਾਲ ਬੰਦਾ ਫਸ ਤਾਂ ਪੈਂਦਾ ਹੈ ਪਰ ਇਹ ਛੇਤੀ ਖਹਿੜਾ ਨਹੀਂ ਛੱਡਦੇ। ਦੁਨੀਆਂ ਨੂੰ ਆਪਣੀ ਸਲਤਨਤ ਸਮਝਣ ਵਾਲੇ ਹਾਕਮਾਂ ਨੂੰ ਨੀਵੀਂ ਥਾਂ ਬਿਠਾ ਕੇ ਪੁੱਛਿਓ ਇਹਦੇ ਨਿਰਮਾਣ 'ਚ ਤਿਲ ਫੁੱਲ ਪਾਇਐ? ਕਤਲ ਦੁਸ਼ਮਣ ਕਰਨ ਤਾਂ ਦੁਨੀਆਂ ਮੰਨ ਲੈਂਦੀ ਹੈ, ਏਦਾਂ ਹੋਣਾ ਸੀ, ਦੋਸਤ ਕਰਨ ਤਾਂ ਕਹਿਣਾ ਪੈਂਦਾ ਹੈ 'ਲੱਖ ਲਾਹਣਤ ਏਹੋ ਜਿਹੇ ਸੱਜਣਾਂ ਦੇ।' ਕਈ ਬੰਦੇ ਮਟਰ ਕੇ ਦਾਣੇ ਸਾਨ ਹੁੰਦੇ ਹਨ ਪਰ ਲਾਲ ਟਮਾਟਰ ਵਾਂਗ ਹੋਣਾ ਚਾਹੁੰਦੇ ਹਨ। ਮੰਨਦੇ ਤਾਂ ਹਾਂ ਕਿ ਸਿਆਣੇ ਦੋਸਤ ਵਰਗੀ ਕੋਈ ਸੌਗਾਤ ਨਹੀਂ ਹੁੰਦੀ ਹੈ, ਪਰ ਲਗਦਾ ਨਹੀਂ ਸੌਗਾਤ ਕਈ ਵਾਰ ਖੰਡ 'ਚ ਜ਼ਹਿਰ ਲਪੇਟ ਕੇ ਵੀ ਦੇ ਦਿੱਤੀ ਜਾਂਦੀ ਹੈ। ਬਹੁਤੇ ਛਾਪਾਂ-ਛੱਲੇ ਤੁਹਾਡਾ ਮਜ਼ਾਕ ਹੀ ਉਡਾਉਂਦੇ ਹਨ।***

ਕਈ ਲੋਕ ਅਜਿਹੇ ਹੁੰਦੇ ਨੇ ਕਿ ਬੱਦਲ ਹਾਲੇ ਅੰਗੜਾਈ ਲੈ ਰਿਹਾ ਹੁੰਦਾ ਹੈ, ਛਤਰੀ ਉਹ ਪਹਿਲਾਂ ਤਾਣ ਲੈਂਦੇ ਨੇ। ਇਨ੍ਹਾਂ ਦੀ ਗਿਣਤੀ ਉਨ੍ਹਾਂ ਲੋਕਾਂ 'ਚ ਹੁੰਦੀ ਹੈ ਕਿ ਬਿਮਾਰ ਗੁਆਂਢੀ ਹੁੰਦਾ ਹੈ 'ਹਾਏ ਮਰ ਗਏ, ਹਾਏ ਮਰ ਗਏ' ਇਨ੍ਹਾਂ ਦੇ ਘਰਾਂ ਵਿਚ ਹੋਣ ਲੱਗ ਪੈਂਦੀ ਹੈ। ਕਈ ਵਾਰ ਖਬਰਾਂ ਅਜਿਹੀਆਂ ਆਉਂਦੀਆਂ ਹਨ ਕਿ ਹੈਰਾਨੀ ਪੁਤਲੀ ਨਾਚ ਨੱਚਣ ਲੱਗ ਪੈਂਦੀ ਹੈ। ਇਕ ਲਾਲਚੀ ਪੁੱਤਰ ਨੇ ਧੋਖੇ ਨਾਲ ਆਪਣੇ ਭੈਣ-ਭਰਾਵਾਂ ਤੋਂ ਚੋਰੀ ਬਾਪ ਦੀ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲਈ। ਹੋਇਆ ਇਹ ਕਿ ਸਰਕਾਰ ਨੇ ਉਹ ਸਾਰੀ ਜ਼ਮੀਨ ਛਾਉਣੀ ਲਈ ਕਬਜ਼ੇ 'ਚ ਕਰ ਲਈ। ਲਾਲਚ ਨੂੰ ਫਿਰ ਗਮ ਨੇ ਖਾ ਲਿਆ। ਸੁੱਖ ਨਾਲ ਉਹਦੇ ਬਾਕੀ ਭੈਣ-ਭਰਾ ਚੰਗੇ ਭਲੇ ਦਿਨ ਕੱਟ ਰਹੇ ਨੇ ਤੇ ਉਹਦੇ ਸਿਵੇ ਦੀ ਖ਼ਾਕ ਬੜੀ ਦੇਰ ਪਹਿਲਾਂ ਦੀ ਨ੍ਹੇਰੀ ਉਡਾ ਕੇ ਲੈ ਗਈ ਹੈ। ਅਸਲ ਵਿਚ 'ਜੋ ਹੋਵੇਗਾ ਦੇਖਿਆ ਜਾਵੇਗਾ' ਦੇ ਸਿਧਾਂਤ 'ਤੇ ਕੰਮ ਕਰਨ ਵਾਲੇ ਸਫਲਤਾ ਦੀ ਪੌੜੀ ਕੱਛ 'ਚ ਹੀ ਲਈ ਫਿਰਦੇ ਹਨ। ਰੰਗੀਨ ਜ਼ਿੰਦਗੀ ਵਿਚ ਕੋਈ ਨਹੀਂ ਚਾਹੁੰਦਾ ਕਿ ਵਿਰਾਨੀ ਦੀ ਬਦਬੂ ਆਉਣ ਲੱਗ ਪਵੇ ਪਰ ਕਈ ਵਾਰ 'ਮੇਰੇ ਵੱਸ ਨਾ ਰਾਂਝਣਾ ਵੇ' ਵਾਲੀ ਸਥਿਤੀ ਬਣ ਜਾਂਦੀ ਹੈ। ਹਾਲੇ ਤੀਕਰ ਕਾਵਾਂ ਦੇ ਆਲ੍ਹਣਿਆਂ 'ਚ ਕੋਇਲਾਂ ਕਦੇ ਨਹੀਂ ਬੋਲੀਆਂ। ਸੁਨੱਖੇ ਮਾਂ-ਬਾਪ ਦੇ ਘਰ 'ਚ ਕਦੇ ਬਦਸੂਰਤ ਔਲਾਦ ਨਹੀਂ ਪੈਦਾ ਹੋਈ। ਪਰ ਜਿਵੇਂ ਕਹਿੰਦੇ ਨੇ ਕਿ ਅਸੀਂ 'ਕੱਲਾ-'ਕੱਲਾ ਜ਼ਿੰਦਗੀ ਦਾ ਰੰਗ ਵੇਖਿਆ... ਵਾਂਗ ਇਕ ਰੰਗ ਬੇਰੰਗ ਹੋਇਆ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ ਤੇ ਜਿਨ੍ਹਾਂ ਨੂੰ ਕਿਤੇ ਕੋਈ ਦੋ ਕੁ ਦਹਾਕੇ ਪਹਿਲਾਂ ਵਾਪਰਿਆ ਇਹ ਰੰਗ ਯਾਦ ਵੀ ਹੋਵੇ ਉਨ੍ਹਾਂ ਨੂੰ ਸੱਚਾਈ ਦੇ ਥੋੜ੍ਹਾ ਨੇੜੇ ਲਿਜਾਣ ਦੀ ਕੋਸ਼ਿਸ਼ ਕਰਾਂਗਾ।

ਵਿਦਿਆਰਥੀ ਜੀਵਨ ਬਹੁਤਾ ਕਰਕੇ ਸ਼ਰਾਰਤਾਂ ਨਾਲ ਭਰਿਆ ਹੁੰਦਾ ਹੈ, ਕਿਤਾਬਾਂ ਨਾਲ ਲੱਦਿਆ ਹੁੰਦਾ ਹੈ ਤੇ ਸੁਪਨਿਆਂ ਦੇ ਰੱਥ ਤੇ ਸਵਾਰ ਹੁੰਦਾ ਹੈ। ਪੰਜਾਬ ਦੇ ਇਕ ਵੱਡੇ ਇੰਜੀਨੀਅਰਿੰਗ ਕਾਲਜ ਵਿਚ ਅਸੀਂ ਚਾਰ ਜਣੇ ਹੋਸਟਲ ਦੇ ਕਮਰਾ ਨੰਬਰ ਚਾਰ 'ਚ ਹੀ ਰਹਿੰਦੇ ਸਾਂ। ਦੋ ਪੰਡਿਤਾਂ ਦੇ ਮੁੰਡੇ ਰਮੇਸ਼ ਤੇ ਵਿਜੈ ਕੁਮਾਰ ਇਲੈਕਟ੍ਰੀਕਲ 'ਚ ਸਨ, ਮੈਂ ਮਕੈਨੀਕਲ 'ਚ ਤੇ ਚੌਥਾ ਰਜਿੰਦਰ ਸਿੰਘ ਛੇ ਫੁੱਟ ਦੋ ਇੰਚ ਲੰਬਾ ਰੱਜ ਕੇ ਸੁਨੱਖਾ ਜੱਟਾਂ ਦਾ ਮੁੰਡਾ। ਉਹ ਰੱਜ ਕੇ ਬੀਬਾ ਸੀ ਪਰ 56 ਵਿਦਿਆਰਥੀਆਂ ਵਾਲੇ ਹੋਸਟਲ ਵਿਚ ਕਿਸੇ 'ਚ ਇਹ ਜੁਅਰਤ ਨਹੀਂ ਸੀ ਕਿ ਰਾਤ ਨੂੰ ਕੋਈ ਕੁਸਕ ਵੀ ਜਾਵੇ। ਇਕ ਵਾਰ ਉਹਦੇ ਮਾਂ-ਬਾਪ ਕਾਲਜ ਆਏ ਤਾਂ ਉਹਨੇ ਤੁਆਰਫ ਕਰਾਇਆ ਕਿ ਇਹ... 'ਚ ਚੀਫ ਇੰਜੀਨੀਅਰ ਨੇ। ਮੈਂ ਇਕੱਲਾ ਪੁੱਤਰ ਹਾਂ ਤੇ ਬਾਪੂ ਦੀ ਇੱਛਾ ਮੁਤਾਬਕ ਸਿਵਲ ਇੰਜੀਨੀਅਰਿੰਗ ਕਰਨ ਲੱਗਾ ਹਾਂ। ਹੋਸਟਲ ਦੇ ਕਮਰੇ 'ਚ ਬੈਠਿਆਂ ਮੈਂ ਰਜਿੰਦਰ ਦੀ ਮੰਮੀ ਨੂੰ ਕਿਹਾ 'ਆਂਟੀ ਅੱਜ ਕੱਲ੍ਹ ਸ਼ੋਅਲੇ ਫਿਲਮ ਬੜੀ ਚਰਚਾ 'ਚ ਹੈ, ਵੇਖੀ ਹੈ।'

ਉਹ ਝੱਟ ਦੇਣੀ ਕਹਿਣ ਲੱਗੀ ਫ਼ਿਲਮਾਂ ਮੈਂ ਵੇਖਦੀ ਹੀ ਘੱਟ ਹਾਂ। 'ਪਰ ਵੇਖਿਓ' ਜ਼ਰੂਰ ਹੇਮਾ ਮਾਲਿਨੀ ਤੁਹਾਡੇ ਪਾਂ-ਪਾਸਕ ਵੀ ਨਹੀਂ ਹੋਣੀ।

ਤੇ ਮੇਰੇ ਜੁਆਬ 'ਤੇ ਕਮਰੇ 'ਚ ਕਿੰਨਾ ਚਿਰ ਹਾਸਾ ਪੈਂਦਾ ਰਿਹਾ। ਰਜਿੰਦਰ ਦਾ ਬਾਪ ਤਿੱਖੀ ਪੱਗ, ਖੜ੍ਹੀਆਂ ਮੁੱਛਾਂ ਤੇ ਸਵਾ ਛੇ ਫੁੱਟਾ ਗੋਰਾ ਨਿਛੋਹ ਰੰਗ ਵਾਲਾ ਕੱਦ। ਪੰਜਾਬ ਦਾ ਇਕ ਸਾਬਕਾ ਵੱਡਾ ਪੁਲਿਸ ਅਫਸਰ ਵੀ ਉਹਦੇ ਮੂਹਰੇ ਬੌਣਾ ਲਗਦਾ ਸੀ। ਸਾਡੇ ਸਾਰਿਆਂ 'ਚੋਂ ਸੁਨੱਖਾ ਰਜਿੰਦਰ ਜਥ੍ਹੇ ਵਾਲਾ ਮੁੰਡਾ ਸੀ। ਉਹਨੂੰ ਵੇਖ ਕੇ ਅਹਿਸਾਸ ਹੋ ਜਾਂਦਾ ਸੀ ਕਿ ਮਿੱਠੇ ਅੰਗੂਰਾਂ ਵਾਲੀ ਵੇਲ੍ਹ ਕਿਹੜੀ ਹੋਵੇਗੀ?

ਪੜ੍ਹਨ ਵਿਚ ਅਸੀਂ ਸਾਰੇ ਹੁਸ਼ਿਆਰ ਸਾਂ। ਪਰ ਸਾਡੇ ਕਮਰੇ ਵਿਚ ਇਕ ਹੋਰ ਬੜੀ ਦਿਲਚਸਪ ਸਥਿਤੀ ਸੀ। ਰਮੇਸ਼ ਨੇ ਭਗਵਾਨ ਸ਼ਿਵ ਦੀ ਫੋਟੋ ਲਾਈ ਹੁੰਦੀ ਸੀ, ਵਿਜੈ ਕੁਮਾਰ ਨੇ ਮਾਤਾ ਰਾਣੀ ਦੀ, ਮੈਂ ਲਿਖਦਾ ਹੋਣ ਕਰਕੇ ਸੰਗੀਤ ਦੀ ਦੇਵੀ ਮਾਂ ਸਰਸਵਤੀ ਦੀ ਤੇ ਰਜਿੰਦਰ ਨੇ ਬਾਬੇ ਨਾਨਕ ਦੀ ਫੋਟੋ ਲਗਾ ਕੇ ਹੇਠਾਂ ਡਾਕਟਰ ਸਾਧੂ ਸਿੰਘ ਹਮਦਰਦ ਦੀ ਗ਼ਜ਼ਲ ਦਾ ਇਕ ਸ਼ੇਅਰ ਲਿਖਿਆ ਹੁੰਦਾ ਸੀ:-

ਈਸ਼ਵਰ! ਪਰਮਾਤਮਾ! ਮੇਰੇ ਖ਼ੁਦਾ।
ਆਦਮੀ ਨੂੰ ਆਦਮੀ ਬਣਨਾ ਸਿਖਾ।

ਇਕ ਵਾਰ ਹੋਸਟਲ ਸੁਪਰਡੈਂਟ ਗੱਜਣ ਸਿੰਘ ਸਾਡੇ ਕਮਰੇ ਵਿਚ ਆਇਆ ਤਾਂ ਸਾਰਾ ਮਾਹੌਲ ਦੇਖ ਕੇ ਕਹਿਣ ਲੱਗਾ 'ਤੁਸੀਂ ਤਾਂ ਬਈ ਸਰਬੱਤ ਦੇ ਭਲੇ' ਵਾਲੇ ਹੋ। ਤੇ ਇਉਂ ਪਹਿਲਾਂ ਸਾਡੇ ਕਮਰੇ ਦਾ ਨਾਂ ਹੀ ਸਰਬੱਤ ਦਾ ਭਲਾ ਪੈ ਗਿਆ ਤੇ ਫਿਰ ਕਾਲਜ 'ਚ ਸਾਡੇ ਚੌਹਾਂ ਦੇ ਨਾਂ ਨਾਲ ਸਰਬੱਤ ਦੇ ਭਲੇ ਵਾਲੀ ਅੱਲ ਪੈ ਗਈ। ਅਸੀਂ ਜਿਧਰ ਵੀ ਜਾਂਦੇ ਮੁੰਡੇ ਆਖਦੇ ਇਹ ਸਰਬੱਤ ਦੇ ਭਲੇ ਆਲੇ ਨੇ। ਕਾਲਜ ਦੇ ਮੈਗਜ਼ੀਨ ਵਿਚ ਸਾਡੀ ਚੌਹਾਂ ਦੀ ਫੋਟੋ ਹੇਠ ਇਹੋ ਸ਼ਬਦ ਲਿਖ ਦਿੱਤੇ ਗਏ। ਖੈਰ, ਇੰਜੀਨੀਅਰਿੰਗ ਅਸੀਂ ਚੌਹਾਂ ਨੇ ਬੜੇ ਪਿਆਰ, ਇਤਫਾਕ 'ਚ ਪਹਿਲੇ ਦਰਜੇ ਵਿਚ ਪਾਸ ਕੀਤੀ। ਚਾਰ ਸਾਲ ਅਸੀਂ ਫੋਟੋਆਂ ਨੂੰ ਧੂਫ ਕਰਦਿਆਂ ਡੱਬੀਆਂ ਨਹੀਂ ਡੱਬੇ ਮੁਕਾ ਦਿੱਤੇ। ਸਾਰਿਆਂ ਦੀ ਪਰਿਵਾਰਕ ਸਾਂਝ ਗੂੜ੍ਹੀ ਹੋ ਗਈ। ਰੱਖੜੀਆਂ ਅਸੀਂ ਇਕ ਦੂਜੇ ਨਾਲ ਬਦਲ ਕੇ ਬੰਨ੍ਹਦੇ ਤੇ ਮਹੀਨੇ ਦੋ ਮਹੀਨੀ ਇਕ ਦੂਜੇ ਦੇ ਘਰ ਵੀ ਜਾਂਦੇ।

ਰਮੇਸ਼ ਤੇ ਵਿਜੇ ਬਿਜਲੀ ਬੋਰਡ ਵਿਚ ਜੇ. ਈ. ਲੱਗ ਗਏ। ਕੇਂਦਰੀ ਲੋਕ ਨਿਰਮਾਣ ਵਿਭਾਗ ਦੀ ਨੌਕਰੀ ਛੱਡ ਕੇ ਮੈਂ ਸਕੂਲ 'ਚ ਅਧਿਆਪਕ ਲੱਗ ਗਿਆ ਤੇ ਦੋ ਨਹਿਰਾਂ ਦੇ ਇਕ ਸਾਂਝੇ ਬੋਰਡ ਵਿਚ ਰਜਿੰਦਰ ਸਿਵਲ ਇੰਜੀਨੀਅਰ, ਇੰਜ ਅਸੀਂ ਪਰਿਵਾਰ 'ਚੋਂ ਟੁੱਟ ਕੇ ਇਕ ਤਰ੍ਹਾਂ ਨਾਲ ਅਲੱਗ-ਅਲੱਗ ਹੋ ਗਏ।

ਸਾਡੇ ਸਾਰਿਆਂ 'ਚੋਂ ਪਹਿਲਾਂ ਰਮੇਸ਼ ਦਾ ਵਿਆਹ ਆ ਗਿਆ। ਮਾੜੀ ਕਿਸਮਤ, ਮੈਂ ਇਸ ਵਿਆਹ ਵਿਚ ਉਨ੍ਹੀਂ ਦਿਨੀਂ ਲੰਡਨ ਹੋਣ ਕਰਕੇ ਸ਼ਾਮਲ ਨਾ ਹੋ ਸਕਿਆ ਤੇ ਵਿਆਹ ਤੋਂ ਅਗਲੇ ਦੋ ਦਿਨਾਂ ਬਾਅਦ ਜਿਹੜੀ ਮਨਹੂਸ ਖ਼ਬਰ ਸੀ, ਉਹ ਇਹ ਕਿ ਰਜਿੰਦਰ ਦਾ ਬੇਰਹਿਮੀ ਨਾਲ ਕਤਲ ਹੋ ਗਿਆ ਤੇ ਲਾਸ਼ ਇਕ ਵੱਡੀ ਨਹਿਰ ਦੇ ਕਿਨਾਰਿਓਂ ਅਲਫ ਨੰਗੀ ਹਾਲਤ ਵਿਚ ਮਿਲੀ।

ਸਬੱਬ ਇਹ ਸੀ ਕਿ ਰਜਿੰਦਰ, ਰਮੇਸ਼ ਦੇ ਵਿਆਹ 'ਚ ਸ਼ਾਮਲ ਹੋਣ ਗਿਆ ਪਰ ਗੁੰਮ ਹੋ ਗਿਆ। ਹਿਮਾਚਲ ਦੀ ਹੱਦ ਨਾਲ ਲੱਗਦੇ ਸ਼ਹਿਰ ਵਿਚ ਤਰਥੱਲ ਮਚ ਗਿਆ। ਟਰੈਫਿਕ ਜਾਮ ਹੋਏ, ਮੁਜ਼ਾਹਰੇ ਹੋਏ ਤੇ ਤੀਜੇ ਦਿਨ ਉਸ ਦੀ ਲਾਸ਼ ਹੀ ਮਿਲੀ।

ਪੁਲਿਸ ਨੇ ਬਹੁਤ ਥਿਊਰੀਆਂ 'ਤੇ ਕੰਮ ਕੀਤਾ ਪਰ ਦੋ ਸਾਲ ਬੀਤ ਜਾਣ 'ਤੇ ਵੀ ਕਤਲ ਦਾ ਕੋਈ ਸੁਰਾਗ ਨਾ ਮਿਲਿਆ ਤਾਂ ਪੁਲਿਸ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੌਂ ਗਿਆ। ਪਰ ਇਕਲੌਤੇ ਪੁੱਤਰ ਦੇ ਮਾਂ-ਬਾਪ ਨੂੰ ਨੀਂਦ ਤੇ ਚੈਨ ਕਿਥੋਂ ਆਵੇ? ਕੰਧਾਂ ਕੌਲਿਆਂ 'ਚ ਬੜੇ ਸਿਰ ਮਾਰੇ, ਪਾਗਲਾਂ ਦੀ ਹਾਲਤ ਵਿਚ ਚਲੇ ਗਏ ਪਰ ਹੱਥ ਕੁਝ ਨਾ ਲੱਗਾ।

ਢਾਈ ਕੁ ਸਾਲਾਂ ਪਿਛੋਂ ਦੁਖੀ ਮਾਂ-ਬਾਪ ਨੇ ਆ ਕੇ ਮੁੱਖ ਮੰਤਰੀ ਕੋਲ ਫਰਿਆਦ ਕੀਤੀ ਕਿ ਚਲੋ ਜੋ ਹੋਣਾ ਸੀ, ਉਹ ਤਾਂ ਹੋ ਗਿਆ ਪਰ ਸਾਨੂੰ ਇਸ ਗੱਲ ਦਾ ਗੁੱਝਾ ਭੇਦ ਤਾਂ ਪਤਾ ਕਰ ਦਿਓ ਕਿ ਅਕਸਰ ਸਾਡੇ ਬੇਕਸੂਰ ਪੁੱਤ ਦਾ ਕਤਲ ਕਿਉਂ ਕੀਤਾ ਗਿਆ ਹੈ। ਉਹ ਏਨਾ ਤਗੜਾ ਸੀ ਕਿ ਦੋ ਚਾਰ ਜਣਿਆਂ ਨੂੰ ਤਾਂ ਲਾਗੇ ਨਾ ਲੱਗਣ ਦੇਵੇ।

ਮੁੱਖ ਮੰਤਰੀ ਨੇ ਸੰਬੰਧਤ ਸੂਬੇ ਦੇ ਪੁਲਿਸ ਮੁਖੀ ਨੂੰ ਕਿਹਾ ਕਿ ਆਹ ਇਕ ਕਤਲ ਦਾ ਮਸਲਾ ਤਾਂ ਹੱਲ ਕਰਕੇ ਦਿਓ ਮੈਨੂੰ। ਪੁਲਿਸ ਮੁਖੀ ਨੇ ਕੇਸ ਵਿਚ ਦਿਲਚਸਪੀ ਲਈ ਤੇ ਇਕ ਆਈ. ਪੀ. ਐਸ. ਅਧਿਕਾਰੀ ਨੂੰ ਜਾਂਚ ਸੌਂਪ ਦਿੱਤੀ ਗਈ।

ਤੇ ਫਿਰ ਜੋ ਤੱਥ ਸਾਹਮਣੇ ਆਏ,ਉਹ ਬੜੇ ਦੁਖਦਾਇਕ ਹੀ ਨਹੀਂ ਸਨ ਸਗੋਂ ਹੈਰਾਨ ਕਰ ਦੇਣ ਵਾਲੇ ਵੀ ਸਨ ਕਿ ਜਿਨ੍ਹਾਂ ਦੀਆਂ ਬੁਰਕੀਆਂ ਵੀ ਸਾਂਝੀਆਂ ਸਨ ਤੇ ਇੱਜ਼ਤਾਂ ਵੀ, ਉਹ ਇਕ ਮਾਮੂਲੀ ਗੱਲ ਤੋਂ ਕਾਤਲ ਬਣ ਗਏ।

ਜਾਂਚ ਅਧਿਕਾਰੀ ਨੇ ਸਭ ਤੋਂ ਪਹਿਲਾਂ ਉਸ ਵਿਆਹ ਦੀ ਵੀਡੀਓ ਫ਼ਿਲਮ ਕਬਜ਼ੇ 'ਚ ਲਈ ਤਾਂ ਸੱਚ ਸਾਹਮਣੇ ਆਉਣ ਦਾ ਖੁਲਾਸਾ ਹੋਣ ਲੱਗਾ। ਉਹਨੇ ਦੇਖਿਆ ਕਿ ਜਦੋਂ ਬਰਾਤ ਖਾਣਾ ਖਾਣ ਲਈ ਜਾ ਰਹੀ ਸੀ ਤਾਂ ਉਸ ਵਕਤ ਰਜਿੰਦਰ ਵਾਜੇ ਵਾਲਿਆਂ ਨਾਲ ਖੂਬ ਖਰਮਸਤੀਆਂ ਤੇ ਭੰਗੜਾ ਪਾ ਰਿਹਾ ਸੀ। ਅਚਾਨਕ ਉਹ ਭੰਗੜਾ ਪਾਉਂਦਾ ਪਾਉਂਦਾ ਅਲੋਪ ਹੋ ਜਾਂਦਾ ਹੈ। ਉਸ ਵੇਲੇ ਉਹ ਕੁਝ ਨਸ਼ੇ ਦੀ ਹਾਲਤ ਵਿਚ ਲੱਗਦਾ ਸੀ। ਫਿਰ ਅਗਲੀ ਗੱਲ ਇਹ ਵੇਖੀ ਕਿ ਜਦੋਂ ਰਜਿੰਦਰ ਬਰਾਤ 'ਚੋਂ ਗੁੰਮ ਹੁੰਦਾ ਹੈ ਤਾਂ ਉਹਦੇ ਨਾਲ ਹੋਰ ਕੌਣ-ਕੌਣ ਗੁੰਮ ਹੋ ਜਾਂਦੇ ਹਨ। ਵਿਜੇ ਕੁਮਾਰ ਦੀ ਮੁੜ ਕੇ ਬਰਾਤ ਵਿਚ ਸ਼ਾਮਲ ਨਹੀਂ ਸੀ ਤੇ ਸਾਡੇ ਹੋਸਟਲ ਵਿਚਲੇ ਤਿੰਨ ਨੰਬਰ ਵਾਲੇ ਦੋ ਮੁੰਡੇ ਵੀ ਗਾਇਬ ਸਨ ਤੇ ਪੁਲਿਸ ਦੀ ਜਾਂਚ ਅਸਲੀਅਤ ਦੇ ਹੀ ਸਰਦਲ 'ਤੇ ਪੁੱਜਣ ਵਿਚ ਸਫਲ ਹੋ ਗਈ। ਇਨ੍ਹਾਂ ਤਿੰਨਾਂ ਮੁੰਡਿਆਂ ਸਣੇ ਵਿਜੈ ਕੁਮਾਰ ਦਬੋਚ ਲਿਆ।

ਮੁਢਲੀ ਜਾਂਚ ਪੜਤਾਲ ਸੀ ਕਿ ਪੰਡਤਾਂ ਦੇ ਮੁੰਡੇ ਨਾ ਬਲਾਉਣ ਕਦੇ ਬੱਕਰੇ ਬਾਣੀਏ ਕਰਨ ਨਾ ਲੜਾਈ... ਲੋਕ ਬੋਲੀ ਵਾਂਗ ਹੰਸ ਨੇ ਚੁੰਝ ਪਾ ਕੇ ਦੁੱਧ ਅਲੱਗ ਤੇ ਪਾਣੀ ਅਲੱਗ ਕਰ ਦਿੱਤਾ। ਸੋ ਉਨ੍ਹਾਂ ਨੇ ਰਜਿੰਦਰ ਨੂੰ ਕਤਲ ਕਰਨ ਦਾ ਖੁਲਾਸਾ ਕੀਤਾ। ਉਹ ਵਿਚਾਰੇ ਦੀ ਮਾਮੂਲੀ ਭੁੱਲ ਦਾ ਵੱਡਾ ਹਰਜਾਨਾ ਸੀ।

ਹੋਇਆ ਇੰਜ ਕਿ ਜਦੋਂ ਰਮੇਸ਼ ਘੋੜੀ 'ਤੇ ਬੈਠਾ ਸੀ ਤੇ ਰਾਤ ਵੇਲੇ ਬਰਾਤ ਖਾਣਾ ਖਾਣ ਜਾ ਰਹੀ ਸੀ ਤਾਂ ਰਜਿੰਦਰ ਰਮੇਸ਼ ਦੀ ਭੈਣ ਦਾ ਹੱਥ ਫੜ ਕੇ ਨੱਚਣ ਲੱਗ ਪਿਆ। ਇਹ ਘਟਨਾ ਕੋਈ ਬਹੁਤੀ ਖਾਸ ਵੀ ਨਹੀਂ ਸੀ ਕਿਉਂਕਿ ਰਮੇਸ਼ ਦੀ ਭੈਣ ਆਏ ਸਾਲ ਰਜਿੰਦਰ ਦੇ ਵੀ ਰੱਖੜੀ ਬੰਨਣ ਆਉਂਦੀ ਸੀ। ਕਿਸੇ ਨੇ ਰਮੇਸ਼ ਦੇ ਕੰਨ ਭਰ ਦਿੱਤੇ ਕਿ ਇਹ ਤੇਰੀ ਭੈਣ ਦਾ ਹੱਥ ਫੜ ਕੇ ਨੱਚ ਰਿਹਾ ਹੈ। ਇਸ ਦੀ ਇਹ ਜੁਰਅਤ ਕਿਵੇਂ ਕਿ ਸਾਡੀ ਇੱਜ਼ਤ ਨੂੰ ਹੱਥ ਪਾ ਲਵੇ। ਰਮੇਸ਼ ਨੇ ਵਿਜੈ ਨੂੰ ਬੁਲਾ ਕੇ ਕਿਹਾ ਕਿ ਇਸ ਨੂੰ ਬਰਾਤ 'ਚੋਂ ਲੈ ਜਾਵੋ ਤੇ ਇਸ ਦੀ ਚੰਗੀ ਭੁਗਤ ਸੰਵਾਰੋ। ਕਿਉਂਕਿ ਸਾਡਾ ਰਿਸ਼ਤੇਦਾਰ ਕਬੀਲਾ ਬਹੁਤ ਨਾਰਾਜ਼ ਹੈ।

ਤੇ ਵਿਜੈ ਆਪਣੇ ਦੋ ਹੋਰ ਦੋਸਤਾਂ ਨੂੰ ਲੈ ਕੇ ਰਜਿੰਦਰ ਨੂੰ ਘੁੱਟ ਹੋਰ ਲਾਉਣ ਦੇ ਬਹਾਨੇ ਇਕ ਸਰਕਾਰੀ ਪਰ ਖਾਲੀ ਪਏ ਕੁਆਰਟਰ ਵਿਚ ਲੈ ਗਏ। ਪਹਿਲਾਂ ਤਾਂ ਉਸ ਨੂੰ ਦੋ ਤਿੰਨ ਪੈਗ ਭਰ ਕੇ ਸੁੱਕੀ ਸ਼ਰਾਬ ਪਿਲਾਈ ਤੇ ਫਿਰ ਇਕ ਬੋਲਿਆ, "ਸਾਲਿਆ ਤੂੰ ਸਾਡੀ ਭੈਣ ਨੂੰ ਹੱਥ ਪਾਇਆ?"

"ਕਿਹੜੀ ਭੈਣ?"

"ਜਿਹਦਾ ਹੱਥ ਫੜ੍ਹ ਕੇ ਨੱਚਦਾ ਸੀ।"

ਕੰਜਰ ਦਿਓ, ਉਹ ਰਮੇਸ਼ ਦੀ ਭੈਣ ਨ੍ਹੀਂ, ਮੇਰੀ ਭੈਣ ਆ। ਮੈਂ ਤਾਂ ਉਹਦੇ ਤੋਂ ਹਰ ਸਾਲ ਰੱਖੜੀ ਬੰਨ੍ਹਾਉਂਦਾ ਸੀ। ਚਾਅ 'ਚ ਭੈਣ-ਭਰਾ ਨਹੀਂ ਨੱਚ ਸਕਦੇ।" ਨਸ਼ੇ 'ਚ ਗੁੱਟ ਥਥਲਾਉਂਦੇ ਰਜਿੰਦਰ ਨੇ ਕਿਹਾ।

"ਤੈਨੂੰ ਦੱਸਦੇ ਆਂ ਵੱਡਿਆ ਬਦਮਾਸ਼ਾ, ਸਾਲਿਆ ਕੁੱਤਿਆ।"

ਤੇ ਫਿਰ ਤੂੰ ਤੂੰ ਮੈਂ ਮੈਂ ਹੱਥੋਪਾਈ 'ਚ ਬਦਲ ਗਈ। ਸ਼ਰਾਬੀ ਹੋਇਆ ਰਜਿੰਦਰ ਫਿਰ ਵੀ ਕਿਸੇ ਨੂੰ ਨੇੜੇ ਨਹੀਂ ਸੀ ਲੱਗਣ ਦਿੰਦਾ। ਨਾ ਪੇਸ਼ ਜਾਂਦੀ ਵੇਖ ਕੇ ਵਿਜੈ ਦੇ ਇਕ ਹੋਰ ਦੋਸਤ ਨੇ ਲੋਹੇ ਦੀ ਰਾਡ ਵਰਗਾ ਇਕ ਹਥਿਆਰ ਰਜਿੰਦਰ ਦੇ ਸਿਰ 'ਚ ਠੋਕ ਦਿੱਤਾ। ਉਹ ਪਿੱਠ ਭਾਰ ਜਾ ਪਿਆ।

ਸੱਚ ਇਹ ਸੀ ਕਿ ਰਜਿੰਦਰ ਮਰਿਆ ਨਹੀਂ, ਬੇਹੋਸ਼ ਹੋ ਚੁੱਕਾ ਸੀ। ਉਹ ਸਾਰੀ ਰਾਤ ਉਹਨੂੰ ਹੋਸ਼ 'ਚ ਲਿਆਉਣ ਦਾ ਯਤਨ ਕਰਦੇ ਰਹੇ। ਅਗਲੇ ਦਿਨ ਸ਼ਹਿਰ 'ਚ ਰਜਿੰਦਰ ਦੇ ਗੁੰਮ ਹੋਣ ਦਾ ਰੌਲਾ ਪੈ ਗਿਆ। ਪੁਲਿਸ ਹਰਕਤ ਵਿਚ ਆ ਗਈ ਤੇ ਉਹ ਤਿੰਨੇ ਜਣੇ ਵਾਕਿਫ਼ ਕੈਮਿਸਟ ਦੀਆਂ ਦੁਕਾਨਾਂ ਤੋਂ ਕੋਈ ਹੋਸ਼ 'ਚ ਆਉਣ ਦੀਆਂ ਦਵਾਈਆਂ ਲਿਆਉਂਦੇ ਰਹੇ। ਪਰ ਗੱਲ ਨਾ ਬਣੀ। ਉਧਰ ਵਿਆਹ ਵਾਲੇ ਰਮੇਸ਼ ਨੂੰ ਇਸ ਸਾਰੀ ਘਟਨਾ ਦੀ ਪਲ-ਪਲ ਸੂਚਨਾ ਦਿੱਤੀ ਜਾਂਦੀ ਰਹੀ।

ਆਖਰ ਚੌਥੇ ਦਿਨ ਜਦੋਂ ਲੋਕ ਰੋਹ 'ਚ, ਰਜਿੰਦਰ ਦਾ ਮਹਿਕਮਾ, ਯੂਨੀਅਨਾਂ ਸੜਕਾਂ 'ਤੇ ਆ ਗਈਆਂ, ਬੱਸਾਂ ਦੀ ਭੰਨ ਤੋੜ ਹੋਈ, ਨਾਅਰੇ ਲੱਗੇ, ਵੱਡੇ ਮੁਜ਼ਾਹਰੇ ਹੋਏ। ਪੁਲਿਸ ਮੁਰਦਾਬਾਦ ਹੋਈ ਤੇ ਤਿੰਨਾਂ ਨੇ ਸਾਹ ਲੈਂਦੇ ਰਜਿੰਦਰ ਦਾ ਗਲਾ ਘੁੱਟ ਕੇ ਸਾਹ ਸੂਤ ਲਿਆ ਤੇ ਫਿਰ ਮੂੰਹ 'ਤੇ ਤੇਜ਼ਾਬ ਸੁੱਟ ਕੇ ਉਸਦੇ ਕੱਪੜੇ ਉਤਾਰੇ ਤੇ ਇਕ ਭਾਰ ਢੋਣ ਵਾਲੇ ਰਿਕਸ਼ੇ 'ਤੇ ਬਾਲਣ ਹੇਠ ਲਾਸ਼ ਬੋਰੀ 'ਚ ਛੁਪਾ ਕੇ ਨਹਿਰ ਕਿਨਾਰੇ ਸੁੱਟ ਆਏ। ਅੱਧੀ ਰਾਤ ਨੂੰ ਨਹਿਰ 'ਚ ਪਾਣੀ ਆਉਣਾ ਸੀ ਪਰ ਇੰਜ ਨਾ ਹੋਇਆ ਤੇ ਇੰਨੇ ਨੂੰ ਜਦੋਂ ਲਾਸ਼ ਬਰਾਮਦ ਹੋਈ ਤਾਂ ਘੁੱਗ ਵਸਦਾ ਸ਼ਹਿਰ ਰੋਹ ਦੀਆਂ ਲਪਟਾਂ 'ਚ ਘਿਰ ਗਿਆ।

ਸੀ. ਆਈ. ਏ. ਸਟਾਫ ਵਜੋਂ ਇੰਟੈਰੋਗੇਸ਼ਨ ਸੈਂਟਰ ਵਿਚ ਜਦੋਂ ਮੈਂ ਗਿਆ, ਜਿਥੇ ਤਿੰਨਾਂ ਮੁੰਡਿਆਂ ਤੋਂ ਜਾਂਚ ਕੀਤੀ ਗਈ ਸੀ ਤਾਂ ਉਸ ਦੇ ਇੰਚਾਰਜ ਨੇ ਉਹ ਸਾਰੀ ਰਿਕਾਰਡ ਕੀਤੀ ਟੇਪ ਸੁਣਾਈ ਕਿ ਕਿਵੇਂ ਕਿਵੇਂ ਇਨ੍ਹਾਂ ਨੇ ਰਜਿੰਦਰ ਦਾ ਕਤਲ ਕੀਤਾ ਤਾਂ ਉਬਾਲ ਉਠ ਰਹੇ ਸਨ ਕਿ ਇਕੋ ਥਾਲੀ 'ਚ ਖਾਣ ਵਾਲੇ ਵਿਜੈ ਨੇ ਥਾਲੀ 'ਚ ਸ਼ੇਕ ਨਹੀਂ, ਉਹਦੇ ਟੁਕੜੇ ਹੀ ਕਰ ਦਿੱਤੇ ਸਨ।

ਪਰ ਪੁਲਿਸ ਅਫ਼ਸਰ ਇਸ ਗੱਲ ਨੂੰ ਮੰਨਦਾ ਸੀ ਕਿ ਇਨ੍ਹਾਂ ਨੇ ਰਜਿੰਦਰ ਅਗਵਾ ਮਾਰਨ ਦੀ ਮਨਸ਼ਾ ਨਾਲ ਨਹੀਂ, ਕੁੱਟਣ ਦੀ ਮਨਸ਼ਾ ਨਾਲ ਕੀਤਾ ਸੀ ਪਰ ਬਾਅਦ 'ਚ ਹਾਲਾਤ ਇਹ ਬਣੇ ਕਿ ਨਾ ਚਾਹੁੰਦਿਆਂ ਵੀ ਕਤਲ ਕਰਨਾ ਪੈ ਗਿਆ, ਜਦੋਂ ਚਾਰੇ ਪਾਸੇ ਅੱਗ ਲੱਗ ਗਈ।

ਖੈਰ! ਸਣੇਂ ਵਿਆਂਦੜ ਰਮੇਸ਼ ਤੇ ਚੌਹਾਂ 'ਤੇ ਮੁਕੱਦਮਾ ਚੱਲਿਆ। ਦੋ ਵਾਰ ਇਨ੍ਹਾਂ ਕਾਤਲ ਹਮਜਮਾਤੀਆਂ ਨੂੰ ਮਿਲਣ ਵੀ ਜਾਂਦਾ ਰਿਹਾ ਜੇਲ੍ਹ 'ਚ। ਇਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਗੁੰਮ ਸੀ। ਫਿੱਟ ਲਾਹਣਤਾਂ ਪਾਉਣ ਤੇ ਇਹ ਸਿਰਫ ਸ਼ਰਮ 'ਚ ਸਿਰ ਨੀਵਾਂ ਹੀ ਕਰਦੇ ਸਨ।

ਢਾਈ ਸਾਲ ਮੁਕੱਦਮਾ ਚੱਲਿਆ ਤੇ ਫਿਰ ਹੋਇਆ ਉਹੀ ਜੋ ਆਪਣੇ ਮੁਲਕ ਵਿਚ ਇਨਸਾਫ ਦੀ ਤੱਕੜੀ ਸਬੂਤਾਂ ਦਾ ਭਾਰ ਮੰਗਦੀ ਹੈ। ਸਬੂਤਾਂ ਦੀ ਘਾਟ ਕਾਰਨ ਚਾਰੇ ਜਣੇ ਬਾਇੱਜ਼ਤ ਬਰੀ ਹੋ ਗਏ।

ਬਰੀ ਹੋਣ ਤੋਂ ਅਗਲੀ ਹਾਸੋਹੀਣੀ ਗੱਲ ਇਹ ਵੀ ਸੀ ਕਿ ਚੋਹਾਂ ਨੂੰ ਜੇਲ੍ਹ 'ਚ ਰਹਿਣ ਦੇ ਸਮੇਂ ਦੀਆਂ ਤਨਖਾਹਾਂ ਵੀ ਸਰਕਾਰੀ ਖਜ਼ਾਨੇ 'ਚੋਂ ਦੇਣ ਲਈ ਅਦਾਲਤੀ ਹੁਕਮ ਸਨ।

ਕਈ ਵਾਰ ਸੋਚਦਾ ਹਾਂ ਕਿ ਉਸ ਵਿਆਹ 'ਚ ਸ਼ਾਮਲ ਹੁੰਦਾ ਤਾਂ ਸ਼ਾਇਦ ਰਜਿੰਦਰ ਦਾ ਕਤਲ ਨਾ ਹੁੰਦਾ ਤੇ ਫਿਰ ਆਟੇ ਨੂੰ ਪਲੇਥਣ ਮੈਂ ਵੀ ਲੁਆ ਬੈਠਦਾ।

ਤਾਂ ਵੀ ਮੈਂ ਰਜਿੰਦਰ ਦੇ ਮਾਂ ਬਾਪ ਨੂੰ ਸਾਲ ਛੇ ਮਹੀਨੇ ਬਾਅਦ ਮਿਲਣ ਜਾਂਦਾ ਹਾਂ। ਜਿਸ ਮਾਂ ਨੂੰ ਅਸੀਂ ਮਜ਼ਾਕ 'ਚ ਹੇਮਾ ਮਾਲਿਨੀ ਆਖਦੇ ਸੀ, ਉਹ ਸੜ ਕੇ ਸੁਆਹ ਹੋ ਚੁੱਕੀ ਹੈ ਤੇ ਸੇਵਾ ਪੂਰੀ ਹੋਣ ਤੋਂ ਪਹਿਲਾਂ ਹੀ ਮੁਕਤੀ ਲੈ ਲਈ ਹੈ। ਲੰਬੇ ਬਾਪ ਦਾ ਚਿਹਰਾ ਲੁੜਕ ਗਿਆ ਹੈ।

ਸੱਚੀਂ, ਰੂਪ ਦਾ ਲੇਖਾਂ ਨਾਲ ਕੋਈ ਸਬੰਧ ਨਹੀਂ ਤੇ ਰੱਬ ਨੇ ਜਿਸਨੂੰ ਬਰਬਾਦ ਜਾਂ ਤਬਾਹ ਕਰਨਾ ਹੁੰਦਾ ਹੈ, ਉਹ ਉਨ੍ਹਾਂ ਅੰਦਰੋਂ ਆਪਣਾ ਵਿਸ਼ਵਾਸ ਖਿੱਚ ਲੈਂਦਾ ਹੈ।

ਕਈ ਵਾਰ ਛੱਤ 'ਤੇ ਤਾਂ ਬਰਫ ਪਈ ਹੁੰਦੀ ਹੈ ਪਰ ਹੇਠਾਂ ਚੁੱਲ੍ਹਾ ਲਟ-ਲਟ ਬਲ ਰਿਹਾ ਹੁੰਦਾ ਹੈ।

## ਗੱਲ ਬਣੀ ਕਿ ਨਹੀਂ

**ਐਸ. ਅਸ਼ੋਕ ਭੌਰਾ**

### *ਜ਼ਿੰਦਗੀ*

ਪਰਿਵਾਰ ਫੂਕਤੇ ਬੇਇਨਸਾਫੀਆਂ ਨੇ, ਨ੍ਹੇਰੀ ਪਿਆਰ ਵਿਚ ਗਈ ਏ ਝੁੱਲ ਲੋਕੋ।
ਪਾਇਆ ਲਹੂ 'ਚ ਪਾਣੀ ਕਿਸ ਔਂਤਰੇ ਨੇ, ਰਿਹਾ ਭੇਦ ਨਹੀਂ ਕਿਸੇ ਤੋਂ ਖੁਲ੍ਹ ਲੋਕੋ।
ਵਧ ਕਲੀਆਂ ਤੋਂ ਕੋਮਲ ਸੀ ਜਿਸਮ ਜਿਹੜੇ, ਵਿਕਦੇ ਟਕੇ ਟਕੇ ਨੂੰ ਮੁੱਲ ਲੋਕੋ।
ਖੋਟੇ ਮਨਾਂ ਨਾਲ ਕਰ ਅਰਦਾਸ ਕਹਿੰਦੇ ਬਖਸ਼ੀਂ ਰਹਿਬਰਾ ਜੇ ਹੋ ਗਈ ਏ ਭੁੱਲ ਲੋਕੋ।
ਜੀਰਾ ਮੂੰਹ 'ਚ ਦੇਣ ਨੂੰ ਫਿਰਨ ਜਿਹਦੇ ਉਹਦਾ ਪਹਿਲਾਂ ਹੀ ਲਟਕਦਾ ਬੁੱਲ੍ਹ ਲੋਕੋ।
ਹਾਸੀ ਖਚਰੀ ਹੀ ਹੱਸਦੇ ਨੇ ਬਹੁਤ ਉਪਰੋਂ, ਵਿਚੋਂ ਫਿਕਰਾਂ ਦੇ ਖਾਧੇ ਨੇ ਫੁੱਲ ਲੋਕੋ।
ਵਰਤ ਰੱਖ ਕੇ ਪਤੀ ਨੂੰ ਘਰੇ ਪੂਜਣ, ਬਾਹਰ ਜਿਸਮਾਂ ਦਾ ਵੱਟਦੀਆਂ ਮੁੱਲ ਲੋਕੋ।
ਪਰਮੇਸ਼ਰ ਸਿਰ 'ਚ ਖੇਹ ਪਵਾਈ ਫਿਰਦੇ, ਕਿਹੜੀ ਕਿਹੜੀ 'ਤੇ ਜਾਂਦੇ ਨੇ ਡੁੱਲ੍ਹ ਲੋਕੋ।
ਤੇਲ ਦੀਵੇ 'ਚੋਂ ਮੁੱਕੇ ਤਾਂ 'ਲਾਜ ਕਰੀਏ ਇਹ ਸਣੇ ਬੱਤੀ ਦੇ ਹੋ ਗਿਆ ਗੁੱਲ ਲੋਕੋ।

ਖਾਲਸਾ ਪੰਥ

# ਬਾਕੀ ਰਾਜਾਂ ਦੇ ਸਿੱਖਾਂ ਨੂੰ ਪੰਜਾਬ ਦਾ ਕੋਈ ਆਸਰਾ ਨਹੀਂ

**ਤਰਲੋਚਨ ਸਿੰਘ**

ਜਦ 1947 ਵਿਚ ਭਾਰਤ ਆਜ਼ਾਦ ਹੋਇਆ ਤੇ ਪੰਜਾਬ ਵੰਡਿਆ ਗਿਆ ਤਾਂ ਸਿੱਖ ਰੁਜ਼ਗਾਰ ਦੀ ਭਾਲ ਵਿਚ ਸਾਰੇ ਦੇਸ਼ ਵਿਚ ਫੈਲ ਗਏ। ਬੜੀ ਛੇਤੀ ਸਿੱਖ ਖ਼ੁਸ਼ਹਾਲੀ ਵਲ ਵਧ ਗਏ। ਸਾਰਾ ਹਿੰਦੂ ਸਮਾਜ ਸਿੱਖਾਂ ਪ੍ਰਤੀ ਅਥਾਹ ਸਨੇਹ ਰੱਖਦਾ ਸੀ। ਸਿੱਖਾਂ ਨੇ ਟਰਾਂਸਪੋਰਟ ਨੂੰ ਅਪਨਾ ਲਿਆ। ਹਰ ਥਾਂ ਮੋਟਰ ਪਾਰਟਸ ਦੀਆਂ ਦੁਕਾਨਾਂ ਸਾਰੇ ਦੱਖਣੀ ਭਾਰਤ ਸਮੇਤ, ਹਰ ਪਾਸੇ ਖੰਡਿਆਂ ਵਾਲੇ ਟਰੱਕ ਅਤੇ ਪੂਰਬੀ ਰਿਆਸਤਾਂ ਖਾਸ ਕਰਕੇ ਮਨੀਪੁਰ, ਅਸਾਮ, ਤ੍ਰਿਪੁਰਾ ਆਦਿ ਵਿਚ ਸਿੱਖ ਠੇਕੇਦਾਰੀ ਵਿਚ ਛਾ ਗਏ। ਪੈਸਾ ਆਉਣ 'ਤੇ ਹੀ ਧੜਾ-ਧੜ ਗੁਰਦੁਆਰੇ ਸਥਾਪਤ ਹੋ ਗਏ। ਜਦ ਸਿੱਖ ਹੋਰ ਖੁਸ਼ਹਾਲ ਹੋ ਗਿਆ ਤਾਂ ਉਸਨੇ ਖਾਲਸਾ ਸਕੂਲ ਸਥਾਪਤ ਕਰਨੇ ਅਰੰਭ ਕਰ ਦਿੱਤੇ। ਚੇਨਈ ਵਿਚ ਖਾਲਸਾ ਕਾਲਜ, ਮੁੰਬਈ ਵਿਚ ਤਾਂ ਆਜ਼ਾਦੀ ਤੋਂ ਪਹਿਲਾਂ 1935 ਵਿਚ ਹੀ ਹੋਂਦ ਵਿਚ ਆ ਚੁੱਕਾ ਸੀ। ਬਿਦਰ (ਕਰਨਾਟਕ) ਵਿਚ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ, ਹੈਦਰਾਬਾਦ ਵਿਚ ਇੰਜੀਨੀਅਰਿੰਗ ਕਾਲਜ, ਬਿਹਾਰ ਦੇ ਦੂਰ-ਦੁਰਾਡੇ ਪਿੰਡ ਵਿਚ ਮੈਡੀਕਲ ਕਾਲਜ ਸਥਾਪਤ ਹਨ।

ਪੰਜਾਬ ਵਿਚ ਹਾਲਾਤ ਖਰਾਬ ਹੋਣ ਮਗਰੋਂ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੀ ਸਥਿਤੀ ਹੀ ਹੋਰ ਹੋ ਗਈ। 1984 ਦਾ ਦੁਖਾਂਤ, ਦਰਬਾਰ ਸਾਹਿਬ ਦਾ ਫੌਜੀ ਹਮਲਾ ਅਤੇ ਫਿਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਬਾਹਰ ਵੱਸਦੇ ਸਿੱਖਾਂ ਲਈ ਮੁਸੀਬਤ ਲਿਆਇਆ। ਕਈ ਸ਼ਹਿਰਾਂ ਵਿਚ ਸੈਂਕੜੇ ਸਿੱਖ ਮਾਰੇ ਗਏ। ਘਰ, ਦੁਕਾਨਾਂ ਸਾੜੀਆਂ ਗਈਆਂ। ਸਿੱਖਾਂ ਦਾ ਹਰ ਥਾਂ ਤੋਂ ਨਿਕਾਸ ਹੋਇਆ ਤੇ ਉਹ ਪੰਜਾਬ ਆ ਵਸੇ। ਦਿੱਲੀ ਤੋਂ ਵੀ ਸਿੱਖ ਨਿਕਲ ਗਏ। ਬਾਹਰਲਾ ਸਿੱਖ ਬਿਨਾਂ ਕਸੂਰ ਤੋਂ ਪੰਜਾਬ ਦੀ ਸਮੱਸਿਆ ਦਾ ਸ਼ਿਕਾਰ ਹੋ ਗਿਆ।

ਅੱਜ ਵਿਚਾਰ ਕਰਨਾ ਹੈ ਕਿ ਸਿੱਖਾਂ ਦੇ ਕੀ ਮਸਲੇ ਹਨ? ਕੌਮੀ ਘੱਟ-ਗਿਣਤੀ ਕਮਿਸ਼ਨ ਵਿਚ ਰਹਿ ਕੇ ਹਰ ਸਟੇਟ ਦੀ ਘੋਖ ਕਰਨ ਦਾ ਅਵਸਰ ਮਿਲਿਆ ਹੈ। ਹਰ ਥਾਂ ਵੱਖ-ਵੱਖ ਹਾਲਾਤ ਹਨ। ਪੰਜਾਬ ਤੋਂ ਬਾਹਰ ਸਭ ਤੋਂ ਵਧ ਸਿੱਖ ਰਾਜਸਥਾਨ ਵਿਚ ਹਨ। ਉਸ ਪਿੱਛੋਂ ਹਰਿਆਣਾ, ਫਿਰ ਦਿੱਲੀ, ਫਿਰ ਯੂ.ਪੀ., ਉਤਰਾਖੰਡ, ਕਸ਼ਮੀਰ, ਮਹਾਰਾਸ਼ਟਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼ ਆਦਿ ਹਨ। ਹਰ ਦਸ ਸਾਲ ਪਿੱਛੋਂ ਜਨਗਣਨਾ ਹੁੰਦੀ ਹੈ। ਪਿਛਲੀ 2001 ਜਨਗਣਨਾ ਅਨੁਸਾਰ ਬਾਕੀ ਕੌਮਾਂ ਦੇ ਮੁਕਾਬਲੇ ਸਿੱਖਾਂ ਦੀ ਆਬਾਦੀ ਸਭ ਤੋਂ ਘੱਟ ਵਧੀ ਹੈ।

**ਰਾਜਸਥਾਨ:** ਜਦੋਂ ਮਹਾਰਾਜਾ ਬੀਕਾਨੇਰ ਨੇ ਗੰਗ ਨਹਿਰ ਬਣਾਈ ਤਾਂ ਸਿੱਖ ਗੰਗਾਨਗਰ, ਹਨੂੰਮਾਨਗੜ੍ਹ ਵਿਚ ਖੇਤੀ ਲਈ ਜਾ ਵਸੇ। ਮਿਹਨਤ ਨਾਲ ਖੁਸ਼ਹਾਲ ਹੋ ਗਏ। ਜਿਉਂ ਜਿਉਂ ਨਹਿਰ ਅੱਗੇ ਵਧੀ ਸਿੱਖ ਜਾ ਜ਼ਮੀਨ ਖਰੀਦਦੇ। ਸਰਕਾਰ ਨੇ ਹੁਣ ਸਿੱਖਾਂ 'ਤੇ ਰੋਕ ਲਗਾ ਦਿੱਤੀ ਹੈ ਕਿ ਉਹ ਨਵੇਂ ਇਲਾਕਿਆਂ ਵਿਚ ਜ਼ਮੀਨ ਨਹੀਂ ਲੈ ਸਕਦੇ। ਜਨਗਣਨਾ ਅਨੁਸਾਰ ਪੰਜਾਬੀ ਬੋਲਣ ਵਾਲੇ ਦੂਜੇ ਨੰਬਰ 'ਤੇ ਹਨ ਪਰ ਪੰਜਾਬੀ ਨੂੰ ਦੂਜੀ ਜ਼ੁਬਾਨ ਦਾ ਦਰਜਾ ਨਹੀਂ ਮਿਲਿਆ। ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਨਾ ਹੋਣ ਬਰਾਬਰ ਹੈ। ਸਕੂਲਾਂ ਵਿਚ ਪੰਜਾਬੀ ਅਧਿਆਪਕ ਨਹੀਂ ਹਨ। ਰਾਜ-ਭਾਗ ਵਿਚ ਸਿੱਖਾਂ ਦਾ ਹਿੱਸਾ ਨਹੀਂ ਹੈ। ਸਰਕਾਰੀ ਨੌਕਰੀ ਨਾ ਦੇ ਬਰਾਬਰ ਹੈ। ਸ੍ਰੀ ਗੰਗਾਨਗਰ ਵਿਚ ਬੜਾ ਵੱਡਾ ਸਿੱਖ ਕਾਲਜ ਹੈ, ਪਰ ਫੁੱਟ ਦਾ ਸ਼ਿਕਾਰ ਹੈ।

**ਹਰਿਆਣਾ:** ਸਿੱਖ ਮਿਸਲਾਂ ਦੇ ਵਕਤ ਤੋਂ ਇੱਥੇ ਸਿੱਖ ਵੱਸ ਗਏ ਸਨ। ਵੱਡੇ-ਵੱਡੇ ਜਗੀਰਦਾਰ 230 ਸਾਲਾਂ ਤੋਂ ਰਹਿੰਦੇ ਹਨ। ਉਨ੍ਹਾਂ ਦੇ ਕਿਲ੍ਹੇ ਹਨ, ਉਚੀਆਂ ਮਾੜੀਆਂ ਹਨ ਪਰ ਹਰਿਆਣੇ ਦੇ ਲੋਕ ਜਾਣੂ ਹੀ ਨਹੀਂ ਹਨ ਕਿ ਮੁਗਲਾਂ ਤੋਂ ਸਿੱਖਾਂ ਨੇ ਹੀ ਛੁਟਕਾਰਾ ਦੁਆਇਆ ਸੀ। ਕੈਥਲ, ਕਲਸੀਆਂ, ਜੀਂਦ ਬੁੜੀਆਂ ਰਿਆਸਤਾਂ ਦੇ ਮਹਿਲ ਕਿਲ੍ਹੇ ਖਤਮ ਹੋ ਰਹੇ ਹਨ। ਭਾਈ ਸੰਤੋਖ ਸਿੰਘ ਦੀ ਹਵੇਲੀ ਕੈਥਲ ਵਿਚ ਵਿਕਣ ਬਾਅਦ ਕਿਸੇ ਦੀ ਰਿਹਾਇਸ਼ ਬਣ ਗਈ ਹੈ। ਪੰਜਾਬ ਮਸਲੇ ਦਾ ਸਭ ਤੋਂ ਵੱਧ ਨੁਕਸਾਨ ਹਰਿਆਣਾ ਦੇ ਸਿੱਖਾਂ ਨੂੰ ਹੋਇਆ ਹੈ। ਪੰਜਾਬੀ ਕੇਵਲ ਮੁੱਖ ਸਕੂਲਾਂ ਵਿਚ ਹੀ ਪੜ੍ਹਾਈ ਜਾਂਦੀ ਹੈ। ਹੁਣ ਤਕ ਸਰਕਾਰ ਨੇ ਘੱਟ ਗਿਣਤੀ ਕਮਿਸ਼ਨ ਸਥਾਪਤ ਨਹੀਂ ਕੀਤਾ। ਬਹੁਤ ਘੱਟ ਸਿੱਖ ਐਮ.ਐਲ.ਏ. ਬਣਦੇ ਹਨ। ਸਿੱਖਾਂ ਵਿਚ ਪਾਰਟੀਬਾਜ਼ੀ ਵੀ ਬੜੀ ਹੈ। ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਸਲਾ ਖੜ੍ਹਾ ਹੈ।

**ਦਿੱਲੀ:** ਕਦੇ ਇਥੇ ਸਿੱਖਾਂ ਦਾ ਬੋਲਬਾਲਾ ਸੀ। ਬਾਬਾ ਬਚਿੱਤਰ ਸਿੰਘ, ਮੇਅਰ, ਸ. ਗੁਰਮੁਖ ਨਿਹਾਲ ਸਿੰਘ ਮੁੱਖ ਮੰਤਰੀ, ਨਵੀਂ ਦਿੱਲੀ ਮਿਉਂਸਪਲ ਕਮੇਟੀ ਵਿਚ ਸ. ਮੋਹਨ ਸਿੰਘ, ਫਿਰ ਭਾਈ ਮੋਹਨ ਸਿੰਘ, ਸਿੱਖ ਮੈਂਬਰ ਪਾਰਲੀਮੈਂਟ ਆਦਿ ਹੁੰਦੇ ਸੀ। ਪਰ ਅੱਜ ਸਥਿਤੀ ਬਦਲ ਗਈ ਹੈ। ਸਿੱਖਾਂ ਦੀ ਆਬਾਦੀ 1984 ਦੇ ਪਿੱਛੋਂ ਘੱਟ ਗਈ ਹੈ। ਕਦੇ 11 ਲੱਖ ਸੀ, ਹੁਣ 6 ਲੱਖ ਰਹਿ ਗਈ ਹੈ। ਗੁਰਦੁਆਰੇ ਬਹੁਤ ਬਣ ਗਏ ਹਨ। ਸਕੂਲ, ਕਾਲਜ, ਟੈਕਨੀਕਲ ਇੰਸਟੀਚਿਊਸ਼ਨ, ਵੱਡੀਆਂ ਬਿਲਡਿੰਗਾਂ ਹਨ ਪਰ ਐਜੂਕੇਸ਼ਨ ਦਾ ਮਿਆਰ ਘੱਟ ਹੈ। ਪੰਜਾਬੀ ਨੂੰ ਬੀ.ਜੇ.ਪੀ. ਦੇ ਰਾਜ 2003 ਵਿਚ ਦੂਜਾ ਦਰਜਾ ਮਿਲ ਗਿਆ ਸੀ। ਦਿੱਲੀ ਦੁਨੀਆਂ ਭਰ ਦੇ ਸਿੱਖਾਂ ਦਾ ਸੈਂਟਰ ਬਣ ਸਕਦਾ ਹੈ। ਸਿੱਖ ਮਿਊਜ਼ੀਅਮ ਸਿੱਖ ਲਾਇਬਰੇਰੀ, ਸਿੱਖ ਕਲਾ, ਸਿੱਖ ਸੰਗੀਤ ਆਦਿ ਇਥੇ ਸਾਡੀ ਹੋਂਦ ਲਈ ਬਣਨੇ ਜ਼ਰੂਰੀ ਹਨ। ਦਿੱਲੀ ਨੂੰ ਹੀ ਠੀਕ ਕਰ ਲਿਆ ਜਾਵੇ ਤਾਂ ਸਿੱਖਾਂ ਦੇ ਅੱਧੇ ਮਸਲੇ ਹੱਲ ਹੋ ਸਕਦੇ ਹਨ। ਸਿੱਖ ਪ੍ਰਚਾਰ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਹੋਵੇ, ਇਥੇ ਇਸ ਦੀ ਲੋੜ ਹੈ।

**ਉਤਰਾਖੰਡ:** ਪੰਜਾਬ ਤੋਂ ਬਾਹਰ ਸਿੱਖਾਂ ਨੇ ਯੂ.ਪੀ. ਦੇ ਤਰਾਈ ਦੇ ਜੰਗਲਾਂ ਨੂੰ ਖੇਤੀਯੋਗ ਬਣਾ ਕੇ ਆਪਣਾ ਨਾਂ ਕਮਾਇਆ। ਸ਼ੇਰ ਚੀਤਿਆਂ ਨਾਲ ਲੜ ਕੇ ਸਭ ਕੁਝ ਦਾਅ 'ਤੇ ਲਾ ਦਿੱਤਾ। ਜਦ ਇਲਾਕਾ ਵਸ ਗਿਆ ਤਾਂ ਸਰਕਾਰ ਸਿੱਖਾਂ ਨੂੰ ਭੁੱਲ ਗਈ। ਜਦ ਯੂ.ਪੀ. ਦੀ ਵੰਡ ਹੋਈ ਤਾਂ ਤਰਾਈ ਨੂੰ ਵੰਡ ਕੇ ਊਧਮ ਸਿੰਘ ਜ਼ਿਲ੍ਹਾ ਉਤਰਾਖੰਡ ਵਿਚ ਪਾ ਦਿੱਤਾ। ਦੇਹਰਾਦੂਨ ਵਿਚ ਅਮੀਰ ਸਿੱਖ ਵਸਦੇ ਹਨ। ਮਸੂਰੀ ਵਿਚ ਪਹਿਲਾ ਸਿੱਖ ਪਬਲਿਕ ਸਕੂਲ 1969 ਵਿਚ ਸ੍ਰੀ ਹੁਕਮ ਸਿੰਘ ਦੀ ਹਿੰਮਤ ਨਾਲ ਖੁੱਲ੍ਹਿਆ। ਹੇਮਕੁੰਟ ਸਾਹਿਬ, ਰਿਸ਼ੀਕੇਸ਼ ਤੇ ਹਰਿਦੁਆਰ ਕਰਕੇ ਇਹ ਸੂਬਾ ਪ੍ਰਸਿੱਧ ਹੈ। 3 ਲੱਖ ਤੋਂ ਵੱਧ ਸਿੱਖ ਯਾਤਰੂ ਹੇਮਕੁੰਟ ਸਾਹਿਬ ਹਰ ਸਾਲ ਜਾਂਦੇ ਹਨ। ਸਾਰੇ ਇਲਾਕੇ ਦੀ ਆਰਥਿਕਤਾ ਸਿੱਖ ਯਾਤਰੂਆਂ 'ਤੇ ਨਿਰਭਰ ਹੈ। ਪੰਜਾਬੀ ਬੋਲੀ ਵਾਲੇ ਨੰਬਰ ਦੋ 'ਤੇ ਹਨ, ਪਰ ਸਰਕਾਰ ਵਲੋਂ ਕੋਈ ਸਹੂਲਤ ਨਹੀਂ ਹੈ। ਨਿਰਮਲੇ ਸੰਤਾਂ ਦਾ ਵੱਡਾ ਸਥਾਨ ਰਿਸ਼ੀਕੇਸ਼ ਤੇ ਹਰਿਦੁਆਰ ਵਿਚ ਹੈ। ਬਾਬਾ ਸ੍ਰੀਚੰਦ ਦਾ ਅਖਾੜਾ ਵੀ ਇਥੇ ਹੀ ਹੈ।

**ਉੱਤਰ ਪ੍ਰਦੇਸ਼:** ਇਥੇ ਸਿੱਖਾਂ ਦੀ ਗਿਣਤੀ ਛੇ ਲੱਖ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕੋਈ ਰਾਜਸੀ ਪ੍ਰਾਪਤੀ ਨਹੀਂ ਹੋ ਸਕੀ। ਕਦੇ ਯੂ.ਪੀ. ਸਿੱਖ ਪ੍ਰਤੀਨਿਧ ਬੋਰਡ ਹੁੰਦਾ ਸੀ। 1974 ਦੀਆਂ ਚੋਣਾਂ ਵਿਚ ਸਿੱਖ ਐਮ.ਐਲ.ਏ. ਬਣੇ ਸ੍ਰੀ ਚਰਨ ਸਿੰਘ ਤੇ ਸ੍ਰੀ ਕੁਲਤਾਰ ਸਿੰਘ (ਸ਼ਹੀਦ ਭਗਤ ਸਿੰਘ ਦਾ ਭਰਾ) ਵਜ਼ੀਰ ਵੀ ਬਣੇ। ਇਕ ਵਾਰ ਸ੍ਰੀ ਇੰਦਰ ਸਿੰਘ ਕਾਨਪੁਰ ਤੇ ਉਸਦਾ ਲੜਕਾ ਸ੍ਰੀ ਰਾਮ ਸਿੰਘ ਦੋਵੇਂ ਰਾਜ ਸਭਾ ਮੈਂਬਰ ਬਣੇ। ਹੁਣ ਤਾਂ ਸਿੱਖ ਐਮ.ਐਲ.ਏ. ਵੀ ਨਹੀਂ ਹੈ। ਪੰਜਾਬੀ ਬੋਲੀ ਲਈ ਕੁਝ ਵੀ ਨਹੀਂ। ਕਾਨਪੁਰ ਵਿਚ ਵੱਡੀ ਗਿਣਤੀ ਸਿੱਖਾਂ ਦੀ ਹੈ। ਸਿੱਖ ਗੁਰਦੁਆਰੇ, ਸਕੂਲ ਬਹੁਤ ਹਨ ਪਰ ਸਟਾਫ ਨਹੀਂ ਹੈ। ਪੰਜਾਬੀ ਟੀਚਰ ਮਿਲਦੇ ਹੀ ਨਹੀਂ। ਬਿਹਾਰ ਵਿਚ ਸਿੱਖ ਸ਼ਹਿਰਾਂ ਵਿਚ ਵਸਦੇ ਹਨ। ਸਕੂਲ ਕਾਲਜ ਵੀ ਚਲਾ ਰਹੇ ਹਨ। ਇਕ ਮੈਡੀਕਲ ਕਾਲਜ ਸਿੱਖਾਂ ਨੇ 1988 ਵਿਚ ਬਣਵਾਇਆ ਸੀ, ਪਰ ਇਸ ਦਾ ਕਬਜ਼ਾ ਪੰਜਾਬ ਦੇ ਲੀਡਰਾਂ ਨੇ ਲੈ ਰੱਖਿਆ ਹੈ। ਝਾਰਖੰਡ ਵੱਖਰਾ ਸੂਬਾ ਬਣਾਇਆ ਗਿਆ ਹੈ। ਉਥੇ ਇਕ ਸਿੱਖ ਸ੍ਰੀ ਇੰਦਰ ਸਿੰਘ ਨਾਮਧਾਰੀ ਨੇ ਆਪਣਾ ਰਾਜਸੀ ਥਾਂ ਬਣਾ ਰੱਖਿਆ ਹੈ। ਰਾਂਚੀ ਵਿਚ ਚੰਗੀ ਵਸੋਂ ਹੈ।



**ਮੱਧ ਪ੍ਰਦੇਸ਼:** ਇਹ ਇਕੋ ਥਾਂ ਹੈ ਜਿੱਥੇ ਸਿੱਖਾਂ ਨੇ ਧਾਰਮਿਕ ਜਥੇਬੰਦੀ ਕਾਮਯਾਬੀ ਨਾਲ ਚਲਾ ਰੱਖੀ ਹੈ। ਕੇਂਦਰੀ ਸਿੱਖ ਸਭਾ ਕਮੇਟੀ ਬੜੀ ਸੇਵਾ ਕਰ ਰਹੀ ਹੈ। ਵਧੀਆ ਮੈਗਜ਼ੀਨ, ਕੈਂਪ ਸੈਮੀਨਾਰ ਹੁੰਦੇ ਹਨ। ਇਹੋ ਜਿਹਾ ਪ੍ਰੋਗਰਾਮ ਕਿਸੇ ਹੋਰ ਸੂਬੇ ਵਿਚ ਨਹੀਂ ਹੈ। ਭੁਪਾਲ ਇੰਦੌਰ, ਜਬਲਪੁਰ ਵਿਚ ਸਿੱਖਾਂ ਨੇ ਗੁਰਦੁਆਰੇ, ਸਕੂਲ, ਕਾਲਜ ਸਥਾਪਤ ਕੀਤੇ ਹਨ। ਪੰਜਾਬੀ ਅਕਾਦਮੀ ਸਰਕਾਰ ਵਲੋਂ ਸਥਾਪਤ ਹੈ। ਹਰ ਸ਼ਤਾਬਦੀ ਸ਼ਾਨਦਾਰ ਢੰਗ ਨਾਲ ਮਨਾਈ ਜਾਂਦੀ ਹੈ। 1952 ਤੋਂ ਸਿੱਖ ਮੈਂਬਰ ਪਾਰਲੀਮੈਂਟ ਚੁਣਿਆ ਜਾਂਦਾ ਹੈ। ਦੋ ਜਾਂ ਤਿੰਨ ਐਮ.ਐਲ.ਏ. ਵੀ ਬਣਦੇ ਹਨ। ਸਿੱਖ ਵਜ਼ੀਰ ਵੀ ਰਹੇ ਹਨ। ਹਰ ਪੱਖੋਂ ਸਿੱਖ ਸ਼ਾਨ ਵਿਚ ਹਨ। ਵੱਡੇ-ਵੱਡੇ ਰਿਟਾਇਰ ਸਿੱਖ ਅਫਸਰ ਗੁਰਦੁਆਰਾ ਕਮੇਟੀ ਨਾਲ ਜੁੜੇ ਹੋਏ ਹਨ।

**ਬੰਗਾਲ ਤੇ ਪੂਰਬ ਭਾਰਤ:** ਗੁਰੂ ਸਾਹਿਬਾਨ ਪੂਰਬੀ ਭਾਰਤ ਵਿਚ ਅਸਾਮ, ਬੰਗਾਲ ਸਿੱਕਿਮ ਆਦਿ ਇਲਾਕੇ ਵਿਚ ਗਏ ਸਨ। ਅਸਾਮ ਵਿਚ ਹੁਣ ਵੀ ਅਸਾਮੀ ਸਿੱਖਾਂ ਦੇ ਕਈ ਪਿੰਡ ਹਨ ਪਰ ਪੰਜਾਬੀ ਨਹੀਂ ਬੋਲ ਸਕਦੇ, ਸਿੱਖੀ ਸਰੂਪ ਹੈ। ਧੁਬੜੀ ਦਾ ਗੁਰਦੁਆਰਾ ਆਮ ਅਸਾਮੀਆਂ ਨਾਲ ਮੇਲੇ 'ਤੇ ਭਰ ਜਾਂਦਾ ਹੈ। ਗੁਹਾਟੀ ਵਿਚ ਵਧੀਆ ਗੁਰਦੁਆਰਾ ਹੈ। ਅਸਾਮੀ ਸਿੱਖ ਸਰਕਾਰੀ ਅਫਸਰ ਵੀ ਹਨ। ਤ੍ਰਿਪੁਰਾ, ਨਾਗਾਲੈਂਡ, ਮਨੀਪੁਰ ਵਿਚ ਹਰ ਥਾਂ ਸਿੱਖ ਹਨ ਤੇ ਗੁਰਦੁਆਰੇ ਵੀ ਹਨ। ਲੋਕਾਂ ਵਿਚ ਸਿੱਖਾਂ ਦੀ ਕਦਰ ਹੈ। ਬੰਗਾਲ ਵਿਚ ਸਿੱਖਾਂ ਕੋਲ ਟਰਾਂਸਪੋਰਟ ਦਾ ਸਾਰਾ ਵਪਾਰ ਹੁੰਦਾ ਸੀ। ਹੁਣ ਇਹ ਕੰਮ ਘਟਿਆ ਹੈ। ਸਿੱਖ ਰਿਵਿਊ ਮੈਗਜ਼ੀਨ ਕੈਪਟਨ ਭਾਗ ਸਿੰਘ ਨੇ ਅਰੰਭ ਕੀਤਾ ਸੀ। ਸਾਰੀ ਦੁਨੀਆਂ ਵਿਚ ਇਹ ਇਕ ਹੀ ਸਿੱਖ ਅੰਗਰੇਜ਼ੀ ਮੈਗਜ਼ੀਨ ਹੈ। ਸਿੱਖਾਂ ਵਿਚ ਗਰੁਪਬਾਜ਼ੀ ਬੜੀ ਹੈ। ਪੰਜਾਬੀ ਦਾ ਰੋਜ਼ਾਨਾ ਅਖਬਾਰ 'ਦੇਸ਼ ਦਰਪਨ' 70 ਸਾਲ ਤੋਂ ਛਪ ਰਿਹਾ ਹੈ।

**ਉੜੀਸਾ:** ਇਥੇ ਸਿੱਖ ਵਸੋਂ ਨਾਂਹ ਦੇ ਬਰਾਬਰ ਹੈ। ਕੁਝ ਸਿੱਖਾਂ ਨੇ ਸਮੁੰਦਰ ਕਿਨਾਰੇ ਇਕ ਗੁਰਦੁਆਰਾ ਭਾਈ ਹਿੰਮਤ ਸਿੰਘ (ਪੰਜਵਾਂ ਪਿਆਰਾ) ਬਣਾ ਦਿੱਤਾ ਹੈ। ਸਰਕਾਰ ਹੁਣ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਛੁੱਟੀ ਕਰਦੀ ਹੈ। ਤਾਮਿਲਨਾਡੂ, ਕਰਨਾਟਕ, ਕੇਰਲ ਵਿਚ ਥੋੜ੍ਹੇ-ਥੋੜ੍ਹੇ ਸਿੱਖ ਹਨ। ਜਦ ਸ੍ਰੀ ਉੱਜਲ ਸਿੰਘ ਗਵਰਨਰ ਸਨ ਤਾਂ ਉਨ੍ਹਾਂ ਰਾਜ ਭਵਨ ਤੋਂ ਜ਼ਮੀਨ ਦੇ ਕੇ ਗੁਰੂ ਨਾਨਕ ਕਾਲਜ ਮਦਰਾਸ ਵਿਚ ਬਣਵਾ ਦਿੱਤਾ ਸੀ, ਜੋ ਚੱਲ ਰਿਹਾ ਹੈ ਪਰ ਨਾ ਸਿੱਖ ਪ੍ਰੋਫੈਸਰ ਨਾ ਵਿਦਿਆਰਥੀ ਹਨ। ਕੋਚੀਨ ਵਿਚ ਗੁਰਦੁਆਰਾ ਹੈ। ਚੇਨਈ ਵਿਚ ਪ੍ਰਭਾਵਸ਼ਾਲੀ ਗੁਰਦੁਆਰਾ ਹੈ। ਹੁਣ ਰਾਮੇਸ਼ਵਰਮ ਵਿਚ ਇਤਿਹਾਸਕ ਗੁਰਦੁਆਰਾ ਬਣ ਗਿਆ ਹੈ। ਕਈ ਸ਼ਹਿਰਾਂ ਵਿਚ ਖਾਸ ਕਰਕੇ ਕੋਇੰਬਟੂਰ ਵਿਚ, ਸਿੱਖ ਵਸਦੇ ਹਨ ਤੇ ਸੌਖੇ ਹਨ।

ਬਿਦਰ ਵਿਚ ਇਤਿਹਾਸਕ ਗੁਰਦੁਆਰੇ ਦੀ ਯਾਤਰਾ ਹੈ। ਉਥੇ ਖਾਲਸਾ ਇੰਜੀਨੀਅਰਿੰਗ ਕਾਲਜ ਚੱਲ ਰਿਹਾ ਹੈ। ਭਾਈ ਧਰਮ ਸਿੰਘ ਦੀ ਯਾਦ ਵਿਚ ਕਮਿਊਨਿਟੀ ਸੈਂਟਰ ਬਣ ਗਿਆ ਹੈ।

**ਆਂਧਰਾ:** ਹੈਦਰਾਬਾਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਫੌਜੀ ਆਏ ਸਨ ਤੇ ਫਿਰ ਉਥੇ ਵੱਸ ਗਏ ਸਨ। ਸਿੱਖਾਂ ਦੇ ਮੁਹੱਲੇ ਹਨ। ਦੱਖਣੀ ਸਿੱਖਾਂ ਦੀ ਚੜ੍ਹਤ ਹੈ। ਉਨ੍ਹਾਂ ਨੂੰ ਸਿੱਖ ਲਿਟਰੇਚਰ ਤੇ ਪੰਜਾਬੀ ਦੀ ਪੜ੍ਹਾਈ ਤੇ ਸਹੂਲਤ ਦੀ ਲੋੜ ਹੈ। ਕਈ ਸ਼ਹਿਰਾਂ ਵਿਚ ਸਿੱਖ ਵਸੇ ਹਨ, ਸੌਖੇ ਹਨ।

**ਮਹਾਰਾਸ਼ਟਰ:** ਪੰਜਾਬੋਂ ਬਾਹਰ ਪਹਿਲਾ ਸਿੱਖੀ ਨਿਸ਼ਾਨ ਬੰਬਈ ਵਿਚ ਝੁੱਲਿਆ ਸੀ ਜਦ ਖਾਲਸਾ ਕਾਲਜ ਉਥੇ 1935 ਸਥਾਪਤ ਹੋਇਆ। ਬੰਬਈ ਵਿਚ ਗੁਰੂ ਨਾਨਕ ਹਸਪਤਾਲ ਉਚ ਪੱਧਰ ਦਾ ਬਣਿਆ ਹੈ। ਦੋ ਵਾਰ ਸ਼ਹਿਰ ਦਾ ਸ਼ੈਰਿਫ ਸਿੱਖ ਸ੍ਰੀ ਦਲੀਪ ਸਿੰਘ ਤੇ ਸ੍ਰੀ ਕੁਲਵੰਤ ਸਿੰਘ ਕੋਹਲੀ ਬਣਿਆ ਹੈ। ਸ੍ਰੀ ਕੇ.ਐਸ. ਬੇਦੀ ਬੰਬੇ ਦਾ ਮੇਅਰ ਵੀ ਬਣਿਆ ਸੀ। ਸ਼ਹਿਰ ਵਿਚ 30 ਦੇ ਕਰੀਬ ਖਾਲਸਾ ਸਕੂਲ ਤੇ ਕਾਲਜ ਹਨ। ਗੁਰਦੁਆਰਾ ਦਾਦਰ ਸਿੱਖਾਂ ਦਾ ਕੇਂਦਰ ਹੈ। ਕਈ ਸਿੱਖ ਕਾਲੋਨੀਆਂ ਹਨ। ਪੂਨਾ, ਨਾਸਿਕ ਹਰ ਸ਼ਹਿਰ ਵਿਚ ਸਿੱਖਾਂ ਦੀ ਚੜ੍ਹਤ ਹੈ। ਦੋ ਵਾਰ ਸਿੱਖ ਐਮ.ਐਲ.ਏ. ਵੀ ਬਣੇ ਹਨ। ਨਾਗਪੁਰ ਦਾ ਮੇਅਰ ਵੀ ਸਰਦਾਰ ਰਹਿ ਚੁੱਕਾ ਹੈ। ਸਿੱਖ ਵਿਦਿਅਕ ਅਦਾਰੇ ਬੜੇ ਹਨ। ਹਜ਼ੂਰ ਸਾਹਿਬ ਨਾਂਦੇੜ ਦੀ ਬੜੀ ਤਰੱਕੀ ਹੋਈ ਹੈ। 300 ਸਾਲਾ ਦਿਹਾੜਾ ਮਨਾਉਣ ਨਾਲ ਬਹੁਤ ਪ੍ਰਚਾਰ ਹੋਇਆ ਹੈ। ਯਾਤਰੂਆਂ ਦੀ ਭਰਮਾਰ ਹੈ। ਸੰਤ ਨਿਧਾਨ ਸਿੰਘ ਦੇ ਲੰਗਰ ਸਥਾਨ ਦੀ ਜਿਤਨੀ ਸਿਫਤ ਕਰੀਏ ਥੋੜ੍ਹੀ ਹੈ। ਬੰਜਾਰੇ ਤੇ ਸਿਕਲੀਗਰ ਸਿੱਖੀ ਨਾਲ ਜੁੜੇ ਹਨ। ਪਰ ਗਰੀਬੀ ਤੋਂ ਉਪਰ ਨਹੀਂ ਉਠ ਸਕੇ।

ਦਰਅਸਲ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਵਿਚ ਆਪਸੀ ਤਾਲਮੇਲ ਨਹੀਂ ਹੈ। ਪੰਜਾਬ ਨੇ ਦੂਜੇ ਰਾਜਾਂ ਦੇ ਸਿੱਖਾਂ ਲਈ ਮੁਸ਼ਕਲਾਂ ਤਾਂ ਖੜ੍ਹੀਆਂ ਕੀਤੀਆਂ ਪਰ ਕਦੇ ਉਨ੍ਹਾਂ ਦੀ ਸਾਰ ਨਹੀਂ ਲਈ। ਕਈ ਸਿੱਖ ਕੌਂਸਲਾਂ ਬਣੀਆਂ ਪਰ ਚੱਲੀਆਂ ਨਾ। ਪੰਜਾਬੀ ਬੋਲੀ ਖਤਮ ਹੋ ਰਹੀ ਹੈ। ਆਮ ਸਿੱਖਾਂ ਦੇ ਘਰਾਂ ਵਿਚ ਹਿੰਦੀ ਦੇ ਗੁਟਕੇ ਪ੍ਰਚਲਿਤ ਹਨ। ਬਾਹਰਲੇ ਸਿੱਖਾਂ ਨੂੰ ਪੰਜਾਬ ਵਿਚ ਸਨਮਾਨ ਦੇਣ ਦੀ ਪਰੰਪਰਾ ਬਣਾਉਣ ਨਾਲ ਉਨ੍ਹਾਂ ਅੰਦਰ ਉਤਸ਼ਾਹ ਵਧੇਗਾ।

# ਛੋਟਾ ਘੱਲੂਘਾਰਾ

**ਰਘਬੀਰ ਸਿੰਘ ਤੀਰ**

ਭਾਰਤ ਤੇ ਜ਼ਿਆਦਾ ਕਰ ਕੇ ਬਾਹਰਲੇ ਜਰਵਾਣਿਆਂ ਦੇ ਹਮਲੇ ਪੰਜਾਬ ਰਾਹੀਂ ਹੀ ਹੋਏ ਹਨ। ਇਨ੍ਹਾਂ ਆਫਤਾਂ ਦੀ ਬਲਦੀ ਦੇ ਬੁੱਥੇ ਪੰਜਾਬ ਅਤੇ ਖ਼ਾਸ ਕਰਕੇ ਮਾਝੇ ਦੇ ਲੋਕਾਂ ਨੂੰ ਆਉਣਾ ਪੈਂਦਾ ਰਿਹਾ ਹੈ। ਮਾਝੇ ਦੇ ਲੋਕਾਂ ਦੀ ਹੀ ਜ਼ਿਆਦਾ ਜਾਨ-ਮਾਲ ਦੀ ਲੁੱਟ-ਖਸੁੱਟ ਹੁੰਦੀ ਰਹੀ ਹੈ। ਮੁਗਲ ਕਾਲ ਸਮੇਂ ਜ਼ਾਲਮ ਹਾਕਮਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਦੀ ਠਾਣੀ ਹੋਈ ਸੀ। ਅਨੇਕਾਂ ਸਿੰਘ ਬਲੀ ਵੇਦੀ ਤੇ ਕੁਰਬਾਨੀਆਂ ਦੇ ਚੁੱਕੇ ਸਨ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਸਨ। ਅਜਿਹੀ ਜ਼ੁਲਮ ਦੀ ਹਨੇਰੀ ਤੋਂ ਬਚਣ ਲਈ ਸਿੱਖਾਂ ਨੇ ਆਪਣੇ ਘਰ ਬਾਰ ਛੱਡ ਜੰਗਲਾਂ ਅਤੇ ਮਾਰੂਥਲਾਂ ਵਿਚ ਓਟ ਆਸਰਾ ਲੈ ਲਿਆ ਸੀ। ਇਸ ਸਮੇਂ ਹੀ ਇਕ ਅਜਿਹੀ ਘਟਨਾ ਵਾਪਰ ਗਈ ਜਦੋਂ ਕਿ ਥਾਂ-ਥਾਂ ਤੋਂ ਧੱਕੇ ਹੋਏ ਸਿੱਖਾਂ ਦਾ ਇਕ ਜਥਾ ਐਮਨਾਬਾਦ ਵਿਖੇ ਗੁਰਦੁਆਰਾ 'ਰੋੜੀ ਸਾਹਿਬ' ਦੇ ਦਰਸ਼ਨ ਕਰਨ ਲਈ ਉੱਥੇ ਪੁੱਜਾ ਸੀ। ਇਸ ਇਲਾਕੇ ਦੇ ਫੌਜਦਾਰ ਨੇ ਉਨ੍ਹਾਂ ਨੂੰ ਤੁਰੰਤ ਉਥੋਂ ਚਲੇ ਜਾਣ ਦੇ ਹੁਕਮ ਸੁਣਾ ਦਿੱਤੇ ਸਨ। ਸਿੰਘਾਂ ਨੇ ਉਹਨੂੰ ਕਿਹਾ ਸੀ ਕਿ ਉਹ ਚਲੇ ਜਾਣਗੇ ਪਰ ਉਨ੍ਹਾਂ ਨੂੰ ਕੇਵਲ ਇਕ ਰਾਤ ਲਈ ਰਹਿਣ ਅਤੇ ਰਸਦ ਆਦਿ ਖਰੀਦ ਕੇ ਅੰਨ ਪਾਣੀ ਛਕ ਲੈਣ ਦਿੱਤਾ ਜਾਵੇ। ਸਿੰਘ ਕਈ ਦਿਨਾਂ ਤੋਂ ਫਾਕੇ 'ਤੇ ਸਨ। ਹੰਕਾਰੇ ਹੋਏ ਜਸਪਤ ਰਾਏ ਨੇ ਉਨ੍ਹਾਂ ਦੀ ਇੱਕ ਨਾ ਮੰਨੀ ਤੇ ਸਿੰਘਾਂ ਨੂੰ ਫੌਜ ਲੈ ਕੇ ਆ ਘੇਰਿਆ। ਸਿੱਖਾਂ ਨੇ ਉਸ ਦਾ ਡਟ ਕੇ ਟਾਕਰਾ ਕੀਤਾ ਜਿਸ ਵਿਚ ਜਸਪਤ ਰਾਏ ਮਾਰਿਆ ਗਿਆ। ਜਸਪਤ ਰਾਏ ਲਖਪਤ ਰਾਏ ਦਾ ਭਰਾ ਸੀ। ਭਰਾ ਦੀ ਮੌਤ ਦਾ ਸੁਣ ਕੇ ਲਖਪਤ ਰਾਏ ਅੱਗ ਬਗੂਲਾ ਹੋ ਗਿਆ। ਉਸਨੇ ਪ੍ਰਣ ਕੀਤਾ ਸੀ ਕਿ ਉਹ ਵੀ ਖੱਤਰੀ ਹੈ ਅਤੇ ਖ਼ਾਲਸਾ ਪੰਥ ਸਾਜਣ ਵਾਲਾ ਗੁਰੂ ਗੋਬਿੰਦ ਸਿੰਘ ਵੀ ਖੱਤਰੀ। ਉਹ ਆਪਣੇ ਆਪ ਨੂੰ ਤਦ ਤੱਕ ਖੱਤਰੀ ਨਹੀਂ ਅਖਵਾਵੇਗਾ ਜਦੋਂ ਤੱਕ ਭਰਾ ਦੀ ਮੌਤ ਦਾ ਬਦਲਾ ਨਹੀਂ ਲੈ ਲੈਂਦਾ।

ਲਖਪਤ ਰਾਏ ਜਿਹੜਾ ਉਸ ਸਮੇਂ ਯਾਹੀਆ ਖਾਂ ਕੋਲ ਦੀਵਾਨ ਸੀ, ਆਪਣੀ ਫਰਿਆਦ ਲੈ ਕੇ ਯਾਹੀਆ ਖਾਂ ਕੋਲ ਪੇਸ਼ ਹੋਇਆ। ਉਸਨੇ ਸੂਬਾ ਲਾਹੌਰ ਕੋਲ ਫੌਜੀ ਮਦਦ ਮੰਗਦਿਆਂ ਹੋਇਆਂ ਪ੍ਰਣ ਕੀਤਾ ਕਿ ਉਹ ਸਿੱਖਾਂ ਦਾ ਖੁਰਾ ਖੋਜ ਮਿਟਾ ਕੇ ਹੀ ਦਮ ਲਵੇਗਾ। ਉਸਨੇ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਲਾਹੌਰ ਸ਼ਹਿਰ ਵਿਚ ਜਿਤਨੇ ਸਿੱਖ ਵੱਸਦੇ ਸਨ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਮਾਰਚ, 1746 ਈ. ਨੂੰ ਕਤਲ ਕਰਨ ਲਈ ਬੁੱਚੜਾਂ ਦੇ ਹਵਾਲੇ ਕਰ ਦਿੱਤਾ। ਲਖਪਤ ਰਾਏ ਦੇ ਕੁਲ-ਗੁਰੂ ਗੁਸਾਂਈਂ ਜਗਤ ਭਗਤ ਨੇ ਆਪਣੇ ਦੂਸਰੇ ਸਾਥੀਆਂ ਨੂੰ ਨਾਲ ਲੈ ਕੇ ਉਸਨੂੰ ਅਜਿਹਾ ਨੀਚ ਕੰਮ ਕਰਨ ਤੋਂ ਰੋਕਿਆ ਪਰ ਉਹ ਨਾ ਟਲਿਆ ਅਤੇ ਸਾਰੇ ਸਿੱਖਾਂ ਨੂੰ ਕਤਲ ਕਰਵਾ ਦਿੱਤਾ ਗਿਆ। ਯਾਹੀਆ ਖਾਂ ਅਤੇ ਲਖਪਤ ਰਾਏ ਦੀ ਸਾਂਝੀ ਕਮਾਨ ਹੇਠਾਂ ਬਹੁਤ ਵੱਡੀ ਫੌਜ ਸਮੇਤ ਹਕੂਮਤ ਦੇ ਦੂਸਰੇ ਹਮਾਇਤੀਆਂ ਦੀ ਫੌਜ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ''ਕਾਹਨੂੰਵਾਨ ਦੇ ਛੰਭ'' ਜਿਹੜਾ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦਾ ਸੀ, ਵੱਲ ਕੂਚ ਕਰ ਦਿੱਤਾ। ਇਸ ਛੰਭ ਵਿਚ ਉਸ ਸਮੇਂ 15 ਹਜ਼ਾਰ ਦੇ ਕਰੀਬ ਸਿੰਘ ਸ਼ਰਨ ਲਈ ਬੈਠੇ ਸਨ। ਰੁੱਖਾਂ ਦੇ ਝੁੰਡ ਹੋਣ ਕਰਕੇ ਮੁਗਲਈ ਫੌਜ ਨੂੰ ਨਾਲ ਲਿਆਂਦੀਆਂ ਤੋਪਾਂ ਲੈ ਕੇ ਜੰਗਲ ਅੰਦਰ ਦਾਖਲ ਹੋਣ ਵਿਚ ਔਕੜ ਪੇਸ਼ ਆ ਰਹੀ ਸੀ। ਮੁਗਲਾਂ ਨੇ ਰੁੱਖ ਵੱਢ ਕੇ ਰਾਹ ਪੱਧਰਾ ਕੀਤਾ ਤੇ ਉਨ੍ਹਾਂ ਨੇ ਤੋਪਾਂ ਦੇ ਜ਼ੋਰ 'ਤੇ ਸਿੰਘਾਂ ਨੂੰ ਛੰਭ ਵਿਚੋਂ ਉਖੇੜ ਕੇ ਦਰਿਆ ਰਾਵੀ ਵਲ ਧੱਕ ਦਿੱਤਾ।

ਸਿੰਘ ਦਰਿਆ ਰਾਵੀ ਪਾਰ ਕਰਕੇ 'ਪਰੋਲ' ਅਤੇ 'ਕਠੂਹੇ' ਇਲਾਕੇ ਵਲ ਵਧੇ। ਸਿੰਘਾਂ ਨੂੰ ਆਸ ਸੀ ਕਿ ਉਸ ਇਲਾਕੇ ਦੀ ਹਿੰਦੂ ਜਨਤਾ ਉਨ੍ਹਾਂ ਦਾ ਸਾਥ ਦੇਵੇਗੀ ਪਰ ਹੋਇਆ ਇਸ ਦੇ ਉਲਟ। ਉਨ੍ਹਾਂ ਦੀ ਇਹ ਆਸ ਝੂਠੀ ਨਿਕਲੀ ਕਿਉਂਕਿ ਮੁਗਲ ਹਕੂਮਤ ਨੇ ਪਹਿਲਾਂ ਹੀ ਹੁਕਮ ਜਾਰੀ ਕਰ ਦਿੱਤਾ ਸੀ ਕਿ ਜਿਹੜਾ ਵੀ ਸਿੱਖਾਂ ਦੀ ਮਦਦ ਕਰੇਗਾ ਜਾਂ ਪਨਾਹ ਦੇਵੇਗਾ ਸਜ਼ਾ ਦਾ ਭਾਗੀ ਹੋਵੇਗਾ। ਮਦਦ ਦੀ ਥਾਂ ਸਿੰਘਾਂ ਦਾ ਸੁਆਗਤ ਪੱਥਰਾਂ ਅਤੇ ਗੋਲੀਆਂ ਨਾਲ ਹੋਇਆ। ਭਾਵੀ ਹੀ ਗੰਭੀਰ ਸਥਿਤੀ ਬਣ ਗਈ ਸੀ। ਸਾਹਮਣੇ ਸਿੱਧੇ ਖੜੇ ਪਹਾੜ ਸਨ, ਸੱਜੇ ਪਾਸੇ ਠਾਠਾਂ ਮਾਰਦਾ ਦਰਿਆ ਅਤੇ ਪਿੱਛੇ ਤੋਂ ਵੈਰੀ ਦੀ ਮਾਰੋ ਮਾਰ ਕਰਦੀ ਵਧ ਰਹੀ ਫੌਜ। ਖਾਣ ਪੀਣ ਦੀ ਰਸਦ ਖਤਮ ਹੋ ਚੁੱਕੀ ਸੀ। ਘੋੜੇ ਵੀ ਤੁਰ ਤੁਰ ਕੇ ਨਿਢਾਲ ਹੋ ਕੇ ਮਰ ਰਹੇ ਸਨ। ਇਸ ਬਿਪਤਾ ਵਿਚ ਵੀ ਸਿੰਘਾਂ ਨੇ ਹੌਂਸਲਾ ਨਾ ਛੱਡਿਆ। ਆਗੂਆਂ ਨੇ ਫੈਸਲਾ ਕੀਤਾ ਕਿ ਪੈਦਲ ਜਵਾਨ ਪਹਾੜਾਂ ਵਲ ਵਧਣ ਅਤੇ ਘੋੜ ਅਸਵਾਰ ਵੈਰੀ ਦਲ ਨੂੰ ਚੀਰ ਕੇ ਨਿਕਲਣ ਦਾ ਯਤਨ ਕਰਨ। ਜਿਹੜੇ ਪਹਾੜਾਂ ਵਲ ਗਏ ਸਨ ਉਹ 'ਮੰਡੀ' ਅਤੇ 'ਕੁਲੂ' ਦੇ ਇਲਾਕੇ 'ਚੋਂ ਹੁੰਦੇ ਹੋਏ ਕਸ਼ਟ ਝੱਲਦੇ ਛੇ ਮਹੀਨਿਆਂ ਪਿੱਛੋਂ ਕੀਰਤਪੁਰ ਸਾਹਿਬ ਖਾਲਸੇ ਨੂੰ ਜਾ ਮਿਲੇ ਸਨ। ਬਾਕੀ ਰਹਿੰਦੇ ਸਿੰਘ ਭਾਈ ਸੁੱਖਾ ਸਿੰਘ ਜੀ ਦੀ ਅਗਵਾਈ ਹੇਠਾਂ ਵੈਰੀ ਦਲ ਤੇ ਟੁੱਟ ਪਏ। ਸਿੰਘਾਂ ਦੀ ਗਿਣਤੀ ਬੇਸ਼ਕ ਥੋੜ੍ਹੀ ਸੀ ਪਰ ਉਹ ਹੌਂਸਲੇ ਨਾਲ ਲੜਦੇ ਹੋਏ ਵੈਰੀਆਂ ਦੀ ਮਾਰ 'ਚੋਂ ਨਿਕਲਣ ਵਿਚ ਸਫਲ ਹੋ ਗਏ ਸਨ। ਇਸ ਲੜਾਈ ਵਿਚ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ।

ਦੋ-ਤਿੰਨ ਹਜ਼ਾਰ ਸਿੰਘ ਰਾਵੀ ਦਰਿਆ ਪਾਰ ਕਰਕੇ ਗੁਰਦਾਸਪੁਰ ਦੇ ਰਿਆੜਕੀ ਇਲਾਕੇ ਵਿਚ ਪਹੁੰਚ ਗਏ। ਗਰਮੀ ਅੱਤ ਦੀ ਸੀ। ਤਪਦੀ ਰੇਤ ਤੋਂ ਬਚਣ ਲਈ ਉਨ੍ਹਾਂ ਨੇ ਆਪਣੇ ਲੀੜੇ ਪਾੜ ਕੇ ਪੈਰਾਂ ਤੇ ਪੱਟੀਆਂ ਬਣਾ ਕੇ ਬੰਨ੍ਹ ਲਏ ਸਨ। ਖਾਣ ਲਈ ਲੰਗਰ ਤਿਆਰ ਕਰਨ ਲਈ ਉਨ੍ਹਾਂ ਨੇ ਆਪਣੀਆਂ ਢਾਲਾਂ ਨੂੰ ਰੇਤ ਤੇ ਰੱਖ ਗਰਮ ਕਰ ਕੇ ਰੋਟੀਆਂ ਬਣਾਉਣੀਆਂ ਆਰੰਭੀਆਂ ਹੀ ਸਨ ਕਿ ਖਬਰ ਮਿਲੀ ਕਿ ਲਖਪਤ ਰਾਏ ਦੀ ਫੌਜ ਉਨ੍ਹਾਂ ਦਾ ਪਿੱਛਾ ਕਰਦੀ ਹੋਈ ਦਰਿਆ ਪਾਰ ਕਰਕੇ ਨੇੜੇ ਪਹੁੰਚ ਗਈ ਹੈ। ਰੇਤਲਾ ਇਲਾਕਾ ਲੰਘ ਕੇ ਸਿੰਘ ਸ੍ਰੀ ਹਰਗੋਬਿੰਦਪੁਰ ਦੇ ਨੇੜਿਉਂ ਦਰਿਆ ਬਿਆਸ ਪਾਰ ਕਰ ਕੇ ਦਰਿਆ ਸਤਲੁਜ ਵਲ ਵਧ ਗਏ ਸਨ। ਆਲੀਵਾਲ ਦੇ ਪੱਤਣ ਤੋਂ ਉਨ੍ਹਾਂ ਨੇ ਸਤਲੁਜ ਦਰਿਆ ਪਾਰ ਕੀਤਾ ਅਤੇ ਉਹ ਮਾਲਵੇ ਵਿਚ ਪਹੁੰਚ ਗਏ। ਇਹ ਘਟਨਾ ਜੂਨ, ਸੰਨ 1746 ਦੀ ਹੈ। ਲੱਖਪਤ ਰਾਏ ਦੀ ਫੌਜ ਵੀ ਲੜ ਲੜ ਕੇ ਹੰਭ ਗਈ ਸੀ ਅਤੇ ਬਹੁਤ ਸਾਰੀ ਫੌਜ ਮਰ-ਖੱਪ ਵੀ ਗਈ ਸੀ। ਇਸੇ ਕਰਕੇ ਲਖਪਤ ਰਾਏ ਵੀ ਵਾਪਸ ਲਾਹੌਰ ਪਰਤ ਗਿਆ ਸੀ।

ਇਸ ਮੁਹਿੰਮ ਵਿਚ ਲਖਪਤ ਰਾਏ ਨੇ ਘੱਟੋ-ਘੱਟ ਸਤ ਹਜ਼ਾਰ ਸਿੰਘ ਸ਼ਹੀਦ ਕੀਤੇ ਅਤੇ ਤਿੰਨ ਕੁ ਹਜ਼ਾਰ ਸਿੰਘਾਂ ਨੂੰ ਕੈਦ ਕਰਕੇ ਆਪਣੇ ਨਾਲ ਲਾਹੌਰ ਲੈ ਗਿਆ ਸੀ, ਜਿੱਥੇ ਉਨ੍ਹਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਸਿਰਾਂ ਦੇ ਮੀਨਾਰ ਬਣਾਏ ਗਏ ਸਨ ਜਦੋਂ ਕਿ ਲੋਥਾਂ ਨੂੰ ਇਕ ਮਸੀਤ ਦੀ ਦੀਵਾਰ ਹੇਠਾਂ ਦਫਨ ਕਰ ਦਿੱਤਾ ਗਿਆ ਸੀ। ਇਹ ਪਹਿਲਾ ਮੌਕਾ ਸੀ ਜਦੋਂ ਸਿੱਖਾਂ ਦਾ ਇੱਕੋ ਹੀ ਮੁਹਿੰਮ ਵਿਚ ਏਡਾ ਵੱਡਾ ਨੁਕਸਾਨ ਹੋਇਆ ਸੀ। ਇਸ ਸਾਕੇ ਨੂੰ ''ਛੋਟਾ ਘਲੂਘਾਰਾ'' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਜਿਸ ਵਿਚ ਮਾਝੇ ਨੇ ਵੱਡਾ ਸੰਤਾਪ ਹੰਢਾਇਆ ਸੀ।

# ਜੱਟ, ਸਿੱਖ ਅਤੇ ਧੀਆਂ

## ਰੰਗ-ਬੇਰੰਗ

**ਡਾ. ਗੁਰਨਾਮ ਕੌਰ**

ਮੇਰੇ ਨਾਨਕੇ ਸਾਡੇ ਪਿੰਡ ਤੋਂ ਕਾਫੀ ਦੂਰ, ਤਕਰੀਬਨ ਦਸ ਕੁ ਮੀਲ ਪੈਂਦੇ ਸੀ, ਚਮਕੌਰ ਸਾਹਿਬ ਦੇ ਨੇੜੇ ਵੱਡੇ ਮਕੜੌਨੇ। ਮਾਂ ਅਤੇ ਮਾਮਾ ਬੱਸ ਦੋਵੇਂ ਭੈਣ ਭਰਾ ਸੀ। ਬੇਜੀ ਦਸਦੇ ਹੁੰਦੇ ਸੀ ਕਿ ਸਾਡੇ ਨਾਨੇ ਦੀ ਮੌਤ ਸਿਰਫ ਪੱਚੀ ਕੁ ਸਾਲ ਦੀ ਉਮਰ ਵਿਚ ਹੋ ਗਈ ਸੀ। ਨਾਨੀ ਨੇ ਦੋਵੇਂ ਬੱਚੇ ਪਾਲੇ। ਨਾਨੀ ਵੀ ਪੰਜਾਹ ਕੁ ਸਾਲ ਦੀ ਉਮਰ ਵਿਚ ਪੂਰੀ ਹੋ ਗਈ ਸੀ। ਮਾਮਾ ਜੀ ਬੇਜੀ ਤੋਂ ਛੋਟੇ ਸੀ ਪਰ ਉਨ੍ਹਾਂ ਦਾ ਕੋਈ ਬੱਚਾ ਨਹੀਂ ਸੀ। ਉਨ੍ਹਾਂ ਨੂੰ ਸਾਡੇ ਨਾਲ ਬਹੁਤ ਜਿਆਦਾ ਮੋਹ ਸੀ। ਮਿਲਟਰੀ ਵਿਚ ਹੀ ਅੰਮ੍ਰਿਤ ਛਕਿਆ ਸੀ ਅਤੇ ਬੜੇ ਪੱਕੇ ਗੁਰਸਿੱਖ ਸਨ। ਉਨ੍ਹਾਂ ਨੂੰ ਸਮੇਤ ਜਪੁਜੀ ਸਾਹਿਬ, ਸੁਖਮਨੀ ਸਾਹਿਬ, ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਸਵੱਯੇ ਬਹੁਤ ਸਾਰੀ ਬਾਣੀ ਜ਼ੁਬਾਨੀ ਯਾਦ ਸੀ। ਸਾਡੇ ਨਾਨਕਿਆਂ ਨੂੰ ਜਾਣ ਲਈ ਉਦੋਂ ਪਿੰਡੋਂ ਕਿਸੇ ਪਾਸਿਉਂ ਵੀ ਬੱਸ ਨਹੀਂ ਸੀ ਲੱਗਦੀ ਹੁੰਦੀ। ਗੱਡੇ, ਘੋੜੀ ਤੇ ਜਾਂ ਪੈਦਲ ਹੀ ਲਖਣਪੁਰ ਦੀ ਖੂਹੀ ਤੋਂ ਹੋ ਕੇ, ਹਵਾਰੇ ਦੇ ਰੇਤ ਦੇ ਟਿੱਬੇ ਚੜਦਿਆਂ ਉਤਰਦਿਆਂ ਜਾਈਦਾ ਸੀ। ਜਦੋਂ ਭਾਖੜਾ ਡੈਮ ਬਣਨ ਨਾਲ ਸੂਏ ਨਿਕਲੇ ਤਾਂ ਸੂਏ-ਸੂਏ ਤੁਰਕੇ ਆ ਜਾਈਦਾ ਸੀ। ਜਦੋਂ ਮੈਂ ਦੂਸਰੀ ਵਿਚ ਪੜ੍ਹਦੀ ਸੀ ਅਤੇ ਮੇਰੀ ਛੋਟੀ ਭੈਣ ਹਾਲੇ ਸਕੂਲ ਦਾਖਲ ਨਹੀਂ ਸੀ ਹੋਈ ਤਾਂ ਗਰਮੀ ਦੀਆਂ ਛੁੱਟੀਆਂ ਵਿਚ ਅਸੀਂ ਦੋਵੇਂ ਜਣੀਆਂ ਬੇਜੀ ਨਾਲ ਨਾਨਕੇ ਗਈਆਂ। ਛੁੱਟੀਆਂ ਖਤਮ ਹੋਣ ਤੇ ਸਾਨੂੰ ਮਾਮਾ ਜੀ ਛੱਡਣ ਆਏ। ਉਨ੍ਹਾਂ ਨੇ ਮੈਨੂੰ ਉਂਗਲ ਲਾਇਆ ਸੀ ਅਤੇ ਮੇਰੀ ਛੋਟੀ ਭੈਣ ਨੂੰ ਮੋਢੇ ਤੇ ਬਿਠਾਇਆ ਸੀ। ਰਸਤੇ ਵਿਚ ਆਉਂਦਿਆਂ ਉਨ੍ਹਾਂ ਨੇ ਸਾਨੂੰ ਦੋ ਸ਼ਬਦ ਯਾਦ ਕਰਾਏ, "ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ", ਅਤੇ "ਊਠਤ ਸੁਖੀਆ ਬੈਠਤ ਸੁਖੀਆ,"। ਇਹ ਦੋਵੇਂ ਸ਼ਬਦ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਹਨ। ਇਹ ਸ਼ਬਦ ਯਾਦ ਕਰਨ ਤੋਂ ਬਾਅਦ ਜਿਵੇਂ ਇਹ ਆਦਤ ਬਣ ਗਈ ਹੋਵੇ, ਇਨ੍ਹਾਂ ਸ਼ਬਦਾਂ ਨੂੰ ਦੁਹਰਾਉਂਦੇ ਰਹਿਣ ਦੀ। ਇਹ ਆਦਤ ਹੁਣ ਤੱਕ ਨਿਭਦੀ ਆ ਰਹੀ ਹੈ ਕਿ ਜਦੋਂ ਵੀ ਮਨ ਕਿਸੇ ਉਲਝਣ ਵਿਚ ਹੁੰਦਾ ਹੈ ਤਾਂ ਇਹ ਸ਼ਬਦ ਦੁਹਰਾਉਣ ਲੱਗ ਪੈਂਦੀ ਹਾਂ।



ਡਾ. ਗੁਰਨਾਮ ਕੌਰ

ਮੇਰੇ ਬੇਜੀ ਸਵੇਰੇ ਉੱਠ ਕੇ ਜੰਗਲ ਪਾਣੀ ਹੋਣ ਤੋਂ ਬਾਅਦ, ਇਸ਼ਨਾਨ ਕਰਕੇ ਦੁੱਧ ਰਿੜਕਣ ਲੱਗ ਪੈਂਦੇ ਸੀ। ਅਤੇ ਨਾਲ ਹੀ ਪਾਠ ਕਰਦੇ ਹੁੰਦੇ ਸੀ। ਉਨ੍ਹਾਂ ਦੇ ਪਾਠ ਵਿਚ ਇਕ ਸ਼ਬਦ ਕਬੀਰ ਜੀ ਦਾ ਸ਼ਾਮਲ ਹੁੰਦਾ ਸੀ, "ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ।" ਜੱਟ ਦੀ ਗੁਰੂ ਲਈ ਸ਼ਰਧਾ ਬੜੀ ਨਿਰਾਲੀ ਕਿਸਮ ਦੀ ਹੈ। ਨਿਰਾਲੀ ਇਸ ਤਰ੍ਹਾਂ ਹੈ ਕਿ ਉਹ ਪਾਠ ਭਾਵੇਂ ਕਰੇ ਭਾਵੇਂ ਨਾ, ਪੂਰਨ ਗੁਰਸਿੱਖ ਹੋਵੇ ਭਾਵੇਂ ਨਾ ਪਰ ਉਹ ਗੁਰੂ ਦੇ ਨਾਂ ਤੇ ਮਰਨ ਮਾਰਨ ਲਈ, ਆਪਣੀ ਜਾਨ ਦੇਣ ਲਈ ਝੱਟ ਤਿਆਰ ਹੋ ਜਾਂਦਾ ਹੈ, ਭਾਵੇਂ ਉਸਦੀ ਕੁਰਬਾਨੀ ਦਾ ਫ਼ਲ ਪੰਥਕ ਕਹੇ ਜਾਣ ਵਾਲੇ ਅਕਾਲੀ ਲੀਡਰ ਖਾ ਜਾਂਦੇ ਹਨ ਜਾਂ ਸ਼ਹਿਰੀ ਸਿੱਖ। ਜੱਟ ਤਾਂ ਵਿਚਾਰਾ ਗੁਰੂ ਦੇ ਨਾਂ 'ਤੇ ਕੁਰਬਾਨ ਹੋਣ ਵਾਲਾ ਹੀ ਹੈ।

ਸਾਡੇ ਪਿੰਡ ਜਦੋਂ ਸਿਲਾਈ ਕਢਾਈ, ਸਿੱਖਾਉਣ ਦਾ ਸਰਕਾਰੀ ਸੈਂਟਰ ਖੁਲ੍ਹਿਆ ਮੈਂ ਪੰਜਵੀਂ ਵਿਚ ਪੜ੍ਹਦੀ ਸੀ। ਉਦੋਂ ਪਿੰਡ ਦਾ ਸਰਪੰਚ ਅਰਜਨ ਸਿੰਘ ਮਿਸਤਰੀ ਹੁੰਦਾ ਸੀ ਜਿਸ ਦੀ ਭਤੀਜੀ ਮੇਰੀ ਭੈਣ ਗੁਰਮੇਲ ਨਾਲ ਸੈਂਟਰ ਵਿਚ ਸਿਲਾਈ ਸਿੱਖਦੀ ਸੀ। ਉਨ੍ਹਾਂ ਦਾ ਰਿਹਾਇਸ਼ੀ ਮਕਾਨ ਤਾਂ ਦੂਸਰੀ ਗਲੀ ਵਿਚ ਫਰਕ ਨਾਲ ਸੀ ਪਰ ਬਾਹਰਲਾ ਘਰ ਸਾਡੇ ਵਕੀਲ ਵਾਲੇ ਬਾਹਰਲੇ ਘਰ ਨਾਲ ਲਗਦਾ ਸੀ। ਸਾਡੇ ਦੋ ਬਾਹਰਲੇ ਘਰ ਸੀ। ਉਹ ਭੈਣ ਦੀ ਸਹੇਲੀ ਬਣ ਗਈ। ਉਦੋਂ ਪੰਜਾਬ ਸਰਕਾਰ ਦਾ ਪਿੰਡਾਂ ਦੀ ਤਰੱਕੀ ਵਲ ਬਹੁਤ ਧਿਆਨ ਹੁੰਦਾ, ਨਿਜੀ ਮਾਇਆ ਇਕਠੀ ਕਰਨ ਦਾ ਭ੍ਰਿਸ਼ਟ ਰਿਵਾਜ ਨਹੀਂ ਸੀ ਪਿਆ। ਪਿੰਡ ਵਿਚ ਸਰਕਾਰ ਵਲੋਂ ਲਾਇਬ੍ਰੇਰੀ ਵਾਸਤੇ ਬਹੁਤ ਸਾਰੀਆਂ ਕਿਤਾਬਾਂ ਆਈਆਂ, ਤਕਰੀਬਨ ਉਦੋਂ ਦੇ ਪੰਜਾਬੀ ਦੇ ਸਾਰੇ ਨਾਮਵਰ ਲੇਖਕਾਂ ਦੀਆਂ ਲਿਖਤਾਂ ਸ਼ਾਮਲ ਸਨ ਜਿਵੇਂ ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫੈਸਰ ਮੋਹਨ ਸਿੰਘ, ਨਾਨਕ ਸਿੰਘ ਨਾਵਲਿਸਟ, ਗੁਰਬਖਸ਼ ਸਿੰਘ ਪ੍ਰੀਤਲੜੀ, ਗੁਰਮੁਖ ਸਿੰਘ ਮੁਸਾਫਿਰ, ਅੰਮ੍ਰਿਤਾ ਪ੍ਰੀਤਮ, ਸੁਜਾਨ ਸਿੰਘ, ਭਾਈ ਵੀਰ ਸਿੰਘ ਅਤੇ ਸੰਤੋਖ ਸਿੰਘ ਧੀਰ ਆਦਿ। ਲਾਇਬ੍ਰੇਰੀ ਦੀ ਕੋਈ ਇਮਾਰਤ ਨਾ ਬਣੀ ਹੋਣ ਕਰਕੇ ਪੁਸਤਕਾਂ ਸਰਪੰਚ ਦੇ ਘਰ ਹੀ ਹੁੰਦੀਆਂ ਸਨ। ਮੇਰੀ ਭੈਣ ਨੂੰ ਆਪ ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ। ਉਸਨੇ ਇਕ ਵਾਰ ਵਿਚ ਵੱਖ ਵੱਖ ਚਾਰ ਕਿਤਾਬਾਂ ਇਕੱਠੀਆਂ ਲੈ ਆਉਣੀਆਂ। ਮੇਰੀ ਛੋਟੀ ਭੈਣ ਮੇਰੇ ਤੋਂ ਦੋ ਜਮਾਤਾਂ ਪਿਛੇ ਸੀ। ਪਿੰਡ ਹਾਲੇ ਬਿਜਲੀ ਨਹੀਂ ਸੀ ਆਈ, ਜਦੋਂ ਬਿਜਲੀ ਆਈ ਉਦੋਂ ਮੈਂ ਅੱਠਵੀਂ ਵਿਚ ਸਾਂ। ਅਸੀਂ ਵੱਡੀ ਲਾਲਟੈਣ, ਜਗਾ ਕੇ ਵਿਚਕਾਰ ਸਟੂਲ ਉੱਤੇ ਰੱਖ ਲੈਣੀ। ਆਲੇ-ਦੁਆਲੇ ਪੀੜ੍ਹੀਆਂ ਡਾਹ ਕੇ ਤਿੰਨਾਂ ਭੈਣਾਂ ਅਤੇ ਭਤੀਜੇ ਹਰਦੇਵ ਸਿੰਘ ਨੇ ਕਿਤਾਬਾਂ ਪੜ੍ਹਨ ਬੈਠ ਜਾਣਾ। ਸਾਰਾ ਟੱਬਰ ਸੌਂ ਜਾਣ ਤੇ ਵੀ ਅਸੀਂ ਬੈਠੇ ਪੜ੍ਹਦੇ ਰਹਿੰਦੇ। ਜਦੋਂ ਅਸੀਂ ਇਸ ਤਰ੍ਹਾਂ ਕਿਤਾਬਾਂ ਵਿਚ ਗੁੰਮ ਹੁੰਦੇ ਤਾਂ ਬੇਜੀ ਨੂੰ ਪਤਾ ਲੱਗ ਜਾਂਦਾ ਕਿ ਅਸੀਂ ਸਕੂਲ ਕੋਰਸ ਕਿਤਾਬਾਂ ਨਹੀਂ, ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹ ਰਹੇ ਹਾਂ। ਉਨ੍ਹਾਂ ਨੇ ਗਈ ਰਾਤ ਸਾਨੂੰ ਝਿੜਕ ਕੇ ਸੁਲਾਉਣਾ। ਬੇਜੀ ਨੂੰ ਅੱਖਰ ਗਿਆਨ ਨਹੀਂ ਸੀ ਪਰ ਉਨ੍ਹਾਂ ਦੀ ਸਮਝ ਬਹੁਤ ਡੂੰਘੀ ਸੀ। ਪਿੰਡ ਦੀ ਲਾਇਬ੍ਰੇਰੀ ਸਦਕਾ ਹੀ ਪੰਜਾਬੀ ਦੇ ਮਹਾਨ ਲੇਖਕਾਂ ਦੀਆਂ ਲਿਖਤਾਂ ਦੀ ਸਿਆਣ ਹੋਈ, ਨਾਨਕ ਸਿੰਘ ਦੇ ਨਾਵਲਾਂ, ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਭਾਬੀ ਮੈਨਾ, ਪ੍ਰਿੰਸੀਪਲ ਤੇਜਾ ਸਿੰਘ ਦੀ ਆਰਸੀ, ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਅਤੇ ਡਾਕਟਰ ਦੇਵ ਅਤੇ ਕਾਵਿ ਸੰਗ੍ਰਿਹ 'ਸੁਨੇਹੜੇ' ਆਦਿ ਪੜ੍ਹੀਆਂ। ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਅਤੇ ਇਕ ਹੋਰ ਪੁਸਤਕ 'ਬੀਬੀ ਸ਼ਰਨ ਕੌਰ' ਪੜ੍ਹੀ ਜਿਸਨੇ ਸਿੱਖ ਇਸਤਰੀ ਦੇ ਵਿਲੱਖਣ ਵਿਅਕਤੀਤਵ ਦੀ ਜਾਣ ਪਛਾਣ ਕਰਾਈ। ਇਨ੍ਹਾਂ ਪੁਸਤਕਾਂ ਤੋਂ ਹੀ 'ਅੱਖਰ' ਦੀ ਇੱਜ਼ਤ ਕਰਨੀ ਸਿੱਖੀ, ਜਿਸ ਕਰਕੇ ਮੈਂ ਕਦੇ ਵੀ ਅਖਬਾਰ, ਕਾਪੀ ਜਾਂ ਪੁਸਤਕ ਆਪਣੇ ਨੀਚੇ ਰੱਖ ਕੇ ਨਹੀਂ ਬੈਠ ਸਕਦੀ। ਭਾਵੇਂ ਕਿਹੋ ਜਿਹੀ ਵੀ ਥਾਂ ਤੇ ਬੈਠਣਾ ਪਵੇ।

ਕੋਟਲਾ ਸ਼ਮਸ਼ਪੁਰ ਵਿਚ ਜਟ ਸਿੱਖ ਭਾਈਚਾਰਾ ਦੋ ਕਿਸਮ ਦਾ ਹੈ। ਇਕ ਜਗੀਰਦਾਰਾਂ ਦਾ ਜੋ ਆਪਣੇ ਆਪ ਨੂੰ "ਸਰਦਾਰ" ਕਹਾਉਂਦੇ ਹਨ ਅਤੇ ਜਿਨਾਂ ਦਾ ਗੋਤ ਕੰਗ ਹੈ। ਕਹਿੰਦੇ ਹਨ ਇਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਵੇਲੇ 10-10, 15-15 ਰੁਪਏ ਜਗੀਰਾਂ ਲੱਗੀਆਂ ਸਨ। ਜਗੀਰਦਾਰ ਔਰਤਾਂ ਜਦੋਂ ਘਰੋਂ ਬਾਹਰ ਨਿਕਲਦੀਆਂ ਤਾਂ ਉਨ੍ਹਾਂ ਨੇ ਚੁੰਨੀ ਦੇ ਉਤੋਂ ਦੀ ਇਕ ਹੋਰ ਕਢੀ ਹੋਈ ਜਾਂ ਚਿਕਨ ਦੀ ਚਿੱਟੀ ਚਾਦਰ ਲਈ ਹੁੰਦੀ ਜੋ ਉਨ੍ਹਾਂ ਦੇ ਸਾਰੇ ਵਜੂਦ ਨੂੰ ਢੱਕ ਲੈਂਦੀ ਅਤੇ ਇਹ ਉਨ੍ਹਾਂ ਦੀ ਵੱਖਰੀ ਪਹਿਚਾਣ ਦਾ ਚਿੰਨ੍ਹ ਸੀ। ਮੈਨੂੰ ਪਹਿਲੇ-ਪਹਿਲ ਇਹ ਬੜਾ ਅਜੀਬ ਲੱਗਦਾ ਕਿਉਂਕਿ ਸਾਡੇ ਪਿੰਡ ਇਹ ਰਿਵਾਜ ਨਹੀਂ ਸੀ। ਸਾਡੇ ਨਾਲ ਬਹੁਤੀਆਂ ਕੁੜੀਆਂ ਜਗੀਰਦਾਰਾਂ ਦੀਆਂ ਹੀ ਸਨ ਕਿਉਂਕਿ ਪਿੰਡ ਵਿਚ ਇਨ੍ਹਾਂ ਦੀ ਬਹੁਗਿਣਤੀ ਵੀ ਸੀ ਅਤੇ ਪੜ੍ਹਨ ਵਲ ਰੁਚੀ ਵੀ ਜਿਆਦਾ ਸੀ। ਇਥੇ ਬਣੀਆਂ ਬਹੁਤੀਆਂ ਸਹੇਲੀਆਂ ਦਾ ਸਾਥ ਸਮਰਾਲੇ ਦਸਵੀਂ ਤੱਕ ਰਿਹਾ। ਕੋਟਲੇ ਦੇ ਬਹੁਤੇ ਬੱਚਿਆਂ ਦੇ ਨਾਨਕੇ ਗਰੇਵਾਲਾਂ ਦੇ ਪਿੰਡੀਂ ਖਾਸ ਕਰਕੇ ਗੁਜਰਵਾਲ ਅਤੇ ਨਾਰੰਗਵਾਲ ਸਨ, ਜਿਸ ਕਰਕੇ ਇਹ ਕੁੜੀਆਂ ਆਮ ਜੱਟਾਂ ਦੀਆਂ ਕੁੜੀਆਂ ਨਾਲੋਂ ਜਿਆਦਾ ਤੇਜ ਸਨ ਅਤੇ ਫੂੰ-ਫਾਂ ਵਾਲੀਆਂ ਵੀ। ਦੂਸਰਾ ਭਾਈਚਾਰਾ "ਮਾਨ" ਗੋਤ ਦੇ ਆਮ ਜੱਟਾਂ ਦਾ ਹੈ। ਇਨ੍ਹਾਂ ਕੁੜੀਆਂ ਨਾਲ ਵੀ ਸਾਡਾ ਕਾਫੀ ਸਹੇਲਪੁਣਾ ਸੀ। ਵਿਹੜੇ ਵਿਚੋਂ ਅਤੇ ਹੋਰ ਬਰਾਦਰੀਆਂ ਵਿਚੋਂ ਵੀ ਕੁੜੀਆਂ ਪੜ੍ਹਦੀਆਂ ਸਨ। ਸਾਡੇ ਪਿੰਡ ਨਾਲੋਂ ਕੋਟਲਾ ਸਮਸ਼ਪੁਰ ਵਿਚ ਕੁੜੀਆਂ ਦੀ ਪੜ੍ਹਾਈ ਵਲ ਜਿਆਦਾ ਤਵੱਜੋ ਦਿੱਤੀ ਜਾਂਦੀ ਸੀ। ਮਾਸਟਰ ਅਮਰਨਾਥ ਦੀ ਛੁੱਟੀ ਵਾਲੇ ਦਿਨ ਸਾਨੂੰ ਇਕ ਹੋਰ ਅਧਿਆਪਕ ਪੜਾਉਂਦਾ, ਜਿਸ ਦਾ ਸੁਭਾ ਮਾਸਟਰ ਅਮਰਨਾਥ ਤੋਂ ਬਿਲਕੁਲ ਉਲਟ ਸੀ। ਉਸਦੇ ਗੁੱਸੇ ਵਾਲੇ ਸੁਭਾ ਕਾਰਨ ਪਿਠ ਪਿਛੇ ਬੱਚੇ ਉਸਨੂੰ "ਭਾਪਾ" ਕਹਿੰਦੇ ਹੁੰਦੇ ਸਨ।

ਸਕੂਲ ਦੇ ਨਾਲ ਹੀ ਪਿੰਡ ਦਾ ਗੁਰਦੁਆਰਾ ਸੀ, ਜਿਸਨੂੰ ਸਕੂਲ ਵਿਚੋਂ ਦਰਵਾਜ਼ਾ ਸੀ। ਸਕੂਲ ਲੱਗਣ ਤੋਂ ਪਹਿਲਾਂ ਜਾਂ ਅੱਧੀ ਛੁੱਟੀ ਵੇਲੇ ਬੱਚੇ ਇਥੇ ਮਥਾ ਟੇਕਣ ਚਲੇ ਜਾਂਦੇ। ਸਕੂਲ ਅਤੇ ਗੁਰਦੁਆਰੇ ਦੀ ਬਾਹਰਲੀ ਦੀਵਾਰ ਦੇ ਨਾਲ ਹਲਟੀ ਵਾਲਾ ਖੂਹ ਸੀ ਜਿਸਦੇ ਨਾਲ ਪਾਣੀ ਜਮ੍ਹਾ ਕਰਨ ਲਈ ਵੱਡੀ ਸਾਰੀ ਖੇਲ ਬਣੀ ਹੋਈ ਸੀ ਜਿਸਤੇ ਅੱਧੀ ਛੁੱਟੀ ਵੇਲੇ ਅਸੀਂ ਤਖਤੀਆਂ ਧੋਂਦੇ। ਪੰਜਵੀਂ ਵਿਚ ਪੜ੍ਹਦਿਆਂ ਇਕ ਦਿਨ ਸਾਨੂੰ ਸਕੂਲ ਵਿਚ ਦੱਸਿਆ ਗਿਆ ਕਿ ਪੰਡਿਤ ਪੰਤ, ਸੈਂਟਰ ਵਿਚ ਮਨਿਸਟਰ ਨੇ ਚੰਡੀਗੜ੍ਹ ਤੋਂ ਲੁਧਿਆਣਾ ਨੂੰ ਲੰਘਣਾ ਹੈ। ਇਸ ਲਈ ਸਾਰੇ ਬੱਚਿਆਂ ਨੇ ਉਸਦੇ ਸੁਆਗਤ ਲਈ ਸੜਕ ਦੇ ਕਿਨਾਰੇ ਖੜ੍ਹੇ ਹੋਣਾ ਹੈ। ਬੱਚੇ ਕਤਾਰਾਂ ਵਿਚ ਬੈਠੇ ਇੰਤਜ਼ਾਰ ਕਰ ਰਹੇ ਸੀ ਜਦੋਂ ਪੰਡਿਤ ਪੰਤ ਬਿਨਾਂ ਛੱਤ ਦੀ ਕਾਰ ਵਿਚ ਖੜ੍ਹ ਕੇ ਬਚਿਆਂ ਨੂੰ ਹਥ ਹਿਲਾਉਂਦੇ ਅਤੇ ਹੱਥ ਜੋੜ ਕੇ ਨਮਸਕਾਰ ਦਾ ਉੱਤਰ ਦਿੰਦੇ ਧੀਮੀ ਗਤੀ ਨਾਲ ਲੰਘੇ। ਅੱਜ ਕਲ੍ਹ ਸੂਬੇ ਦੇ ਮਨਿਸਟਰਾਂ ਦੀ ਕਾਰ ਦੇ ਅੱਗੇ ਪਿਛੇ ਵੀ ਪੁਲਿਸ ਦੀਆਂ ਜਿਪਸੀਆਂ ਸੜਕ ਤੋਂ ਇਸ ਤਰ੍ਹਾਂ ਸੂਕਦੀਆਂ ਲੰਘਦੀਆਂ ਹਨ ਜਿਵੇਂ ਕਿਤੇ ਲੱਗੀ ਹੋਈ ਅੱਗ ਬੁਝਾਉਣੀ ਹੋਵੇ।

ਪੰਜਵੀਂ ਵਿਚ ਮੇਰੇ ਅਤੇ ਮੇਰੇ ਭਤੀਜੇ ਦੇ ਨੰਬਰ ਜਮਾਤ ਵਿਚ ਸਭ ਤੋਂ ਜ਼ਿਆਦਾ ਆਏ। ਅਸੀਂ ਤਿੰਨੋਂ ਜਣੇ (ਮੈਂ) ਮੇਰਾ ਭਤੀਜਾ ਅਤੇ ਤਾਏ ਦੀ ਪੋਤੀ, ਆਪਣੇ ਸਰਟੀਫਿਕੇਟ ਲੈ ਕੇ ਸਮਰਾਲੇ ਮੁੰਡਿਆਂ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਪਹੁੰਚੇ। ਇਥੇ ਮੇਰੇ ਭਤੀਜੇ ਦਾ ਮਾਸੜ ਸ. ਗੁਰਨਾਮ ਸਿੰਘ ਫੌਜ ਵਿਚੋਂ ਰਿਟਾਇਰ ਹੋਣ ਤੋਂ ਬਾਅਦ ਪੀ.ਟੀ. ਮਾਸਟਰ ਲੱਗਾ ਹੋਇਆ ਸੀ। ਹਰਦੇਵ ਸਿੰਘ ਨੂੰ ਮੁੰਡਿਆਂ ਦੇ ਸਕੂਲ ਦਾਖਲ ਕਰਾਉਣ ਉਪਰੰਤ ਉਹ ਮੈਨੂੰ ਤੇ ਮੁਖਤਿਆਰ ਨੂੰ ਆਪਣੇ ਸਾਈਕਲ ਤੇ ਬਿਠਾ ਕੇ ਲੜਕੀਆਂ ਦੇ ਗੌਰਮਿੰਟ ਹਾਈ ਸਕੂਲ ਛੇਵੀਂ ਵਿਚ ਦਾਖਲ ਕਰਾਉਣ ਲਿਆਏ। ਸ. ਗੁਰਨਾਮ ਸਿੰਘ ਨੂੰ ਵੀਰ ਦਾ ਸਾਂਢੂ ਹੋਣ ਕਰਕੇ ਮੈਂ ਵੀਰ ਜੀ ਹੀ ਕਹਿੰਦੀ ਸੀ ਅਤੇ ਉਨ੍ਹਾਂ ਦੇ ਪਿੰਡ ਸਮਰਾਲੇ ਦੇ ਨਾਲ ਹੀ ਪੜੌਂਦੀ ਸੀ। ਇਹ ਪੰਜਾਬੀ ਦੇ ਲਿਖਾਰੀ ਅਤੇ ਅਧਿਆਪਕ ਗੁਲਜ਼ਾਰ ਮੁਹੰਮਦ ਗੌਰੀਆ ਦਾ ਵੀ ਪਿੰਡ ਹੈ ਜਿਸਦੀ ਪਿੱਛੇ ਜਿਹੇ ਦਿਲ ਦਾ ਦੌਰਾ ਪੈਣ ਨਾਲ ਅਚਾਨਕ ਮੌਤ ਹੋ ਗਈ। ਸਆਦਤ ਹਸਨ ਮੰਟੋ ਵੀ ਇਸੇ ਪਿੰਡ ਦਾ ਸੀ। ਲੜਕੀਆਂ ਦੇ ਸਰਕਾਰੀ ਹਾਈ ਸਕੂਲ ਦੀ ਮੁੱਖ ਅਧਿਆਪਕਾ ਵਿਸ਼ਾਲ ਕੌਸ਼ਲ ਸੀ ਜੋ ਆਪਣੇ ਪਿਤਾ ਵਾਂਗ ਕੱਟੜ ਕਾਂਗਰਸੀ ਅਤੇ ਵਿਦਿਆ ਪ੍ਰਤੀ ਪੂਰਨ ਆਦਰਸ਼ਵਾਦੀ। ਉਸਨੇ ਹਮੇਸ਼ਾ ਖੱਦਰ ਦੀ ਸਲਵਾਰ ਅਤੇ ਖੱਦਰ ਦੀ ਚੁੰਨੀ ਨਾਲ ਰੰਗਦਾਰ ਕਮੀਜ ਪਹਿਨੀ ਹੁੰਦੀ। ਲੜਕੀਆਂ ਦਾ ਸਕੂਲ ਖੰਨਾ ਰੋਡ ਤੇ ਸੀ, ਜੋ ਉਸ ਵੇਲੇ ਸਮਰਾਲੇ ਦੀ ਹਦ ਸੀ। ਆਸ ਪਾਸ ਹਰੇ ਭਰੇ ਖੇਤ ਸੀ। ਸਕੂਲ ਦੀ ਪਿਛਲੀ ਕੰਧ ਨਾਲ ਵੱਡਾ ਸਾਰਾ ਟੋਭਾ ਸੀ। ਕਹਿੰਦੇ ਹਨ ਕਿ ਇਹ ਸਕੂਲ ਸ. ਜਗੀਰ ਸਿੰਘ ਕੰਗ (ਸਵਰਗੀ ਮਨਿਸਟਰ ਅਜਮੇਰ ਸਿੰਘ ਕੰਗ ਦੇ ਚਾਚਾ) ਨੇ ਆਪਣੀ ਜ਼ਮੀਨ ਤੇ ਆਪਣੀ ਬੇਟੀ ਕੰਵਲਜੀਤ ਦੇ ਨਾਂ 'ਤੇ ਬਣਵਾਇਆ ਜੋ ਪਿੱਛੋਂ ਗੌਰਮਿੰਟ ਸਕੂਲ ਬਣ ਗਿਆ। ਕੰਵਲਜੀਤ ਮੇਰੇ ਤੋਂ ਦੋ ਜਮਾਤਾਂ ਅੱਗੇ ਇਸੇ ਸਕੂਲ ਦੀ ਵਿਦਿਆਰਥਣ ਸੀ।

ਸੱਤਵੀਂ ਤੋਂ 10ਵੀਂ ਦੀਆਂ ਕਲਾਸਾਂ ਕਮਰਿਆਂ 'ਚ ਲਗਦੀਆਂ ਅਤੇ ਛੇਵੀਂ ਜਮਾਤ ਲਈ ਮੁੱਖ ਦਰਵਾਜ਼ੇ ਦੇ ਨਾਲ ਦੀਵਾਰ ਦੇ ਨਾਲ ਨਾਲ ਮਾਲੀ ਦੇ ਝੌਂਪੜੀ ਨੁਮਾ ਕਮਰੇ ਤੱਕ ਲੰਬਾ ਛੱਪਰ ਬਣਿਆ ਹੋਇਆ ਸੀ ਜਿਸ ਵਿਚ ਛੇਵੀਂ ਕਲਾਸ ਤਿੰਨ ਲੰਬੀਆਂ ਕਤਾਰਾਂ ਵਿਚ ਤਪੜਾਂ ਤੇ ਬੈਠਦੀ ਸੀ। ਅੱਠਵੀਂ, ਨੌਵੀਂ ਅਤੇ ਦਸਵੀਂ ਕਲਾਸ ਡੈਸਕਾਂ ਤੇ ਬੈਠਦੀਆਂ। ਵਰਾਂਡੇ ਨਾਲ ਬਹੁਤ ਚੌੜਾ ਰਸਤਾ ਛੱਡ ਕੇ ਦੋ ਵੱਡੇ ਵੱਡੇ ਗਰਾਊਂਡ ਸਨ ਜਿਨ੍ਹਾਂ ਦੁਆਲੇ ਫੁੱਲਾਂ ਦੀਆਂ ਕਿਆਰੀਆਂ ਅਤੇ ਅਲੀਅਰ ਦੀ ਸੁੰਦਰ ਕੱਟੀ ਹੋਈ ਵਾੜ ਚਾਰ ਚੁਫੇਰੇ ਲਾਈ ਹੋਈ ਸੀ। ਸਕੂਲ ਦੀ ਦਿੱਖ ਉਦੋਂ ਬਹੁਤ ਦਿਲ ਖਿੱਚਵੀਂ ਸੀ। ਹੁਣ ਤਾਂ ਸੁਣਿਆ ਹੈ ਕਿ ਗਰਾਊਂਡ ਵੀ ਬਿਲਡਿੰਗਾਂ ਵਿਚ ਤਬਦੀਲ ਹੋ ਗਏ ਹਨ।

ਮਿਸ ਵਿਸ਼ਾਲ ਕੌਸ਼ਲ ਨੇ ਸਕੂਲ ਵਿਚ ਅਨੁਸ਼ਾਸਨ ਬਹੁਤ ਸਖਤੀ ਨਾਲ ਲਾਗੂ ਕੀਤਾ ਹੁੰਦਾ ਸੀ। ਅਧਿਆਪਕ ਅਤੇ ਵਿਦਿਆਰਥਣਾਂ ਸਭ ਉਨ੍ਹਾਂ ਤੋਂ ਡਰਦੇ। ਛੇਵੀਂ ਜਮਾਤ ਦੀ ਇੰਚਾਰਜ ਮਿਸ ਪਤਵੰਤ ਕੌਰ ਰਾਇ ਸੀ। ਉਹ ਛੇਵੀਂ ਨੂੰ ਗਣਿਤ, ਅੰਗਰੇਜ਼ੀ ਅਤੇ ਜਨਰਲ ਸਾਇੰਸ ਪੜ੍ਹਾਉਂਦੇ ਸੀ। ਪਤਵੰਤ ਭੈਣ ਜੀ ਦਾ ਪਿੰਡ ਭਾਵੇਂ ਲੁਧਿਆਣੇ ਨੇੜੇ ਚੱਕ ਸੀ ਪਰ ਉਹ ਇਕ ਹੋਰ ਅਧਿਆਪਕਾ ਮਿਸ ਸੁਰਜੀਤ ਕੌਰ ਨਾਲ ਕਿਰਾਏ ਤੇ ਘਰ ਲੈ ਕੇ ਸਮਰਾਲੇ ਹੀ ਰਹਿੰਦੀ ਸੀ। ਮਿਸ ਸੁਰਜੀਤ ਕੌਰ ਨੌਵੀਂ ਅਤੇ ਦਸਵੀਂ ਨੂੰ ਗਣਿਤ ਅਤੇ ਸਾਇੰਸ ਪੜ੍ਹਾਉਂਦੀ। ਪਤਵੰਤ ਭੈਣ ਜੀ ਮਿਹਨਤ ਵੀ ਕਰਾਉਂਦੀ ਪਰ ਉਸਦਾ ਸੁਭਾ ਵੀ ਕਾਫੀ ਸਖਤ ਸੀ। ਇਕ ਵਾਰ ਵਿਹਲੇ ਪੀਰੀਅਡ ਵਿਚ ਸਾਡੀ ਛੇਵੀਂ ਜਮਾਤ ਦੀਆਂ ਕੁਝ ਕੁੜੀਆਂ ਉੱਚੀ ਉੱਚੀ ਗੱਲਾਂ ਕਰ ਰਹੀਆਂ ਸਨ ਅਤੇ ਰੌਲਾ ਹੈੱਡ ਦੇ ਕਮਰੇ ਤੱਕ ਜਾ ਰਿਹਾ ਸੀ। ਹੈੱਡ ਨੇ ਦਬਕਾ ਮਾਰਿਆ ਅਤੇ ਪਤਵੰਤ ਨੇ ਸਾਰੀ ਜਮਾਤ ਖੜ੍ਹੀ ਕਰ ਲਈ ਅਤੇ ਸਭ ਦੇ ਇਕ ਵਾਢਿਓਂ ਹੱਥ ਅੱਗੇ ਕਰਾ ਕੇ ਦੋਹਾਂ ਹੱਥਾਂ ਤੇ ਇਕ ਇਕ ਰੂਲ ਪੂਰੇ ਜ਼ੋਰ ਨਾਲ ਮਾਰਿਆ। ਤਿੰਨ ਦਿਨ ਮੇਰਾ ਅਤੇ ਮੇਰੇ ਵਰਗੀਆਂ ਕਈ ਹੋਰਨਾਂ ਕੁੜੀਆਂ ਦਾ ਹੱਥ ਸੁਜਾ ਰਿਹਾ। ਮੈਂ ਆਪਣੀ ਜ਼ਿੰਦਗੀ 'ਚ ਕਿਸੇ ਅਧਿਆਪਕ ਤੋਂ ਆਪਣੇ ਹੱਥ ਤੇ ਇਹ ਪਹਿਲਾ ਤੇ ਆਖਰੀ ਡੰਡਾ ਖਾਧਾ ਸੀ। ਛੇਵੀਂ ਨੂੰ ਪੰਜਾਬੀ ਗੁਰਬਚਨ ਕੌਰ ਪੜਾਉਂਦੇ ਜੋ ਆਪਣੇ ਨਾਨਕੇ ਪਿੰਡ ਹੇਡੋਂ ਤੋਂ ਹਰ ਰੋਜ਼ ਬੱਸ ਰਾਹੀਂ ਸਮਰਾਲੇ ਆਉਂਦੇ। ਉਸ ਵੇਲੇ ਸਕੂਲ ਵਿਚ ਉਹ ਇੱਕੋ ਇਕ ਵਿਆਹੁਤਾ ਅਧਿਆਪਕਾ ਸੀ। ਹਿੰਦੀ ਅਧਿਆਪਕਾ ਪ੍ਰਕਾਸ਼ਵਤੀ ਵਡੇਰੀ ਉਮਰ ਦੀ ਸੀ। ਸ਼ਾਇਦ ਉਹ ਬਾਲ ਵਿਧਵਾ ਸੀ ਜਿਸਦਾ ਕੋਈ ਬੱਚਾ ਨਹੀਂ ਸੀ। ਉਹ ਕੱਟੜ ਆਰੀਆ ਸਮਾਜੀ ਸੀ ਜੋ ਐਤਵਾਰ ਨੂੰ ਬਾਕਾਇਦਾ ਹਵਨ ਯੱਗ ਵਿਚ ਹਾਜ਼ਰੀ ਭਰਦੀ। ਹਿੰਦੀ ਸਿੱਖਾਉਣ ਲਈ ਉਹ ਆਪਣਾ ਪੂਰਾ ਜ਼ੋਰ ਲਾਉਂਦੀ। ਉਸ ਦੀ ਬਦੌਲਤ ਦਸਵੀਂ ਤੱਕ ਗਣਿਤ ਅਤੇ ਪੰਜਾਬੀ ਤੋਂ ਬਾਅਦ ਸਭ ਤੋਂ ਵੱਧ ਨੰਬਰ ਹਿੰਦੀ ਵਿਚੋਂ ਹੀ ਆਉਂਦੇ। ਪੰਜਵੀਂ ਤੋਂ ਬਾਅਦ ਸੋਚੀਦਾ ਸੀ ਬਸਤੇ ਨਾਲ ਤਖਤੀ ਨਹੀਂ ਚੁੱਕਣੀ ਪਵੇਗੀ, ਪਰ ਹਿੰਦੀ ਦੀ ਅਧਿਆਪਕਾ ਨੇ ਲਿਖਾਈ ਸੁਧਾਰਨ ਲਈ ਬਕਾਇਦਾ ਛੇਵੀਂ ਜਮਾਤ ਨੂੰ ਤਖਤੀਆਂ ਲਾਈਆਂ ਹੋਈਆਂ ਸਨ।

ਪੰਜਵੀਂ ਤੱਕ ਕੋਈ ਵਰਦੀ ਨਹੀਂ ਸੀ। ਹਾਈ ਸਕੂਲ ਵਿਚ ਵਰਦੀ ਲੱਗੀ ਹੋਈ ਸੀ-ਖੱਦਰ ਦੀ ਚਿੱਟੀ ਸਲਵਾਰ, ਫਿਰੋਜ਼ੀ ਭਾਹ ਮਾਰਦੀ ਹਰੇ ਰੰਗ ਦੀ ਕਮੀਜ਼ (ਇਹ ਰੰਗ ਸਿਰਫ ਸਮਰਾਲੇ ਦੇ ਖੱਦਰ ਭੰਡਾਰ ਵਿਚੋਂ ਮਿਲਦਾ ਸੀ) ਅਤੇ ਮਲਮਲ ਦੀ ਚਿੱਟੀ ਚੁੰਨੀ। ਪਿੰਡਾਂ ਦੀਆਂ ਸਾਰੀਆਂ ਕੁੜੀਆਂ ਸਲਵਾਰ ਕਮੀਜ਼ ਹੀ ਪਹਿਨਦੀਆਂ। ਸ਼ਹਿਰ ਦੀਆਂ ਤਿੰਨ ਚਾਰ ਲੜਕੀਆਂ ਹਰੇ ਖੱਦਰ ਦੀ ਫਰਾਕ ਪਾ ਕੇ ਆਉਂਦੀਆਂ। ਜੇ ਕੋਈ ਮਸ਼ੀਨੀ ਖੱਦਰ ਸੁਆ ਲੈਂਦੀ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ। ਕਿਸੇ ਲੜਕੀ ਨੂੰ ਹੱਥਾਂ ਵਿਚ ਚੂੜੀਆਂ ਪਾਉਣ, ਨਹੁੰ ਪਾਲਿਸ਼ ਲਾਉਣ, ਕੰਨਾਂ ਵਿਚ ਵਾਲੀਆਂ ਪਾਉਣ ਜਾਂ ਹੱਥਾਂ ਤੇ ਮਹਿੰਦੀ ਲਾਉਣ ਦੀ ਆਗਿਆ ਨਹੀਂ ਸੀ। ਪਿੰਡਾਂ ਦੀਆਂ ਕੁੜੀਆਂ ਨੇ ਜੇ ਬਜ਼ਾਰੋਂ ਕੋਈ ਕਾਪੀ, ਕਿਤਾਬ ਜਾਂ ਕੁਝ ਸਮਾਨ ਖਰੀਦਣਾ ਹੁੰਦਾ ਤਾਂ ਉਨ੍ਹਾਂ ਨੂੰ ਹੈੱਡ ਮਿਸਟਰੈਸ ਨੂੰ ਦੱਸ ਕੇ ਜਾਣਾ ਪੈਂਦਾ। ਨਹੀਂ ਤਾਂ ਅਗਲੇ ਦਿਨ ਪੁੱਛ ਪੜਤਾਲ ਹੋ ਜਾਂਦੀ ਸੀ ਕਿਉਂਕਿ ਸਾਰੀਆਂ ਅਧਿਆਪਕਾਂ ਬਜ਼ਾਰ ਵਿਚੋਂ ਲੰਘ ਕੇ ਹੀ ਘਰ ਜਾਂਦੀਆਂ ਸੀ। ਅੰਗਰੇਜ਼ੀ ਦੀ ਪੜ੍ਹਾਈ 6ਵੀਂ ਜਮਾਤ ਤੋਂ ਸ਼ੁਰੂ ਹੁੰਦੀ ਸੀ। ਬਾਕੀ ਵਿਸ਼ਿਆਂ ਦਾ ਕੰਮ ਵੀ ਪਹਿਲਾ ਮੋਟੀ ਰਫ ਕਾਪੀ ਵਿਚ ਕਰਕੇ ਫਿਰ ਪੱਕੀ ਕਾਪੀ ਵਿਚ ਕੀਤਾ ਜਾਂਦਾ। ਸਭੇ ਅਧਿਆਪਕਾਵਾਂ ਆਪਣੀ ਆਪਣੀ ਸਮਰੱਥਾ ਅਨੁਸਾਰ ਪੂਰਾ ਜ਼ੋਰ ਲਾ ਕੇ ਪੜਾਉਂਦੀਆਂ ਸਗੋਂ ਅਗਲੀ ਅਧਿਆਪਕਾਂ ਦੇ ਪੀਰੀਅਡ ਦੇ ਕੁਝ ਮਿੰਟ ਖਾ ਜਾਂਦੀਆਂ। ਹੁਣ ਅਧਿਆਪਕਾਵਾਂ ਪਿੰਡਾਂ ਵਿਚ ਪੜਾਉਣ ਜਾਂਦੀਆਂ ਹਨ ਅਤੇ ਰੋਟੀਆਂ ਖਾ ਕੇ ਇਕ ਕਮਰੇ 'ਚ ਦਰੀਆ ਵਿਛਾ ਕੇ ਸੌਂ ਰਹਿੰਦੀਆਂ ਹਨ।

ਮੈਨੂੰ ਮੇਰੀ ਗੁਆਂਢਣ ਅਧਿਆਪਕਾ ਨੇ ਦੱਸਿਆ ਕਿ ਉਸਦੀ ਪੱਕੀ ਨਿਯੁਕਤੀ ਅੰਗਰੇਜ਼ੀ ਅਧਿਆਪਕਾ ਦੇ ਤੌਰ ਤੇ ਸੁਨਾਮ ਕੋਲ ਕਿਸੇ ਪਿੰਡ ਦੇ +2 ਦੇ ਸਕੂਲ ਵਿਚ ਹੋ ਗਈ। ਉਥੇ ਇਸਤਰੀ ਅਧਿਆਪਕਾਂ ਇਕ ਕਮਰੇ ਵਿਚ ਦਰੀਆਂ ਵਿਛਾ ਕੇ ਸਾਰਾ ਸਮਾਂ ਅਰਾਮ ਕਰਦੀਆਂ ਰਹਿੰਦੀਆਂ। ਸਕੂਲ ਦੇ ਆਰਜ਼ੀ ਪ੍ਰਿੰਸੀਪਲ ਨੇ ਦੋ-ਦੋ ਮਿੰਟ ਬਾਅਦ ਬੂਹਾ ਖੋਲ੍ਹ ਕੇ ਸਬੰਧਤ ਅਧਿਆਪਕਾਂ ਨੂੰ ਕਹਿਣਾ, "ਮੈਡਮ ਜੀ ਤੁਹਾਡਾ ਪੀਰੀਅਡ ਹੈ ਫਲਾਣੀ ਕਲਾਸ ਲੈ ਲਵੋ।" ਪਰ ਅਧਿਆਪਕਾਂ ਦੇ ਕੰਨਾਂ ਤੇ ਜੂੰ ਨਹੀਂ ਸੀ ਸਰਕਦੀ ਅੰਗਰੇਜੀ ਦੀ ਮਿਹਨਤੀ ਅਧਿਆਪਕਾ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ. ਕੀਤੀ ਕਿ ਬੱਚਿਆਂ ਨੂੰ ਪੜਾਉਣਾ ਸਾਡਾ ਫਰਜ਼ ਹੈ। ਪਰ ਉਨ੍ਹਾਂ ਦਾ ਘੜਿਆ ਘੜਾਇਆ ਉੱਤਰ ਹੁੰਦਾ ਕਿ ਇਨ੍ਹਾਂ ਕਿਹੜਾ ਪੜ੍ਹ ਕੇ ਡੀਸੀ ਲੱਗ ਜਾਣਾ ਹੈ? ਇਹ ਹੈ ਅਜਕਲ੍ਹ ਪਿੰਡਾਂ ਦੇ ਸਰਕਾਰੀ ਸਕੂਲਾਂ ਦਾ ਹਾਲ। ਪੁਰਸ਼-ਅਧਿਆਪਕ ਦਿਨ-ਦਿਹਾੜੇ ਸਕੂਲਾਂ ਵਿਚ ਸ਼ਰਾਬਾਂ ਪੀ ਕੇ ਵੀ ਆ ਜਾਂਦੇ ਹਨ ਅਤੇ ਫਿਰ ਆਪਣੀਆਂ ਧੀਆਂ ਵਰਗੀਆਂ ਬੱਚੀਆਂ ਨਾਲ ਛੇੜ ਛਾੜ ਕਰਦੇ ਹਨ। ਪਤਾ ਨਹੀਂ ਉਹ ਗੁਰੂ ਹੋਣ ਵਾਲੀ ਅਧਿਆਪਕ ਦੀ ਲਿਆਕਤ ਕਿਥੇ ਗਈ? ਭਾਵੇਂ ਹਰ ਸਕੂਲ ਅਤੇ ਹਰ ਅਧਿਆਪਕ ਅਜਿਹਾ ਨਹੀਂ ਪਰ ਬਹੁ-ਗਿਣਤੀ ਦਾ ਮੰਦਾ ਹਾਲ ਹੈ।

## ਸੰਪਾਦਕ ਦੀ ਡਾਕ

### ਸਹੀ ਸੇਧ ਵਾਲੀ ਸਾਰਥਕ ਪੱਤਰਕਾਰੀ

ਸੰਪਾਦਕ ਜੀ,

ਭਾਵੇਂ ਪੰਜਾਬੀ ਦੇ ਕਈ ਅਖਬਾਰ ਹਰ ਹਫਤੇ ਪੜ੍ਹਨ ਨੂੰ ਮਿਲ ਜਾਂਦੇ ਹਨ ਪਰ ਜਦੋਂ ਤੱਕ ਪੰਜਾਬ ਟਾਈਮਜ਼ ਪੜ੍ਹਨ ਨੂੰ ਨਾ ਮਿਲੇ ਉਦੋਂ ਤੱਕ ਮਹਿਸੂਸ ਹੁੰਦਾ ਰਹਿੰਦਾ ਹੈ ਜਿਵੇਂ ਇਸ ਹਫਤੇ ਕੁਝ ਗਵਾਚ ਗਿਆ ਹੋਵੇ। ਦਿਨੋਂ ਦਿਨ ਇਸ ਪਰਚੇ ਦੀ ਵਧਦੀ ਲੋਕਪ੍ਰਿਅਤਾ ਮਨ ਨੂੰ ਚੰਗੀ ਲਗਦੀ ਹੈ, ਸ਼ਾਇਦ ਇਸ ਕਰਕੇ ਵੀ ਕਿ ਮੈਂ ਇਸ ਪਰਚੇ ਨਾਲ ਕਿਸੇ ਨਾ ਕਿਸੇ ਤਰ੍ਹਾਂ ਸ਼ੁਰੂ ਤੋਂ ਹੀ ਜੁੜਿਆ ਹੋਇਆ ਹਾਂ।

ਲੰਘੀ 27 ਮਾਰਚ ਨੂੰ ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਮੌਕੇ ਮਨਾਈ ਗਈ ਸੰਗੀਤਕ ਸ਼ਾਮ ਸਮੇਂ ਸਰੋਤਿਆਂ ਅਤੇ ਪ੍ਰਸ਼ੰਸਕਾਂ ਦਾ ਵੱਡਾ ਇਕੱਠ ਅਤੇ ਪਾਠਕਾਂ ਦੀਆਂ ਪ੍ਰਸ਼ੰਸਾਮਈ ਟਿੱਪਣੀਆਂ ਪੜ੍ਹ ਕੇ ਪੰਜਾਬ ਟਾਈਮਜ਼ ਨੂੰ ਸਾਰਥਕ ਪੱਤਰਕਾਰੀ ਨੂੰ ਸੇਧ ਦੇਣ ਵਾਲਾ ਸੰਪੂਰਨ ਅਖਬਾਰ ਲਿਖਣਾ ਹੀ ਬਣਦਾ ਹੈ। ਪੱਤਰਕਾਰੀ ਦੀਆਂ ਰਹਿ ਗਈਆਂ ਖਾਲੀ ਥਾਵਾਂ ਇਸੇ ਨੇ ਹੀ ਭਰੀਆਂ ਹਨ। ਰੱਬ ਕਰੇ ਇਹ ਅਖਬਾਰ ਸਦਾ ਚੜ੍ਹਦੀ ਕਲਾ ਵਿਚ ਰਹੇ, ਇਸ ਨੇ ਅਜੇ ਬੜੀਆਂ ਬੁਲੰਦੀਆਂ ਸਰ ਕਰਨੀਆਂ ਹਨ।

***ਅਜਮੇਰ ਸਿੰਘ ਪੰਨੂ, ਸ਼ਿਕਾਗੋ***
***630-440-3458***

### ਰੂਹ ਦੀ ਖੁਰਾਕ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਦੇ ਜਸ਼ਨਾਂ ਲਈ ਸਾਡੀਆਂ ਸ਼ੁਭ ਕਾਮਨਾਵਾਂ ਕਬੂਲ ਕਰੋ। ਅਸੀਂ ਪਿਛਲੇ 5 ਸਾਲ ਤੋਂ ਪੰਜਾਬ ਟਾਈਮਜ਼ ਦੇ ਲਗਾਤਾਰ ਪਾਠਕ ਹਾਂ। ਰੋਟੀ ਜਿੰਨੀ ਮਰਜ਼ੀ ਰੱਜ ਕੇ ਖਾ ਲਈਏ ਪਰ ਪੇਟ ਅਤੇ ਮਨ ਨੂੰ ਸਬਰ ਪੰਜਾਬ ਟਾਈਮਜ਼ ਪੜ੍ਹ ਕੇ ਹੀ ਆਉਂਦਾ ਹੈ। ਰੱਬ ਕਰੇ ਇਹ ਅਖਬਾਰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ। ਪੰਜਾਬ ਟਾਈਮਜ਼ ਦੇ ਕਾਲਮਨਵੀਸ ਬਹੁਤ ਹੀ ਸੁਲਝੇ ਹੋਏ ਵਧੀਆ ਲੇਖਕ ਹਨ। ਅਸੀਂ ਜਿਥੇ ਤਰਲੋਚਨ ਸਿੰਘ ਦੁਪਾਲਪੁਰ ਹੋਰਾਂ ਦਾ ਲਿਖਤੁਮ ਅਤੇ ਅਸ਼ੋਕ ਭੌਰੇ ਦਾ ਗੱਲੀਂਬਾਤੀਂ ਉਡੀਕਦੇ ਹਾਂ ਉਥੇ ਸਾਡੇ ਦਿਲਾਂ ਵਿਚ ਬਲਜੀਤ ਬਾਸੀ ਦੇ ਕਾਲਮ ਇੰਨੀ ਕੁ ਬਾਤ ਪ੍ਰਤੀ ਵੀ ਵੱਡਾ ਸਤਿਕਾਰ ਹੈ। ਮੇਜਰ ਕੁਲਾਰ ਨੇ ਵੀ ਆਪਣੇ ਕਾਲਮ 'ਮੂੰਹ ਆਈ ਬਾਤ' ਨਾਲ ਪਾਠਕਾਂ ਵਿਚ ਵਿਸ਼ੇਸ਼ ਥਾਂ ਬਣਾ ਲਈ ਹੈ। ਮੇਜਰ ਦਾ ਕੁਝ ਹਫਤੇ ਪਹਿਲਾਂ ਛਪਿਆ ਲੇਖ 'ਸੋਹਣੀ ਪੱਗ ਅਤੇ ਮਾਰਤੀਓ ਨਾਂ ਦੀ ਉਹ ਕੁੜੀ' ਮੁੜ ਮੁੜ ਪੜ੍ਹਨ ਨੂੰ ਦਿਲ ਕਰਦਾ ਹੈ। ਪਰਮਾਤਮਾ ਕਰੇ ਪੰਜਾਬ ਟਾਈਮਜ਼ ਦਾ ਸਟਾਫ ਅਤੇ ਲੇਖਕ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ।

***ਮਨਜੀਤ ਸਿੰਘ ਖਹਿਰਾ,***
***ਸੈਕਰਾਮੈਂਟੋ, ਕੈਲੀਫੋਰਨੀਆ।***

---

### ਦਾਰਜੀ

17 ਅਪਰੈਲ ਦੇ ਅੰਕ ਵਿਚ ਬਲਜੀਤ ਬਾਸੀ ਦੇ ਕਾਲਮ 'ਇੰਨੀ ਕੁ ਬਾਤ' ਵਿਚ ਦਾਰਜੀ ਦੇ ਜ਼ਿਕਰ ਨੇ ਮੈਨੂੰ ਆਪਣੇ ਦਾਰਜੀ ਚੇਤੇ ਕਰਵਾ ਦਿੱਤੇ ਹਨ। ਮੇਰੇ ਦਾਰਜੀ ਵੀ ਇਸੇ ਤਰ੍ਹਾਂ ਆਪਣੀ ਗੱਲ ਮਨਵਾਉਣ ਵਾਲੇ ਧੱਕੜ ਅਤੇ ਪੁਰਾਣੇ ਖਿਆਲਾਂ ਦੇ ਪੱਕੇ ਮੁਦਈ ਸਨ। ਉਨ੍ਹਾਂ ਨੂੰ ਹਮੇਸ਼ਾ ਇਹੋ ਲਗਦਾ ਰਹਿੰਦਾ ਸੀ ਕਿ ਬੱਚੇ ਜਿੰਨੇ ਮਰਜ਼ੀ ਵੱਡੇ ਹੋ ਜਾਣ ਉਨ੍ਹਾਂ ਨੂੰ ਹਮੇਸ਼ਾ ਵੱਡਿਆਂ ਦੀ ਸਰਪ੍ਰਸਤੀ ਦੀ ਲੋੜ ਰਹਿੰਦੀ ਹੈ। ਜਦੋਂ ਵੀ ਮੈਂ ਪਿੰਡੋਂ ਚੰਡੀਗੜ੍ਹ ਆਉਣ ਲਈ ਤੁਰਨਾ ਉਨ੍ਹਾਂ ਆਪਣੀਆਂ ਹਦਾਇਤਾਂ ਦੀ ਪੂਰੀ ਲਿਸਟ ਪੜ੍ਹਨੀ ਸ਼ੁਰੂ ਕਰ ਦੇਣੀ ਅਤੇ ਹਮੇਸ਼ਾ ਇਹ ਵੀ ਕਹਿਣਾ ਕਿ ਬੱਸ ਅੱਡੇ ਤੋਂ ਯੂਨੀਵਰਸਿਟੀ ਤੁਰ ਕੇ ਹੀ ਚਲਾ ਜਾਈਂ ਕਿਹੜਾ ਦੂਰ ਹੈ, ਐਵੇਂ ਬੱਸਾਂ ਲੱਭਦਾ ਫਿਰੇਂਗਾ। ਜਦੋਂ ਕਦੀ ਉਨ੍ਹਾਂ ਚੰਡੀਗੜ੍ਹ ਮੈਨੂੰ ਮਿਲਣ ਆਉਣਾ, ਹੋਸਟਲ ਦੀ ਮੈਸ ਵਿਚ ਰੋਟੀ ਖਾਣ ਲਈ ਉਨ੍ਹਾਂ ਨੂੰ ਨਾਲ ਲਿਜਾਣ ਵੇਲੇ ਮੈਨੂੰ ਹਮੇਸ਼ਾ ਸ਼ਰਮ ਆਇਆ ਕਰਦੀ ਕਿਉਂਕਿ ਉਹ ਏਨਾ ਉਚੀ ਬੋਲਿਆ ਕਰਦੇ ਸਨ ਕਿ ਡਾਈਨਿੰਗ ਹਾਲ ਦੇ ਸਾਰੇ ਮੁੰਡਿਆਂ ਦਾ ਧਿਆਨ ਉਨ੍ਹਾਂ ਵੱਲ ਚਲਿਆ ਜਾਂਦਾ। ਫਿਰ ਤਾਂ ਮੈਂ ਰਾਹ ਹੀ ਇਹ ਕੱਢ ਲਿਆ ਕਿ ਨੌਕਰ ਨੂੰ ਕਹਿ ਕੇ ਰੋਟੀ ਕਮਰੇ ਵਿਚ ਹੀ ਮੰਗਵਾ ਲੈਣੀ। ਫਿਰ ਵੀ ਹੋਸਟਲ ਦੇ ਕੋਰੀਡੋਰ ਵਿਚੋਂ ਲੰਘਦਿਆਂ ਉਨ੍ਹਾਂ ਆਪਣੀ ਆਮਦ ਦੀ ਖਬਰ ਪੂਰੇ ਹੋਸਟਲ ਨੂੰ ਦਿੰਦੇ ਹੀ ਜਾਣਾ।

ਪੰਜਾਬ ਟਾਈਮਜ਼ ਦੇ ਕਾਲਮਨਵੀਸਾਂ ਨੇ ਪੁਰਾਣੇ ਕਲਚਰ ਦੀਆਂ ਬਾਤਾਂ ਪਾ ਕੇ ਆਪਣੇ ਪਾਠਕਾਂ ਨੂੰ ਪੁਰਾਣੇ ਵੇਲੇ ਚੇਤੇ ਕਰਵਾਏ ਹਨ। ਧੰਨਵਾਦ।

***ਜਗੀਰ ਸਿੰਘ, ਡਿਟਰਾਇਟ***

# ਗੁਰਬਚਨ ਪੰਜਾਬੀ ਅਕਾਦਮੀ ਦੇ ਇਨਾਮ ਲਈ ਤਰਲੇ ਮਾਰਦਾ ਰਿਹਾ

***ਗੁਰਬਚਨ ਨੇ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਨੂਰ ਸੰਬੰਧੀ ਇਕ ਤਿੱਖਾ ਆਲੋਚਨਾਤਮਕ ਲੇਖ ਲਿਖਿਆ ਸੀ। ਇਸ ਲੇਖ ਵਿਚ 'ਹੁਣ' ਵਿਚ ਛਪੀ ਜਿਸ ਇੰਟਰਵਿਊ ਦਾ ਜ਼ਿਕਰ ਹੈ, ਉਸ ਦੇ ਕੁਝ ਮਹੱਤਵਪੂਰਨ ਅੰਸ਼ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਅਸੀਂ ਇਥੇ ਛਾਪ ਰਹੇ ਹਾਂ। -ਸੰਪਾਦਕ***

**ਸਵਾਲ:** ਲੱਗਦਾ ਹੈ ਤੁਸੀਂ ਜਿੱਥੇ ਵੀ ਜਾਂਦੇ ਹੋ ਉੱਥੇ ਹੀ ਨਵਾਂ ਮਾਹੌਲ ਪੈਦਾ ਹੋ ਜਾਂਦਾ ਹੈ। ਨਵੇਂ ਖਿਆਲਾਂ ਦੀਆਂ ਕਰੂੰਬਲਾਂ ਫੁੱਟ ਤੁਰਦੀਆਂ ਹਨ। ਪਟਿਆਲੇ ਗਏ ਤਾਂ 'ਭੂਤਵਾੜੇ' ਦਾ ਜਨਮ ਹੋ ਗਿਆ। ਦਿੱਲੀ ਨੌਕਰੀ ਮਿਲੀ ਤਾਂ 'ਦਿੱਲੀ ਸਕੂਲ' ਹੋਂਦ ਵਿਚ ਆ ਗਿਆ। ਕੀ ਗਿੱਦੜਸਿੰਗੀ ਹੈ ਤੁਹਾਡੇ ਕੋਲ?

**ਨੂਰ:** ਅਕਸਰ ਮੈਂ ਚਾਹਿਆ ਹੈ ਕਿ ਜਿੱਥੇ ਜਾਵਾਂ, ਉੱਥੇ ਕੋਈ ਵਿਚਾਰਾਂ ਦੀ ਤਰੰਗ ਪੈਦਾ ਕਰਾਂ। ਜਦੋਂ ਮੈਂ ਪਟਿਆਲੇ ਗਿਆ, 'ਭੂਤਵਾੜਾ' ਪਹਿਲਾਂ ਹੀ ਹੋਂਦ ਵਿਚ ਆ ਚੁੱਕਾ ਸੀ, ਪਰ ਜੋ ਦੋ ਵਰ੍ਹੇ ਮੈਂ ਉੱਥੇ ਗੁਜ਼ਾਰੇ ਸਰਗਰਮੀ ਕੁਝ ਵਧੇਰੇ ਹੀ ਰਹੀ। ਦਿੱਲੀ ਆਇਆ ਤਾਂ ਮੈਂ ਸਟਰੱਕਚਰਲਿਜ਼ਮ ਦਾ ਗਿਆਨ ਲੈ ਕੇ ਆਇਆ ਸਾਂ, ਹਰਿਭਜਨ ਸਿੰਘ ਅਜੇ ਭਾਰਤੀ ਕਾਵਿ-ਸ਼ਾਸਤਰ ਅਤੇ ਪ੍ਰਤੀਕਵਾਦ ਵਿਚ ਰੁਝਿਆ ਹੋਇਆ ਸੀ। ਮੈਂ ਨਵੀਆਂ ਕਿਤਾਬਾਂ ਉਸ ਦੇ ਹਵਾਲੇ ਕੀਤੀਆਂ, ਦਿਨਾਂ 'ਚ ਹੀ ਉਹ ਵਿਕਾਸ ਵਲ ਵਧਿਆ ਤੇ ਸਟਰੱਕਚਰਲਿਜ਼ਮ ਦੀਆਂ ਗੱਲਾਂ ਕਰਨ ਲੱਗਾ। 'ਇਕੱਤੀ ਫਰਵਰੀ' ਕਰਕੇ 'ਦਿੱਲੀ ਸਕੂਲ ਦੀ ਪੰਜਾਬੀ ਆਲੋਚਨਾ' ਸ਼ਬਦ ਸਾਹਮਣੇ ਆ ਗਿਆ। ਗਿੱਦੜਸਿੰਗੀ ਦਾ ਸਬੰਧ ਨਵੇਂ ਗਿਆਨ ਤੇ ਪੜ੍ਹਨ ਲਿਖਣ ਨਾਲ ਹੈ। ਤੁਸੀਂ ਉਸ ਸੰਦਰਭ ਵਿਚ ਆਪਣੀ ਭਾਸ਼ਾ ਦੇ ਸਾਹਿਤ ਬਾਰੇ ਗੱਲਾਂ ਕਰਨ ਦਾ ਪਰਿਪੇਖ ਬਣਾਓ। ਸੰਚਾਰ ਕਰੋ, ਗਿੱਦੜਸਿੰਗੀ ਤੁਹਾਡੇ ਵੀ ਹੱਥ ਰਹੇਗੀ।

**ਸਵਾਲ:** ਪੰਜਾਬੀਆਂ ਦੀ ਸੰਸਾਰ ਸਾਹਿਤ ਦੇ ਪ੍ਰਮੁੱਖ ਸਾਹਿਤਕ ਚਿੰਤਕਾਂ ਨਾਲ ਵਾਕਫੀਅਤ 'ਭੂਤਾਂ' ਰਾਹੀਂ ਹੀ ਹੋਈ ਦੱਸੀ ਜਾਂਦੀ ਹੈ। ਜਿੱਥੇ ਇਹ ਨਵੇਂ ਦੁਆਰ ਖੁੱਲ੍ਹ ਜਾਣ ਵਰਗੀ ਕਿਰਿਆ ਸੀ ਉੱਥੇ ਇਸ ਨੇ ਆਪਣੇ ਮੂਲ ਸਰੋਤਾਂ ਤੋਂ ਪਰ੍ਹਾਂ ਜਾਣ ਵਿਚ ਵੀ ਹਿੱਸਾ ਨਹੀਂ ਪਾਇਆ ਕੀ?

**ਨੂਰ:** ਭੂਤਵਾੜੇ ਵਿਚ ਜਿੰਨੇ ਵੀ ਵਿਅਕਤੀ ਸਨ, ਉਨ੍ਹਾਂ ਵਿਚ ਮੂਲ ਸਰੋਤਾਂ ਨਾਲ ਜੁੜਨ ਦੀ ਦਿਲਚਸਪੀ ਵੀ ਸੀ ਤੇ ਆਸੇ-ਪਾਸੇ ਦੇ ਗਿਆਨ ਨੂੰ ਗ੍ਰਹਿਣ ਕਰਨ ਦੀ ਵੀ। ਇਹ ਜ਼ਰੂਰੀ ਸੀ ਕਿ ਲਗਾਤਾਰ ਨਵਾਂ ਪੜ੍ਹਿਆ ਜਾਵੇ। ਲਗਭਗ ਹਰ ਰੋਜ਼ ਰਾਤ ਨੂੰ ਕਿਸੇ ਨਵੀਂ ਕਿਤਾਬ ਜਾਂ ਲਿਖਤ ਬਾਰੇ ਬਹਿਸ ਹੁੰਦੀ। ਹਰ ਇਕ ਨੇ ਉਸ ਵਿਚ ਬੋਲਣਾ ਹੁੰਦਾ। ਕੋਈ ਕਦੋਂ, ਕਿਵੇਂ ਪੜ੍ਹਦਾ ਹੈ, ਇਹ ਨਿਰਭਰ ਉਸ 'ਤੇ ਹੁੰਦਾ। ਲਿਖਤ ਲਗਭਗ ਮੁਹੱਈਆ ਹੋ ਜਾਂਦੀ। ਹਰ ਇਕ ਨੂੰ ਵਿਚਾਰਧਾਰਕ ਆਜ਼ਾਦੀ ਸੀ, ਪਰ ਅਗੇਰੇ ਗਿਆਨ ਨਾਲ ਜੁੜਨਾ ਤੇ ਪੜ੍ਹਨਾ ਲਿਖਣਾ ਜ਼ਰੂਰੀ ਸੀ। ਭੂਤਾਂ ਨੇ ਪੰਜਾਬੀ ਸੰਸਾਰ ਨੂੰ ਅਨੇਕ ਨਵੇਂ ਚਿੰਤਕਾਂ ਨਾਲ ਜੋੜਿਆ।

**ਸਵਾਲ:** 'ਭੂਤਵਾੜੇ' ਦੇ ਸਮੇਂ ਦੀਆਂ ਕੁਝ ਬੇਹੱਦ ਦਿਲਚਸਪ ਯਾਦਾਂ ਵੀ ਹੋਣਗੀਆਂ?

**ਨੂਰ:** ਭੂਤਵਾੜੇ ਦੇ ਸਿਰਜਕਾਂ 'ਚੋਂ ਗੁਰਭਗਤ ਸਿੰਘ, ਅਜਮੇਰ ਰੋਡੇ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ ਤੇ ਲਾਲੀ ਸਨ। ਬਾਅਦ ਵਿਚ ਪ੍ਰੇਮ ਪਾਲੀ, ਹਰਭਜਨ ਸੋਹੀ, ਕਾਮਰੇਡ ਮੇਘ, ਕੁਲਵੰਤ ਗਰੇਵਾਲ, ਸੁਰਜੀਤ ਲੀਅ ਆਦਿ ਇਸ ਨਾਲ ਜੁੜੇ। ਭੂਤਵਾੜੇ ਦੇ ਸਾਹਮਣੇ ਰਹਿੰਦੇ ਹਰਬੰਸ ਬਰਾੜ, ਨਿਰਦੋਖ ਵੀ ਭੂਤਵਾੜੇ ਦੇ ਨਾਲ ਹੀ ਕੁਝ ਜੁੜੇ ਹੋਏ ਸਨ। ਸਾਰੇ ਅਧਿਐਨ ਨਾਲ ਸੰਬੰਧਿਤ ਸਨ। ਸਾਹਮਣੇ ਹੀ ਪ੍ਰੋ. ਪ੍ਰੀਤਮ ਸਿੰਘ ਰਹਿੰਦੇ ਸਨ, ਉਹ ਉਸਤਾਦ ਸਨ। ਇਸ ਲਈ ਉਨ੍ਹਾਂ ਨੂੰ ਮਹਾਂਭੂਤ ਆਖਿਆ ਗਿਆ। ਅੜੇ-ਥੁੜੇ ਭੂਤ ਦਲੀਪ ਕੌਰ ਟਿਵਾਣਾ ਕੋਲ ਪਹੁੰਚਦੇ। ਇਸ ਲਈ ਉਸ ਨੂੰ ਭੂਤਵਾੜੇ ਦੀ ਦੀਦੀ ਆਖਿਆ ਜਾਂਦਾ। ਉਸਨੇ ਇਕ ਲੇਖ ਵੀ ਛਾਪਿਆ 'ਸੱਚੀਂ ਮੁਚੀਂ ਦੇ ਭੂਤ', ਭਾਵੇਂ ਉਸ ਵਿਚ ਭੂਤਾਂ ਨਾਲੋਂ ਉਸ ਦੀ ਆਪਣੀ ਵਡਿਤਣ ਵਧੇਰੇ ਉਘੜਦੀ ਸੀ। ਪੜ੍ਹਨ ਪਿੱਛੋਂ ਇਕ ਭੂਤ ਨੇ ਸਹਿਜ ਹੀ ਆਖਿਆ, "ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ"। ਭੂਤਵਾੜੇ ਦਾ ਨਾਂ ਆਸੇ ਪਾਸੇ ਦੇ ਲੋਕਾਂ ਨੇ ਰੱਖਿਆ ਸੀ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਸੌਂਦੇ ਕਦੋਂ ਨੇ। ਕਦੇ ਇਥੋਂ ਉੱਚਾ ਸੂਫੀ ਤੇ ਹੋਰ ਕਲਾਸਿਕੀ ਸੰਗੀਤ ਗੂੰਜਦਾ, ਕਦੇ ਨੀਵੀਆਂ ਦੀਵਾਰਾਂ ਤੋਂ ਲੋਕ ਵਿਹੜੇ ਵਿਚ ਰੱਸੀ ਤੇ ਜਾਂਘੀਏ ਸੁੱਕਦੇ ਦੇਖਦੇ। ਕਦੇ ਭੂਤ ਇੱਟਾਂ ਸੁੱਟਦੇ ਇਕ ਦੂਜੇ ਨਾਲ ਮੁਕਾਬਲੇ ਵਿਚ ਰੁੱਝੇ ਹੁੰਦੇ। ਰਾਤ ਨੂੰ ਪੰਜ ਸੌਂਦੇ ਤਾਂ ਸਵੇਰੇ ਦਸ ਜਣੇ ਬਰਾਂਡੇ ਜਾਂ ਵਿਹੜੇ 'ਚੋਂ ਜਾਗਦੇ। ਦੋ ਕਮਰਿਆਂ 'ਚ ਬਿਸਤਰੇ ਦੋ ਹੀ ਸਨ। ਅਕਸਰ ਅਖਬਾਰਾਂ ਦੇ ਬਿਸਤਰੇ ਤੇ ਇੱਟਾਂ ਦੇ ਸਰਹਾਣੇ ਬਣਾਏ ਜਾਂਦੇ। ਕੋਈ ਸਤਿਕਾਰ ਵਾਲਾ ਲੇਖਕ ਆ ਜਾਂਦਾ ਜਿਵੇਂ ਮੋਹਨ ਸਿੰਘ, ਸੇਖੋਂ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ ਤਾਂ ਉਨ੍ਹਾਂ ਨੂੰ ਸੌਣ ਲਈ ਦੋ ਅਖ਼ਬਾਰ ਦੇ ਦਿੱਤੇ ਜਾਂਦੇ। ਰੋਟੀਆਂ ਜਿੰਨੀਆਂ ਪੱਕਦੀਆਂ, ਉਨੀਆਂ ਹੀ ਸਾਰਿਆਂ ਨੇ ਵੰਡ ਕੇ ਖਾਣੀਆਂ ਹੁੰਦੀਆਂ। ਕਈ ਵਾਰ ਲੰਗਰ ਮਸਤਾਨਾ ਵੀ ਹੋ ਜਾਂਦਾ।

ਭੂਤਵਾੜੇ ਦੀਆਂ ਕਈ ਦਿਲਚਸਪ ਯਾਦਾਂ ਨੇ। ਦੁੱਧ ਲੈਣ ਵਾਲਾ ਪਤੀਲਾ ਕਈ ਕਈ ਦਿਨ ਮਾਂਜਣ ਦਾ ਸਮਾਂ ਨਹੀਂ ਸੀ ਹੁੰਦਾ, ਧੋ ਲਿਆ ਜਾਂਦਾ। ਇਕ ਵਾਰ ਮਾਂਜ ਕੇ ਕਿਸੇ ਦੇ ਹੱਥ ਹਲਵਾਈ ਕੋਲ ਭੇਜਿਆ ਗਿਆ। ਉਸ ਨੇ ਦੁੱਧ ਦੇਣ ਤੋਂ ਨਾਂਹ ਕਰ ਦਿੱਤੀ। ਅਖੇ ਇਹ ਉਨ੍ਹਾਂ ਦਾ ਭਾਂਡਾ ਹੀ ਨਹੀਂ। ਇਕ ਵਾਰ ਦੋ-ਤਿੰਨ ਦਿਨਾਂ ਤੋਂ ਲੰਗਰ ਮਸਤਾਨਾ ਸੀ, ਪਰ ਹਰਭਜਨ ਸੋਹੀ ਤੇ ਹਰਿੰਦਰ ਮਹਿਬੂਬ ਨੂੰ ਕਿਸੇ ਕਵਿਤਾ ਦੇ ਮੁਕਾਬਲੇ ਦੇ ਪੁਰਸਕਾਰ ਦੇ ਕੁਝ ਪੈਸੇ ਮਿਲੇ, ਫੈਸਲਾ ਇਹ ਹੋਇਆ ਕਿ ਰੋਟੀ ਦੇ ਲੰਗਰ ਦੀ ਕੋਈ ਗੱਲ ਨਹੀਂ, ਦਾਰੂ ਵਰਤਾਇਆਂ ਵੀ ਕਾਫੀ ਦੇਰ ਹੋ ਗਈ ਏ, ਬੋਤਲਾਂ ਲਿਆਂਦੀਆਂ ਜਾਣ ਤੇ ਭੂਤਵਾੜੇ ਨਾਲ ਜੁੜੀ ਸੰਗਤ ਨੂੰ ਬੁਲਾਇਆ ਜਾਵੇ। ਸੋ ਇਵੇਂ ਹੀ ਹੋਇਆ।

ਹਰਬੰਸ ਬਰਾੜ ਸਾਹਮਣੇ ਚੁਬਾਰੇ 'ਚ ਰਹਿੰਦਾ ਸੀ। ਬਹੁਤ ਸੂਮ ਸੀ। ਇਕ ਵਾਰ ਪਿੰਡ ਗਿਆ ਹੋਇਆ ਸੀ ਤਾਂ ਉਹਦੇ ਚੁਬਾਰੇ ਵਿਚ ਛਾਪਾ ਮਾਰਿਆ ਗਿਆ। ਟਰੰਕ ਫਰੋਲਿਆ ਗਿਆ। ਉਸ ਦੀਆਂ ਕਮੀਜ਼ਾਂ ਦੀਆਂ ਤਹਿਆਂ 'ਚ ਛੁਪਾਏ ਕਾਫੀ ਪੈਸੇ ਮਿਲੇ। ਬੀ. ਕੰਪੈਲਕਸ ਦੀਆਂ ਗੋਲੀਆਂ ਵੀ ਟਰੰਕ ਵਿਚ ਛੁਪਾਈਆਂ ਹੋਈਆਂ ਸਨ। ਭੂਤਵਾੜੇ ਆ ਕੇ ਸਲਾਹ ਬਣਾਈ ਕਿ ਸ਼ਿਮਲੇ ਦੀ ਸੈਰ ਕੀਤੀ ਜਾਏ। ਫਿਰ ਸਲਾਹ ਹੋਈ ਇਨ੍ਹਾਂ ਪੈਸਿਆਂ ਨਾਲ ਲੰਗਰ ਦਾ ਪ੍ਰਬੰਧ ਕੀਤਾ ਜਾਏ। ਪਹਿਲਾਂ ਇਕ ਕੜਾਹੀ ਵਿਚ ਦੇਸੀ ਘਿਓ ਲਿਆ ਕੇ ਕੜਾਹ ਬਣਾਇਆ ਗਿਆ। ਕਿਸੇ ਭੂਤ ਨੇ ਬੀ ਕੰਪਲੈਕਸ ਦੀਆਂ ਗੋਲੀਆਂ ਵੀ ਵਿਚੇ ਸੁੱਟ ਦਿੱਤੀਆਂ ਤੇ ਕਿਹਾ ਕੜਾਹ ਹੋਰ ਤਾਕਤਵਰ ਹੋ ਜਾਏਗਾ। ਕੋਈ ਹੋਰ ਬੋਲਿਆ ਇਹ ਤਾਂ ਜ਼ਹਿਰੀਲਾ ਹੋ ਗਿਆ ਏ। ਫੈਸਲਾ ਹੋਇਆ ਕਿ ਗਲੀ 'ਚ ਬੈਠਾ ਕੁੱਤਾ ਲਿਆਂਦਾ ਜਾਏ, ਪਹਿਲਾਂ ਉਸ ਨੂੰ ਛਕਾਇਆ ਜਾਵੇ ਤੇ ਕੁਝ ਦੇਰ ਦੇਖਿਆ ਜਾਵੇ। ਕੁੱਤੇ ਨੇ ਉਹ ਬੜੇ ਸ਼ੌਕ ਨਾਲ ਖਾਧਾ। ਅਸੀਂ ਪੰਦਰਾਂ ਮਿੰਟ ਉਡੀਕਿਆ, ਕੁੱਤੇ ਨੂੰ ਕੁਝ ਨਾ ਹੋਇਆ। ਬਸ ਸਾਰੇ ਜਣੇ ਕੜਾਹ ਨੂੰ ਟੁੱਟ ਕੇ ਪੈ ਗਏ।

ਇਕ ਵਾਰੀ ਬਾਹਰੋਂ ਇਕ ਦੋਸਤ ਨੇ ਸੁਨੇਹਾ ਭੇਜਿਆ ਕਿ ਅਗਲੀ ਸਵੇਰ ਉਹ ਸਾਨੂੰ ਮਿਲਣ ਆਏਗਾ, ਨਾਲ ਉਸ ਦੀ ਮਿੱਤਰ ਵੀ ਆ ਰਹੀ ਹੈ। ਸਾਰਿਆਂ ਨੇ ਆਖਿਆ ਧੰਨ ਹੈ ਕੋਈ ਕੁੜੀ ਭੂਤਵਾੜੇ 'ਚ ਪੈਰ ਪਾ ਰਹੀ ਹੈ। ਉਸ ਦਿਨ ਸਾਰੇ ਭੂਤਵਾੜੇ ਦੀ ਰਗੜ ਰਗੜ ਕੇ ਸਫਾਈ ਕੀਤੀ ਗਈ। ਕਈ ਦਿਨਾਂ ਦੀ ਇਕ ਛੁਰੀ ਨਹੀਂ ਸੀ ਲੱਭ ਰਹੀ ਉਹ ਵੀ ਹਰਿੰਦਰ ਮਹਿਬੂਬ ਦੇ ਬਿਸਤਰੇ 'ਚੋਂ ਲੱਭ ਗਈ। ਇਕ ਨਵੀਂ ਕਮੀਜ਼ ਨਹੀਂ ਸੀ ਲੱਭ ਰਹੀ। ਉਹ ਵੀ ਲੱਭ ਗਈ। ਇਕ ਚੂਹੇ ਨੇ ਕਮਰੇ ਦੇ ਪਿੱਛੇ ਦੀ ਇਕ ਮੋਰੀ ਬਣਾ ਲਈ ਸੀ, ਪਿੱਛੇ ਖੇਤ ਸਨ। ਹਰਿੰਦਰ ਨੇ ਕਿਤੇ ਪੜ੍ਹਾਈ ਦੇ ਧਿਆਨ ਵਿਚ ਉਹ ਕਮੀਜ਼ ਉਸ ਮੋਰੀ ਵਿਚ ਤੁੰਨ ਦਿੱਤੀ ਸੀ। ਇਹ ਸਫਾਈ ਤੇ ਖੋਜ ਤਾਂ ਹੋ ਗਈ, ਪਰ ਉਸ ਜੋੜੀ ਦਾ ਆਉਣ ਦਾ ਪ੍ਰੋਗਰਾਮ ਬਦਲ ਗਿਆ। ਅਸੀਂ ਸਾਰੀ ਕੀਤੀ ਸਫਾਈ ਤੋਂ ਪ੍ਰੇਸ਼ਾਨ ਸਾਂ। ਇਕ ਵਾਰ ਅਸੀਂ ਸਬਜ਼ੀ ਵਾਲੇ ਨੂੰ ਆਖਿਆ ਇਸ ਮਹੀਨੇ ਜ਼ਿਆਦਾ ਆਲੂ ਹੀ ਭੇਜਿਆ ਕਰ। ਸਾਡਾ ਖਿਆਲ ਸੀ ਇਹ ਬਹੁਤ ਸਸਤੇ ਨੇ, ਜਦੋਂ ਮਹੀਨੇ ਬਾਅਦ ਬਿਲ ਆਇਆ ਤਾਂ ਰਕਮ ਜ਼ਿਆਦਾ ਸੀ। ਪੁੱਛਣ 'ਤੇ ਪਤਾ ਲੱਗਾ ਇਸ ਮਹੀਨੇ ਆਲੂ ਹੀ ਸਭ ਤੋਂ ਮਹਿੰਗੇ ਰਹੇ ਸਨ।



ਐਮ.ਏ. ਅੰਗਰੇਜ਼ੀ ਦਾ ਅਗਲੇ ਦਿਨ ਪਰਚਾ ਸੀ, ਪਰ ਉਧਰ ਅੰਬਾਲੇ ਸਤਿਆਜੀਤ ਦੀ ਫਿਲਮ ਦਾ ਇਕ ਦਿਨ ਪਹਿਲਾਂ ਸ਼ੋਅ ਸੀ। ਸਾਰੇ ਪੰਜਾਹ ਕਿਲੋਮੀਟਰ ਸਾਈਕਲਾਂ 'ਤੇ ਤੁਰ ਪਏ। ਫਿਲਮ ਦਾ ਅਨੰਦ ਲੈਣ ਬਾਅਦ ਫਿਰ ਵਾਪਸ। ਰਾਤ ਤਿੰਨ ਵਜੇ ਆ ਕੇ ਸੁੱਤੇ ਤੇ ਸਵੇਰੇ ਉੱਠ ਕੇ ਪਰਚੇ ਦੇ ਹਾਲ ਵਿਚ ਜਾ ਬੈਠੇ। ਭੂਤਵਾੜੇ ਦੀਆਂ ਇਹੋ ਜਿਹੀਆਂ ਦਿਲਚਸਪ ਯਾਦਾਂ ਨੇ। ਬਾਅਦ ਵਿਚ ਕਈ ਵਾਰ ਪ੍ਰੀਤਨਗਰ ਤੇ ਲੋਅਰ ਮਾਲ ਪਟਿਆਲਾ ਤੇ ਹੋਰ ਥਾਵਾਂ 'ਤੇ ਉਸ ਭੂਤਵਾੜੇ ਦੀ ਥਾਂ ਕਈ ਮਿੱਤਰ ਭੂਤਵਾੜਾ ਬਣਾਉਣ ਦਾ ਯਤਨ ਕਰਦੇ ਰਹੇ, ਪਰ ਉਹ 'ਭੂਤਵਾੜਾ' ਫਿਰ ਨਾ ਸਥਾਪਤ ਹੋ ਸਕਿਆ। ਉਹ ਭੂਤ ਦੇਸੀਂ ਪ੍ਰਦੇਸ਼ੀਂ ਖਿਲਰ ਗਏ।

**ਸਵਾਲ:** ਹੁਣ ਸਮੇਂ ਨੂੰ ਕੀ ਮਾਰ ਵਗ ਗਈ ਹੈ ਕਿ ਭੂਤਵਾੜੇ ਵਰਗੀ ਮਲੰਗੀ ਅਤੇ ਜ਼ਹਿਨੀਅਤ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ?

**ਨੂਰ:** ਨਿੱਕੜ-ਦੁਕੜ ਮਲੰਗਾਂ ਨਾਲ ਭੂਤਵਾੜਾ ਨਹੀਂ ਬਣਦਾ। ਉਹ ਮਲੰਗੀ ਇਕ ਥਾਂ ਨਾ ਜੁੜੀ। ਉਹ ਭੂਤਵਾੜਾ ਇਕ ਸੰਕਲਪ ਸੀ। ਇਹ ਸੰਕਲਪ ਫਿਰ ਸਾਹਮਣੇ ਨਾ ਆਇਆ। ਜ਼ਮਾਨਾ ਹੀ ਬਦਲ ਗਿਆ।

**ਸਵਾਲ:** ਗੁਰਬਖਸ਼ ਸਿੰਘ, ਮੋਹਨ ਸਿੰਘ, ਤੇਜਾ ਸਿੰਘ, ਸੇਖੋਂ ਆਦਿ ਵਰਗੇ ਵੱਡੇ ਲੇਖਕ ਆਪਣੀ ਚਰਮ ਸੀਮਾ 'ਤੇ ਸਨ ਸੱਠਵਿਆਂ ਸੱਤਰਵਿਆਂ ਵਿਚ। ਇਨ੍ਹਾਂ ਦਾ ਭੂਤਵਾੜੇ ਵਲ ਕੀ ਵਤੀਰਾ ਸੀ?

**ਨੂਰ:** ਭੂਤਵਾੜੇ ਵਿਚ ਸਮੇਂ ਸਮੇਂ ਮੋਹਨ ਸਿੰਘ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ, ਅਮਰੀਕ ਸਿੰਘ, ਸ਼ਿਵ ਕੁਮਾਰ, ਮੀਸ਼ਾ ਨੇ ਦਿਲਚਸਪੀ ਲਈ। ਕਈ ਵਾਰ ਉਹ ਆਉਂਦੇ। ਸਾਹਿਤਕ ਚਰਚੇ ਛਿੜਦੇ। ਕਈ ਨਵੇਂ ਪੜ੍ਹਨ ਲਿਖਣ ਵਾਲੇ ਆਉਂਦੇ ਰਹਿੰਦੇ। ਲਾਲੀ ਜਿਸ ਨੂੰ ਲੋਕ ਬਾਬਾ ਆਖਣ ਲੱਗੇ ਸਨ, ਉਹ ਅਕਸਰ ਨਵੀਆਂ ਕਿਤਾਬਾਂ ਤਲਾਸ਼ਦਾ ਤੇ ਚਰਚਾ ਦਾ ਵਿਸ਼ਾ ਬਣਾਉਂਦਾ।

**ਸਵਾਲ:** ਪੰਜਾਬੀ ਵਿਚ ਇਨਾਮਾਂ, ਸਨਮਾਨਾਂ, ਰੂ-ਬ-ਰੂਆਂ, ਘੁੰਡ ਚੁਕਾਈਆਂ ਦੀ ਸਿਆਸਤ ਵਿਚ ਤੁਸੀਂ ਪੂਰੀ ਤਰ੍ਹਾਂ ਖਚਿਤ ਹੋ। ਕੀ ਕਦੀ ਮਨ ਵਿਚ ਆਇਆ ਹੈ ਕਿ ਇਹ ਸਾਹਿਤ ਦਾ ਕਿੰਨਾ ਨੁਕਸਾਨ ਕਰਦੇ ਹਨ ਅਤੇ ਨਵੇਂ ਲੇਖਕਾਂ ਨੂੰ ਕੁਰਾਹੇ ਪਾਉਂਦੇ ਹਨ?

**ਨੂਰ:** ਇਨਾਮਾਂ, ਸਨਮਾਨਾਂ ਨਾਲ ਸੰਸਥਾਵਾਂ ਵਿਚ ਸਰਗਰਮ ਰਹਿਣ ਕਰਕੇ ਸਹਿਜੇ ਹੀ ਇਕ ਸਬੰਧ ਕਾਇਮ ਹੋ ਗਿਆ। ਮੈਨੂੰ ਪਤਾ ਹੈ ਜਿਸ ਨੂੰ ਇਨਾਮ ਜਾਂ ਸਨਮਾਨ ਮਿਲ ਜਾਂਦਾ ਹੈ, ਉਹ ਤੁਹਾਡਾ ਪ੍ਰਸ਼ੰਸਕ ਹੁੰਦਾ ਹੈ ਤੇ ਬਾਕੀ ਸਾਰੇ ਲੇਖਕ ਜੋ ਇਨਾਮ ਉਡੀਕ ਰਹੇ ਹੁੰਦੇ ਹਨ, ਉਹ ਤੁਹਾਡੇ ਖ਼ਿਲਾਫ਼। ਇਨਾਮਾਂ, ਸਨਮਾਨਾਂ ਦੀ ਸਿਆਸਤ ਵਿਚ ਹਰ ਲੇਖਕ ਗ੍ਰਸਤ ਹੈ। ਇਕ ਵਾਰ ਮੈਨੂੰ ਮੀਸ਼ੇ ਨੇ ਆਖਿਆ,-ਸਾਹਿਤ ਅਕਾਦਮੀ ਇਨਾਮ ਦੇ ਪੈਸੇ ਵਧਣੇ ਚਾਹੀਦੇ ਹਨ। (ਉਦੋਂ ਇਨਾਮ ਦਸ ਹਜ਼ਾਰ ਸੀ) ਉਸਨੇ ਕਿਹਾ ਕਿ ਮੈਂ ਇਨਾਮ ਲਈ ਪੰਦਰਾਂ ਹਜ਼ਾਰ ਤਾਂ ਖਰਚ ਕਰ ਚੁੱਕਾ ਹਾਂ। ਮੈਂ ਭਾਰਤੀ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਹਾਂ। ਮੀਤ ਪ੍ਰਧਾਨ ਇਨਾਮ ਦੀ ਕਿਸੇ ਕਮੇਟੀ ਨਾਲ ਸਬੰਧਤ ਨਹੀਂ ਹੁੰਦਾ। ਪਰ ਮੈਨੂੰ ਦਸੰਬਰ ਨੇੜੇ ਆਉਂਦਿਆਂ ਕਈਆਂ ਦੇ ਫੋਨ ਤੇ ਸਿਫਾਰਸ਼ਾਂ ਆਉਣ ਲੱਗਦੀਆਂ ਹਨ। ਮੇਰਾ ਕਿੰਨਾ ਸਮਾਂ ਇਹ ਸਮਝਾਉਂਦਿਆਂ ਲੰਘਦਾ ਹੈ ਕਿ ਸਾਹਿਤ ਅਕਾਦਮੀ ਵਿਚ ਇਹੋ ਜਿਹਾ ਕੋਈ ਦਖ਼ਲ ਕੰਮ ਨਹੀਂ ਕਰਦਾ। ਇਹ ਗੱਲ ਠੀਕ ਹੈ ਕਿ ਲੇਖਕਾਂ ਨੂੰ ਸਹਿਜ ਨਾਲ ਸਿਰਜਣਾ ਵਿਚ ਲੀਨ ਰਹਿਣਾ ਚਾਹੀਦਾ ਹੈ, ਇਨਾਮ, ਸਨਮਾਨ ਤਾਂ ਸਹਿਜੇ ਮਿਲੇ ਹੀ ਠੀਕ ਹੁੰਦੇ ਹਨ। ਬਿੰਬ ਰਚਨਾ ਨੇ ਬਣਾਉਣਾ ਹੈ, ਇਨਾਮਾਂ, ਸਨਮਾਨਾਂ ਨੇ ਨਹੀਂ।

ਪਰ ਇਸ ਰੋਲ-ਘਚੋਲ ਵਿਚ ਬੜਾ ਕੁਝ ਵਾਪਰਦਾ ਰਿਹਾ ਹੈ। ਇਕ ਵਾਰ ਡਾ. ਗੋਪਾਲ ਸਿੰਘ ਦਰਦੀ ਨੇ ਤਾਰਾ ਸਿੰਘ ਨੂੰ ਪੰਦਰਾਂ ਹਜ਼ਾਰ ਰੁਪਏ ਦੇ ਕੇ ਆਪਣੇ ਸਨਮਾਨ ਵਿਚ ਪਾਰਟੀ ਦਾ ਪ੍ਰਬੰਧ ਕੀਤਾ। ਕਈ ਹੋਰ ਲੇਖਕ ਇਓਂ ਕਰਦੇ ਰਹੇ ਹਨ। ਇਕ ਵਾਰ ਗੁਰਬਚਨ (ਜਦੋਂ ਦਿੱਲੀ ਸੀ) ਕਹਿਣ ਲੱਗਾ, 'ਪੰਜਾਬੀ ਅਕਾਦਮੀ ਦਾ ਇਨਾਮ ਵੀ ਦੁਆਓ।' ਮੈਂ ਉਸਨੂੰ ਕਿਹਾ' ਤੂੰ ਇਕ ਥਾਂ ਪੰਜਾਬੀ ਅਕਾਦਮੀ ਦੇ ਖ਼ਿਲਾਫ਼ ਲਿਖਿਆ ਹੈ। ਉਨ੍ਹਾਂ ਇਨਾਮ ਨਹੀਂ ਦੇਣਾ।' ਉਹ ਕਹਿਣ ਲੱਗਾ, 'ਲੈ ਮੈਂ ਉਹ ਸਫਾ ਵਿਚੋਂ ਕੱਢ ਦਿੰਦਾ ਹਾਂ।' (ਮੈਂ ਇਹ ਗੱਲ ਉਦੋਂ ਸਕੱਤਰ ਪੰਜਾਬੀ ਅਕਾਦਮੀ ਨੂੰ ਵੀ ਦੱਸੀ) ਇਓਂ ਜੋ ਇਨਾਮਾਂ ਨੂੰ ਗਾਲਾਂ ਕੱਢਦੇ ਹਨ, ਇਨਾਮ ਸਨਮਾਨ ਉਨ੍ਹਾਂ ਦੇ ਅਵਚੇਤਨ ਵਿਚ ਵੀ ਘਰ ਕਰੀ ਬੈਠੇ ਹਨ। ਜਦੋਂ ਉਨ੍ਹਾਂ ਦਾ ਕੁਝ ਨਹੀਂ ਬਣਦਾ, ਫਿਰ ਉਨ੍ਹਾਂ ਦੀ ਫਰਸਟਰੇਸ਼ਨ ਗਾਲ੍ਹੀ ਗਲੋਚ 'ਤੇ ਉਤਰ ਆਉਂਦੀ ਹੈ। ਪਰਚੇ ਕੱਢਣੇ ਪੈਂਦੇ ਹਨ। ਮੈਂ ਇਸ ਸਿਆਸਤ ਦਾ ਦਰਸ਼ਕ ਹਾਂ।

**ਹੁਣ:** ਦਿੱਲੀ ਦੀ ਸਾਹਿਤ ਅਕਾਦਮੀ ਦੇ ਹੁਣ ਤੁਸੀਂ ਕਰਤਾ ਧਰਤਾ ਵਾਂਗ ਹੀ ਹੋ। ਇਹਦਾ ਵਾਰਸ਼ਿਕ ਇਨਾਮ ਵੱਡਾ ਮੰਨਿਆ ਜਾਂਦਾ ਹੈ। ਬਹੁਤੀ ਵਾਰ ਮਿਲਦਾ ਵੀ ਪਹੁੰਚ ਕਰਨ ਵਾਲਿਆਂ ਨੂੰ ਹੈ। ਤੁਹਾਨੂੰ ਇਨ੍ਹਾਂ ਪਹੁੰਚ ਕਰਨ ਵਾਲਿਆਂ ਦਾ ਭੇਤ ਲਗਦਾ ਈ ਰਹਿੰਦਾ ਹੋਵੇਗਾ। ਨੰਗੇ ਕਰੋਗੇ ਕੁਝ ਚਿਹਰੇ?

**ਨੂਰ:** ਦਿੱਲੀ ਦੀ ਪੰਜਾਬੀ ਸਾਹਿਤ ਅਕਾਦਮੀ ਨਾਲ ਮੇਰਾ ਕਾਫੀ ਦੇਰ ਦਾ ਸਬੰਧ ਹੈ ਤੇ ਇਨਾਮ ਕਮੇਟੀ ਦਾ ਅਕਸਰ ਮੈਂਬਰ ਰਿਹਾ ਹਾਂ। ਹੁਣ ਤੱਕ ਇਨਾਮ ਦਿੱਲੀ ਦੇ ਲੇਖਕਾਂ ਨੂੰ ਹੀ ਮਿਲਦਾ ਰਿਹਾ ਹੈ, ਪਰ ਅਗਲੇ ਇਨਾਮਾਂ ਵਿਚ ਪਹਿਲੇ ਦੋ ਇਨਾਮ, ਪੰਜਾਬੀ ਸਾਹਿਤ ਤੇ ਸਭਿਆਚਾਰ ਲਈ ਸਾਰੇ ਭਾਰਤ ਵਿਚੋਂ ਦਿਤੇ ਜਾਇਆ ਕਰਨਗੇ। ਪੰਜਾਬੀ ਲੇਖਕ ਜਾਂ ਸਭਿਆਚਾਰ, ਸੰਗੀਤ ਆਦਿ ਖੇਤਰ ਵਿਚ ਕੰਮ ਕਰਨ ਵਿਚੋਂ ਚੋਣ ਕੀਤੀ ਜਾਇਆ ਕਰੇਗੀ। ਉਤਲੇ ਇਨਾਮ ਕਿਸੇ ਨੂੰ ਇਕ ਵਾਰ ਹੀ ਮਿਲਦੇ ਹਨ, ਪਰ ਹੇਠਲੇ ਕਿਤਾਬਾਂ ਦੇ ਤਿੰਨ ਸਾਲ ਬਾਅਦ ਫਿਰ ਮਿਲ ਸਕਦੇ ਹਨ। ਇਹ ਤਾਂ ਹੀ ਹੋਇਆ ਕਿ ਦਿੱਲੀ ਵਿਚ ਹੋਰ ਲੇਖਕ ਮਿਲਣੇ ਮੁਸ਼ਕਲ ਹੋ ਗਏ ਸਨ। ਲਗਭਗ ਹਰ ਇਕ ਨੂੰ ਮਿਲ ਗਿਆ। ਇਸ ਲਈ ਇਨ੍ਹਾਂ ਇਨਾਮਾਂ ਵਿਚ ਸਿਆਸਤ ਮੁਸ਼ਕਲ ਸੀ। ਮੁੱਖ ਮੰਤਰੀ ਪੰਜਾਬੀ ਅਕਾਦਮੀ ਦਾ ਚੇਅਰਮੈਨ ਹੁੰਦੈ, ਪਰ ਉਸ ਨੇ ਇਨਾਮਾਂ ਵਿਚ ਕਦੇ ਦਖ਼ਲ ਨਹੀਂ ਦਿੱਤਾ। ਜਦੋਂ ਅੰਮ੍ਰਿਤਾ ਜਾਂ ਹਰਿਭਜਨ ਸਿੰਘ ਇਨਾਮ ਕਮੇਟੀਆਂ ਦੇ ਚੇਅਰਮੈਨ ਸਨ, ਉਨ੍ਹਾਂ ਆਪਣੇ ਚਹੇਤਿਆਂ ਨੂੰ ਇਨਾਮ ਪਹਿਲਾਂ ਜ਼ਰੂਰ ਦਿੱਤੇ।

**ਹੁਣ:** ਰੌਲਾ ਪਿਆ ਸੀ ਕਿ ਨੂਰ ਦੀ ਮੁੱਖਬੰਦਾਂ ਦੀ ਕਿਤਾਬ ਨੂੰ ਹੀ ਅਕਾਦਮੀ ਦਾ ਇਨਾਮ ਮਿਲ ਗਿਆ ਜਦਕਿ ਇਸ ਇਨਾਮ ਲਈ ਮੂਲ ਸਾਹਿਤਕ ਰਚਨਾ ਹੋਣ ਦੀ ਸ਼ਰਤ ਹੈ। ਕਿਵੇਂ ਹੋਇਆ ਇਹ?

**ਨੂਰ:** ਮੈਂ ਆਪਣੀਆਂ ਦੋ ਪੁਸਤਕਾਂ ਨੂੰ ਵਧ ਮਹੱਤਵਯੋਗ ਸਮਝਦਾ ਹਾਂ। 'ਮੋਹਨ ਸਿੰਘ ਦਾ ਕਾਵਿ ਜਗਤ' ਤੇ 'ਕਵਿਤਾ ਦੀ ਭੂਮਿਕਾ'। 'ਕਵਿਤਾ ਦੀ ਭੂਮਿਕਾ' ਨੂੰ ਸਾਹਿਤ ਅਕਾਦਮੀ ਦੇ ਪੁਰਸਕਾਰ ਲਈ ਚੁਣਿਆ ਗਿਆ ਕਿਉਂਕਿ ਇਸ ਵਿਚ ਆਧੁਨਿਕ ਕਾਲ ਦੀਆਂ ਕਹਾਣੀਆਂ ਬਾਰੇ ਕੁਝ ਲੇਖ ਹਨ ਤੇ ਕੁਝ ਚੋਣਵੀਆਂ ਪੁਸਤਕਾਂ ਬਾਰੇ। ਇਹ ਭੂਮਿਕਾਵਾਂ ਨਹੀਂ ਪੁਸਤਕਾਂ ਬਾਰੇ ਆਲੋਚਨਾ ਹੈ। ਇਕ-ਦੋ ਲੇਖ ਭੂਮਿਕਾ ਦੇ ਤੌਰ 'ਤੇ ਸ਼ਾਮਲ ਹੋਏ। ਕਿਤਾਬ ਨੂੰ ਕਵਿਤਾ ਦੀ ਭੂਮਿਕਾ ਇਸ ਲਈ ਆਖਿਆ ਗਿਆ ਕਿਉਂਕਿ ਇਹ ਕਵਿਤਾ ਦੀ ਪਾਠਗਤ ਆਲੋਚਨਾ ਜਾਂ ਵਿਸ਼ਲੇਸ਼ਣ ਦੀ ਇਕ ਨਵੀਂ ਵਿਧੀ ਦੀ ਭੂਮਿਕਾ ਤਿਆਰ ਕਰਦੀ ਹੈ। ਸਾਰੀ ਆਲੋਚਨਾ ਵਿਚ ਇਹ ਭੂਮਿਕਾ ਤਿਆਰ ਕਰਨ ਦਾ ਮੇਰਾ ਯਤਨ ਵੀ ਰਿਹਾ ਹੈ।

**ਹੁਣ:** ਤੁਸੀਂ ਪਹਿਲ ਕਿਉਂ ਨਹੀਂ ਕਰਦੇ ਇਸ ਭੂੰਡੀ ਸਾਹਿਤਕ ਸਿਆਸਤ ਤੋਂ ਪਰ੍ਹਾਂ ਹੋ ਜਾਣ ਦੀ ਅਤੇ ਫੇਰ ਇਕਾਂਤ ਵਿਚ ਗੰਭੀਰ ਰਚਨਾ ਕਰਨ ਵਿਚ ਆਪਣੇ ਬਾਕੀ ਦੇ ਦਿਨ ਗੁਜ਼ਾਰਨ ਦੀ। ਕੀ ਇਹ ਤੁਹਾਡੇ ਸੁਭਾਅ ਦੇ ਉਲਟ ਹੈ?

**ਨੂਰ:** ਮੈਂ ਬਣ ਗਈ ਸਿਆਸਤ ਤੋਂ ਪਾਸੇ ਹੋਣਾ ਚਾਹੁੰਦਾ ਹਾਂ, ਬਹੁਤ ਕੁਝ ਲਿਖਣਾ ਲੇਟ ਹੋ ਰਿਹਾ ਹੈ। ਹੁਣ ਕੰਬਲ ਨਹੀਂ ਛੱਡਦਾ। ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਬਣਨ ਬਾਅਦ ਸਾਰੀਆਂ ਭਾਸ਼ਾਵਾਂ ਨੂੰ ਸਰਗਰਮ ਕੀਤਾ ਹੈ। ਪੰਜਾਬੀ ਨੂੰ ਹਰ ਸੂਬੇ ਦੀ ਸਾਹਿਤਕ ਸਰਗਰਮੀ ਨਾਲ ਜੋੜਿਆ ਹੈ। ਇਹ ਗੱਲ ਮੈਨੂੰ ਚੰਗੀ ਲੱਗਦੀ ਹੈ। ਇਹ ਕੰਮ ਕੋਈ ਹੋਰ ਸਾਂਭ ਸਕੇ ਤਾਂ ਮੈਂ ਸਹਿਜੇ ਬਹਿ ਕੇ ਆਪਣਾ ਕੰਮ ਕਰਾਂ, ਪਰ ਹੋਰ ਕੋਈ ਇਓਂ ਸਰਗਰਮ ਹੋਣ ਲਈ ਤਿਆਰ ਨਹੀਂ।

**ਹੁਣ:** ਸਾਰੇ ਸੰਸਾਰ ਸਾਹਿਤ ਦੇ ਭੂਤ, ਵਰਤਮਾਨ ਅਤੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਕੀ ਕਹੋਗੇ ਕਿ ਵੱਡਾ ਲੇਖਕ ਕਿਉਂ ਤੇ ਕਿਵੇਂ ਵੱਡਾ ਹੁੰਦਾ ਹੈ?

**ਨੂਰ:** ਲੇਖਕ ਦੀ ਮਹਾਨਤਾ ਤੁਲਨਾਤਮਕ ਹੋ ਕੇ ਵਧੇਰੇ ਸਮਝੀ ਜਾ ਸਕਦੀ ਹੈ। ਭੂਤ ਤੋਂ ਭਵਿੱਖ ਤੱਕ ਉਸਦੀ ਲਿਖਤ ਦੇ ਜੀਊਣ ਦੀ ਸਮਰੱਥਾ ਪਛਾਣੀ ਜਾ ਸਕਦੀ ਹੈ। ਜਿਵੇਂ ਦਾਂਤੇ, ਸ਼ੈਕਸਪੀਅਰ, ਕਬੀਰ, ਗੁਰੂ ਨਾਨਕ, ਟਾਲਸਟਾਇ, ਦੋਸਤੋਵਸਕੀ, ਕਾਫ਼ਕਾ, ਪਾਬਲੋ ਨੇਰੂਦਾ ਆਦਿ। ਅੱਗੇ ਆ ਕੇ ਇਹ ਵੱਡੇ ਲੇਖਕ ਵੀ ਪ੍ਰਤਿਮਾਨ ਤੇ ਮਾਡਲ ਬਣ ਜਾਂਦੇ ਹਨ। ਪਰ ਹਰ ਲੇਖਕ ਪਹਿਲਾਂ ਆਪਣੇ ਸਭਿਆਚਾਰ, ਭਾਸ਼ਾ ਤੇ ਸਾਹਿਤ ਵਿਚ ਵੱਡਾ ਬਣੇ, ਫਿਰ ਹੀ ਉਹ ਅੰਤਰਰਾਸ਼ਟਰੀ ਪਰਿਪੇਖ ਵਿਚ ਆਪਣੀ ਪਛਾਣ ਬਣਾਉਣ ਦੇ ਯੋਗ ਹੋ ਸਕੇਗਾ।

**ਸਵਾਲ:** ਕਾਨਾਫੂਸੀ ਹੁੰਦੀ ਹੈ-ਨੂਰ ਨੇ ਆਖਰ ਵਨੀਤਾ ਨੂੰ ਇਨਾਮ ਦੁਆ ਹੀ ਦੇਣੈ। ਕੀ ਵਨੀਤਾ ਅਤੇ ਉਹਦੀ ਲਿਖਤ ਏਨੀ ਹੀ ਚੰਗੀ ਹੈ?

**ਨੂਰ:** ਡਾ. ਵਨੀਤਾ ਦੀ ਕਵਿਤਾ ਹੋਰ ਪੰਜਾਬੀ ਸ਼ਾਇਰਾਂ ਨਾਲੋਂ ਕੁਝ ਵੱਖਰੀ ਹੈ। ਜਦੋਂ ਉਸਦੀ ਕਵਿਤਾ ਦਾ ਬਿੰਬ ਬਣਨਾ ਸ਼ੁਰੂ ਹੋਇਆ, ਆਮ ਪੰਜਾਬੀ ਨਾਰੀ-ਕਾਵਿ ਕੇਵਲ ਮਰਦ ਦੇ ਵਿਰੋਧ ਨੂੰ ਹੀ ਨਾਰੀਵਾਦੀ ਆਵਾਜ਼ ਸਮਝਦਾ ਸੀ। ਉਸ ਕਾਵਿ 'ਚੋਂ ਵਧੇਰੇ ਆਵਾਜ਼ ਵਿਚ ਰੈਟਰਿਕ ਵੀ ਸੀ। ਉਸਨੇ ਇਸ ਕਿਸਮ ਦੇ ਕਾਵਿ ਤੋਂ ਸੰਕੋਚ ਕੀਤਾ ਤੇ ਨਾਲ ਨਾਲ ਆਲੋਚਨਾ ਵਿਚ ਵੀ ਕੁਝ ਨਵੀਆਂ ਗੱਲਾਂ ਨੂੰ ਸਮਝਣ ਦਾ ਯਤਨ ਕੀਤਾ। ਚੰਗੇ ਕਵੀ ਅਨੁਵਾਦ ਕੀਤੇ। ਉਸਨੂੰ ਭਾਰਤੀ ਅਕਾਦਮੀ ਦਾ ਅਨੁਵਾਦ ਦਾ ਇਨਾਮ ਵੀ ਮਿਲਿਆ। ਪਰ ਮੈਂ ਸਮਝਦਾ ਹਾਂ ਅਜੇ ਵੱਡੀ ਪ੍ਰਾਪਤੀ ਵਾਲੀ ਰਚਨਾ ਉਸਨੇ ਕਰਨੀ ਹੈ। ਉਹ ਲਗਾਤਾਰ ਸੰਗੀਤ ਨਾਲ ਜੁੜੀ ਰਹੀ ਹੈ। ਉਸਨੇ ਉਸਦੀ ਕਵਿਤਾ ਨੂੰ ਸਹਿਜ ਤੇ ਧੀਮੀ ਸੁਰ ਨਾਲ ਜੋੜਿਆ ਹੈ। ਮੈਂ ਸਮਝਦਾ ਹਾਂ ਅੰਮ੍ਰਿਤਾ ਤੋਂ ਪਿੱਛੋਂ ਕਵਿਤਾ ਦੇ ਨਾਲ ਨਾਲ ਉਸਦਾ ਸਰਬਪੱਖੀ ਕੰਮ ਹੈ। ਉਸ ਦੀਆਂ ਕਵਿਤਾ, ਅਨੁਵਾਦ, ਆਲੋਚਨਾ, ਸੰਪਾਦਨਾ ਆਦਿ ਦੀਆਂ 25 ਤੋਂ ਵਧ ਪੁਸਤਕਾਂ ਹਨ ਤੇ ਉਹ ਚੁੱਪ ਚਾਪ ਆਪਣੇ ਕੰਮ ਵਿਚ ਲੀਨ ਹੈ।

**ਹੁਣ:** ਤੁਹਾਡੀ ਸੁਰਜੀਤ ਪਾਤਰ ਨਾਲ ਬੜੀ ਯਾਰੀ ਹੁੰਦੀ ਸੀ। ਇਹ ਭਲਾ 'ਤੜੱਕ ਕਰਕੇ' ਕਿਵੇਂ ਟੁੱਟ ਗਈ?

**ਨੂਰ:** ਸੁਰਜੀਤ ਪਾਤਰ ਮੇਰਾ ਮਿੱਤਰ ਹੈ। ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਅਸੀਂ ਇਕ ਦੂਜੇ ਦੇ ਮੁਕਾਬਲੇ 'ਤੇ ਲੜੀ। ਪਾਤਰ ਜਿੱਤਿਆ। ਪਰ ਮੈਂ ਆਖਿਆ ਵੀ ਸੀ ਕਿ ਇਹ ਸਾਡਾ 'ਫਰੈਂਡਲੀ ਮੈਚ' ਹੈ। ਅਸੀਂ ਉਵੇਂ ਹੀ ਦੋਸਤ ਹਾਂ। ਅਸੀਂ 1970-71 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪਹਿਲਾਂ ਕੰਧ-ਮੈਗਜ਼ੀਨ ਸ਼ੁਰੂ ਕੀਤਾ। ਫਿਰ 'ਕਲਯੁਗ' ਸ਼ੁਰੂ ਕੀਤਾ। ਪੰਜਾਬੀ ਯੂਨੀਵਰਸਿਟੀ 'ਚੋਂ ਵਿਦਾ ਵੀ ਇਕੱਠੇ ਹੋਏ। ਹੁਣ ਵੀ ਸਾਡੀ ਦੋਸਤੀ ਸੰਘਣੀ ਹੈ। ਅਸੀਂ ਇਕ ਦੂਜੇ ਨਾਲ ਕਈ ਗੱਲਾਂ ਦੀ ਸਲਾਹ ਕਰਦੇ ਹਾਂ।

**ਹੁਣ:** ਕਈ ਵਿਦਵਾਨਾਂ ਨੂੰ ਮਹਿਫਲਾਂ ਵਿਚ ਇਓਂ ਕਹਿੰਦਿਆਂ ਸੁਣਿਆ ਹੈ ਕਿ ਅੱਜ ਕੱਲ੍ਹ ਵਿਦੇਸ਼ਾਂ ਵਿਚ ਹੀ ਚੰਗਾ ਪੰਜਾਬੀ ਸਾਹਿਤ ਪੈਦਾ ਹੋ ਰਿਹਾ ਹੈ। ਕੀ ਇਹ ਗੱਲ ਸਹੀ ਹੈ ਜਾਂ 'ਰੋਟੀਆਂ ਕਾਰਨ ਪੂਰੇ ਤਾਲ' ਦੀ ਪੁਰਾਣੀ ਰੱਟ?

**ਨੂਰ:** ਵਿਦੇਸ਼ਾਂ ਵਿਚ ਪੰਜਾਬੀ ਸਾਹਿਤ ਦੀਆਂ ਕੁਝ ਚੰਗੀਆਂ ਲਿਖਤਾਂ ਸਾਹਮਣੇ ਆਈਆਂ ਹਨ, ਪਰ ਇਸਦਾ ਇਹ ਭਾਵ ਨਹੀਂ ਕਿ ਸਾਰਾ ਚੰਗਾ ਸਾਹਿਤ ਉਧਰ ਹੀ ਪੈਦਾ ਹੋ ਰਿਹਾ ਹੈ। ਆਖਰ ਉਹ ਲੇਖਕ ਵੀ ਇਧਰ ਦੇ ਮਾਹੌਲ ਤੇ ਪ੍ਰਵਿਰਤੀਆਂ 'ਚੋਂ ਗਏ ਹਨ।

ਮੈਨੂੰ ਲੱਗਦਾ ਹੈ ਵਧੇਰੇ ਚੰਗਾ ਸਾਹਿਤ ਪੈਦਾ ਹੋਣ ਦੀਆਂ ਇਧਰ ਸੰਭਾਵਨਾਵਾਂ ਵਧੇਰੇ ਰਹਿਣਗੀਆਂ। ਉਧਰੋਂ ਪੈਦਾ ਹੋਇਆ ਸਾਹਿਤ ਚੰਗਾ ਤਾਂ ਉਦੋਂ ਹੀ ਆਉਣ ਦੀ ਸੰਭਾਵਨਾ ਹੋਵੇਗੀ ਜਦੋਂ ਉਧਰ ਪੈਦਾ ਹੋਈ ਪੀੜ੍ਹੀ ਪੰਜਾਬੀ ਵਿਚ ਉਥੋਂ ਦੇ ਸਮਾਜਕ ਵਿਰੋਧਾਂ ਬਾਰੇ ਲਿਖੇਗੀ। ਅਜੇ ਤਾਂ ਇਧਰੋਂ ਗਏ ਸਾਹਿਤਕਾਰ ਇੱਧਰ ਦਾ ਹੀ ਲਿਖ ਰਹੇ ਹਨ। ਉਹ ਸਾਹਿਤ ਪੂਰੀ ਤਰ੍ਹਾਂ ਵਿਕਸਤ ਪੂੰਜੀਵਾਦ ਦੇ ਅੰਤਰ-ਵਿਰੋਧਾਂ ਨੂੰ ਪਛਾਨਣ ਦੇ ਅਜੇ ਸਮਰੱਥ ਨਹੀਂ ਹੋਇਆ। ਕਿਸੇ ਕਿਸੇ ਲਿਖਤ ਵਿਚ ਹੀ ਇਕ ਸੀਮਾ ਵਿਚ ਇਹ ਗੱਲ ਉਘੜੀ ਹੈ।

# ਵਾਹ ਵਾਹ ਬਲੈਕ ਸ਼ੀਪ

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਪਿੰਡ ਦੀ ਫਿਰਨੀ ਉਤੇ ਇਕ ਪੁਰਾਣੇ ਪੱਕੇ ਘਰ ਨੂੰ ਇਕ ਸਕੀਮੀ ਬੰਦੇ ਨੇ ਅੰਗਰੇਜ਼ੀ ਸਕੂਲ ਵਿਚ ਬਦਲ ਦਿੱਤਾ। ਇਸ ਸਕੂਲ ਦੀ ਅਧਿਆਪਕਾ ਰੋਜ਼ ਦੀ ਤਰ੍ਹਾਂ ਇਕ ਦਿਨ ਸਵੇਰੇ ਸਵੇਰੇ ਵਰਦੀਧਾਰੀ ਬੱਚਿਆਂ ਨੂੰ ਬੋਲ ਬੋਲ ਕੇ ਨਰਸਰੀ ਕਵਿਤਾ 'ਬਾਅ ਬਾਅ ਬਲੈਕ ਸ਼ੀਪ' ਰਟਾ ਰਹੀ ਸੀ। ਚਾਰਦੀਵਾਰੀ ਕੋਲ ਖੜੇ ਦੋ ਜੱਟ ਸੁਣ ਕੇ ਗ਼ਦ ਗ਼ਦ ਹੋ ਰਹੇ ਸਨ। ਇਕ ਨੇ ਦੂਜੇ ਨੂੰ ਕਿਹਾ, "ਸੁਆਦ ਆ ਗਿਆ ਬਈ, ਆਹ ਤਾਂ ਹੋਏ ਸਕੂਲ। ਪੰਜਾਬੀ ਸਕੂਲਾਂ 'ਚ ਤਾਂ ਘੱਟਾ ਈ ਉਡਦਾ ਰਹਿੰਦਾ; ਨਿਆਣੇ ਚੱਤੋ ਪਹਿਰ ਖੌਰੂ ਪਾਉਂਦੇ ਰਹਿੰਦੇ। ਨਲਕੇ ਦੇ ਗੇੜੇ ਈ ਨਹੀਂ ਦੇਣੋਂ ਹਟਦੇ, ਮਾਹਟਰ ਮਾਹਟਰਨੀਆਂ ਤਾਂ ਲੱਤਾਂ ਤੇ ਲੱਤਾਂ ਰੱਖ ਕੇ ਮੱਖੀਆਂ ਈ ਉਡਾਉਂਦੇ ਰਹਿੰਦੇ।" ਦੂਜੇ ਨੇ ਕਿਹਾ, "ਓਹ ਤਾਂ ਹੋਈ ਗੱਲ, ਆਹ ਬਲੈਕ ਸ਼ੀਪ ਕੀ ਸ਼ੈ ਹੁੰਦੀ ਹੈ, ਬੜੀ ਇਹਦੀ ਨਿੱਤ ਬਾਹ ਬਾਹ ਹੁੰਦੀ ਹੈ?" ਦੁਆਬੇ ਅਤੇ ਮਾਲਵੇ ਵਿਚ ਸ਼ਬਦ ਦੇ ਅਰੰਭ ਵਿਚ ਆਉਂਦੀ ਧੁਨੀ 'ਵ' ਨੂੰ 'ਬ' ਤੇ ਵਿਚਕਾਰ ਜਾਂ ਪਿੱਛੇ ਆਉਂਦੀ 'ਬ' ਨੂੰ 'ਵ' ਬੋਲ ਕੇ ਉਚਾਰਿਆ ਜਾਂਦਾ ਹੈ ਜਿਵੇਂ ਵਾਲੀਬਾਲ' ਨੂੰ ਏਥੇ 'ਬਾਲੀਵਾਲ' ਤੇ 'ਗੁਲਾਬ' ਨੂੰ ਗੁਲਾਵ' ਕਿਹਾ ਜਾਂਦਾ ਹੈ। ਕਈ ਬੁੜ੍ਹੇ ਤਾਂ ਕਹਿਣਗੇ "ਬਹਿੜਕੇ ਦੀ ਬੱਖੀ ਬਿਚ ਬੱਟਾ ਮਾਰਿਆ।" ਬੱਚਿਆਂ ਦੁਆਰਾ ਰਟੇ ਜਾ ਰਹੇ 'ਬਾਅ ਬਾਅ ਬਲੈਕ ਸ਼ੀਪ' ਨੂੰ 'ਵਾਹ ਵਾਹ ਬਲੈਕ ਸ਼ੀਪ' ਸਮਝ ਕੇ ਵਿਸਮਾਦ ਵਿਚ ਆਏ ਜੱਟ ਅਸਲ ਵਿਚ ਅਚੇਤ ਹੀ ਪੰਜਾਬ ਵਿਚ ਖੁੰਭਾਂ ਵਾਂਗ ਉਗ ਚੁੱਕੇ ਅੰਗਰੇਜ਼ੀ ਸਕੂਲਾਂ ਦੀ ਹੀ ਵਾਹ ਵਾਹ ਕਰ ਰਹੇ ਸਨ। ਬਹਰਹਾਲ ਅੰਗਰੇਜ਼ੀ ਸ਼ਬਦ 'ਬਲੈਕ ਸ਼ੀਪ' ਦਾ ਇਕ ਮਤਲਬ ਘਟੀਆ ਜਾਂ ਘ੍ਰਿਣਤ ਬੰਦਾ ਵੀ ਹੈ ਤੇ ਜਿਨ੍ਹਾਂ ਅਜੇਹੇ ਅੰਗਰੇਜ਼ਾਂ ਨੂੰ ਅਸੀਂ ਦੇਸ਼ੋਂ ਕਢਿਆ ਸੀ ਉਨ੍ਹਾਂ ਦੀ ਅੰਗਰੇਜ਼ੀ ਨੂੰ ਅਸੀਂ ਗਲੇ ਲਗਾ ਰਹੇ ਹਾਂ!



ਇਨ੍ਹਾਂ ਅਖਾਉਤੀ ਅੰਗਰੇਜ਼ੀ ਸਕੂਲਾਂ ਦਾ ਭੁਆਰਾ ਪੰਜਾਬ ਦੇ ਸ਼ਹਿਰਾਂ ਤੋਂ ਚੱਲ ਕੇ ਦੇਹਾਤ ਤੱਕ ਏਨਾ ਫੈਲ ਚੁੱਕਾ ਹੈ ਕਿ ਹਰ ਘਰ ਇਸ ਦੀ ਗ੍ਰਿਫ਼ਤ ਵਿਚ ਆ ਚੁੱਕਾ ਹੈ। ਕੋਈ ਦਸਵੀਂ ਬਾਹਰਵੀਂ ਪਾਸ ਫੇਲ੍ਹ ਵਿਹਲਾ ਬੰਦਾ ਜਾਂ ਰਿਟਾਇਰ ਹੋ ਚੁੱਕਾ ਅਧਿਆਪਕ ਜੇ ਕੋਈ ਹੋਰ ਕਮਾਈ ਕਰਨ ਜੋਗਾ ਨਹੀਂ ਤਾਂ ਉਸ ਨੂੰ ਅੰਗਰੇਜੀ ਸਕੂਲ ਖੋਲ੍ਹਣ ਦਾ ਧੰਦਾ ਸਮਝੋ ਵਾਜਾਂ ਮਾਰ ਰਿਹਾ ਹੈ। ਪਿੰਡਾਂ 'ਚ ਪਰਵਾਸੀਆਂ ਵਲੋਂ ਛੱਡੇ ਪੁਰਾਣੇ ਮਕਾਨਾਂ ਦੀ ਕਮੀ ਨਹੀਂ। ਗੰਢ ਤੁੱਪ ਕਰ ਕੇ ਮੱਲ ਲਵੋ, ਟੀਪ ਟਾਪ ਕਰਕੇ ਚਾਰ ਡੈਸਕ ਤੇ ਕੁਰਸੀਆਂ ਮੇਜ਼ ਡਾਹ ਦਿਓ, ਅੰਗਰੇਜ਼ੀ ਸਕੂਲ ਦਾ ਮੁਢਲਾ ਢਾਂਚਾ ਤਿਆਰ ਹੈ। ਆਪਣੇ ਟੇਸਟ ਤੇ ਸਮਝ ਅਨੁਸਾਰ ਇਸ ਦਾ ਪਬਲਿਕ, ਪ੍ਰਾਈਵੇਟ ਜਾਂ ਅੰਗਰੇਜ਼ੀ ਸਕੂਲ ਵਾਲਾ ਨਾਮਕਰਨ ਕਰ ਲਵੋ। ਵੈਸੇ ਮਕਾਨ ਦੇ ਮਾਲਕ ਦੀ ਯਾਦ 'ਚ ਬੜਾ ਬੱਚੇ-ਖਿਚਵਾਂ ਨਾਂ ਮੈਂ ਸੁਝਾ ਦਿੰਦਾ ਹਾਂ, "ਸਰਦਾਰ ਗੁਰਜੰਟ ਸਿੰਘ ਕੈਨੇਡੀਅਨ ਮੈਮੋਰੀਅਲ ਇੰਟਨੈਸ਼ਨਲ ਪਬਲਿਕ ਪ੍ਰਾਈਵੇਟ ਇੰਗਲਿਸ਼ ਮੀਡੀਅਮ ਨਾਨ-ਪੰਜਾਬੀ ਨਰਸਰੀ ਟੂ ਮੈਟਰਿਕ ਸਕੂਲ, (ਸੀ ਬੀ ਐਸ ਸੀ ਪੈਟਰਨ), ਚਚਰਾੜੀ"। ਸਟਾਫ਼ ਪੂਰਾ ਕਰਨ ਲਈ ਪਿੰਡ 'ਚ ਹੋਰ ਘਰ 'ਚ ਬੈਠੀਆਂ ਦਸਵੀਂ ਪਾਸ ਵਹੁਟੀਆਂ/ਕੁੜੀਆਂ ਬਥੇਰੀਆਂ ਮਿਲ ਜਾਣਗੀਆਂ; ਦੋ, ਚਾਰ, ਛੇ ਸੌ ਰੁਪਏ ਮਹੀਨੇ 'ਚ ਉਨ੍ਹਾਂ ਲਈ ਇਹ ਸ਼ੁਗਲ ਮਾੜਾ ਨਹੀਂ। ਨਾਲੇ ਉਹ ਆਪਣੀ ਅੰਗਰੇਜ਼ੀ 'ਤੇ ਹੱਥ ਫੇਰ ਲੈਣਗੀਆਂ- ਪਤਾ ਨਹੀਂ ਕਿਹੜੇ ਵੇਲੇ ਵਲੈਤ ਜਾਣਾ ਪਵੇ। ਬੱਸ ਇਕ ਵਾਰੀ ਅੱਡਾ ਗੱਡਾ ਲੱਗ ਗਿਆ, ਫਿਰ ਤਾਂ ਤੁਹਾਡੀ ਹਿੰਮਤ ਹੈ ਕਿ ਹੁਣ ਤੁਸੀਂ ਵਿਦਿਆ ਵਿਚਾਰੀ ਨੂੰ ਕਿੰਨਾ ਕਾਰੋਬਾਰੀ ਬਣਾਉਣਾ ਹੈ। ਗੋਗੜਾਂ ਛੱਡੀ ਨਵੀਂ ਅਮੀਰ ਬਣੀ ਜਮਾਤ ਭੱਜੀ ਆਵੇਗੀ, ਹੋਰ ਵੀ ਪਿੱਛੇ ਨਹੀਂ ਰਹਿੰਦੇ- ਇਹ ਪੱਕੀ ਗੱਲ ਹੈ। ਵਰਦੀਆਂ, ਕਿਤਾਬਾਂ, ਕਾਪੀਆਂ, ਬਸਤੇ, ਟਰਾਂਸਪੋਰਟ-ਆਮਦਨ ਖਿੱਚਣ ਲਈ ਸੰਭਾਵਨਾਵਾਂ ਅਸੀਮ ਹਨ। ਪਿੰਡ 'ਚੋਂ ਗੰਦੀਆਂ ਗਲੀਆਂ ਦਾ ਦਲਿੱਦਰ ਨਿਕਲੇ ਨਾ ਨਿਕਲੇ ਮਾਂ-ਪੰਜਾਬੀ ਦਾ ਦਲਿੱਦਰ ਤਾਂ ਨਿੱਕਲ ਹੀ ਰਿਹਾ ਹੈ।

ਪਰੇ ਕਿਤੇ ਰੂੜੀਆਂ 'ਚ ਰੁਲਦਾ ਸਰਕਾਰੀ ਸਕੂਲ ਇਨ੍ਹਾਂ ਸਾਹਮਣੇ ਇਕ ਠੱਠੀ ਜਿਹੀ ਦਾ ਝੌਲਾ ਦਿੰਦਾ ਹੈ। ਤੇ ਹਾਂ ਇਨ੍ਹਾਂ ਰੂੜੀ ਮਾਰਕਾ ਸਕੂਲਾਂ ਨੂੰ ਹੁਣ ਠੱਠੀਆਂ 'ਚ ਰਹਿੰਦੇ ਗ਼ਰੀਬ ਹਰੀਜਨ, ਨਵੇਂ ਨਵੇਂ ਆਏ ਭਈਏ ਤੇ ਹੋਰ ਖਸਤਾ ਹਾਲ ਲੋਕਾਂ ਦੇ ਬੱਚੇ ਹੀ ਭਾਗ ਲਾ ਰਹੇ ਹਨ। ਅਜੇਹੇ ਸਕੂਲਾਂ ਨੂੰ ਲੋਕ ਹੁਣ ਮਖੌਲ ਨਾਲ ਫੱਟੀ ਸਕੂਲ, ਤੱਪੜ ਸਕੂਲ, ਏਥੋਂ ਤੱਕ ਕਿ ਪੰਜਾਬੀ ਸਕੂਲ ਕਹਿਣ ਲੱਗੇ ਹਨ। ਹਾਂਜ ਆਉਂਦੀ ਹੈ ਕਿ ਆਪਣੀ ਹੀ ਭਾਸ਼ਾ ਪੰਜਾਬੀ ਨੂੰ ਲੋਕ ਏਨਾ ਠਿੱਠ ਕਰਨ ਲੱਗ ਪਏ ਹਨ। ਮੈਨੂੰ 'ਮਾਂ ਬੋਲੀ ਪੰਜਾਬੀ' ਉਕਤੀ ਤੋਂ ਹਮੇਸ਼ਾ ਬੜੀ ਚਿੜ੍ਹ ਆਉਂਦੀ ਹੈ- ਇਉਂ ਲਗਦਾ ਹੈ ਜਿਵੇਂ ਪੰਜਾਬੀ ਨੂੰ ਮਾਂ ਮਾਂ ਕਹਿ ਕੇ ਇਸ ਪ੍ਰਤੀ ਤਰਸ ਦੀ ਭਾਵਨਾ ਜਗਾਈ ਜਾ ਰਹੀ ਹੋਵੇ। ਪਰ ਪੰਜਾਬੀ ਦੀ ਦੁਰਦਸ਼ਾ ਦੇਖ ਕੇ ਮੇਰੇ ਮਨ ਵਿਚ ਵੀ ਪੰਜਾਬੀ ਦੇ ਮਾਂ ਹੋਣ ਵਾਲਾ ਤਰਸਯੋਗ ਬਿੰਬ ਉਘੜਨ ਲੱਗ ਪਿਆ ਹੈ।

ਕਈਆਂ ਨੂੰ ਲੱਗ ਰਿਹਾ ਹੋਵੇਗਾ ਕਿ ਮੈਂ ਸ਼ਾਇਦ ਪੰਜਾਬੀ ਦੀ ਭੈੜੀ ਤਸਵੀਰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹਾਂ। ਤਾਂ ਲਓ ਇਕ ਰੋਜ਼ਾਨਾ ਅਖਬਾਰ ਦੀ ਖਬਰ ਪੇਸ਼ ਕਰਦਾ ਜੋ ਜ਼ਿਲਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਪਰੇਮਪੁਰਾ ਬਾਰੇ ਹੈ। ਇਹ ਖਬਰ ਇਸ ਸਕੂਲ 'ਚ ਹੋਏ ਕਿਸੇ ਸਕੈਂਡਲ ਬਾਰੇ ਨਹੀਂ ਪਰ ਫਿਰ ਭੀ ਬੜੀ ਸਨਸਨੀਖੇਜ਼ ਹੈ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਉਹ ਚੀਜ਼ ਹੀ ਗ਼ਾਇਬ ਹੈ ਜਿਸ ਕਰਕੇ ਕੋਈ ਸਕੂਲ ਸਕੂਲ ਅਖਵਾਉਂਦਾ ਹੈ ਅਰਥਾਤ ਵਿਦਿਆਰਥੀ! ਪਰ ਖੈਰ, ਸ਼ੁਕਰ ਹੈ ਇਕ ਹੋਰ ਸ਼ੈ ਤਾਂ ਘਟੋ ਘਟ ਏਥੇ ਜ਼ਰੂਰ ਹੈ ਜਿਸ ਦੀ ਮੌਜੂਦਗੀ ਕਾਰਨ ਸਕੂਲ ਦੀ ਇਮਾਰਤ ਭਾਂ ਭਾਂ ਨਹੀਂ ਕਰਦੀ। ਸਕੂਲ ਦੀ ਸਵਾ ਲੱਖ ਅਧਿਆਪਕਾ 32 ਸਾਲਾ ਰੁਪਿੰਦਰ ਕੌਰ ਨੇ ਹੁਣ ਕੰਧਾਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਭੈਣ ਜੀ ਬੜੇ ਖਾਸ ਹੀ ਹਨ। ਇਨ੍ਹਾਂ ਦੀ ਜ਼ਿੰਮੇਵਾਰੀ ਬੱਚਿਆਂ ਦੇ ਢਿਡ 'ਚ ਚਾਰ ਅੱਖਰ ਪਾਉਣ ਤੋਂ ਕਿਤੇ ਅੱਗੇ ਚਲੇ ਗਈ ਹੈ। ਹਰ ਰੋਜ਼ ਸਕੂਲ ਆਉਂਦੇ ਸਮੇ ਇਹ ਭੈਣ ਜੀ ਘਰ ਘਰ ਜਾ ਕੇ ਲੋਕਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕਰਦੇ ਹਨ, ਲੋੜ ਪੈਣ 'ਤੇ ਹੱਥ ਵੀ ਬੰਨ ਦੇਂਦੇ ਹਨ ਕਿ ਸਰਕਾਰ ਵਲੋਂ ਬਖਸ਼ੀ ਸਕੂਲ ਦੀ ਨਿਆਮਤ ਵਿਚ ਆਪਣੇ ਬੱਚੇ ਭੇਜੋ। ਪਰ ਇਸ ਨਿਕਰਮਣ ਦੇ ਕਰਮ ਦੇਖੋ, ਇਸ ਸੈਸ਼ਨ 'ਚ ਇਕ ਵੀ ਬੱਚਾ ਸਕੂਲ ਦੀ ਝੋਲੀ 'ਚ ਨਹੀਂ ਪਿਆ। ਕਾਰਨ? ਇਸ ਸਕੂਲ ਵਿਚ ਫੱਟੀ, ਝੋਲਾ, ਤੱਪੜ ਆਦਿ ਚੀਜ਼ਾਂ ਤੇ ਊੜਾ ਊਠ ਦੀ ਮੁਹਾਰਨੀ ਲੋਕਾਂ ਨੂੰ ਹੁਣ ਸਭਿਅਤਾ ਤੇ ਔਕਾਤ ਤੋਂ ਨੀਵੀਂ ਗੱਲ ਪ੍ਰਤੀਤ ਹੁੰਦੀ ਹੈ। ਲੋਕ ਕਹਿਣ ਲੱਗ ਪਏ ਹਨ ਕਿ ਉਹ ਮੁਢਲੀਆਂ ਸਹੂਲਤਾਂ ਤੋਂ ਹੀਣੇ ਇਸ ਸਕੂਲ ਵਿਚ ਆਪਣੇ ਬੱਚੇ ਭੇਜ ਕੇ ਕਿਉਂ ਕਾਠ ਮਾਰਨ। ਮੁਢਲੀਆਂ ਸਹੂਲਤਾਂ ਵਿਚ ਸਭ ਤੋਂ ਪਹਿਲੀ ਚੀਜ਼ ਹੈ ਅੰਗਰੇਜ਼ੀ ਪੜ੍ਹਾਉਣ ਦੀ ਵਿਵਿਸਥਾ। ਫਿਰ ਆਉਂਦੇ ਹਨ ਕੰਪਿਊਟਰ, ਡੈਸਕ, ਯੂਨੀਫ਼ਾਰਮ ਤੇ ਬੱਚਿਆਂ ਦੇ ਗਲਾਂ 'ਚ ਲਟਕਦੀਆਂ ਟਾਈਆਂ। ਪਿੰਡ ਦੇ ਨੇੜੇ ਦੇ ਤਿੰਨ ਪ੍ਰਾਈਵੇਟ ਸਕੂਲਾਂ ਵਿਚ ਇਹ ਤੇ ਹੋਰ ਬਹੁਤ ਕੁਝ ਦੀ ਮੌਜੂਦਗੀ ਉਨ੍ਹਾਂ ਨੂੰ ਖਿੱਚ ਪਾਉਂਦੀ ਹੈ।

ਸੱਤ ਸਾਲ ਪਹਿਲਾਂ ਇਹ ਸਕੂਲ ਅਧਿਆਪਕਾਂ ਦੀ ਘਾਟ ਕਾਰਨ ਬੰਦ ਕਰ ਦਿੱਤਾ ਗਿਆ ਸੀ। ਪਿਛਲੇ ਸਾਲ ਸਰਬ ਸਿਖਿਆ ਅਭਿਆਨ ਦੇ ਤਹਿਤ ਇਕ ਅਧਿਆਪਕਾ ਭੇਜ ਕੇ ਫਿਰ ਇਹ ਸਕੂਲ ਚਾਲੂ ਕੀਤਾ ਗਿਆ। ਉਸਨੇ ਹੁਣੇ ਹੁਣੇ ਖਤਮ ਹੋਏ ਸੈਸ਼ਨ ਦੌਰਾਨ ਦੋ ਬੱਚਿਆਂ ਨੂੰ ਪੜ੍ਹਾਇਆ ਪਰ ਇਸ ਸਾਲ ਉਹ ਵੀ ਦਗ਼ਾ ਦੇ ਗਏ ਹਨ। ਲੋਕਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਪ੍ਰਾਈਵੇਟ ਸਕੂਲ 'ਚ ਭੇਜਣਾ ਉਨ੍ਹਾਂ ਦੇ ਵੱਕਾਰ ਦਾ ਸਵਾਲ ਹੈ। ਇਸ ਪਿੰਡ ਦੇ ਆਸ-ਪਾਸ ਤਿੰਨ ਪ੍ਰਾਈਵੇਟ ਸਕੂਲ ਹਨ। ਇਨ੍ਹਾਂ ਸਕੂਲਾਂ 'ਚ ਅੰਗਰੇਜ਼ੀ 'ਚ ਪੜ੍ਹਾਈ ਹੁੰਦੀ ਹੈ, ਕੰਪਿਊਟਰਾਂ ਦੀ ਸਹੂਲਤ ਹੈ ਤੇ ਵਰਦੀਆਂ ਚ ਲਿਸ਼ਕਦੇ ਬੱਚੇ ਬੱਸਾਂ 'ਚ ਚੜ੍ਹ ਕੇ ਸਕੂਲ ਜਾਂਦੇ ਹਨ।

ਹੁਣੇ ਜਿਹੇ ਇੰਗਲੈਂਡ ਚ ਵਸੇ ਪੰਜਾਬੀ ਕਵੀ ਅਮਰਜੀਤ ਚੰਦਨ ਨੇ ਇਕ ਟੀ ਵੀ ਇੰਟਰਵਿਊ ਵਿਚ ਕਿਹਾ ਹੈ ਕਿ ਮੈਂ ਜਦ ਵੀ ਦੇਸ ਆਉਂਦਾ ਹਾਂ, ਪੰਜਾਬੀ ਦੀ ਹਾਲਤ ਦੇਖ ਕੇ "ਹਰ ਵਾਰ ਮੇਰਾ ਜੀਅ ਕਰਦਾ ਹੈ, ਮੈਂ ਇਨ੍ਹੀਂ ਪੈਰੀਂ ਵਾਪਿਸ ਦੌੜ ਜਾਵਾਂ, ਮੈਨੂੰ ਨਹੀਂ ਲਗਦਾ ਪੰਜਾਬ 'ਚ ਹੋਰ ਦੋ ਪੀੜੀਆਂ ਤੋਂ ਅੱਗੇ ਪੰਜਾਬੀ 'ਚ ਸਾਹਿਤ ਰਚਨਾ ਹੋ ਸਕੇਗੀ।" ਗਲੋਬਲੀਕਰਨ ਦੇ ਦੂਰਰਸ ਨਤੀਜੇ, ਪੰਜਾਬ ਵਿਚ ਸਰਕਾਰੀ ਵਿਦਿਅਕ ਢਾਂਚੇ ਦਾ ਤਹਿਸ-ਨਹਿਸ ਹੋ ਜਾਣਾ, ਬਹੁਤ ਵੱਡੀ ਗਿਣਤੀ ਵਿਚ ਭਈਆਂ ਦਾ ਆ ਵਸਣਾ ਆਦਿ ਤੱਥ ਪੰਜਾਬੀ ਦੀ ਦੁਖਾਂਤਕ ਸਥਿਤੀ ਨੂੰ ਹੋਰ ਵੀ ਤਰਸਯੋਗ ਬਣਾ ਰਹੇ ਹਨ। ਅਜੋਕੀ ਬਿਜ਼ਨਸ-ਮੁਖੀ ਦੁਨੀਆਂ ਵਿਚ ਪੰਜਾਬੀ ਤਾਂ ਕੀ ਹੋਰ ਆਰਟਸ ਦੇ ਵਿਸ਼ਿਆਂ ਦੀ ਵੁੱਕਤ ਘਟਦੀ ਜਾ ਰਹੀ ਹੈ। ਵੈਸੇ ਵੀ ਹਰ ਪੰਜਾਬੀ ਦੀ ਨਿਗਾਹ ਤਾਂ ਹਮੇਸ਼ਾ ਦੂਰ ਦੇਸ਼ ਵਿਚ ਵਸ ਜਾਣ ਦੀ ਰਹਿੰਦੀ ਹੈ। ਸਾਰਾ ਚੌਗਿਰਦਾ ਭਈਆਂ ਨੇ ਮੱਲ ਲਿਆ ਹੈ। ਅਜੇਹੇ ਵਿਚ ਹੁਣ ਪੰਜਾਬੀ ਤੇ ਪੂਰਬੀਆ ਭਾਸ਼ਾ ਦੀ ਖਿਚੜੀ ਨਾਲ 'ਪੰਜਾਭਿਆਣੀ' ਨਾਂ ਦੀ ਇਕ ਨਵੀਂ ਉਪਭਾਸ਼ਾਂ ਦਾ ਉਦੈ ਹੋ ਰਿਹਾ ਹੈ। ਬਾਹਰੋਂ ਪੰਜਾਬ ਮੁੜੇ ਇਕ ਪੰਜਾਬੀ ਵਿਅਕਤੀ ਦੀ ਦੁਬਿਧਾ ਕਵੀ ਜੋਗੇ ਭੰਗਾਲ ਨੇ ਇਨ੍ਹਾਂ ਸ਼ਬਦਾਂ ਚ ਬਿਆਨ ਕੀਤੀ ਹੈ:

ਕਈ ਦਹਾਕਿਆਂ ਬਾਅਦ,
ਮੈਂ ਪੰਜਾਬ ਜਾ ਰਿਹਾਂ
ਸਟੇਸ਼ਨ 'ਤੇ ਉਤਰਿਆਂ,
ਭਈਏ ਭਾਰ ਉਠਾ ਰਹੇ
ਰਿਕਸ਼ੇ ਚਲਾ ਰਹੇ, ਪਾਨ ਚਬਾ ਰਹੇ,
ਜ਼ਰਦਾ ਲਗਾ ਰਹੇ
'ਕਹਾਂ ਜਾਨਾ ਸਰਦਾਰ ਜੀ',
ਆਵਾਜ਼ਾਂ ਲਗਾ ਰਹੇ
ਘਰ ਆਇਆਂ, ਨੇਪਾਲੀ ਰਸੋਈਆ
ਰਾਜਸਥਾਨੀ ਪੱਥਰ ਵਿਛਾ ਰਿਹਾ
ਖੇਤਾਂ 'ਚ ਗਿਆ,
ਬਿਹਾਰੀ ਟਰੈਕਟਰ ਦੁੜਾ ਰਿਹਾ,
ਪਾਣੀ ਲਾ ਰਿਹਾ
ਗੁੜ ਦੀ ਖੁਸ਼ਬੂ,
ਯੂ ਪੀ ਮੈਨ ਦੇ ਵੇਲਣੇ ਤੋਂ ਆ ਰਹੀ
ਜੱਟ ਪੰਜਾਬੀ, ਘੋਨ ਮੋਨ ਜਿਹਾ,
ਨਿੱਕਰ ਬੁਨੈਣ ਪਾਈ
ਘਰ ਦੇ ਵਿਹੜੇ 'ਚ ਖੜਾ
ਆਪਣੀ ਗੋਗੜ ਖੜਕਾ ਰਿਹਾ
ਮੈਂ ਖੜਾ ਸੋਚ ਰਿਹਾਂ,
ਮੈਂ ਪੰਜਾਬ ਆਇਆਂ ਕਿ ਪੰਜਾਬ ਤੋ ਗਿਆਂ?

ਕਵੀ ਅੰਗਰੇਜ਼ੀ ਦਾ ਜ਼ਿਕਰ ਕਰਨਾ ਪਤਾ ਨਹੀਂ ਕਿਵੇਂ ਭੁੱਲ ਗਿਆ, ਮੇਰਾ ਜੀਅ ਕਰਦਾ ਹੈ ਆਪਣੇ ਟੁੱਟੇ-ਫੁੱਟੇ ਲਫਜ਼ਾਂ ਨਾਲ ਆਪ ਹੀ ਇਹ ਕਮੀ ਪੂਰੀ ਕਰ ਦੇਵਾਂ:

ਬਚਪਨ ਯਾਦ ਆਇਆ
ਤੇ ਮੈਂ ਸਕੂਲ ਤੁਰ ਪਿਆ
ਬਾ ਬਾ ਬਲੈਕ ਸ਼ੀਪ, ਬੱਚੇ ਜਪਣ,
ਟੀਚਰ ਜਪਣ, ਕੰਨ ਮੇਰੇ ਖਾ ਗਿਆ

ਅਨੇਕਾਂ ਦੂਰ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵਸ ਚੁਕੇ ਹਨ। ਏਥੇ ਪੰਜਾਬੀਆਂ ਦੀ ਸ਼ਾਨ ਵਖਰੀ ਕਹਿ ਕੇ ਟਾਹਰਾਂ ਮਾਰਨ ਵਾਲੇ ਪੰਜਾਬੀਆਂ ਵਿਚ ਵੀ ਪੰਜਾਬੀ ਭਾਸ਼ਾ ਦਾ ਮੋਹ ਓਪਰਾ ਓਪਰਾ ਹੀ ਦਿਸਦਾ ਹੈ। ਪੰਜਾਬੀ ਲੋਕ ਆਪਣੀ ਪਹਿਚਾਣ ਆਪਣੀ ਬੋਲੀ ਨਾਲੋਂ ਆਪਣੇ ਧਰਮ ਨਾਲ ਦਰਸਾਉਣ ਵੱਲ ਵਧੇਰੇ ਰੁਚਿਤ ਹਨ। ਧਾਰਮਕਿ ਜਸ਼ਨਾਂ ਦੌਰਾਨ ਪੰਜਾਬੀ ਦੇ ਹੱਕ ਵਿਚ ਤਖਤੀਆਂ ਚੁੱਕੀਆਂ ਹੁੰਦੀਆਂ ਹਨ; ਗੁਰਦਵਾਰਿਆਂ ਵਿਚ ਊੜੇ ਐੜੇ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਂਦਾ ਹੈ ਪਰ ਇਸ ਤਰੱਦਦ ਦਾ ਮਨੋਰਥ ਇਕ ਧਾਰਮਕ ਦਾਇਰੇ ਤੱਕ ਹੀ ਸੀਮਿਤ ਹੈ। ਪੁਰਾਣੇ ਜ਼ਮਾਨੇ 'ਚ ਪੰਜਾਬੀ ਦੀ ਪੜ੍ਹਾਈ ਦਾ ਮਕਸਦ ਪੜ੍ਹਨਹਾਰੇ ਨੂੰ ਚਿੱਠੀ ਜੋਗਾ ਬਣਾਉਣਾ ਹੁੰਦਾ ਸੀ। ਇਨ੍ਹਾਂ ਗੁਰਦਵਾਰਿਆਂ 'ਚ ਪੰਜਾਬੀ ਦੀ ਪੜ੍ਹਾਈ ਦਾ ਮਨੋਰਥ ਬੱਚਿਆਂ ਨੂੰ ਪਾਠ ਜੋਗਾ ਬਣਾਉਣਾ ਹੋ ਕੇ ਰਹਿ ਗਿਆ ਹੈ। ਮੈਂ ਇਸ ਨੂੰ ਪੰਜਾਬੀ ਦੀ ਪੜ੍ਹਾਈ ਨਾ ਕਹਿ ਕੇ ਗੁਰਮੁਖੀ ਦੀ ਉਠਾਈ ਕਹਿਣਾ ਵਧੇਰੇ ਉਚਿਤ ਸਮਝਦਾ ਹਾਂ। ਪੰਜਾਬੀ ਸਾਹਿਤ, ਇਤਿਹਾਸ ਆਦਿ ਦੇ ਅਧਿਐਨ ਤੋਂ ਬਿਨਾ ਸੰਦਰਭਾਂ ਤੋਂ ਟੁੱਟੇ ਅੱਖਰ ਗਿਆਨ ਦਾ ਕੀ ਲਾਭ ਹੋਵੇਗਾ? ਕੀ ਯਾਂਤਰਿਕ ਪਾਠ ਨਾਲ ਉਹ ਗੁਰਬਾਣੀ ਦਰਸ਼ਨ ਬਾਰੇ ਵੀ ਕੁਝ ਸਮਝ ਸਕਣਗੇ? ਕੋਈ ਹੈਰਾਨੀ ਦੀ ਗੱਲ ਨਹੀਂ ਕਿ ਧਰਮ ਦੇ ਕਚਘਰੜ ਗਿਆਨ ਨਾਲ ਪਰਣਾਈ ਏਥੋਂ ਦੀ ਨਵੀਂ ਪੀੜੀ ਸਹਿਜੇ ਹੀ ਤੱਤੇ ਤੱਤੇ ਭਾਸ਼ਨਾਂ ਨਾਲ ਪ੍ਰਭਾਵਤ ਹੋ ਜਾਂਦੀ ਹੈ। ਜਿਨਾਂ ਨੂੰ ਪੰਜਾਬ ਤੇ ਦੇਸ਼ ਦੀ ਯਥਾਰਥਕ ਸਥਿਤੀ ਦਾ ਕੱਖ ਨਹੀਂ ਪਤਾ ਹੁੰਦਾ, ਉਹ ਮਾੜੀ ਜਿਹੀ ਭੜਕਾਹਟ 'ਤੇ ਹੀ ਔਖੇ ਹੋ ਜਾਂਦੇ ਹਨ।

ਦਿੱਲੀ ਵਿਚ ਤਾਂ ਕਹਿੰਦੇ ਸਿੱਖ ਲੋਕ ਹਿੰਦੀ ਵਿਚ ਛਪੇ ਗੁਟਕਿਆਂ ਤੋਂ ਸੁਖਮਣੀ ਸਾਹਿਬ ਦਾ ਪਾਠ ਕਰਨ ਲੱਗੇ ਹਨ। ਕੈਨੇਡਾ 'ਚ ਸੁਖ ਨਾਲ ਪੰਜਾਬੀਆਂ ਦੀ ਚੋਖੀ ਗਿਣਤੀ ਹੋਣ ਕਾਰਨ ਪੰਜਾਬੀ ਭਾਸ਼ਾ ਨੂੰ ਚੌਥਾ ਸਥਾਨ ਪ੍ਰਾਪਤ ਹੋ ਚੁੱਕਾ ਹੈ ਤੇ ਸਕੂਲਾਂ 'ਚ ਪੰਜਾਬੀ ਪੜ੍ਹਨ ਦਾ ਸਰਕਾਰੀ ਤੌਰ 'ਤੇ ਪ੍ਰਬੰਧ ਕਰ ਦਿੱਤਾ ਗਿਆ ਹੈ ਪਰ 'ਕੀ ਕਰਨੀ ਹੈ ਪੰਜਾਬੀ ਪੜ੍ਹ ਕੇ' ਦੀ ਮਾਨਸਿਕਤਾ ਦੇ ਸ਼ਿਕਾਰ ਪੰਜਾਬੀ ਲੋਕ ਹਰ ਥਾਂ ਇਸਦਾ ਲਾਭ ਹੀ ਨਹੀਂ ਉਠਾ ਰਹੇ। ਮਜ਼ੇ ਦੀ ਗੱਲ ਹੈ ਕਿ ਕਈ ਸਕੂਲਾਂ 'ਚ ਚੀਨੀ ਲੋਕ ਪੰਜਾਬੀ ਪੜ੍ਹ ਰਹੇ ਹਨ ਤੇ ਅਵੱਲ ਦਰਜੇ 'ਚ ਪਾਸ ਹੋ ਰਹੇ ਹਨ ਪਰ ਪੰਜਾਬੀਆਂ ਦੀ ਅਣਖ ਸੁੱਤੀ ਪਈ ਹੈ।

ਗਿਣਤੀ ਪੱਖੋਂ ਪੰਜਾਬੀ ਦਾ ਦਰਜਾ ਦੁਨੀਆ ਵਿਚ ਬਹੁਤ ਉਚਾ ਹੈ। ਯੂ.ਐਨ.ਓ. ਦੇ ਇਕ ਸਰਵੇਣ ਅਨੁਸਾਰ ਪੰਜਾਬੀ ਬੋਲਣਹਾਰਿਆਂ ਦੀ ਦੁਨੀਆਂ ਭਰ ਦੀਆਂ 3000 ਬੋਲੀਆਂ ਬੋਲਣ ਵਾਲੇ ਲੋਕਾਂ ਵਿਚੋਂ 13ਵਾਂ ਸਥਾਨ ਹੈ, ਭਾਰਤ ਵਿਚ ਇਸਦਾ 11ਵਾਂ ਸਥਾਨ ਹੈ। ਪਾਕਿਸਤਾਨ ਵਿਚ 60% ਲੋਕ ਪੰਜਾਬੀ ਬੋਲਦੇ ਹਨ, ਯੂ.ਕੇ. 'ਚ ਅੰਗਰੇਜ਼ੀ ਪਿਛੋਂ ਦੂਸਰੇ ਸਥਾਨ ਤੇ ਪੰਜਾਬੀ ਦਾ ਨੰਬਰ ਹੈ। ਹਰਿਆਣਾ ਨੇ ਪੰਜਾਬੀ ਨੂੰ ਦੂਸਰੀ ਭਾਸ਼ਾ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਵਿਚ ਪੰਜਾਬੀ ਦੂਜੇ ਨੰਬਰ 'ਤੇ ਹੈ। ਪੰਜਾਬ ਵਿਚ ਵੱਡੀ ਗਿਣਤੀ 'ਚ ਹਿੰਦੂਆਂ ਨੇ ਜਨ-ਗਣਨਾ ਵਿਚ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਲਿਖਾ ਕੇ ਆਪਣੇ ਧੋਣੇ ਧੋ ਦਿਤੇ ਹਨ। ਸਰਕਾਰ ਵਲੋਂ ਪੰਜਾਬੀ ਦੀ ਪੜ੍ਹਾਈ ਨੂੰ ਲਾਜ਼ਮੀ ਵੀ ਬਣਾ ਦਿੱਤਾ ਗਿਆ ਹੈ। ਪਰ ਦੂਜੇ ਪਾਸੇ ਪੰਜਾਬ



ਦੇ ਪਿੰਡਾਂ 'ਚ ਜਿਥੇ ਆਪਣੇ ਆਪ ਨੂੰ ਸਿੱਕੇਬੰਦ ਪੰਜਾਬੀ ਕਹਾਉਂਦੇ ਸਿੱਖ ਵੱਡੀ ਬਹੁ-ਗਿਣਤੀ ਵਿਚ ਵਸਦੇ ਹਨ, ਹਿੰਦੀ ਅਖਬਾਰ ਪੰਜਾਬੀ ਨਾਲੋਂ ਕਿਤੇ ਵਧ ਪੜ੍ਹੇ ਜਾਣ ਲੱਗੇ ਹਨ। ਮੇਰਾ ਖਿਆਲ ਹੈ ਕਿ ਭਾਰਤੀ ਪਿਛੋਕੜ ਵਾਲੇ ਲੋਕਾਂ ਵਿਚੋਂ ਪੰਜਾਬੀ ਸ਼ਾਇਦ ਗੁਜਰਾਤੀਆਂ ਨੂੰ ਛੱਡ ਕੇ ਸਭ ਤੋਂ ਅਮੀਰ ਹਨ। ਪਰ ਇੰਟਰਨੈਟ ਤੇ ਪੰਜਾਬੀ ਵੈਬਸਾਈਟਾਂ ਤੇ ਬਲਾਗਾਂ ਦੀ ਗਿਣਤੀ ਮਰ ਕੇ ਸੌ ਤੱਕ ਅਪੜਦੀ ਹੈ। ਹਿੰਦੀ ਵਾਲੇ ਤਾਂ ਹਜ਼ਾਰਾਂ ਦੀਆਂ ਗੱਲਾਂ ਕਰਦੇ ਕਰਦੇ ਲੱਖ ਦੇ ਦਾਈਏ ਲਾਈ ਬੈਠੇ ਹਨ। ਪੰਜਾਬ ਦੇ ਬੱਸ ਅੱਡਿਆਂ ਤੇ ਪੰਜਾਬੀ ਦੇ ਰਿਸਾਲੇ ਘਟ ਹੀ ਕਦੇ ਵਿਕਦੇ ਦੇਖੇ ਹਨ। ਅਮਰੀਕਾ, ਯੂ ਕੇ, ਕੈਨੇਡਾ ਅਸਟਰੇਲੀਆ ਆਦਿ ਦੇਸ਼ਾਂ 'ਚ ਕੋਈ ਪੰਜਾਬੀ ਬੰਦਾ ਪੰਜਾਬੀ ਦੀ ਅਖਬਾਰ ਖਰੀਦ ਕੇ ਨਹੀਂ ਪੜ੍ਹਦਾ, ਹਾਂ ਗੁਰਦਵਾਰਿਆਂ 'ਚੋਂ ਪ੍ਰਸ਼ਾਦ ਦੀ ਤਰ੍ਹਾਂ ਮੁਫ਼ਤ ਜ਼ਰੂਰ ਚੁੱਕ ਲਿਆਉਂਦੇ ਹਨ।

ਇਹ ਗੱਲ ਪੱਕੀ ਹੈ ਕਿ ਕਿਸੇ ਭਾਸ਼ਾ ਦੇ ਬੋਲਣਹਾਰੇ ਭਾਵੇਂ ਕਿੰਨੇ ਹੋ ਜਾਣ ਜਿੰਨਾ ਚਿਰ ਇਸ ਦੁਆਰਾ ਸਾਹਿਤ ਤੇ ਗਿਆਨ ਚੋਖੀ ਮਾਤਰਾ ਵਿਚ ਲਿਖਿਆ ਤੇ ਚਾਅ ਨਾਲ ਪੜ੍ਹਿਆ ਨਹੀਂ ਜਾਂਦਾ ਓਨਾ ਚਿਰ ਭਾਸ਼ਾ ਦਾ ਭਵਿਖ ਅਨਿਸ਼ਚਿਤ ਰਹੇਗਾ। ਭਾਸ਼ਾ ਸਾਹਿਤ ਨਾਲ ਕਿਰਿਆਵੰਤ ਅਤੇ ਪ੍ਰਫੁਲਤ ਹੁੰਦੀ ਹੈ, ਕੇਵਲ ਬੋਲ ਚਾਲ ਤਕ ਸੀਮਤ ਰਹਿ ਜਾਣ ਨਾਲ ਇਹ ਸਹਿਜੇ ਸਹਿਜੇ ਦੂਜੀਆਂ ਭਾਸ਼ਾਵਾਂ ਵਿਚ ਜਜ਼ਬ ਹੁੰਦੀ ਹੁੰਦੀ ਆਪਣੀ ਵੱਖਰੀ ਹੋਂਦ ਗੁਆ ਬੈਠਦੀ ਹੈ। ਅਸੀਂ ਗਾਇਕੀ ਵਿਚ ਲਚਰ ਗੀਤਾਂ ਦੀ ਭਰਮਾਰ ਹੋਣ ਦਾ ਰੌਲਾ ਪਾਈ ਜਾਂਦੇ ਹਾਂ ਪਰ ਇਸ ਦੀ ਵਜ੍ਹਾ ਵੀ ਏਹੀ ਹੈ ਕਿ ਅਸੀਂ ਸਾਹਿਤ ਤੇ ਸੁਹਜ ਤੋਂ ਹੀਣੇ ਹਾਂ। ਏਹੀ ਕਾਰਨ ਹੈ ਕਿ ਭਾਸ਼ਾ ਮਾਹਿਰਾਂ ਨੇ ਪੰਜਾਬੀ ਦੇ ਭਵਿਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਯੂ ਐਨ ਓ ਨੇ ਪੰਜਾਹ ਸਾਲਾਂ 'ਚ ਪੰਜਾਬੀ ਦੇ ਖਤਮ ਹੋਣ ਦੀ ਘੰਟੀ ਵਜਾ ਦਿੱਤੀ ਹੈ।

'ਸਾਡੀ ਗਿਣਤੀ ਦੁਨੀਆਂ ਵਿਚ ਦਸ ਕਰੋੜ ਹੈ', 'ਪੰਜਾਬੀਆਂ ਦੀ ਸ਼ਾਨ ਵੱਖਰੀ' ਜਾਂ 'ਕੋਈ ਮਾਈ ਦਾ ਲਾਲ ਪੰਜਾਬੀ ਨੂੰ ਖਤਮ ਨਹੀਂ ਕਰ ਸਕਦਾ' ਜਿਹੇ ਫੋਕੇ ਉਪਭਾਵਕ ਦਮਗਜੇ ਮਾਰ ਕੇ ਪੰਜਾਬੀ ਨੂੰ ਜ਼ਿੰਦਾ ਨਹੀਂ ਰੱਖਿਆ ਜਾ ਸਕਦਾ। ਠੋਸ ਪੰਜਾਬੀ ਮੁਦਿਆਂ ਤੇ ਉਸਾਰੀ ਪੰਜਾਬੀ ਚੇਤਨਤਾ ਦੀ ਜ਼ਬਰਦਸਤ ਲਹਿਰ ਉਸਾਰਨ ਦੀ ਲੋੜ ਹੈ। ਧਾਰਮਕ ਗ੍ਰੰਥਾਂ ਤੋਂ ਪ੍ਰੇਰਨਾ ਲਈ ਜਾ ਸਕਦੀ ਹੈ ਪਰ ਧਰਮ ਨੂੰ ਕੌਮੀਅਤ ਦੇ ਬਦਲ ਵਜੋਂ ਪੇਸ਼ ਕਰਨਾ ਸਰਾਸਰ ਗ਼ਲਤ ਹੋਵੇਗਾ। ਨਾ ਹੀ ਭਈਆਂ ਨੂੰ ਪੰਜਾਬ ਜਾਂ ਪੰਜਾਬੀ ਉਤੇ ਹਾਵੀ ਹੋਣ ਦਾ ਦੋਸ਼ ਦਿੱਤਾ ਜਾ ਸਕਦਾ ਹੈ। ਜੇ ਅਜਿਹਾ ਹੁੰਦਾ ਤਾਂ ਪੰਜਾਬੀ ਇੰਗਲੈਂਡ ਜਾਂ ਕੈਨੇਡਾ ਵਿਚ ਭਾਰੂ ਹੋ ਚੁਕੇ ਹੁੰਦੇ ਅਤੇ ਉਥੇ ਲੋਕ ਅੰਗਰੇਜ਼ੀ ਦੀ ਥਾਂ ਪੰਜਾਬੀ ਬੋਲਦੇ ਹੁੰਦੇ। ਬਿਜਾਈ ਜਾਂ ਵਢਾਈ ਦੀ ਰੁੱਤੇ ਜਦ ਭਈਏ ਗੱਡੀਆਂ ਭਰ ਭਰ ਲੁਧਿਆਣੇ ਸਟੇਸ਼ਨ ਤੇ ਉਤਰ ਕੇ ਪਲੇਟਫਾਰਮਾਂ ਤੇ ਸੁੱਤੇ ਪਏ ਹੁੰਦੇ ਹਨ ਤਾਂ ਜ਼ਿਮੀਦਾਰ ਉਨ੍ਹਾਂ ਦੇ ਕੰਨਾਂ ਵਿਚ ਰਸ ਘੋਲ ਦਿੰਦੇ ਹਨ, "ਭਈਆ ਜੀ, ਸਾਡੇ ਨਾਲ ਪਿੰਡ ਚੱਲੋਗੇ, ਬਾਹਰ ਗੱਡੀ ਖੜੀ ਹੈ?" ਪੰਜਾਬ 'ਚ ਹੋਰ ਪ੍ਰਾਂਤਾਂ ਤੋਂ ਕਾਮਿਆਂ ਦਾ ਆਉਣਾ ਇਕ ਇਤਿਹਾਸਕ-ਆਰਥਕ ਵਰਤਾਰਾ ਹੈ, ਐਨ ਉਸੇ ਤਰ੍ਹਾਂ ਜਿਵੇਂ ਪੰਜਾਬੀਆਂ ਦਾ ਦੂਸਰੇ ਦੇਸ਼ਾਂ ਵਿਚ ਜਾਂ ਰਾਜਾਂ ਵਿਚ ਪਰਵਾਸ। ਇਹ ਵਾਪਿਸ ਤਾਂ ਹੀ ਮੁੜ ਸਕਦੇ ਹਨ ਜੇ ਅਸੀਂ ਵਾਪਿਸ ਆਪਣੇ ਦੇਸ਼ ਮੁੜੀਏ। ਇਹ ਪਰਵਾਸੀ ਕਾਮੇ ਪੰਜਾਬੀ ਪੜ੍ਹਦੇ ਹਨ, ਪੰਜਾਬੀ ਵਿਚ ਸਾਹਿਤ ਵੀ ਰਚਣ ਲੱਗ ਪਏ ਹਨ ਏਹੀ ਭਵਿਖ ਦੇ ਪੰਜਾਬੀ ਹਨ। ਪਰ ਜੇ ਅਸੀਂ ਹੀ ਆਪਣੀ ਪਹਿਚਾਣ ਗੁਆ ਦਿੱਤੀ ਤਾਂ ਫਿਰ ਇਨ੍ਹਾਂ ਦੀ ਭਾਸ਼ਾ ਹੀ ਪੰਜਾਬ 'ਚ ਚੱਲੇਗੀ। ਭੂਗੋਲਿਕ ਸਥਿਤੀ ਤੇ ਇਤਿਹਾਸਕ ਕਾਰਨਾਂ ਕਰਕੇ ਪੰਜਾਬੀਆਂ ਨੂੰ ਟਿਕ ਕੇ ਰਹਿਣਾ ਨਸੀਬ ਨਹੀਂ। ਸ਼ਾਇਦ ਇਸੇ ਲਈ ਇਹ ਆਪਣੀ ਜ਼ੁਬਾਨ ਨਾਲ ਵਫ਼ਾਦਾਰ ਨਹੀਂ। ਪਤਾ ਨਹੀਂ ਕਿਹੜੇ ਵੇਲੇ ਕਿੱਥੇ ਵਸਣਾ ਪਵੇ। ਪੰਜਾਬੀ ਅਕਸਰ ਦੂਜੇ ਦੀ ਭਾਸ਼ਾ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਨਿਰੰਤਰ ਇਹ ਸਥਿਤੀ ਬਣੀ ਰਹਿਣ ਨਾਲ ਕਿਸੇ ਸਮੇਂ ਸਾਡੀ ਪਛਾਣ ਨੂੰ ਖੋਰਾ ਲੱਗਣਾ ਸ਼ੁਰੂ ਹੋ ਜਾਵੇਗਾ। ਪੰਜਾਬੀਆਂ ਲਈ ਐਸ ਵੇਲੇ ਵੱਡੀ ਚੁਣੌਤੀ ਪੇਸ਼ ਹੈ ਜੇ 'ਸੁੱਤੇ ਸ਼ੇਰ' ਨੇ ਇਸਦਾ ਮੁਕਾਬਲਾ ਨਾ ਕੀਤਾ ਤਾਂ ਪੰਜਾਬੀ ਕੌਮੀਅਤ ਛੇਤੀ ਹੀ ਇਤਿਹਾਸ ਦੇ ਪੰਨਿਆਂ ਤੇ ਰਹਿ ਜਾਵੇਗੀ।

ਪੁਸਤਕ ਚਰਚਾ

# "ਨੌਂ ਮਣ ਰੇਤ"

ਜੇ.ਐਸ. ਦਿਓਲ

ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਕਾਵਿ-ਧਾਰਾ ਅਧੀਨ ਜੁਝਾਰਵਾਦੀ ਕਵਿਤਾ ਦਾ ਦੌਰ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਬੱਝਦਾ ਹੈ। ਪੰਜਾਬੀ ਸਾਹਿਤ ਵਿਚ ਜੁਝਾਰਵਾਦੀ ਕਵਿਤਾ ਉਸ ਨਕਸਲਵਾੜੀ ਲਹਿਰ ਦੇ ਪ੍ਰਭਾਵ ਅਧੀਨ ਪੈਦਾ ਹੋਈ ਜੋ ਪੱਛਮੀ ਬੰਗਾਲ ਦੇ ਨਕਸਲਵਾੜ ਦੇ ਖੇਤਰ ਵਿਚ ਕਿਰਤੀ-ਕਿਸਾਨਾਂ ਅਤੇ ਸਿਸਟਮ ਵਿਚ ਹੋਏ ਟਕਰਾਅ ਤੋਂ ਉਠੀ। ਇਸ ਕਵਿਤਾ ਵਿਚ ਕ੍ਰਾਂਤੀਕਾਰੀ ਭਾਵਾਂ ਦੀ ਹੋਂਦ ਕਰਕੇ ਇਸ ਨੂੰ ਨਕਸਲਬਾੜੀ ਕਵਿਤਾ ਜਾਂ ਵਿਦਰੋਹੀ ਕਵਿਤਾ ਵੀ ਕਿਹਾ ਜਾਂਦਾ ਹੈ।

ਜੁਝਾਰਵਾਦੀ ਕਵਿਤਾ ਆਪਣੀ ਕਾਵਿ ਦ੍ਰਿਸ਼ਟੀ, ਕਾਵਿ-ਵਸਤੂ ਅਤੇ ਰੂਪਕ ਪੱਖ ਤੋਂ ਨਵੀਨ ਹੋਣ ਕਾਰਨ ਪੰਜਾਬੀ ਕਾਵਿ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਨਿਸ਼ਚਿਤ ਕਰ ਲੈਂਦੀ ਹੈ। ਇਸੇ ਨਵੀਨਤਾ ਨੂੰ ਸਵੀਕਾਰਦੇ ਹੋਏ ਡਾ. ਕੇਸਰ ਸਿੰਘ ਕੇਸਰ ਨੇ ਇਸ ਨੂੰ ਨਵੀਨ-ਪ੍ਰਗਤੀਵਾਦੀ ਕਵਿਤਾ ਕਿਹਾ ਹੈ। ਜਿਸ ਵਿਚ ਪੁਰਾਣੀ ਪ੍ਰਗਤੀਵਾਦੀ ਕਾਵਿ ਸਿਰਜਣ ਦੇ ਦੁਹਰਾਉ ਅਮਲ ਅਤੇ ਪ੍ਰਯੋਗਵਾਦੀ ਕਵਿਤਾ ਦੀ ਸ਼ਬਦ-ਖੇਡ ਦੋਹਾਂ ਲਈ ਚੁਣੌਤੀ ਸੀ।

ਅਮਰਜੀਤ ਚੰਦਨ ਅਨੁਸਾਰ ਪੰਜਾਬੀ ਦੀ ਇਸ ਲਹਿਰ ਦੀ ਆਪਣੀ ਪਾਸੀਅਤ ਸੀ, ਇਸ ਦੀ ਮਿਸਾਲ ਦੁਨੀਆਂ ਦੀ ਕਿਸੇ ਇਨਕਲਾਬੀ ਲਹਿਰ ਵਿਚ ਨਹੀਂ ਮਿਲਦੀ ਕਿ ਲੋਕ ਲਹਿਰ ਦੇ ਲੀਡਰਾਂ ਨਾਲੋਂ ਲਹਿਰ ਦੇ ਕਵੀਆਂ ਨੂੰ ਵੱਧ ਜਾਣਦੇ ਸਨ। ਇਨ੍ਹਾਂ ਕਵੀਆਂ ਵਿਚੋਂ ਸੰਤ ਸੰਧੂ ਇਕ ਸਚੇਤਨ, ਸ਼੍ਰੇਣੀ-ਵੰਡ ਦਾ ਵਿਰੋਧੀ, ਸਮਕਾਲੀ ਰਾਜਸੀ-ਸੱਤਾ ਨੂੰ ਨਕਾਰਦਾ ਹੋਇਆ ਉਸ ਨਾਲ ਟੱਕਰ ਲੈਣ ਵਾਲਾ, ਸ਼ੋਸ਼ਿਤ ਵਰਗ ਨੂੰ ਸ਼ੋਸ਼ਣ ਪ੍ਰਤੀ ਵੰਗਾਰਨ ਵਾਲਾ ਅਤੇ ਜੰਗ ਯੁੱਧ ਤੋਂ ਗੁਰੇਜ਼ ਰੱਖਣ ਵਾਲਾ ਕਵੀ ਹੈ। ਜੋ ਆਪਣੇ ਕਾਵਿ ਸੰਗ੍ਰਹਿ ਸੀਸ ਤਲੀ 'ਤੇ (1970) ਰਾਹੀਂ ਜੁਝਾਰਵਾਦੀ ਕਾਵਿ ਧਾਰਾ ਦਾ ਮੁੱਢ ਬੰਨਦਾ ਹੈ ਅਤੇ ਬਾਂਸ ਦੀ ਅੱਗ (1988) ਅਤੇ "ਨੌਂ ਮਣ ਰੇਤ" (2008) ਰਾਹੀਂ ਇਸ ਪਰੰਪਰਾ ਅਤੇ ਵਿਚਾਰਧਾਰਾ ਨੂੰ ਅੱਗੇ ਤੋਰਦਾ ਹੈ।

ਸੰਤ ਸੰਧੂ ਆਪਣੇ ਨਿਵੇਕਲੇ ਕਾਵਿ ਸੰਗ੍ਰਹਿ "ਨੌਂ ਮਣ ਰੇਤ" ਵਿਚ ਸਮਕਾਲੀ ਰਾਜਸੀ ਸੱਤਾ ਉਪਰ ਸਿੱਧੀਆਂ ਟੋਕਾਂ ਲਾਉਣਾ ਹੋਇਆ ਇਨ੍ਹਾਂ ਦੁਆਰਾ ਪਾਈਆਂ ਵੰਡੀਆਂ ਸਦਕਾਂ ਵਿਅਕਤੀਗਤ ਪੱਧਰ ਤੇ ਹੋਈ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਰਾਸ਼ਟਰੀ ਪੱਧਰ ਤੇ ਬਣੀਆਂ ਸਰਹੱਦਾਂ ਨੂੰ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਉਹ ਵਰਗ ਵਿਰੋਧ ਤੋਂ ਚੇਤੰਨ ਹੋ ਕੇ ਹਾਕਮ ਵਰਗ ਦੇ ਯਥਾਰਥ ਰੂਪ ਨੂੰ ਨੰਗਿਆਂ ਕਰਦਾ ਹੈ ਅਤੇ ਨਾਲ ਹੀ ਕਿਰਤੀ ਵਰਗ ਨੂੰ ਆਪਣੀ ਸ਼ਕਤੀ ਤੇ ਦੁਖਾਂਤ ਤੋਂ ਜਾਣੂ ਕਰਵਾਉਂਦਾ ਹੋਇਆ ਵਰਗ ਵਿਰੋਧ ਲਈ ਵੰਗਾਰਦਾ ਹੈ।

ਸੰਤ ਸੰਧੂ ਮਾਰਕਸਵਾਦ-ਲੈਨਿਨਵਾਦ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਸਮਕਾਲੀ ਸਮਾਜ ਦੀ ਦੋ ਪੱਖੀ ਵੰਡ ਨੂੰ ਰੂਪਮਾਨ ਕਰਦਾ ਹੈ ਅਤੇ ਮਾਉਵਾਦੀਆਂ ਦੀ ਵਿਚਾਰਧਾਰਾ ਨੂੰ ਸਵੀਕਾਰਦਾ ਹੋਇਆ ਰਾਜਸੀ ਸੱਤਾ ਅਤੇ ਸਿਆਸੀ ਪਾਰਟੀਆਂ ਦੀ ਭੰਡੀ ਵੀ ਕਰਦਾ ਹੈ। ਸਮਕਾਲੀ




ਸਮਾਜ ਵਿਚ ਬੁਰਜੂਆਦੀ ਵਰਗ ਜੋ ਮੁੱਢ ਤੋਂ ਹੀ ਪ੍ਰੋਲੇਤਾਰੀ ਵਰਗ ਦੀ ਲੁੱਟ-ਖਸੁੱਟ ਅਤੇ ਸ਼ੋਸ਼ਣ ਕਰਕੇ ਆਪਣੀਆਂ ਝੋਲੀਆਂ ਭਰਦਾ ਰਿਹਾ ਹੈ ਅਤੇ ਪ੍ਰੋਲੇਤਾਰੀ ਵਰਗ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆਂ ਰੱਖਦਾ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਜਿੱਥੇ ਬੁਰਜੂਆਦੀ ਵਰਗ ਦਿਨੋ-ਦਿਨ ਧਨਾਢ ਬਣਦਾ ਜਾ ਰਿਹਾ ਹੈ ਉਥੇ ਪ੍ਰੋਲੇਤਾਰੀ ਵਰਗ ਦੀ ਹਾਲਤ ਦਿਨੋ ਦਿਨ ਤ੍ਰਾਸਦਿਕ ਬਣਦੀ ਜਾ ਰਹੀ ਹੈ।

ਇਸ ਸ਼ੋਸ਼ਕ ਸ਼੍ਰੇਣੀ ਦੇ ਚਰਿੱਤਰ ਨੂੰ ਉਘਾੜਦਾ ਹੋਇਆ ਸੰਤ ਸੰਧੂ ਉਨ੍ਹਾਂ ਲਈ ਕਾਲੇ ਕਾਂ, ਲਹੂ ਪੀਣੀਆਂ ਜੋਕਾਂ, ਸ਼ਾਹ, ਚਲਾਕ ਬਿੱਲੀਆਂ, ਅੱਗ 'ਚ ਤੇਲ ਪਾਊ, ਨਾਗ, ਮਾਸ ਖਾਣੇ ਸ਼ੇਰ, ਕੁੱਤੇ, ਸੈਦੇ ਆਦਿ ਚਿੰਨ੍ਹਾਂ ਦੀ ਵਰਤੋਂ ਕਰਦਾ ਹੈ। ਇਸ ਲਈ ਉਹ ਕਹਿੰਦਾ ਹੈ:

ਗੱਦੀਆਂ ਵਾਲੇ ਇਸ ਬੂਟੇ ਦੀ,
ਜੜ੍ਹੀਂ ਤੇਲ ਦੇ ਦਿੰਦੇ।
ਇਸ ਬੂਟੇ ਦੀ ਹੱਤਿਆ ਕਾਰਨ,
ਬਹੁੰ ਛੜਯੰਤਰ ਗੁੰਦੇ।

"ਨੌਂ ਮਣ ਰੇਤ" ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਕਾਵਿ ਵਸਤੂ ਵਜੋਂ ਸਮਾਜਕ ਚਿੰਤਨ ਨਾਲੋਂ ਵੱਧ ਰਾਜਸੀ ਸੱਤਾ ਕੇਂਦਰਿਤ ਹੈ। ਜੁਝਾਰਵਾਦੀ ਕਵੀਆਂ ਦੁਆਰਾ ਮਾਰਕਸਵਾਦੀ ਸਿਧਾਂਤਾਂ ਅਤੇ ਵਿਚਾਰਾਂ ਨੂੰ ਕੱਟੜਤਾ ਨਾਲ ਅਪਨਾਉਣ ਕਾਰਨ ਜਿੱਥੇ ਇਹ ਕਵੀਤਾ ਪ੍ਰਗਤੀਵਾਦੀ ਕਵਿਤਾ ਤੋਂ ਨਵੀਨਤਾ ਗ੍ਰਹਿਣ ਕਰਦੀ ਹੈ ਉਥੇ ਰਾਜਨੀਤਕ ਸੱਤਾ ਵਰਗੇ ਨਵੀਨ ਵਿਸ਼ਿਆਂ ਨੂੰ ਵੀ ਆਪਣੀਆਂ ਟੋਕਾਂ ਦਾ ਵਿਸ਼ਾ ਬਣਾਉਂਦੀ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਰਾਜਸੀ ਸੱਤਾ ਜਮਾਤੀ ਵੰਡ ਦੀ ਜਨਨੀ ਹੈ ਜੋ ਕਿ ਅੰਗਰੇਜ਼ੀ ਨੀਤੀ ਫੁੱਟ ਪਾਉ ਤੇ ਰਾਜ ਕਰੋ ਉਤੇ ਆਧਾਰਿਤ ਹੈ।

ਮਸਲਾ ਨਹੀਂ ਹੈ ਸ਼ਹਿਰ ਦਾ,
ਮਸਲਾ ਨਹੀਂ ਹੈ ਨਹਿਰ ਦਾ,
ਮਸਲਾ ਹੈ ਪੂਨੀ ਜੋਕ ਦਾ,
ਮਸਲਾ ਹੈ ਕਾਲੇ ਪਹਿਰ ਦਾ,
ਮਸਲਾ ਨਹੀਂ ਬੰਦੂਕ ਦਾ,
ਮਸਲਾ ਨਹੀਂ ਤਲਵਾਰ ਦਾ,
ਮਸਲਾ ਹੈ ਜਿਹੜੀ ਰਿਸ ਰਹੀ,
ਸੰਸਦ ਦੇ ਵਿਚੋਂ ਕਹਿਰ ਦਾ।

ਸੰਤ ਸੰਧੂ ਆਪਣੀਆਂ ਕਵਿਤਾਵਾਂ ਰਾਹੀ ਸ਼ੋਸ਼ਿਤ ਵਰਗ ਨੂੰ ਸੰਗਠਿਤ ਕਰਕੇ ਜਮਾਤੀ ਵੰਡ ਲਈ ਵੰਗਾਰਦਾ ਹੈ। ਇਸ ਵੰਗਾਰ ਨੂੰ ਸਾਰਥਕ ਬਣਾਉਣ ਲਈ ਜਿੱਥੇ ਉਹ ਕਿਰਤੀ-ਕਿਸਾਨੀ ਵਰਗ ਦੇ ਤ੍ਰਾਸਦਿਕ ਪੱਖ ਜਿਵੇਂ ਫਸਲਾਂ ਦਾ ਸਹੀ ਮੁੱਲ ਨਾ ਮਿਲਣਾ, ਜਮੀਨ ਦਾ ਗਹਿਣੇ ਪੈਣਾ, ਸਾਹੂਕਾਰਾਂ ਵੱਲੋਂ ਵੱਧ ਵਿਆਜ ਲਾਉਣਾ ਆਦਿ ਨੂੰ ਪੇਸ਼ ਕਰਦਾ ਹੈ, ਉਥੇ ਇਸ ਨੂੰ ਤਿਖੇਰਾ ਕਰਨ ਲਈ ਕਈ ਸਭਿਆਚਾਰਕ ਅਤੇ ਸਾਹਿਤਕ ਰੂੜ੍ਹੀਗਤ ਚਿੰਨ੍ਹਕਾਂ ਦਾ ਵੀ ਜਿਕਰ ਕਰਦਾ ਹੈ ਜਿਵੇਂ ਰਾਮ, ਨਾਨਕ, ਮਰਦਾਨਾ, ਜੋਰਾਵਰ, ਅਜੀਤ, ਰਾਮ ਸਿੰਘ ਕੂਕਾ, ਹਰੀ ਸਿੰਘ ਨਲੂਆ ਆਦਿ। ਡਾ. ਕੇਸਰ ਸਿੰਘ ਕੇਸਰ ਦੇ ਕਥਨ ਅਨੁਸਾਰ ਜੁਝਾਰ ਕਵਿਤਾ ਵਿਚ ਸਿੱਖ ਚਿੰਨ੍ਹਕਾਂ ਦੀ ਵਰਤੋਂ ਉਤੇ ਵਧੇਰੇ ਬਲ ਹੈ ਕਿਉਂਕਿ ਜਿਸ ਲਹਿਰ ਨਾਲ ਇਹ ਕਵਿਤਾ ਸਿੱਧੇ ਤੌਰ 'ਤੇ ਜੁੜੀ ਹੋਈ ਸੀ ਉਸ ਦਾ ਪ੍ਰਮੁੱਖ ਉਦੇਸ਼ ਪੰਜਾਬ ਦੇ ਖੇਤ-ਮਜ਼ਦੂਰ ਤੇ ਕਿਸਾਨਾਂ ਤੱਕ ਪਹੁੰਚਣਾ ਸੀ, ਜਿਸ ਦਾ ਸੰਸਕ੍ਰਿਤਕ ਵਿਰਸਾ ਸਿੱਖੀ ਦਾ ਹੈ।

ਜਿਨ੍ਹਾਂ ਪਿੱਛੇ ਸਾਰਾ ਪਰਿਵਾਰ
ਮੈਂ ਸੀ ਵਾਰਿਆ
ਲਹੂ ਮਜਲੂਮਾਂ ਦੇ, ਦਾ
ਸਿਲ੍ਹਾ ਕਿਵੇਂ ਤਾਰਿਆ
ਡੁੱਬ ਗਏ ਨੇ ਸਰਸਾ,
ਸੋਨੇ ਦੀਆਂ ਝਾਲਾਂ ਦੀ
ਦੱਸ ਨੂਰਿਆ, ਖਬਰ ਮੇਰੇ ਲਾਲਾਂ ਦੀ

ਇੱਕ ਮੁੱਠ ਹੋਣ ਲਈ ਕਵੀ ਇਸ ਤਰ੍ਹਾਂ ਵੰਗਾਰਦਾ ਹੈ:

ਆਪਾਂ ਜੇ ਨਾ ਹੋਏ ਇਕੱਠੇ
ਡਰਪੋਕ ਬਣੇ ਜੇ ਮੂਹਰੇ ਨੱਠੇ
ਚੀਤੇ ਪਾੜ ਦੇਣਗੇ ਪੱਠੇ
ਡਾਕੂ ਜੇਕਰ ਗਿਆ ਨਾ ਫੜਿਆ
ਨਵਾਂ ਸਾਲ ਸੂਲੀ ਹੈ ਚੜ੍ਹਿਆ

ਪੂਨੀ ਧਰਤੀ, ਜੰਗ, ਜੰਗ ਦੀ ਬਾਤ ਵਰਗੀਆਂ ਕਵਿਤਾਵਾਂ ਵਿਚ ਸੰਧੂ ਯੁੱਧ ਨੂੰ ਫਿਰੰਗੀਆਂ ਦੀ ਚਾਲ, ਸੌਦਾਈਆਂ ਦੀ ਖੇਡ, ਨਫਰਤਾਂ ਦੀ ਵੰਡ ਦੱਸਦਾ ਅਤੇ ਅਮਨ-ਸ਼ਾਂਤੀ ਦੀ ਤਾਂਘ ਕਰਦਾ ਹੋਇਆ ਹੀਰੋਸ਼ੀਮਾ ਵਰਗੀ ਜੰਗ ਨੂੰ ਉਤਸ਼ਾਹਿਤ ਕਰਨ ਵਾਲੀਆਂ ਐਂਗਲੋ-ਅਮਰੀਕਨ ਸਾਮਰਾਜੀ ਤਾਕਤਾਂ ਦੀ ਸਖਤ ਨਿੰਦਾ ਕਰਦਾ ਹੈ। ਉਸ ਅਨੁਸਾਰ ਇਹ ਸਭ ਰਾਜਨੀਤੀ ਦੀ ਹੀ ਦੇਣ ਹੈ।

ਸੂਲੀ ਕਵਿਤਾ ਵਿਚ ਪੇਸ਼ ਇਸ ਦੈਂਤ ਦੁਆਰਾ ਅਤਿਵਾਦ ਦੇ ਨਾਂ ਤੇ ਅਫਗਾਨ, ਇਰਾਨ ਅਤੇ ਪਾਕਿਸਤਾਨ ਉਤੇ ਕੀਤੇ ਹਮਲੇ ਇਸ ਦੀਆਂ ਤਾਜਾ ਉਦਾਹਰਣਾਂ ਹਨ। ਇਨ੍ਹਾਂ ਜੰਗਾਂ ਕਾਰਨ ਚੁੰਨੀਆਂ ਤੋਂ ਲੱਥੇ ਗੋਟੇ, ਬੱਚਿਆਂ ਸਿਰੋਂ ਲਹੇ ਆਸਰੇ ਅਤੇ ਬਿਰਹਾ ਰੋਂਦੀਆਂ ਮਾਂਵਾਂ ਦੀ ਮਾਨਸਿਕਤਾ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ:

ਜਦ ਧਮਕ ਹੱਦਾਂ 'ਤੇ ਪੈਂਦੀ ਏ,
ਤਾਂ ਨੈਣੀ ਨੀਂਦ ਨਾ ਪੈਂਦੀ ਏ,
ਹਰ ਮਾਤਾ ਸੁੱਕਣੇ ਪੈਂਦੀ ਏ,
ਇੱਧਰ ਵੀ ਮਿਰਜ਼ੇ ਵੀਰ ਮਰੇ
ਉਧਰ ਵੀ ਸੜ੍ਹ ਗਏ ਵਣ ਹਰੇ
ਮੇਰੇ ਨੈਣ ਕਟੋਰੇ ਜਲ੍ਹ ਭਰੇ।

ਇਸ ਤੋਂ ਇਲਾਵਾ ਕਵੀ ਨੇ ਗਲੋਬਲ ਵਾਰਮਿੰਗ ਵਰਗੇ ਨਵੀਨ ਵਿਸ਼ੇ ਨੂੰ ਵੀ ਬੋਲੇ ਅਤੇ ਸਾਈਕਲ ਕਵਿਤਾਵਾਂ ਰਾਹੀਂ ਛੋਹਿਆ ਹੈ। ਇਹ ਅਜਿਹੀ ਜੰਗ ਹੈ ਜਿਸ ਦਾ ਕਾਰਨ ਭਾਵੇਂ ਕੋਈ ਇੱਕ ਮੁਲਕ ਜਾਂ ਵਿਅਕਤੀ ਨਾ ਹੋ ਕੇ ਸਮੁੱਚੀ ਮਨੁੱਖਤਾ ਦੁਆਰਾ ਫੈਲਾਇਆ ਜਾ ਰਿਹਾ ਪ੍ਰਦੂਸ਼ਣ, ਕੱਟੇ ਜਾ ਰਹੇ ਦਰਖਤ ਅਤੇ ਜੰਗਾਂ ਦਾ ਨੀਲੇ ਅੰਬਰਾਂ ਤੇ ਉਡਦਾ ਧੂੰਆਂ ਹੈ ਪਰ ਇਸ ਦਾ ਹੱਲ ਵੀ ਸਮੁੱਚੀ ਮਨੁੱਖਤਾ ਦੀ ਏਕਤਾ ਰਾਹੀਂ ਹੀ ਸੰਭਵ ਹੈ। ਕਵੀ ਇਸ ਗਲੋਬਲ ਵਾਰਮਿੰਗ ਦੇ ਪ੍ਰਭਾਵ ਨੂੰ ਇੰਜ ਬਿਆਨ ਕਰਦਾ ਹੈ:

ਧਰਤੀ ਦੇ ਹੇਠ ਖੜਾ, ਡੋਲ ਬੈਲ ਜਾਏਗਾ
ਸੱਸੀਆਂ ਨੂੰ ਖਾਣ ਵਾਲਾ ਥਲ ਫੈਲ ਜਾਏਗਾ
ਜਦੋਂ ਹਰੇ ਵਣਾਂ ਵਿਚੋਂ ਮੋਰ ਲੁਕ ਜਾਣਗੇ
ਜਦੋਂ ਤੇਰੇ ਜੰਗਲਾਂ 'ਚੋਂ ਰੁੱਖ ਮੁੱਕ ਜਾਣਗੇ।

ਇਸੇ ਤਰ੍ਹਾਂ ਕਵੀ ਭਰੂਣ ਹੱਤਿਆ ਅਤੇ ਜਵਾਨਾਂ ਵਿਚ ਵਧਦੀ ਨਸ਼ਿਆਂ ਦੀ ਹੋੜ ਅਤੇ ਔਰਤਾਂ ਦੀ ਆਬਾਦੀ ਵਰਗੇ ਬੁਨਿਆਦੀ ਵਿਸ਼ਿਆਂ ਨੂੰ ਵੀ ਵਿਚਾਰਦਾ ਹੈ ਕਿਉਂਕਿ ਇਹ ਕੁਝ ਅਜਿਹੇ ਬੁਨਿਆਦੀ ਤੱਤ ਹਨ ਜਿਹੜੇ ਕਿਸੇ ਕੌਮ ਦੀ ਨੀਂਹ ਉਸਾਰਦੇ ਹਨ। ਸ਼੍ਰੇਣੀ ਸਮਾਜ ਨੂੰ ਠੱਲ੍ਹ ਪਾਉਣ ਵਾਲੀ ਕੌਮ ਰੂਪੀ ਨਿਮਨ ਵਰਗ ਦੀਆਂ ਨੀਹਾਂ ਬਹੁਤ ਮਜਬੂਤ ਹੋਣੀਆਂ ਚਾਹੀਦੀਆਂ ਹਨ। ਸੰਧੂ ਦੀ ਜੁਬਾਨੀ ਸੁਣੋ:

ਕੁੱਖਾਂ ਨੂੰ ਬਣਾਈ ਜਾਣ ਕੁੱਖਾਂ ਵਾਲੇ ਕਬਰਾਂ
ਹੱਤਿਆ ਭਰੂਣ ਦੀਆਂ ਆਈ ਜਾਣ ਖਬਰਾਂ
ਧੀਆਂ ਲਈ ਮਾਵਾਂ ਕਿਵੇਂ ਬਣ ਗਈਆਂ ਡੈਣਾਂ ਨੇ
ਮਾਲਣਾਂ ਨੇ ਲੁੱਟ ਲਈਆਂ
ਫੁੱਲਾਂ ਦੀਆਂ ਡੋਡੀਆਂ
ਅਤੇ
ਸਾਹਾਂ ਦਾ ਸੀ ਸ਼ਾਹ ਜੋ ਕੰਗਾਲ ਹੋ ਗਿਆ
ਧੋਤੀ ਤਾਂਈ ਪਾੜ ਕੇ ਰੁਮਾਲ ਹੋ ਗਿਆ
ਨਸ਼ਿਆਂ ਦੇ ਨਾਲ, ਹੁਣ ਰੁਲੀਆਂ ਜੁਆਨੀਆਂ
ਬਦਲਾਂ ਦੇ ਹੇਠ, ਸਾਡਾ ਚੰਦ ਹੋ ਗਿਆ।

ਜੁਝਾਰਵਾਦੀ ਕਵਿਤਾ ਦੇ ਮੋਢੀ ਪਾਸ਼ ਸੰਤ ਸੰਧੂ ਦਾ ਸਮਕਾਲੀ ਅਤੇ ਵਿਚਾਰਧਾਰਾ ਦਾ ਸਾਂਝੀਵਾਲ ਹੋਣ ਤੋਂ ਇਲਾਵਾ ਗੂੜ੍ਹਾ ਮਿੱਤਰ ਵੀ ਸੀ। ਇਸ ਕਾਵਿ ਜਗਤ ਦੇ ਸਿਤਾਰੇ ਨੂੰ ਸਰਧਾਂਜਲੀ ਵਜੋਂ ਚਿੜੀਆਂ ਦਾ ਚੰਬਾ, ਧੁੰਦ ਦੇ ਬੱਦਲ, ਨੌਂ ਮਣ ਰੇਤ, ਅੰਬ ਦਾ ਕਤਲ, ਕਾਲੀ ਰਾਤ ਵਰਗੀਆਂ ਕਵਿਤਾਵਾਂ ਕਾਵਿ ਸੰਗ੍ਰਹਿ ਵਿਚ ਸ਼ਾਮਿਲ ਹਨ।

ਕਵਿਤਾ 'ਦੋ ਸੰਤ' ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਰਾਸ਼ਟਰਪਤੀ ਅਬਦੁਲ ਕਲਾਮ ਦੇ ਨਾਂ ਅਤੇ ਮੰਜਕੀ ਦਾ ਮੋਤੀ ਪੰਜਾਬੀ ਅਤੇ ਪੰਜਾਬੀਅਤ ਦੇ ਰਾਖੇ, ਯੂਰਪੀਅਨ ਪੰਜਾਬੀ ਸੱਥ ਦੇ ਮੋਢੀ ਮੋਤਾ ਸਿੰਘ ਸਰਾਏ ਨੂੰ ਸਮਰਪਿਤ ਹੈ।

ਇਸ ਤਰ੍ਹਾਂ ਸੰਤ ਸੰਧੂ ਦੇ ਕਾਵਿ ਸੰਗ੍ਰਹਿ "ਨੌਂ ਮਣ ਰੇਤ" ਦੀ ਹਰ ਕਵਿਤਾ ਵਿਚ ਇੱਕ ਨਵੀਂ ਨੁਹਾਰ ਅਤੇ ਨਵਾਂ ਵਿਸ਼ਾ ਰੂਪਮਾਨ ਹੈ। ਕਵੀ ਵਰਤਮਾਨ ਤੋਂ ਪ੍ਰਭਾਵਿਤ ਹੋ ਕੇ ਭੂਤ ਦੀਆਂ ਸੰਸਕ੍ਰਿਤਕ ਤੇ ਸਾਹਿਤ ਰੂੜ੍ਹੀਆਂ ਨੂੰ ਆਧਾਰ ਬਣਾ ਕੇ ਉਸ ਭਵਿੱਖ ਪ੍ਰਤੀ ਜਗਿਆਸੂ ਹੈ ਜੋ ਵਰਗ ਰਹਿਤ ਹੋਵੇ। ਸੰਤ ਸੰਧੂ ਅਸਲ ਵਿਚ ਅਜਿਹੇ ਸਮਾਜ ਨੂੰ ਲੋਚਦਾ ਹੈ ਜੋ ਸਰਹੱਦਾਂ ਤੋਂ ਮੁਕਤ ਹੋਵੇ।

# ਅਸਫ਼ਲ ਕਵੀ-ਸੰਮੇਲਨਾਂ ਦਾ ਸਫ਼ਲ ਪ੍ਰਧਾਨ

ਡਾ. ਗੁਰਬਚਨ

ਹਰੀ ਸ਼ੰਕਰ ਪਾਰਸਾਈ (ਜਨਮ 22 ਅਗਸਤ 1922, ਚਲਾਣਾ 10 ਅਗਸਤ 1995) ਆਧੁਨਿਕ ਭਾਰਤੀ ਭਾਸ਼ਾਵਾਂ 'ਚ ਵਿਚਰਦੇ ਵੱਡੇ ਵਿਅੰਗਕਾਰ ਸਨ। ਉਹ ਭਾਵੇਂ ਮੂਲ ਰੂਪ 'ਚ ਹਿੰਦੀ ਭਾਸ਼ਾ ਦੇ ਲੇਖਕ ਸਨ, ਪਰ ਉਨ੍ਹਾਂ ਦੀਆਂ ਰਚਨਾਵਾਂ ਭਾਰਤੀ ਮਾਹੌਲ ਨੂੰ ਉਭਾਰਦੀਆਂ ਹਨ ਤੇ ਹਰ ਭਾਸ਼ਾ 'ਚ ਅਨੁਵਾਦ ਹੋ ਕੇ ਪਾਠਕਾਂ ਤੱਕ ਪਹੁੰਚੀਆਂ ਹਨ। ਅਸਲ ਵਿਚ ਪਾਰਸਾਈ ਪ੍ਰੇਮ ਚੰਦ ਦਾ ਉਤਰਾਧਿਕਾਰੀ ਲੇਖਕ ਹੈ, ਜਿਸ ਨੇ ਆਜ਼ਾਦ ਭਾਰਤ ਦੀ ਇਤਿਹਾਸਕਤਾ ਵਿਚਲੇ ਮੋਹ ਭੰਗ ਨੂੰ ਸਿਰਜਿਆ ਹੈ। ਕਹਾਣੀ, ਲੇਖ, ਨਾਵਲ, ਰੇਖਾਚਿੱਤਰ ਲਿਖ ਕੇ ਸਮੇਂ ਨੂੰ ਸਮਝਿਆ ਹੈ। 'ਪਾਰਸਾਈ ਰਚਨਾਵਲੀ' ਛੇ ਭਾਗਾਂ 'ਚ ਪ੍ਰਕਾਸ਼ਤ ਹੋ ਚੁੱਕੀ ਹੈ। ਇਥੇ ਪੇਸ਼ ਹੈ ਉਨ੍ਹਾਂ ਦੀ ਲੇਖਣੀ ਦਾ ਇਕ ਦਿਲਚਸਪ ਨਮੂਨਾ;

ਪੈਸੇ ਦੇ ਲਾਲਚ 'ਚ ਆਦਮੀ ਪ੍ਰਧਾਨਗੀ ਕਰ ਲੈਂਦਾ ਹੈ। ਅਜਿਹਾ ਇਕ ਆਦਮੀ ਮੈਂ ਵੀ ਹਾਂ। ਕੋਈ ਪੈਸਾ ਦੇਵੇ ਤਾਂ ਮੈਂ ਤੁਰੰਤ ਆਦਮੀ ਤੋਂ ਪ੍ਰਧਾਨ ਬਣ ਜਾਂਦਾ ਹਾਂ, ਜਿਵੇਂ ਜ਼ਿਆਦਾ ਤਨਖਾਹ ਦੇ ਲਾਲਚ 'ਚ ਕਈ ਲੋਕ ਆਦਮੀ ਤੋਂ ਹੈਡਮਾਸਟਰ ਬਣ ਜਾਂਦੇ ਹਨ। ਸੈਂਕੜੇ ਸਮਾਰੋਹ ਦੀ ਪ੍ਰਧਾਨਗੀ ਮੈਂ ਕਰ ਚੁਕਾ ਹਾਂ। ਜ਼ਿਆਦਾ ਕਵੀ ਸੰਮੇਲਨ ਸਨ। ਕਵੀ ਸੰਮੇਲਨ ਮੇਰੇ ਕਰਕੇ ਖ਼ੂਬ ਜੰਮ ਜਾਂਦਾ ਹੈ। ਸਾਰੇ ਕਵੀਆਂ ਦੀ ਐਨੀ ਚੜ੍ਹਾਈ ਕਰ ਦਿੰਦਾ ਹਾਂ ਕਿ ਸੁਣਨ ਵਾਲਿਆਂ ਨੂੰ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਕਿਹੜਾ ਕਵੀ ਚੰਗਾ ਹੈ ਕਿਹੜਾ ਘਟੀਆ। ਉਂਜ ਘਟੀਆ ਕਵੀਆਂ ਦਾ ਮੈਂ ਚੰਗਾ ਤੇ ਪਿਆਰਾ ਪ੍ਰਧਾਨ ਹਾਂ। ਜਿੰਨਾ ਘਟੀਆ ਕਵੀ ਹੋਵੇਗਾ, ਉਸਨੂੰ ਮੈਂ ਓਨਾ ਹੀ ਜ਼ਿਆਦਾ ਜਮਾਉਂਦਾ ਹਾਂ। ਜਦੋਂ ਉਹ ਕਵਿਤਾ ਪੜ੍ਹਦਾ ਹੈ ਤਾਂ ਮੈਂ ਮਸਤੀ 'ਚ ਜ਼ੋਰ-ਜ਼ੋਰ ਦੀ ਸਿਰ ਮਾਰ ਕੇ ਦਾਦ ਦਿੰਦਾ ਹਾਂ। ਲੋਕ ਸਮਝਦੇ ਹਨ ਕਿ ਰਚਨਾ ਵਿਸ਼ਿਸ਼ਟ ਹੈ। ਅਜੇ ਤੱਕ ਲੋਕਾਂ 'ਚ ਇਹ ਭਰਮ ਬਣਿਆ ਹੋਇਆ ਹੈ ਕਿ ਪ੍ਰਧਾਨ ਉਨ੍ਹਾਂ ਨਾਲੋਂ ਜ਼ਿਆਦਾ ਸਮਝਦਾਰ ਹੁੰਦਾ ਹੈ। ਉਹ ਮੇਰਾ ਸਿਰ ਹਿੱਲਦਾ ਦੇਖ ਕੇ ਜਾਂ ਤਾਂ ਦਾਦ ਦੇਣ ਲੱਗਦੇ ਹਨ ਜਾਂ ਚੁੱਪਚਾਪ ਸੁਣ ਲੈਂਦੇ ਹਨ-ਇਹ ਸੋਚ ਕੇ ਕਿ ਚੀਜ਼ ਉਚੇ ਦਰਜੇ ਦੀ ਹੈ ਅਤੇ ਸਿਰ ਉਪਰੋਂ ਲੰਘਦੀ ਜਾ ਰਹੀ ਹੈ।



ਪ੍ਰਧਾਨਗੀ ਦੇ ਕਈ ਸੰਕਟਪੂਰਨ ਸਥਿਤੀਆਂ ਵਿਚੋਂ ਗੁਜ਼ਰ ਚੁੱਕਿਆ ਹਾਂ। ਇਕ ਸ਼ਹਿਰ ਦੇ ਕਾਲਜ ਸੰਮੇਲਨ 'ਚ ਪਹੁੰਚਿਆ ਸੀ। ਕਾਲਜ ਪਹੁੰਚਿਆ ਤਾਂ ਦੇਖਿਆ ਕਿ ਫਾਟਕ ਦੇ ਦੋਵੇਂ ਪਾਸੇ 'ਸੁਆਗਤ' ਦੇ ਬਦਲੇ ਪ੍ਰਿੰਸੀਪਲ ਦਾ ਕਾਰਟੂਨ ਬਣਿਆ ਹੋਇਆ ਸੀ ਅਤੇ ਗਾਲਾਂ ਲਿਖੀਆਂ ਹੋਈਆਂ ਸਨ। ਸਮਝ ਗਿਆ ਕਿ ਇਥੇ ਆਪਣੀ ਕਬਰ ਤਿਆਰ ਹੈ। ਕਵੀ ਮੰਡਲੀ ਨਾਲ ਮੰਚ 'ਤੇ ਪਹੁੰਚਿਆ ਤਾਂ ਦੇਖਿਆ ਹਜ਼ਾਰਾਂ ਮੁੰਡੇ। ਕਈਆਂ ਦੇ ਹੱਥਾਂ 'ਚ ਹਾਕੀਆਂ। ਕਵੀ ਆਪਣਾ ਕਲਾਮ ਪੜ੍ਹਨ ਲੱਗਦਾ ਤਾਂ ਹੁੱਲੜਬਾਜ਼ੀ ਸ਼ੁਰੂ ਹੋ ਜਾਂਦੀ। ਕੋਈ ਕਵੀ ਦੋ ਪੰਕਤੀਆਂ ਤੋਂ ਵਧ ਪੜ੍ਹ ਨਹੀਂ ਸਕਿਆ। ਮੈਂ ਆਖਦਾਂ-ਕਵੀ ਸੰਮੇਲਨ ਬੰਦ ਕਰ ਦੇਵੋ-ਜ਼ੋਰ ਦੀ ਆਵਾਜ਼ ਆਉਂਦੀ, 'ਨਹੀਂ, ਚੱਲਣ ਦਿਓ।' ਇਕ ਪ੍ਰੋਫ਼ੈਸਰ ਨੇ ਸੋਚਿਆ ਮੰਚ 'ਤੇ ਬੈਠੀ ਕਵਿੱਤਰੀ ਨੂੰ ਪੇਸ਼ ਕੀਤਾ ਜਾਵੇ, ਲੜਕੇ ਸ਼ਾਂਤ ਹੋ ਜਾਣਗੇ। ਕਵਿੱਤਰੀ ਅੱਧਖੜ ਸੀ। ਪਰ ਪ੍ਰੋਫ਼ੈਸਰ ਨੇ ਮੰਚ 'ਤੇ ਕਿਹਾ, "ਦਿਲ ਸੰਭਾਲ ਕੇ ਰੱਖੋ, ਤੁਸੀਂ ਜਿਸਦਾ ਇੰਤਜ਼ਾਰ ਐਨੀ ਬੇਸਬਰੀ ਨਾਲ ਕਰ ਰਹੇ ਹੋ, ਉਹ ਤੁਹਾਡੇ ਸਾਹਮਣੇ ਆ ਰਹੀ ਹੈ।" ਗੁਰੂ ਆਖ਼ਰ ਗੁਰੂ ਹੀ ਹੈ। ਇਸ ਤਿਕੜੀ ਨਾਲ ਹੁੱਲੜ ਹੋਰ ਵਧ ਗਿਆ। ਅੱਧਖੜ ਉਮਰ ਦੀ ਕਵਿੱਤਰੀ ਨੂੰ ਜੁਆਨ ਲੜਕਿਆਂ ਦੀ ਆਵਾਜ਼ਕਸ਼ੀ ਦਾ ਸੁੱਖ ਮਿਲਿਆ। ਉਸੇ ਸਮੇਂ ਬਿਜਲੀ ਗੁੱਲ ਹੋ ਗਈ। ਕਵਿੱਤਰੀ ਨੂੰ ਪੁੱਛਿਆ-ਕੀ ਤੁਸੀਂ ਹੁਣ ਵੀ ਕਵਿਤਾ ਪੜ੍ਹੋਗੇ? ਉਹ ਬੋਲੀ-'ਹਾਂ, ਲੇਕਿਨ ਲਾਈਟ ਤਾਂ ਆ ਜਾਵੇ।' ਮੈਂ ਮੰਨ ਲਿਆ ਕਿ ਰਾਣੀ ਲੱਛਮੀ ਬਾਈ ਤੋਂ ਬਾਅਦ ਇਹ ਦੂਸਰੀ ਵੀਰ ਨਾਰੀ ਇਸ ਦੇਸ਼ ਵਿਚ ਹੋਈ ਹੈ। ਲੱਛਮੀ ਬਾਈ ਅੰਗਰੇਜ਼ਾਂ ਦੀ ਫੌਜ ਨਾਲ ਲੜੀ ਹੋਵੇਗੀ, ਪਰ ਅਜਿਹੇ ਮਾਹੌਲ ਵਿਚ ਕਵਿਤਾ ਪੜ੍ਹਨ ਦੀ ਹਿੰਮਤ ਉਸਦੀ ਵੀ ਨਹੀਂ ਹੋਵੇਗੀ। ਉਹ ਮਾਈਕ ਸਾਹਮਣੇ ਖੜ੍ਹੀ ਹੋਈ ਤਾਂ ਜ਼ੋਰ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਦੋ ਪੰਕਤੀਆਂ 'ਤੇ ਹੀ ਉਹ ਬੈਠ ਗਈ। ਉਸੇ ਸਮੇਂ ਮੈਨੂੰ ਇਕ ਗੱਲ ਸੁੱਝੀ। ਮੈਂ ਕਿਹਾ- ਮਿੱਤਰੋ, ਮੈਂ ਜਬਲਪੁਰ ਦਾ ਰਹਿਣ ਵਾਲਾ ਹਾਂ ਅਤੇ ਜੋ ਕੁਝ ਤੁਸੀਂ ਕਰ ਰਹੇ ਹੋ ਇਸ ਮਾਮਲੇ 'ਚ ਮੇਰੇ ਸ਼ਹਿਰ ਦੇ ਲੋਕ ਉਸਤਾਦ ਮੰਨੇ ਜਾਂਦੇ ਹਨ। ਸਾਡੇ ਸ਼ਹਿਰ ਦੇ ਲੜਕੇ ਵੀ ਜ਼ੋਰਦਾਰ ਹਨ, ਪਰ ਤੁਸੀਂ ਉਨ੍ਹਾਂ ਤੋਂ ਵੀ ਅੱਗੇ ਨਿਕਲ ਗਏ। ਸਾਡੇ ਲੜਕੇ ਤਾਂ ਜੁਆਨ ਲੜਕੀਆਂ ਨੂੰ ਛੇੜਦੇ ਹਨ, ਪਰ ਤੁਸੀਂ ਤਾਂ ਅੰਮਾ ਨੂੰ ਵੀ ਛੇੜ ਲੈਂਦੇ ਹੋ। ਗੱਲ ਕੁਝ ਅਜਿਹੀ ਨਿੱਕਲੀ ਕਿ ਸੰਨਾਟਾ ਛਾ ਗਿਆ। ਮੈਂ ਨੇੜੇ ਬੈਠੇ ਕਵੀ ਰਾਮਵਿਲਾਸ ਸ਼ਰਮਾ ਨੂੰ ਕਿਹਾ- 'ਫਟਾਫਟ ਕਵਿਤਾ ਪੜ੍ਹ ਦੇਹ, ਮਾਹੌਲ ਬਣਿਆ ਹੋਇਆ ਹੈ।' ਰਾਮਬਿਲਾਸ ਤਿੰਨ ਮਿੰਟ ਦੀ ਕਵਿਤਾ ਪੜ੍ਹ ਕੇ ਸ਼ਾਦ ਨਾਲ ਬੈਠ ਗਿਆ। ਮੁਸੀਬਤ ਇਹ ਕਿ ਨਾ ਤਾਂ ਲੜਕੇ ਸੁਣ ਰਹੇ ਸਨ ਅਤੇ ਨਾ ਹੀ ਕਵੀ ਸੰਮੇਲਨ ਖ਼ਤਮ ਹੋ ਰਿਹਾ ਸੀ। ਅਖੀਰ ਰੱਬ ਨੇ ਮਿਹਰ ਕੀਤੀ, ਮੀਂਹ ਪੈਣ ਲੱਗ ਪਿਆ ਤੇ ਸਾਡੀ ਜਾਨ ਬਖ਼ਸ਼ੀ ਗਈ।

ਇਕ ਕਵੀ ਸੰਮੇਲਨ 'ਚ ਮੇਰੇ ਮਿੱਤਰ ਕਵੀ ਨੇ ਵੱਡੀ ਆਫ਼ਤ ਖੜ੍ਹੀ ਕਰ ਦਿੱਤੀ। ਵਿਰੋਧੀ ਗਰੁਪ ਨੇ ਉਸਨੂੰ ਦਾਰੂ ਪਿਲਾ ਕੇ ਪੂਰਾ ਟੱਲੀ ਕਰ ਦਿੱਤਾ। ਜਦੋਂ ਮੰਚ ਗਰਮ ਸੀ ਤਾਂ ਉਸਨੂੰ ਲਿਆ ਕੇ ਛੱਡ ਦਿੱਤਾ। ਜਿਵੇਂ ਸਭਾ ਵਿਗਾੜਨ ਲਈ ਢੱਠੇ ਨੂੰ ਛੱਡਿਆ ਹੋਵੇ। ਉਹ ਝੂਮਦਾ-ਝੂਮਦਾ ਮੰਚ 'ਤੇ ਚੜ੍ਹ ਗਿਆ ਅਤੇ ਇਕ ਕਵੀ ਤੋਂ ਮਾਈਕ ਖੋਹਣ ਲੱਗਿਆ। ਕਹਿਣ ਲੱਗਾ- "ਮੈਂ ਕਵਿਤਾ ਪੜ੍ਹਾਂਗਾ।" ਮੈਂ ਸਮਝਾਇਆ ਇਸ ਤੋਂ ਬਾਅਦ ਪੜ੍ਹ ਲੈਣਾ। ਉਹ ਬੋਲਿਆ, "ਨਹੀਂ, ਮੈਂ ਪੜ੍ਹਾਂਗਾ। ਮੈਂ ਇਸ ਇਲਾਕੇ ਦਾ ਲਾਡਲਾ ਕਵੀ ਹਾਂ, ਜਨਤਾ ਮੈਨੂੰ ਸੁਣਨ ਆਈ ਹੈ।" ਮੈਂ ਉਸਨੂੰ ਰੋਕਿਆ ਤਾਂ ਉਹ ਹਿੱਲ ਗਿਆ, "ਤੈਨੂੰ ਕਿਸ ਨੇ ਪ੍ਰਧਾਨ ਬਣਾਇਆ? ਤੂੰ ਵਾਰਤਕ ਲੇਖਕ ਹੈਂ। ਤੂੰ ਕਵੀ ਸੰਮੇਲਨ ਦਾ ਪ੍ਰਧਾਨ ਕਿਵੇਂ ਹੋ ਸਕਦਾ ਹੈਂ? ਮੈਂ ਪ੍ਰਧਾਨ ਹਾਂ। ਮੈਂ ਪੜ੍ਹਾਂਗਾ।" ਉਹ ਮੇਰਾ ਦੋਸਤ ਹੈ। ਮੈਂ ਕੰਨ 'ਚ ਕਿਹਾ, "ਤੈਨੂੰ ਲੱਤ ਮਾਰਾਂਗਾ।" ਉਸਨੇ ਮਾਈਕ 'ਤੇ ਜ਼ੋਰ ਦੀ ਕਿਹਾ, "ਸੁਣੋ, ਇਹ ਆਖਦੇ ਹਨ, ਮੈਨੂੰ ਲੱਤ ਮਾਰਨਗੇ। ਇਸ ਇਲਾਕੇ ਦੇ ਲਾਡਲੇ ਕਵੀ ਨੂੰ ਇਹ ਲੱਤ ਮਾਰਨਗੇ 'ਤੇ ਤੁਸੀਂ ਦੇਖਦੇ ਰਹੋਗੇ।"

ਮੈਂ ਅਤੇ ਹੋਰ ਬਹੁਤ ਸਾਰਿਆਂ ਨੇ ਕੋਸ਼ਿਸ਼ ਕੀਤੀ ਪਰ ਲਾਡਲੇ ਕਵੀ ਨੇ ਇਕ ਨਾ ਮੰਨੀ। ਪ੍ਰਧਾਨਗੀ ਦੀ ਅਜਿਹੀ ਦੁਰਦਸ਼ਾ ਅੱਜ ਤੱਕ ਕਿਤੇ ਨਹੀਂ ਹੋਈ ਹੋਵੇਗੀ। ਇੱਕ ਹੋਰ ਸਮਾਰੋਹ 'ਚ ਮੈਂ ਦੇਖਿਆ ਕਿ ਦਸ-ਪੰਦਰਾਂ ਲੋਕ ਏਧਰ-ਓਧਰ ਖੜ੍ਹੇ ਆਵਾਜ਼ਾਂ ਮਾਰ ਰਹੇ ਹਨ। ਉਹ ਪੇਸ਼ੇਵਰ ਅਖਾੜ੍ਹ ਸਨ। ਮੈਂ ਸਮਝਾਇਆ, ਪ੍ਰਾਰਥਨਾ ਕੀਤੀ ਪਰ ਉਹ ਬਾਜ਼ ਨਹੀਂ ਆਏ। ਮੈਂ ਦੁਖੀ ਹੋਇਆ। ਅਖੀਰ ਇਕ ਤਰਕੀਬ ਸੁੱਝੀ। ਮੈਂ ਕਿਹਾ, "ਇਹ ਆਵਾਜ਼ ਕਰਨ ਵਾਲੇ ਸੁਣਨਾ ਨਹੀਂ ਚਾਹੁੰਦੇ। ਪਰ ਉਨ੍ਹਾਂ ਦੇ ਨੇੜੇ-ਤੇੜੇ ਬੈਠੇ ਲੋਕ ਸੁਣਨਾ ਚਾਹੁੰਦੇ ਹਨ। ਹੁਣ ਜਦੋਂ ਕੋਈ ਆਵਾਜ਼ ਪੈਦਾ ਕਰੇ ਤਾਂ ਚਾਰ-ਪੰਜ ਜਣੇ ਉਨ੍ਹਾਂ ਦੇ ਚਰਨੀਂ ਪੈ ਜਾਵੋ ਤੇ ਕਹੋ, ਪ੍ਰਭੂ, ਸਾਨੂੰ ਸੁਣ ਲੈਣ ਦਿਓ।" ਕੁਝ ਲੋਕਾਂ ਨੇ ਮੇਰੀ ਇਸ ਸਲਾਹ ਨੂੰ ਗੰਭੀਰਤਾ ਨਾਲ ਲਿਆ। ਅਗਲੀ ਵਾਰ ਜਦੋਂ ਆਵਾਜ਼ਾਂ ਆਈਆਂ ਤਾਂ ਸੱਚ-ਮੁੱਚ ਉਨ੍ਹਾਂ ਦੇ ਚਰਨੀਂ ਪੈ ਗਏ।

# ਖੇਡ ਮੇਲੇ ਰੰਗਲੇ ਪੰਜਾਬ ਦੇ-ਜੱਬੋਵਾਲ ਦਾ ਕਬੱਡੀ ਮੇਲਾ

**ਇਕਬਾਲ ਜਬੋਵਾਲੀਆ***

"ਜਦੋਂ ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਆਖਰੀ ਸਾਹਾਂ ਤੇ ਆ ਕੇ ਸਿਸਕੀਆਂ ਲੈਂਦੀ ਹੋਈ ਦਮ ਤੋੜ ਰਹੀ ਸੀ ਤਾਂ ਐਨ.ਆਰ.ਆਈ. ਭਰਾਵਾਂ ਨੇ ਵਿਦੇਸ਼ਾਂ ਤੋਂ ਆ ਕੇ ਇਸ ਖੇਡ ਨੂੰ ਨਵੀਂ ਰੂਹ ਬਖਸ਼ੀ। ਆਪਣੀ ਮਿੱਟੀ ਦਾ ਮੋਹ ਪਾਲਦੇ ਹੋਏ ਪੰਜਾਬੀ ਵੀਰਾਂ ਨੇ ਰਲ ਮਿਲ ਕੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਨੂੰ ਉੱਪਰ ਚੁੱਕਣ ਲਈ ਪੰਜਾਬ ਆ ਕੇ ਖੇਡ ਮੇਲੇ ਕਰਾਉਣੇ ਸ਼ੁਰੂ ਕਰ ਦਿੱਤੇ ਹਨ। ਤਾਹੀਉਂ ਹੁਣ ਪੰਜਾਬੀਆਂ ਦੀ ਸਿਰਮੌਰ ਖੇਡ ਕਬੱਡੀ ਕਿਤੋਂ ਦੀ ਕਿਤੇ ਪਹੁੰਚ ਗਈ ਹੈ ਜਿਵੇਂ ਕਿ ਸ. ਇਕਬਾਲ ਸਿੰਘ ਨੇ ਆਪਣੇ ਵੱਡੇ ਵੀਰ ਹੈਡ ਮਾਸਟਰ ਗਿਆਨ ਸਿੰਘ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਬੱਚਿਆਂ ਨੂੰ ਬੁਰੀਆਂ ਆਦਤਾਂ ਤੋਂ ਹਟਾ ਕੇ ਖੇਡਾਂ ਵਲ ਪ੍ਰੇਰਤ ਕਰਨ ਦਾ ਵਧੀਆ ਉਪਰਾਲਾ ਕੀਤਾ ਹੈ।" ਇਹ ਸ਼ਬਦ ਐਮ.ਐਲ.ਏ. ਸਰਬਣ ਸਿੰਘ ਫਿਲੌਰ ਨੇ ਜੱਬੋਵਾਲ ਖੇਡ ਮੇਲੇ 'ਤੇ ਬੋਲਦਿਆਂ ਕਹੇ।

ਕਬੱਡੀ ਦੇ ਸ਼ੌਕੀਨ ਪਿੰਡਾਂ ਭੀਣ, ਮੱਲਪੁਰ ਅੜਕਾਂ, ਬੈਂਸਾਂ, ਕਰੀਹਾ ਅਤੇ ਖਟਕੜ ਕਲਾਂ 'ਚ ਘਿਰਿਆ ਹੋਇਆ ਹੈ ਪਹਿਲਵਾਨਾਂ, ਫੁੱਟਬਾਲ ਅਤੇ ਕਬੱਡੀ ਖਿਡਾਰੀਆਂ ਦਾ ਪਿੰਡ ਜੱਬੋਵਾਲ। 24, 25 ਤੇ 26 ਦਸੰਬਰ 2009 ਨੂੰ ਹੈਡਮਾਸਟਰ ਗਿਆਨ ਸਿੰਘ ਪਹਿਲਾ ਯਾਦਗਾਰੀ ਕਬੱਡੀ ਮੇਲਾ ਤਿੰਨ ਦਿਨ ਲਗਾਤਾਰ ਚੱਲਿਆ, ਜਿਸ ਵਿਚ ਸਮੂਹ ਨਗਰ ਨਿਵਾਸੀਆਂ ਅਤੇ ਪਿੰਡ ਦੀ ਗ੍ਰਾਮ ਪੰਚਾਇਤ ਨੇ ਭਰਵਾਂ ਸਹਿਯੋਗ ਦਿੱਤਾ। ਪਹਿਲੇ ਦਿਨ 24 ਤਰੀਕ ਨੂੰ ਸਵੇਰੇ ਖੇਡ ਮੇਲੇ ਵਾਲੀ ਗਰਾਊਂਡ ਵਿਚ ਸੁਸ਼ੋਭਿਤ ਗੁਰਦਵਾਰਾ ਸਿੰਘ ਸ਼ਹੀਦਾਂ ਵਿਖੇ ਖਿਡਾਰੀਆਂ ਨੂੰ ਸੱਟ ਫੇਟ ਤੋਂ ਬਚਾਈ ਰੱਖਣ ਅਤੇ ਤੰਦਰੁਸਤੀ ਦੀ ਅਰਦਾਸ ਕੀਤੀ ਗਈ। ਗਿਆਰਾਂ







ਕੁ ਵਜੇ ਪਿੰਡ ਦੀ ਨਹਿਰ ਦੀ ਪਟੜੀ ਉਤੇ ਬੈਲ ਗੱਡੀਆਂ ਦੀਆਂ ਦੌੜਾਂ ਲਗਣੀਆਂ ਤਹਿ ਹੋਈਆਂ। ਚਾਲੀ ਪਿੰਡਾਂ ਦੀਆਂ ਬੈਲ ਗੱਡੀਆਂ ਨੇ ਇਸ ਮੁਕਾਬਲੇ 'ਚ ਹਿੱਸਾ ਲਿਆ। ਇਹ ਦੌੜਾਂ ਜੱਬੋਵਾਲ ਪੁਲ ਤੋਂ ਨਹਿਰੋ ਨਹਿਰ ਨਵਾਂ ਸ਼ਹਿਰ ਜੀ ਟੀ ਰੋਡ ਵਲ ਨੂੰ ਮੱਲਪੁਰ ਅੜਕਾਂ ਤੱਕ ਲੱਗਣੀਆਂ ਸਨ। ਪਹਿਲਾ ਇਨਾਮ ਜਿੱਤਣ ਦੀ ਖਾਹਿਸ਼ ਵਿਚ ਸਾਰੇ ਸ਼ੌਕੀਨ ਆਪੋ ਆਪਣੇ ਬਲਦਾਂ ਨੂੰ ਸ਼ਿੰਗਾਰ ਕੇ ਅਤੇ ਤਿਆਰ ਕਰਕੇ ਲਿਆਏ ਹੋਏ ਸਨ। ਦੌੜਾਂ ਸ਼ੁਰੂ ਹੋਈਆਂ ਤਾਂ ਲੱਗ ਪਏ ਵੱਜਣ ਲਲਕਾਰੇ..ਭੱਜ ਉਏ ਸ਼ੇਰਾ..ਹੱਟ ਉਏ ਬੱਗਿਆ...ਬਣ ਜਾ ਮਿਰਜ਼ੇ ਦੀ ਬੱਕੀ..ਜੀਂਦਾ ਰਹਿ ਉਏ ਪੁੱਤਰਾ...ਦੀਆਂ ਉੱਚੀ ਉੱਚੀ ਅਵਾਜ਼ਾਂ ਆ ਰਹੀਆਂ ਸਨ ਤੇ ਨਹਿਰ ਦੇ ਆਲੇ ਦੁਆਲੇ ਧੂੜਾਂ ਪੱਟ ਹੋਈਆਂ ਪਈਆਂ ਸਨ।

ਦੌੜਾਂ ਖਤਮ ਹੋਈਆਂ ਤਾਂ ਪਹਿਲਿਆਂ ਨੌਂ ਪੁਜੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਗਏ। ਪਹਿਲਾ ਸਥਾਨ ਟੌਪਰੀਆਂ, ਦੂਜਾ ਕੁਲਾਮ, ਤੀਜਾ ਭੱਜਲਾਂ, ਚੌਥਾ ਮਾਣਕਾਂ, ਪੰਜਵਾਂ ਮੱਲ੍ਹਾਂ ਬੇਦੀਆਂ, ਛੇਵਾਂ ਬੇਗਮਪੁਰ, ਸੱਤਵਾਂ ਦਿਆਲਾ, ਅੱਠਵਾਂ ਸੰਧਵਾਂ ਅਤੇ ਨੌਂਵਾਂ ਜਗਤਪੁਰ ਨੂੰ ਮਿਲਿਆ। ਇਹ ਇਨਾਮ ਪਿੰਡ ਦੇ ਮੌਜੂਦਾ ਸਰਪੰਚ ਅਵਤਾਰ ਸਿੰਘ ਖਾਲਸਾ, ਸਾਬਕਾ ਸਰਪੰਚ ਹੁਸਨ ਲਾਲ ਕਾਲਾ ਅਤੇ ਰਿਟਾਇਰ ਥਾਣੇਦਾਰ ਹਰਬੰਸ ਸਿੰਘ ਵਲੋਂ ਨਕਦ ਰਾਸ਼ੀ ਅਤੇ ਦੇਸੀ ਘਿਉ ਦੇ ਟੀਨ ਦੇ ਰੂਪ ਵਿਚ ਦਿੱਤੇ ਗਏ। ਸਾਰਾ ਦਿਨ ਚਾਹ ਪਾਣੀ ਦਾ ਪੂਰਾ ਪ੍ਰਬੰਧ ਚਲਦਾ ਰਿਹਾ। ਨਹਿਰ 'ਤੇ ਰੌਣਕ ਮੇਲਾ ਵੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਗਿਆ ਜਦੋਂ ਅਸੀਂ ਛੋਟੇ ਛੋਟੇ ਹੁੰਦੇ ਇਸੇ ਨਹਿਰ 'ਚ ਛਾਲਾਂ ਮਾਰ ਮਾਰ ਨਹਾਇਆ ਕਰਦੇ ਸਾਂ। ਸਕੂਲਾਂ, ਕਾਲਜਾਂ ਦੇ ਪੱਕਿਆਂ ਪੇਪਰਾਂ ਸਮੇਂ ਮੈਂ, ਜੋਗਿੰਦਰ ਸਿੰਘ, ਸਤਪਾਲ, ਚਰਨਜੀਤ ਚੋਪੜਾ, ਮੋਹਣ ਸਿੰਘ, ਜੋਗਾ ਸਿੰਘ ਤੇ ਗੁਰਦਿਆਲ ਦਾਲਾ ਇਸੇ ਨਹਿਰ 'ਤੇ ਬਹਿ ਕੇ ਤਿਆਰੀ ਕਰਿਆ ਕਰਦੇ ਸਾਂ। ਕਾਲਜ ਦੇ ਅਥਲੈਟਿਕਸ ਮੁਕਾਬਲਿਆਂ ਸਮੇਂ ਵੀ ਅਸੀਂ ਸਾਰੇ ਇਸੇ ਨਹਿਰ 'ਤੇ ਸਵੇਰੇ ਸ਼ਾਮ ਪ੍ਰੈਕਟਿਸ ਕਰਿਆ ਕਰਦੇ ਸਾਂ। ਆਰ ਕੇ ਆਰੀਆ ਕਾਲਜ ਨਵਾਂ ਸ਼ਹਿਰ ਦਾ ਫੁੱਟਬਾਲ ਖਿਡਾਰੀ, ਅਥਲੀਟ ਤੇ ਪੰਜਾਬ ਯੂਨੀਵਰਸਿਟੀ ਦਾ ਤਕੜਾ ਫੁੱਟਬਾਲ ਖਿਡਾਰੀ ਹੋਣ ਦਾ ਮਾਣ ਪ੍ਰਾਪਤ ਕਰਨ ਵਾਲਾ ਵੱਡਾ ਵੀਰ ਗਿਆਨ ਸਿੰਘ ਵੀ ਕਦੇ ਇਸੇ ਨਹਿਰ ਤੇ ਦੌੜਿਆ ਕਰਦਾ ਸੀ ਜਿਸਦੀ ਯਾਦ ਵਿਚ ਇਹ ਖੇਡ ਮੇਲਾ ਹੋ ਰਿਹਾ ਸੀ।

ਬੈਲ ਗੱਡੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਇਕ ਗੱਲ ਦਾ ਦੁੱਖ ਜ਼ਰੂਰ ਲੱਗਾ ਕਿ ਪਹਿਲੇ ਨੰਬਰ 'ਤੇ ਆਉਣ ਲਈ ਬਹੁਤਿਆਂ ਨੇ ਮਾਰ ਮਾਰ ਸੂਏ ਬਲਦਾਂ ਦੇ ਵਖ ਪਾੜੇ ਹੋਏ ਸਨ ਤੇ ਕਈਆਂ ਨੇ ਸ਼ਰਾਬ ਤੇ ਡੋਡੇ ਵੀ ਪਿਲਾਏ ਹੋਏ ਸਨ। ਇਸ ਗੱਲ ਦਾ ਸਾਨੂੰ ਬਾਅਦ 'ਚ ਪਤਾ ਚਲਿਆ। ਹੋ ਸਕਦੈ ਹੁਣ ਅਗਲੇ ਸਾਲ ਬੈਲ ਗੱਡੀਆਂ ਦੀਆਂ ਦੌੜਾਂ ਨਾ ਹੀ ਕਰਾਈਏ। ਕਿਉਂਕਿ ਬਲਦਾਂ ਦੀ ਬੁਰੀ ਹਾਲਤ ਦੇਖੀ ਨਹੀਂ ਸੀ ਜਾਂਦੀ।

ਬੈਲ ਗੱਡੀਆਂ ਦਾ ਪ੍ਰੋਗਰਾਮ ਮੁੱਕਦੇ ਸਾਰ ਹੀ ਪਿੰਡ ਦੀ ਗਰਾਊਂਡ 'ਚ ਭੀਣ ਵਲ ਦੇ ਪਾਸੇ ਬੱਚਿਆਂ ਦੇ ਕਬੱਡੀ ਮੈਚ ਸ਼ੁਰੂ ਹੋ ਗਏ। ਬੱਚਿਆਂ ਦੀਆਂ ਬੀ. ਸੀ. ਡੀ ਟੀਮਾਂ ਤੋਂ ਇਲਾਵਾ ਏ ਪਿੰਡ ਪੱਧਰ ਅਤੇ ਛੇ ਕਬੱਡੀ ਅਕੈਡਮੀਆਂ ਨੇ ਭਾਗ ਲਿਆ। ਬੀ ਦੀਆਂ ਅੱਠ ਟੀਮਾਂ, ਸੀ ਦੀਆਂ ਬਾਰਾਂ ਤੇ ਡੀ ਦੀਆਂ ਦਸ ਟੀਮਾਂ ਨੇ ਹਿੱਸਾ ਲਿਆ। ਬੀ ਸੀ ਤੇ ਡੀ ਮੈਚਾਂ ਦਾ ਫੈਸਲਾ 25 ਤਰੀਕ ਨੂੰ ਹੋ ਗਿਆ ਸੀ। ਇਨ੍ਹਾਂ ਮੁਕਾਬਲਿਆਂ 'ਚੋਂ ਬੀ ਦਾ ਪਹਿਲਾ ਸਥਾਨ ਘੁਲਾਲ ਲੁਧਿਆਣਾ ਤੇ ਦੂਜਾ ਭੱਜਲਾਂ। ਸੀ 'ਚੋਂ ਫਸਟ ਜੱਬੋਵਾਲ ਤੇ ਸੈਕਿੰਡ ਮੂਸਾਪੁਰ ਰਿਹਾ। ਇਸੇ ਤਰ੍ਹਾਂ ਹੀ ਡੀ 'ਚੋਂ ਸਰਹਾਲ ਮੁੰਡੀ ਪਹਿਲੀ ਤੇ ਜੱਬੋਵਾਲ ਦੂਜੀ ਪੁਜੀਸ਼ਨ ਤੇ ਰਿਹਾ।

26 ਤਰੀਕ ਨੂੰ ਪਿੰਡ ਪੱਧਰ 'ਏ' ਦੇ ਸੈਮੀਫਾਈਨਲ ਤੇ ਫਾਈਨਲ ਤੋਂ ਇਲਾਵਾ ਅਕੈਡਮੀਆਂ ਦੇ ਖੜਾਕੇਦਾਰ ਮੈਚਾਂ ਦਾ ਦਰਸ਼ਕਾਂ ਨੇ ਰੱਜ ਕੇ ਆਨੰਦ ਮਾਣਿਆ। ਫਾਈਨਲ ਮੁਕਾਬਲੇ 'ਚ ਗੁਣਾਚੌਰ ਪਹਿਲੇ ਅਤੇ ਭਰੋਲੀ ਦੂਜੇ ਸਥਾਨ 'ਤੇ ਰਿਹਾ। ਅਕੈਡਮੀਆਂ ਵਿਚੋਂ ਪੱਤੜ ਕਲਾਂ (ਬੋਲੇ ਵਾਲੀਆ) ਫਸਟ ਅਤੇ ਦਸਮੇਸ਼ ਅਕੈਡਮੀ ਟਾਂਡਾ ਸੈਕਿੰਡ ਰਹੀ। ਆਪਣੇ ਸਮੇਂ ਦਾ ਕਬੱਡੀ ਦਾ ਸੁਪਰ ਸਟਾਰ ਬੋਲਾ ਪੱਤੜੀਆਂ ਇੰਗਲੈਂਡ ਤੋਂ ਉਚੇਚੇ ਤੌਰ ਤੇ ਪਹੁੰਚਿਆ ਹੋਇਆ ਸੀ। ਉਸ ਦੀ ਭੂਆ ਦਾ ਪੁੱਤ ਕੈਲੇਫੋਰਨੀਆ ਤੋਂ ਪਰਮਜੀਤ ਬੈਂਸ ਵੀ ਬੋਲੇ ਦਾ ਸਾਥ ਦਿੰਦਾ ਹੋਇਆ ਮੈਚਾਂ ਦਾ ਆਨੰਦ ਮਾਣ ਰਿਹਾ ਸੀ। ਉਸ ਦਿਨ ਬੋਲਾ ਸਾਰੀ ਦਿਹਾੜੀ ਖੇਡ ਮੇਲੇ ਦੇ ਨਜ਼ਾਰੇ ਮਾਣਦਾ ਰਿਹਾ ਤੇ ਖਿਡਾਰੀਆਂ ਉਤੇ ਮਾਇਆ ਦੀ ਵਰਖਾ ਕਰਦਾ ਰਿਹਾ। ਨਿਊ ਯਾਰਕ ਤੋਂ ਨਿਰਮਲ ਸਿੰਘ ਅਤੇ ਉਨ੍ਹਾਂ ਦੇ ਚਾਚਾ ਪ੍ਰਿੰਸੀਪਲ ਰਾਵਲ ਸਿੰਘ ਨੇ ਵੀ ਆਪਣਾ ਕੀਮਤੀ ਵਕਤ ਕੱਢ ਕੇ ਖੇਡ ਮੇਲੇ ਦੀ ਰੌਣਕ ਨੂੰ ਵਧਾਇਆ ਅਤੇ ਮਾਇਆ ਦੇ ਗੱਫੇ ਦੇ ਕੇ ਖੇਡ ਪ੍ਰਬੰਧਕਾਂ ਦਾ ਹੌਸਲਾ ਵਧਾਇਆ।

ਮੈਂ ਇਥੇ ਇਹ ਵੀ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਮੇਰੇ ਪਿੰਡ ਵਿਚ ਪਹਿਲਵਾਨ ਦਰਸ਼ਨ ਸਿੰਘ, ਬਲਵੀਰ ਸਿੰਘ ਫੌਜੀ ਤੇ ਸ਼ਿੰਗਾਰਾ ਸਿੰਘ ਵਰਗੇ ਤਕੜੇ ਪਹਿਲਵਾਨ ਰਹਿ ਚੁੱਕੇ ਹਨ। ਪਹਿਲਵਾਨ ਦਰਸ਼ਨ ਸਿੰਘ 1964-65 ਦੇ ਲਗਭਗ ਨਵਾਂ ਸ਼ਹਿਰ ਲਾਗੇ ਮਿਹਰਦੀਨ ਨਾਲ ਕੁਸ਼ਤੀ ਲੜ ਚੁਕੈ। ਇਸੇ ਤਰ੍ਹਾਂ ਹੀ 1972 ਦੇ ਆਸਪਾਸ ਪਹਿਲਵਾਨ ਬਲਵੀਰ ਸਿੰਘ ਫੌਜੀ ਨੇ ਕੈਨੇਡਾ ਵਿਖੇ ਮੇਹਰਦੀਨ ਨਾਲ ਦੋ ਦੋ ਹੱਥ ਕੀਤੇ। ਸੂਬੇਦਾਰ ਪੂਰਨ ਸਿੰਘ ਰਾਂਚੀ ਬਿਹਾਰ ਵਿਖੇ ਫੌਜ ਦੀ ਸੇਵਾ ਕਰਦਾ ਹੋਇਆ ਸ਼ਾਟਪੁਟ ਅਤੇ ਡਿਸਕਸ ਥਰੋ ਦਾ ਚੰਗਾ ਸੁਟਾਵਾ ਹੁੰਦਾ ਸੀ। ਡਾ. ਗੁਰਦੇਵ ਰਾਮ, ਵੱਡੇ ਵੀਰ ਗਿਆਨ ਸਿੰਘ, ਬਲਿਹਾਰ ਸਿੰਘ, ਹਰਭਜਨ ਭੱਜੀ, ਪ੍ਰੇਮ ਸਿੰਘ, ਹਰਪਾਲ ਪਾਲਾ, ਸ਼ਿਵ ਨਾਥ, ਰਾਮ ਲੁਭਾਇਆ, ਜੋਗਿੰਦਰ ਸਿੰਘ, ਚਰਨਜੀਤ ਚੋਪੜਾ, ਸਤਪਾਲ, ਮਾਹਣਾਂ, ਜੀਤਾ ਕੈਨੇਡਾ ਦਾ ਕਬੱਡੀ ਖਿਡਾਰੀ, ਗੁਰਦਾਵਰ, ਗੁਰਨੇਕ, ਜਸਵੰਤ ਜੱਸੀ ਪਲੇਅਰਾਂ ਤੋਂ ਇਲਾਵਾ ਕੈਨੇਡਾ ਰਹਿਣ ਵਾਲਾ ਆਸਟ੍ਰੇਲੀਅਨ ਗੋਲਡ ਮੈਡਲਿਸਟ ਵੇਟ ਲਿਫਟਰ ਜਸਵਿੰਦਰ ਸਿੰਘ ਨਾਗਰਾ ਵੀ ਇਸੇ ਪਿੰਡ ਦੇ ਜੰਮਪਲ ਹਨ। ਮੇਰੇ ਪਿੰਡ ਦੀ ਇਕ ਹੋਰ ਖਾਸੀਅਤ ਹੈ ਅਗਰ ਕਿਸੇ ਦੇ ਸੱਪ ਵਗੈਰਾ ਡਸ ਜਾਵੇ ਤਾਂ ਪਿੰਡ ਦੀ ਜੂਹ ਵਿਚ ਪਹੁੰਚ ਜਾਵੇ ਤਾਂ ਬਚਾਅ ਹੋ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦਾ ਸਰੀਰ ਵਿਚ ਦਰਦ ਹੁੰਦਾ ਹੋਵੇ ਡਾਕਟਰਾਂ ਦੀ ਨਾ ਸਮਝ ਪੈਂਦਾ ਹੋਵੇ ਤਾਂ ਜੱਬੋਵਾਲ ਜਾਣ ਨਾਲ ਜ਼ਰੂਰ ਠੀਕ ਹੋ ਜਾਂਦਾ ਹੈ। ਇਹ ਪਿੰਡ ਨੂੰ ਰੱਬ ਦੀ ਬਖਸ਼ਿਸ਼ ਹੈ।

ਚਲੋ, ਫਿਰ ਮੈਚਾਂ ਵਲ ਚੱਲੀਏ। 2008 ਕੈਨੇਡਾ ਵਲੋਂ ਚੀਨ ਉਲੰਪਿਕ ਜਾਣ ਵਾਲਾ ਵੇਟ ਲਿਫਟਰ ਜਸਵੀਰ ਸਿੰਘ ਕਰਨਾਣਾ ਅਤੇ 96 'ਚ ਐਟਲਾਂਟਾ ਅਮਰੀਕਾ ਉਲੰਪਿਕ ਵਿਚ ਭਾਗ ਲੈਣ ਵਾਲੇ ਵੇਟ ਲਿਫਟਰ ਸੰਦੀਪ ਕੁਮਾਰ ਬੜਾ ਪਿੰਡ ਨੇ ਪਹੁੰਚ ਕੇ ਖੇਡ ਮੇਲੇ ਦੀ ਰੌਣਕ ਨੂੰ ਵਧਾਇਆ। ਪ੍ਰਿੰ. ਸਰਵਣ ਸਿੰਘ ਤੇ ਪ੍ਰੋ. ਮੱਖਣ ਸਿੰਘ ਹਕੀਮਪੁਰ ਨੇ ਵੀ ਹਾਜ਼ਰੀ ਦੇ ਕੇ ਪਿੰਡ ਜੱਬੋਵਾਲ ਨੂੰ ਮਾਣ ਬਖਸ਼ਿਆ। ਮਨਜੀਤ ਕੰਗ ਨੇ ਵੀ ਕਮੈਂਟਰੀ ਨਾਲ ਰੰਗ ਬੰਨ੍ਹਿਆ। ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੇ ਵੇਟ ਲਿਫਟਰਾਂ ਨੇ ਆਪਣੇ ਜੌਹਰ ਵਿਖਾ ਕੇ ਸਭ ਨੂੰ ਖੁਸ਼ ਕੀਤਾ। ਇਸ ਕਲੱਬ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਬਲਦੇਵ ਮਾਨ ਨਿਊਯਾਰਕ ਵਾਲੇ ਨੂੰ ਜਾਂਦਾ ਹੈ, ਜਿਹੜਾ ਹਰ ਵੇਲੇ ਇਨ੍ਹਾਂ ਖਿਡਾਰੀਆਂ ਨੂੰ ਹਰ ਚੀਜ ਉਪਲਬਧ ਕਰਦਾ ਹੈ। ਇਕ ਅਪਾਹਜ ਨੌਜਵਾਨ ਨੇ ਬੁਲੇਟ ਮੋਟਰ ਸਾਈਕਲ ਤਿੰਨ ਬੰਦੇ ਬਹਾ ਕੇ ਦੰਦਾਂ ਨਾਲ ਖਿਚਿਆ। ਇਕ ਹੋਰ ਗੱਭਰੂ ਨੇ ਦੰਦਾਂ ਨਾਲ ਸਾਈਕਲ ਚੁੱਕਿਆ ਤੇ ਇਕ ਨੇ ਧੌਣ ਨਾਲ ਭਾਰ ਬੰਨ੍ਹ ਕੇ ਚੁੱਕਿਆ। ਇਕ ਨੌਜਵਾਨ ਲੜਕੀ ਨੇ ਆਪਣੇ ਅਪਾਹਜ ਪਿਤਾ ਅਤੇ ਘਰਦਿਆਂ ਦੀ ਆਰਥਿਕ ਹਾਲਤ ਸੁਧਾਰਨ ਲਈ ਦੌੜ ਲਾ ਕੇ ਗਰਾਊਂਡ ਦੇ ਕਈ ਚੱਕਰ ਕੱਢੇ। ਗੱਲ ਕੀ ਖੇਡ ਮੈਦਾਨ ਵਿਚ ਸਾਰੇ ਤਰ੍ਹਾਂ ਦੇ ਜਲਵੇ ਵਿਖਾ ਕੇ ਸਭ ਨੂੰ ਖੁਸ਼ ਕੀਤਾ। ਰੈਫਰੀ ਦੀ ਸੇਵਾ ਜਸਵੰਤ ਜੱਸੀ, ਰਿੰਕੂ, ਸੁੱਚਾ ਸਿੰਘ ਤੇ ਸਾਥੀਆਂ ਵਲੋਂ ਵਧੀਆ ਤਰੀਕੇ ਨਾਲ ਨਿਭਾਈ ਜਾ ਰਹੀ ਸੀ। ਕੁਮੈਂਟਰੀ ਦੀ ਸਿੱਖਿਆ ਲੈਂਦਾ ਹੋਇਆ ਰਿੰਕੂ ਵੀ ਹਾਜ਼ਰੀ ਲੁਆ ਰਿਹਾ ਸੀ।

ਪ੍ਰਿੰਸੀਪਲ ਤੋਂ ਡਿਪਟੀ ਡੀ.ਓ. ਰਿਟਾਇਰ ਸਰਬਣ ਸਿੰਘ ਜੱਬੋਵਾਲ, ਚਰਨਜੀਤ ਚੋਪੜਾ ਬੈਂਕ ਅਫਸਰ, ਡੀ.ਪੀ.ਈ. ਨਰਿੰਦਰ ਸਿੰਘ ਰੰਧਾਵਾ, ਮੰਗੂਵਾਲ ਕਬੱਡੀ ਕਲੱਬ ਦੇ ਪ੍ਰਧਾਨ ਸ. ਕੇਵਲ ਸਿੰਘ ਖਟਕੜ, ਰਿਟਾਇਰ ਡੀ.ਓ. ਸ. ਸਵਰਨ ਸਿੰਘ ਆਨੰਦਪੁਰ ਸਾਹਿਬ (ਵੱਡੇ ਵੀਰ ਦੇ ਨਿੱਘੇ ਦੋਸਤ) ਕੈਨੇਡਾ ਤੋਂ ਜਗਤਾਰ ਸਿੰਘ ਜੱਬੋਵਾਲ, ਭਾਰਤੀ ਹਾਕੀ ਟੀਮ ਦੇ ਪਲੇਅਰ ਅਤੇ ਕੋਚ ਸਰੋਜ ਬਾਲਾ ਅਤੇ ਉਸਦਾ ਪਤੀ ਪਟਿਆਲਾ ਬਿਜਲੀ ਬੋਰਡ ਦਾ ਸਹਾਇਕ ਕੋਚ ਨਰਿੰਦਰ ਸਿੰਘ ਸਰਹਾਲ ਕਾਜੀਆਂ, ਤੇ ਕਰਨੈਲ ਸਰਪੰਚ, ਸੰਤੋਖ ਸਿੰਘ ਸੋਖਾ ਇੰਦਣਾਂ ਅਤੇ ਮਾਹਿਲ ਸਪੋਰਟਸ ਕਲੱਬ ਮਾਹਿਲ ਗਹਿਲਾਂ ਦੇ ਪ੍ਰਧਾਨ ਦਰਸ਼ਨ ਸਿੰਘ ਮਾਹਿਲ ਕੈਨੇਡਾ ਤੋਂ ਇਸ ਪ੍ਰੋਗਰਾਮ ਦੀ ਸ਼ਾਨ ਬਣੇ ਹੋਏ ਹਨ। ਪ੍ਰਮਾਤਮਾ ਦੀ ਅਪਾਰ ਕ੍ਰਿਪਾ ਨਾਲ ਤਿੰਨੇ ਦਿਨ ਸੁਹਾਵਣੇ ਮੌਸਮ ਵਿਚ ਧੁੱਪ ਨਿਕਲਦੀ ਰਹੀ ਤੇ ਧੁੰਦ ਤੋਂ ਬਚਾਅ ਰਿਹਾ।

ਐਮ.ਐਲ.ਏ. ਸਰਬਣ ਸਿੰਘ ਫਿਲੌਰ ਅਤੇ ਅਕਾਲੀ ਵਿਧਾਇਕ ਨਵਾਂ ਸ਼ਹਿਰ ਜਤਿੰਦਰ ਸਿੰਘ ਕਰੀਹਾ ਨੇ ਇਨਾਮਾਂ ਦੀ ਵੰਡ ਕੀਤੀ। ਹੈਡਮਾਸਟਰ ਗਿਆਨ ਸਿੰਘ ਅਤੇ ਇਕਬਾਲ ਸਿੰਘ ਦੀ ਮਾਤਾ ਠਾਕੁਰ ਕੌਰ ਨੂੰ ਮਾਣ ਸਨਮਾਨ ਬਖਸ਼ ਕੇ ਟਰਾਫੀ ਭੇਟ ਕੀਤੀ ਗਈ। ਪਿੰਡ ਦੇ ਸਾਬਕਾ ਫੁੱਟਬਾਲ ਖਿਡਾਰੀ ਡਾ. ਗੁਰਦੇਵ ਰਾਮ ਨੂੰ ਹੈਡ ਮਾਸਟਰ ਗਿਆਨ ਸਿੰਘ ਦੇ ਨਾਂ ਤੇ ਫੁੱਟਬਾਲ ਟਰਾਫੀ ਦੇ ਕੇ ਮਾਣ ਬਖਸ਼ਿਆ ਗਿਆ। ਇਹ ਟਰਾਫੀ ਹਰ ਸਾਲ ਇਲਾਕੇ ਦੇ ਵਧੀਆ ਫੁੱਟਬਾਲ ਖਿਡਾਰੀ ਨੂੰ ਦਿਤੀ ਜਾਇਆ ਕਰੇਗੀ। ਜੱਬੋਵਾਲ ਦੇ ਸਟੇਡੀਅਮ ਵਾਸਤੇ ਦੋਨਾਂ ਵਿਧਾਇਕਾਂ ਵਲੋਂ ਢਾਈ ਢਾਈ ਲੱਖ ਦਾ ਐਲਾਨ ਕੀਤਾ ਗਿਆ। ਪਿੰਡ ਦੇ ਸਾਬਕਾ ਸਰਪੰਚ ਹੁਸਨ ਲਾਲ ਕਾਲਾ ਨੇ ਸਟੇਡੀਅਮ ਵਾਸਤੇ ਇਕ ਲੱਖ ਰੁਪਿਆ ਅਤੇ ਇਕ ਲੱਖ ਹੀ ਜੋਗਿੰਦਰ ਸਿੰਘ ਨਿਊਜਰਸੀ ਨੇ ਸਟੇਡੀਅਮ ਵਾਸਤੇ ਦੇਣ ਦਾ ਐਲਾਨ ਕੀਤਾ। ਜੋਗਿੰਦਰ ਸਿੰਘ ਵਲੋਂ ਤਿੰਨੇ ਦਿਨ ਲੰਗਰ ਦੀ ਸੇਵਾ ਚਲਦੀ ਰਹੀ।

ਇਲਾਕੇ 'ਚੋਂ ਵੱਖਰੀ ਪਹਿਚਾਣ ਬਣਾ ਚੁੱਕੇ ਇਸ ਖੇਡ ਮੇਲੇ ਦੇ ਆਖਰ ਵਿਚ ਸਰਬਣ ਸਿੰਘ ਫਿਲੌਰ ਨੇ ਕਿਹਾ ਕਿ ਜੱਬੋਵਾਲ ਭਾਗਾਂ ਵਾਲਾ ਨਗਰ ਹੈ ਜਿਥੇ ਹੈਡ ਮਾਸਟਰ ਗਿਆਨ ਸਿੰਘ ਵਰਗੇ ਨੇਕ ਇਨਸਾਨ ਨੇ ਜਨਮ ਲਿਆ। ਉਸਨੂੰ ਮਰਹੂਮ ਨਹੀਂ ਕਹਿਣਾ ਕਿਉਂਕਿ ਉਹ ਹਮੇਸ਼ਾ ਸਾਡੇ ਦਿਲਾਂ 'ਚ ਵਸਦਾ ਹੈ ਜਿਸਦੀ ਯਾਦ ਵਿਚ ਇਹ ਖੇਡ ਮੇਲਾ ਲੱਗਾ ਹੈ। ਗਿਆਨ ਸਿੰਘ ਨਾਲ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਫਿਲੌਰ ਸਾਹਿਬ ਨੇ ਮੇਲਾ ਖਤਮ ਕੀਤਾ ਇਸ ਮੇਲੇ ਦੀਆਂ ਸਿਫਤਾਂ ਕਰਦੇ ਲੋਕੀ ਘਰਾਂ ਨੂੰ ਤੁਰ ਪਏ।

*ਫੋਨ:917-375-6395

## ਕਾਵਿ-ਮੰਚ

### ਤੇਰੀ ਯਾਦ ਆਈ

ਯਾਦ ਤੇਰੀ ਫਿਰ
ਮੈਨੂੰ ਕੱਲ੍ਹ ਰਾਤ ਆਈ।
ਕੀਤੀ ਮੁਲਾਕਾਤ ਪਹਿਲੀ,
ਉਹ ਯਾਦ ਆਈ।
ਬਾਰੀ ਖੋਲ੍ਹ ਦੇਖਿਆ,
ਲੱਗਿਆ ਬਰਸਾਤ ਆਈ,
ਪੌਣਾਂ ਦੀ ਸੁਗੰਧ ਵਿਚੋਂ,
ਤੇਰੀ ਫਿਰ ਬਾਤ ਆਈ।
ਮਹਿਕ ਹਵਾ ਦੀ 'ਚੋਂ,
ਤੇਰੇ ਸਾਹ ਦੀ ਖੁਸ਼ਬੂ ਜਾਪੇ,
ਸੱਤ ਸਮੁੰਦਰੋਂ ਪਾਰ,
ਦੂਰੀਆਂ ਕਿਵੇਂ ਪਾ ਮਾਤ ਆਈ।
ਤੇਰੀ ਇਕ ਅਣਹੋਂਦ ਬਿਨ,
ਜੱਗ ਸੁੰਨਾ ਸੁੰਨਾ ਲੱਗੇ,
ਦਿਲ ਨੂੰ ਹੌਸਲਾ ਹੋਇਆ,
ਸ਼ਾਇਦ ਤੂੰ ਕਰਨ ਮੁਲਾਕਾਤ ਆਈ।

***-ਸਤਿੰਦਰ ਸੁਸਾਣਾ, ਸ਼ਿਕਾਗੋ।***

---

### ਇਹ ਜੀਵਨ ਚਾਰ ਦਿਨ ਹੀ ਹੈ

ਇਹ ਸੱਚ ਹੈ ਕਿ ਚਲੇ ਜਾਣਾ ਹੈ
ਸਭ ਨੇ ਇਸ ਜਹਾਨ ਵਿਚੋਂ।
ਮਗਰ ਜਾਵੋ ਜਦੋਂ ਯਾਰੋ!
ਕੋਈ ਇਤਿਹਾਸ ਰਚ ਜਾਵੋ।

ਸਫਰ ਜੀਵਨ ਦਾ ਲੰਮਾ ਨਹੀਂ,
ਇਹ ਜੀਵਨ ਚਾਰ ਦਿਨ ਹੀ ਹੈ
ਕਿ ਫੁੱਲ ਵਰਗੀ ਸੋਹਣੀ ਜਿਹੀ,
ਖੁਸ਼ਬੋ ਛੱਡ ਜਾਵੋ।

ਹਨੇਰਾ ਦੂਰ ਹੋ ਜਾਵੇ,
ਅਜਿਹਾ ਨੂਰ ਛੱਡ ਜਾਵੋ।
ਸਮੇਂ ਦੇ ਨਾਲ ਜੋ ਗੂੰਜੇ,
ਪਿਆਰ ਦਾ ਗੀਤ ਗਾ ਜਾਵੋ।

ਜੋ ਠੰਡੀ ਪੌਣ ਜਿਉਂ ਰੁਮਕੇ,
ਦਿਲਾਂ ਨੂੰ ਠੰਡ ਵਰਤਾਵੇ।
ਮਧੁਰ ਸੰਗੀਤ ਛੱਡ ਜਾਵੋ।

ਦਿਲਾਂ ਵਿਚ ਪ੍ਰੀਤ ਬਣ ਉਮਡੋ,
ਮੁਹੱਬਤ ਨੈਣਾਂ 'ਚੋਂ ਛਲਕੇ,
ਲਬਾਂ 'ਚੋਂ ਪਿਆਰ ਬਣ ਨਿਕਲੋ।

ਕਲਾਵੇ ਵਿਚ ਲਵੋ ਦੁਨੀਆਂ,
ਕੋਈ ਇਤਿਹਾਸ ਰਚ ਜਾਵੋ।
ਇਹ ਜੀਵਨ ਚਾਰ ਦਿਨ ਹੀ ਹੈ।

***-ਗੁਰਦਰਸ਼ਨ ਬੱਲ***
***ਬਰਲਿੰਗਟਨ, ਨਿਊ ਜਰਸੀ***
***ਫੋਨ:609-239-2521***

# ਨਹੀਂ ਰੀਸ ਮੰਗੀ, ਦੁੱਲੇ, ਗੁਲਜ਼ਾਰੀ ਤੇ ਸੁੱਖੀ ਦੀ

**ਰਣਜੀਤ ਸਿੰਘ ਪ੍ਰੀਤ**





ਪਲੇਠੇ ਕਬੱਡੀ ਵਿਸ਼ਵ ਕੱਪ ਵਿਚ 10 ਟੀਮਾਂ ਨੇ ਸ਼ਾਮਲ ਹੋਣਾ ਸੀ, ਪਰ ਨਾਰਵੇ ਦੀ ਟੀਮ ਨਹੀਂ ਪਹੁੰਚੀ। ਇਸ ਸ਼ਾਨਦਾਰ ਕਬੱਡੀ ਕੱਪ ਦਾ ਆਗਾਜ਼ ਪੰਜਾਬ ਦੇ ਰਿਆਸਤੀ ਸ਼ਹਿਰ ਪਟਿਆਲਾ ਤੋਂ ਫਲੱਡ ਲਾਈਟਾਂ ਵਿਚ 3 ਅਪਰੈਲ ਨੂੰ ਹੋਇਆ, ਜੋ 12 ਅਪਰੈਲ ਨੂੰ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਸ਼ਾਨੋ-ਸ਼ੌਕਤ ਨਾਲ ਖਤਮ ਹੋਇਆ। ਇਸ ਤੋਂ ਇਲਾਵਾ ਸੰਗਰੂਰ, ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ, ਅਮ੍ਰਿਤਸਰ, ਬਠਿੰਡਾ ਵਿਚ ਵੀ ਮੈਚ ਹੋਵੇ। ਤਵੱਕੋ ਅਨੁਸਾਰ ਫਾਈਨਲ ਭੇੜ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਚ ਦਰਸ਼ਕਾਂ ਦੇ ਭਰੇ ਲਲਕਾਰਿਆਂ ਦੌਰਾਨ ਪਾਕਿਸਤਾਨ ਅਤੇ ਭਾਰਤ ਦਰਮਿਆਨ ਹੋਇਆ, ਜਿਸਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹਰਿਆਣਾ ਤੋਂ ਪਹੁੰਚੇ ਅਭੈ ਚੌਟਾਲਾ, ਸੁਖਬੀਰ ਸਿੰਘ ਬਾਦਲ ਅਤੇ ਹੋਰ ਸੈਂਕੜੇ ਉਚ ਅਧਿਕਾਰੀਆਂ ਨੇ ਮਾਣਿਆ।

ਭਾਰਤ ਨੇ ਆਪਣੀ ਰਵਾਇਤੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਇਹ ਪਹਿਲਾ ਵਿਸ਼ਵ ਕੱਪ 58-24 ਦੇ ਅੰਤਰ ਨਾਲ ਜਿੱਤ ਲਿਆ। ਤੀਜਾ ਸਥਾਨ ਇਟਲੀ ਨੂੰ ਹਰਾ ਕੇ ਕੈਨੇਡਾ ਦੇ ਹੱਥ ਰਿਹਾ। ਜੇਤੂ ਟੀਮ ਨੂੰ ਪੰਜਾਬ ਦੇ ਮੁੱਖ ਮੰਤਰੀ ਨੇ ਇਕ ਕਰੋੜ ਦੀ ਰਾਸ਼ੀ ਤੋਂ ਇਲਾਵਾ ਗੋਲਡ ਕੱਪ ਵੀ ਦਿੱਤਾ। ਪਾਕਿਸਤਾਨ ਨੂੰ 51 ਲੱਖ ਦੇ ਨਾਲ ਚਾਂਦੀ ਦਾ ਕੱਪ ਵੀ ਮਿਲਿਆ ਤੇ ਕੈਨੇਡਾ ਨੂੰ ਕਾਂਸੀ ਦਾ ਤਮਗਾ ਅਤੇ 25 ਲੱਖ ਰਾਸ਼ੀ ਮਿਲੀ। ਭਾਰਤ ਦੇ ਮੰਗਤ ਸਿੰਘ ਮੰਗਾ ਨੂੰ ਅਤੇ ਕੈਨੇਡਾ ਦੇ ਕੁਲਜੀਤ ਮਲਸੀਹਾਂ ਨੂੰ ਟਰੈਕਟਰ ਦੀਆਂ ਚਾਬੀਆਂ ਮਿਲੀਆਂ। ਮੁੱਖ ਮੰਤਰੀ ਨੇ ਸਾਰੇ ਕਬੱਡੀ ਖਿਡਾਰੀਆਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ।

ਇਸ ਵਿਸ਼ਵ ਕੱਪ ਵਿਚ ਜ਼ਿਆਦਾਤਰ ਭਾਰਤੀ ਮੂਲ ਦੇ ਖਿਡਾਰੀ ਹੋਣ ਕਰਕੇ ਇਸਨੂੰ





ਕੌਮਾਂਤਰੀ ਕਬੱਡੀ ਵਿਸ਼ਵ ਕੱਪ ਕਹਿਣ ਦੀ ਬਜਾਏ ਪੰਜਾਬੀ ਵਿਸ਼ਵ ਕਬੱਡੀ ਕੱਪ ਵੀ ਕਹਿਣਾ ਕੁਥਾਂ ਨਹੀਂ ਹੋਵੇਗਾ। ਵੈਸੇ ਕੌਮਾਂਤਰੀ ਕਬੱਡੀ ਜਥੇਬੰਦੀ ਨੇ ਇਸਨੂੰ ਵਿਸ਼ਵ ਕੱਪ ਦਾ ਦਰਜਾ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਦੇ ਯਤਨਾਂ ਨਾਲ ਸ਼ੁਰੂ ਹੋਏ ਇਸ ਵਿਸ਼ਵ ਕੱਪ ਲਈ ਜੇਤੂ ਟੀਮ ਨੂੰ ਇਕ ਕਰੋੜ, ਉਪ-ਜੇਤੂ ਨੂੰ 51 ਲੱਖ ਤੀਜੇ ਨੰਬਰ ਵਾਲੀ ਟੀਮ ਨੂੰ 25 ਲੱਖ ਅਤੇ ਚੌਥੇ ਸਥਾਨ ਲਈ 10 ਲੱਖ ਇਨਾਮ ਰੱਖਿਆ ਗਿਆ ਸੀ। ਹਿੱਸਾ ਲੈਣ ਵਾਲੀ ਹਰੇਕ ਟੀਮ ਲਈ 5-5 ਲੱਖ ਦਿੱਤੇ ਗਏ। ਵਧੀਆ ਜਾਫ਼ੀਆਂ ਅਤੇ ਵਧੀਆ ਧਾਵੀਆਂ ਲਈ ਟਰੈਕਟਰ-ਮੋਟਰ ਸਾਈਕਲ ਵੀ ਇਨਾਮ ਵਿਚ ਦਿੱਤੇ ਗਏ। ਇਨ੍ਹਾਂ ਮੈਚਾਂ ਦੌਰਾਨ ਇਹ ਵੀ ਵੇਖਣ ਨੂੰ ਮਿਲਿਆ ਕਿ ਦਰਸ਼ਕਾਂ ਨੇ ਆਈ ਪੀ ਐਲ ਨੂੰ ਵੀ ਦਰ-ਕਿਨਾਰ ਕਰ ਦਿੱਤਾ। ਭਾਵੇਂ ਬਹੁਤੇ ਟੀ ਵੀ ਚੈਨਲਾਂ ਨੇ ਕਬੱਡੀ ਨਾਲ ਸਬੰਧਤ ਮੈਚਾਂ ਜਾਂ ਜ਼ਖਮੀ ਖਿਡਾਰੀਆਂ ਬਾਰੇ ਚੁੱਪ ਵੀ ਸਾਧੀ ਰੱਖੀ। ਪਰ ਕਬੱਡੀ ਦਾ ਜਾਦੂ ਪੰਜਾਬੀਆਂ ਦੇ ਸਿਰ ਚੜ੍ਹ ਬੋਲਿਆ। ਵਿਸ਼ੇਸ਼ ਗੱਲ ਇਹ ਵੀ ਰਹੀ ਕਿ ਇਹ ਵਿਸ਼ਵ ਕੱਪ ਨਸ਼ਾ ਰਹਿਤ ਰਿਹਾ। ਇਸ ਤੋਂ ਪਹਿਲਾਂ ਵਿਦੇਸ਼ਾਂ ਵਿਚ ਹੁੰਦੇ ਵਿਸ਼ਵ ਕਬੱਡੀ ਮੁਕਾਬਲਿਆਂ ਉੱਤੇ ਉਂਗਲੀ ਉਠਦੀ ਰਹੀ ਹੈ। ਏਨੇ ਵੱਡੇ ਇਨਾਮ ਕਰੀਬ ਸਵਾ ਦੋ ਕਰੋੜ ਰੁਪਏ ਵੀ ਪਹਿਲੀ ਵਾਰੀ ਦਿੱਤੇ ਗਏ ਹਨ। ਜਿਸ ਕਬੱਡੀ ਨੂੰ ਏਸ਼ਿਆਈ ਖੇਡਾਂ ਵਿਚ ਦਾਖਲਾ ਦਿੱਤਾ ਗਿਆ ਹੈ ਉਹ ਕਬੱਡੀ ਮਹਾਰਾਸ਼ਟਰ ਦੀ ਖੇਡ ਕਬੱਡੀ ਹੈ। ਪਰ ਸਰਕਲ ਕਬੱਡੀ ਜੋ ਪੰਜਾਬੀਆਂ ਦੀ ਮਾਂ-ਖੇਡ ਹੈ, ਨੂੰ ਅਸਲੋਂ ਹੀ ਵਿਸਾਰਿਆ ਹੋਇਆ ਹੈ। ਏਸੇ ਕਰਕੇ ਇਸ ਖੇਡ ਨੂੰ ਉਲਿੰਪਕ ਖੇਡਾਂ ਵਿਚ ਸ਼ਾਮਲ ਕਰਵਾਉਣ ਦੀ ਸਮੱਸਿਆ ਦਰਪੇਸ਼ ਹੈ। ਹੋਰ ਤਾਂ ਹੋਰ ਅਜੇ ਤੱਕ ਇਹ ਖੇਡ ਏਸ਼ਿਆਈ ਖੇਡਾਂ ਦਾ ਹਿੱਸਾ ਵੀ ਨਹੀਂ ਬਣ ਸਕੀ। ਕੋਈ ਸਹੀ ਨਿਯਮ ਢਾਂਚਾ ਵੀ ਅਜੇ ਲਾਗੂ ਨਹੀਂ ਕੀਤਾ ਗਿਆ, 30 ਸੈਕਿੰਡ ਕਬੱਡੀ ਵਾਲੀ ਗੱਲ ਉਤੇ ਵੀ ਖੇਡ ਮੰਤਰੀ ਸ੍ਰੀ ਮਨੋਹਰ ਸਿੰਘ ਗਿੱਲ ਨੇ ਟਿੱਪਣੀ ਕੀਤੀ ਹੈ। ਕਈ ਵਾਰ ਖੇਡ ਮੈਦਾਨ ਦੀ ਪੈਮਾਇਸ਼ ਵੀ ਸਥਾਨ ਦੀ ਵਾਧ-ਘਾਟ ਵੇਖ ਕੇ ਕਰ ਲਈ ਜਾਂਦੀ ਹੈ ਪਰ ਇਸ ਵਿਸ਼ਵ ਕੱਪ ਸਮੇਂ ਜਿਨ੍ਹਾਂ 8 ਸਟੇਡੀਅਮਾਂ ਵਿਚ ਮੈਚ ਖੇਡੇ ਗਏ, ਉਥੇ ਅਜਿਹਾ ਨਹੀਂ ਹੋਣ ਦਿੱਤਾ ਗਿਆ।

ਵਿਸ਼ਵ ਕਬੱਡੀ ਕੱਪ ਮੁਕਾਬਲੇ ਲਈ ਪੰਜਾਬ ਦੀਆਂ ਤਿੰਨੋਂ ਕਬੱਡੀ ਜਥੇਬੰਦੀਆਂ ਪੰਜਾਬ ਕਬੱਡੀ ਐਸੋਸੀਏਸ਼ਨ, ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਅਤੇ ਪੰਜਾਬ ਕਬੱਡੀ ਅਕੈਡਮੀ ਨੇ ਪੂਰੇ ਤਾਲ-ਮੇਲ ਨਾਲ ਇਹ ਮੁਕਾਬਲਾ ਨੇਪਰੇ ਚਾੜ੍ਹਿਆ। ਭਾਵੇਂ ਭਾਰਤੀ ਕਬੱਡੀ ਟੀਮ ਦੀ ਚੋਣ ਮੁਕਾਬਲੇ ਤੋਂ ਸਿਰਫ 36 ਘੰਟੇ ਪਹਿਲਾਂ ਹੀ ਕੀਤੀ ਜਾ ਸਕੀ। ਖਿਡਾਰੀਆਂ ਦਾ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਵਲੋਂ ਡੋਪ ਟੈਸਟ ਵੀ ਕੀਤਾ ਗਿਆ। ਕਈ ਖਿਡਾਰੀ ਦੋਸ਼ੀ ਵੀ ਪਾਏ ਗਏ। ਦੋਸ਼ੀਆਂ ਉਤੇ ਦੋ ਸਾਲ ਲਈ ਪਾਬੰਦੀ ਲਾਉਣ ਅਤੇ ਦੁਬਾਰਾ ਦੋਸ਼ੀ ਪਾਏ ਜਾਣ ਉਤੇ ਉਮਰ ਭਰ ਲਈ ਪਾਬੰਦੀ ਦੀ ਗੱਲ ਵੀ ਆਖੀ ਗਈ ਹੈ। ਇਸਤੋਂ ਇਲਾਵਾ ਮੈਚ ਦੌਰਾਨ ਵੀ ਖਿਡਾਰੀਆਂ ਦਾ ਡੋਪ ਟੈਸਟ ਕੀਤਾ ਗਿਆ। ਉਦਘਾਟਨ ਅਤੇ ਸਮਾਪਤੀ ਸਮਾਰੋਹ ਮੌਕੇ 10 ਰਾਜਾਂ ਦੇ ਸਭਿਆਚਾਰਕ ਗਰੁਪਾਂ, ਚੋਟੀ ਦੇ ਪੰਜਾਬੀ ਗਾਇਕਾਂ, ਨਾਮੀ ਕੋਰੀਓਗ੍ਰਾਫਰਾਂ ਨੇ ਰੰਗ ਬੰਨਿਆ। ਪ੍ਰਬੰਧਕਾਂ ਨੇ ਇਸ ਗੱਲ ਨੂੰ ਵਾਰ-ਵਾਰ ਦੁਹਰਾਇਆ ਕਿ ਇਸ ਮੁਕਾਬਲੇ ਦਾ ਮੰਤਵ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਲਿਜਾਣਾ ਅਤੇ ਮਾਂ-ਖੇਡ ਕਬੱਡੀ ਨਾਲ ਜੋੜਨਾ ਹੈ।

ਪੰਜਾਬ ਦੀ ਇਸ ਹਰਮਨ ਪਿਆਰੀ ਖੇਡ ਵਿਚ 9 ਮੁਲਕਾਂ ਇੰਗਲੈਂਡ, ਕੈਨੇਡਾ, ਪਾਕਿਸਤਾਨ, ਅਮਰੀਕਾ, ਇਰਾਨ, ਆਸਟਰੇਲੀਆ, ਇਟਲੀ, ਸਪੇਨ ਅਤੇ ਮੇਜ਼ਬਾਨ ਮੁਲਕ ਭਾਰਤ ਦੀਆਂ ਟੀਮਾਂ ਨੇ ਹਿੱਸਾ ਲਿਆ। ਮੰਗਤ ਸਿੰਘ ਦੀ ਕਪਤਾਨੀ ਅਤੇ ਹਰਵਿੰਦਰ ਸਿੰਘ ਦੀ ਉਪ-ਕਪਤਾਨੀ ਅਧੀਨ ਚੁਣੀ ਗਈ ਭਾਰਤੀ ਟੀਮ ਵਿਚ 7 ਧਾਵੀ ਅਤੇ 7 ਜਾਫ਼ੀ ਸ਼ਾਮਲ ਕੀਤੇ ਗਏ। ਪੂਲ ਏ ਵਿਚ 5 ਟੀਮਾਂ ਅਮਰੀਕਾ, ਆਸਟਰੇਲੀਆ, ਇਟਲੀ, ਭਾਰਤ, ਇਰਾਨ ਅਤੇ ਪੂਲ ਬੀ ਵਿਚ ਪਾਕਿਸਤਾਨ, ਕੈਨੇਡਾ, ਸਪੇਨ, ਇੰਗਲੈਂਡ ਦੀਆਂ ਟੀਮਾਂ ਸ਼ਾਮਲ ਹੋਈਆਂ। ਇਨ੍ਹਾਂ ਵਿਚੋਂ ਭਾਰਤ ਅਤੇ ਇਟਲੀ ਪਹਿਲੇ ਅਤੇ ਦੂਜੇ ਪੂਲ ਵਿਚੋਂ ਪਾਕਿਸਤਾਨ, ਕੈਨੇਡਾ ਸੈਮੀਫਾਈਨਲ ਵਿਚ ਪਹੁੰਚੀਆਂ। ਖੇਡੇ ਗਏ ਕੁੱਲ 20 ਮੈਚਾਂ ਵਿਚੋਂ, 16 ਲੀਗ ਮੈਚ, 2 ਸੈਮੀਫਾਈਨਲ, ਤੀਜੇ ਚੌਥੇ ਸਥਾਨ ਵਾਲੇ ਮੈਚ ਤੋਂ ਇਲਾਵਾ, ਫਾਈਨਲ ਮੈਚ ਖੇਡਿਆ ਗਿਆ।

ਪਹਿਲਾ ਮੈਚ 62-25 ਨਾਲ ਭਾਰਤ ਨੇ ਅਮਰੀਕਾ ਨੂੰ ਹਰਾ ਕੇ ਜਿੱਤਿਆ, ਇਟਲੀ ਨੇ ਇਰਾਨ ਨੂੰ 63-24 ਨਾਲ, ਪਾਕਿਸਤਾਨ ਨੇ ਕੈਨੇਡਾ ਨੂੰ 47-38 ਨਾਲ ਇੰਗਲੈਂਡ ਨੇ ਸਪੇਨ ਨੂੰ 47-28 ਨਾਲ, ਕੈਨੇਡਾ ਨੇ ਸਪੇਨ ਨੂੰ 66-28 ਨਾਲ ਮਾਤ ਦਿੱਤੀ। ਜੇਤੂ ਟੀਮ ਦੇ ਧਾਵੀ ਟੈਰੀ ਪੁਰੇਵਾਲ ਨੇ 15 ਅਤੇ ਜਾਫ਼ੀ ਸੰਦੀਪ ਗੁਰਦਾਸਪੁਰ ਨੇ 5 ਜੱਫੇ ਲਾਏ। ਸਪੇਨ ਵਲੋਂ ਧਾਵੀ ਪਿੰਦੂ ਸੁਰਖਪੁਰੀਆ, ਜਾਫ਼ੀ ਮਾਣਾ ਵਡਾਲਾ ਫਾਟਕ ਛਾਏ। ਅਮਰੀਕਾ ਨੇ ਆਸਟਰੇਲੀਆ ਨੂੰ ਫਸਵੇਂ ਮੈਚ ਵਿਚ 47-43 ਨਾਲ ਮਾਤ ਦਿੱਤੀ, ਅਮਰੀਕਾ ਵਲੋਂ ਜੋਨੀ ਅਤੇ ਮੀਕ ਨੇ ਤੇ ਆਸਟਰੇਲੀਆ ਵਲੋਂ ਰਾਜੀਵ ਪੰਡਿਤ ਨੇ ਦਰਸ਼ਕ ਕੀਲੇ। ਅਮਰੀਕਾ ਨੂੰ ਤੀਰਥ ਗਾਖਲ ਦੀ ਘਾਟ ਰੜਕੀ, ਜੋਨੀ ਨੇ 14 ਧਾਵੇ ਬੋਲੇ, ਮੀਕ ਸਿਆਟਲ ਨੇ 6 ਜੱਫੇ ਲਾਏ, ਆਸਟਰੇਲੀਆ ਦੇ ਧਾਵੀ ਭੂਰੇ ਨੇ 11 ਅੰਕ ਲਏ, ਹਰਿੰਦਰ ਸੇਠੀ ਨੇ 2 ਜੱਫੇ ਲਾਏ।

ਅਮਰੀਕਾ ਨੇ ਇਰਾਨ ਨੂੰ 62-24 ਨਾਲ ਹਰਾਇਆ। ਅਮਰੀਕਾ ਦੇ ਬਲਜੀਤ ਸਿੰਘ ਨੇ 11 ਰੇਡਾਂ ਵਿਚ 11 ਅੰਕ ਲਏ। ਮੀਕ ਸਿਆਟਲ ਨੇ 6 ਜੱਫੇ ਲਾਏ, ਪਾਕਿਸਤਾਨ ਨੇ ਸਪੇਨ ਨੂੰ 61-32 ਨਾਲ ਮਾਤ ਦਿੱਤੀ, ਪਾਕਿ ਦੇ ਰੇਡਰ ਯੂਸਫ ਚੀਮਾ ਨੇ 14 ਰੇਡਾਂ ਪਾ ਕੇ 13 ਅੰਕ ਲਏ, ਪਾਕਿ ਦੇ ਖਲੀਲ ਅਹਿਮਦ ਨੇ 6/8 ਜੱਫੇ ਲਾਏ। ਭਾਰਤ ਨੇ ਆਸਟਰੇਲੀਆ ਨੂੰ 58-29 ਨਾਲ ਹਰਾਇਆ। ਇੱਕ ਸਮੇਂ ਇਹ ਮੈਚ 11-11 ਨਾਲ ਬਰਾਬਰ ਸੀ, ਭਾਰਤ ਦੇ ਸੰਦੀਪ ਸੁਰਖਪੁਰ ਨੇ 9 ਰੇਡਾਂ ਤੋਂ 9 ਅੰਕ ਲਏ, ਭਾਰਤੀ ਬਿੱਟੂ ਧੁਗਾਲ ਨੇ 5/7 ਜੱਫੇ ਲਾਏ। ਇਟਲੀ ਨੇ ਆਸਟਰੇਲੀਆ ਨੂੰ ਫਸਵੇਂ ਮੈਚ ਵਿਚ 47-43 ਨਾਲ ਹਰਾਇਆ, ਇਟਲੀ ਦੇ ਧਾਵੀ ਚੰਨਾ ਖੀਰਾਂਵਾਲੀ 14/16 ਅੰਕ ਅਤੇ ਜਾਫੀ ਹਰਜਿੰਦਰ ਸਿੰਘ ਵਧੀਆ ਰਹੇ।

ਇਟਲੀ ਸੈਮੀਫਾਈਨਲ ਵਿਚ ਪਾਕਿਸਤਾਨ ਨਾਲ ਖੇਡਣ ਲਈ ਪਹੁੰਚਿਆ। ਭਾਰਤ ਨੇ ਇਰਾਨ ਨੂੰ 62-28 ਨਾਲ ਪਟਣੀਓਂ ਲਾਹਿਆ। ਸੁਖਬੀਰ ਨੇ 14/14 ਅੰਕ, ਜਾਫੀ ਹਰਦੀਪ ਨੇ 5/5 ਅੰਕ ਲਏ। ਭਾਰਤੀ ਟੀਮ 4 ਦੇ 4 ਮੈਚ ਜਿੱਤ ਕੇ ਸੈਮੀਫਾਈਨਲ ਵਿਚ ਕੈਨੇਡਾ ਨਾਲ ਖੇਡਣ ਲਈ ਪਹੁੰਚੀ। ਕੈਨੇਡਾ ਨੇ ਇੰਗਲੈਂਡ ਨੂੰ 49-29 ਨਾਲ ਮਾਤ ਦਿੱਤੀ, ਗੁਲਜੀਤ ਅਤੇ ਸੰਦੀਪ 7/7 ਅੰਕ ਲੈਣ ਵਿਚ ਸਫਲ ਰਹੇ। ਆਸਟਰੇਲੀਆ ਨੇ ਇਰਾਨ ਨੂੰ 57-26 ਨਾਲ, ਟੂਰਨਾਮੈਂਟ ਦੇ ਸਭ ਤੋਂ ਰੌਚਕ ਮੈਚ ਵਿਚ ਇਟਲੀ ਨੇ ਅਮਰੀਕਾ ਨੂੰ 45-43 ਨਾਲ ਅਤੇ ਪਾਕਿਸਤਾਨ ਨੇ ਇੰਗਲੈਂਡ ਨੂੰ 50-23 ਨਾਲ ਹਰਾਇਆ।

ਬਠਿੰਡਾ ਦੇ ਖੇਡ ਸਟੇਡੀਅਮ ਵਿਚ ਪਹਿਲਾ ਸੈਮੀਫਾਈਨਲ ਪਾਕਿਸਤਾਨ ਨੇ ਇਟਲੀ ਨੂੰ 57-33 ਨਾਲ ਹਰਾ ਕੇ ਜਿੱਤਿਆ ਅਤੇ ਪਹਿਲੇ ਵਿਸ਼ਵ ਕੱਪ ਦੇ ਪਹਿਲੇ ਸੈਮੀਫਾਈਨਲ ਦਾ ਪਹਿਲਾ ਅੰਕ ਪਾਕਿਸਤਾਨ ਦੇ ਕਪਤਾਨ ਨੇ ਲਿਆ। ਪਾਕਿਸਤਾਨ ਦੇ ਜਾਵੇਦ ਗੁਜਰ, ਯੂਸਫ ਚੀਮਾ ਤੇ ਮੁਸ਼ੱਰਫ ਜੰਜੂਆ ਨੇ 12 ਜੱਫੇ ਲਾ ਕੇ ਵਾਹਵਾ ਖੱਟੀ। ਪਾਕਿਸਤਾਨ ਦੇ ਇਮਤਿਆਜ਼ ਆਲਮ, ਉਪ-ਕਪਤਾਨ ਅਖਤਰ ਪਠਾਨ, ਸ਼ਫਕਤ ਅਲੀ, ਸ਼ਫੀਕ ਅਹਿਮਦ ਨੇ ਵੀ ਦਰਸ਼ਕ ਮੋਹ ਲਏ। ਇਟਲੀ ਦੇ ਚੰਨਾ ਖੀਰਾਂਵਾਲੀ, ਅਮਨਦੀਪ ਅਮਨਾ ਸਮੇਤ ਤਿੰਨ ਖਿਡਾਰੀ ਜ਼ਖਮੀ ਹੋਏ। ਭਾਰਤੀ ਕਪਤਾਨ ਮੰਗਤ ਮੰਗੀ ਬੱਗਾ, ਸ਼ੀਰਾ ਪਿੱਥੋ, ਬਿੱਟੂ ਦੁਰਗਲ ਨੇ ਚੰਗੇ ਜੱਫੇ ਲਏ। ਮੰਗੀ ਦੇ ਚਾਰ ਸਫਲ ਜੱਫਿਆਂ ਨੇ ਮੈਚ ਦਾ ਪਾਸਾ ਬਦਲ ਦਿੱਤਾ। ਭਾਰਤੀ ਖਿਡਾਰੀ ਦੁੱਲਾ ਸੁਰਖਪੁਰੀਆ ਬੇਹੋਸ਼ ਹੋ ਡਿੱਗਾ ਤਾਂ ਸਟੇਡੀਅਮ ਵਿਚ ਸੰਨਾਟਾ ਛਾ ਗਿਆ। ਕੁੱਲ ਮਿਲਾ ਕੇ ਵਿਸ਼ਵ ਕੱਪ ਦਾ ਇਹ ਤਜਰਬਾ ਸਫਲ ਕਿਹਾ ਜਾ ਸਕਦਾ ਹੈ ਪਰ ਟੀਮਾਂ ਦੀ ਗਿਣਤੀ ਵਿਚ ਹੋਰ ਵਾਧਾ ਜ਼ਰੂਰੀ ਹੈ।





ਰੰਗ ਮੇਲੇ ਦੇ (ਤਸਵੀਰਾਂ-ਗੁਰਿੰਦਰ ਸਿੰਘ ਪੀਰਜੈਨ ਅਤੇ ਸਤਵਿੰਦਰ ਬਸਰਾ)

## ਵਿਸ਼ਵ ਕਬੱਡੀ ਦੀ ਸਿਆਸਤ

(ਸਫਾ 27 ਦੀ ਬਾਕੀ)

ਲਈ ਕੀਤਾ ਗਿਆ ਇਕ ਵੱਡਾ ਸੰਮੇਲਨ ਵੀ ਇਸੇ ਕਿਸਮ ਦੀਆਂ ਕੋਸ਼ਿਸ਼ਾਂ ਸਨ ਜਿਨ੍ਹਾਂ ਨੂੰ ਹਾਲੇ ਤੱਕ ਕੋਈ ਫਲ ਨਹੀਂ ਪਿਆ ਹੈ।

ਇੰਜ ਵਿਸ਼ਵ ਕਬੱਡੀ ਕੱਪ ਅਸਲ ਵਿਚ ਅਕਾਲੀ ਦਲ (ਬਾਦਲ) ਦੀ ਪਰਵਾਸੀ ਪੰਜਾਬੀਆਂ ਨਾਲ "ਟੁੱਟੀ ਗੰਢਣ" ਦੀ ਕੋਸ਼ਿਸ਼ ਹੈ ਅਤੇ ਇਸ "ਟੁੱਟੀ ਗੰਢਣ" ਦਾ ਅਸਲ ਮਕਸਦ ਪਰਵਾਸੀ ਫੰਡਾਂ ਦੀ ਝਾਕ ਹੈ। ਇਸ ਮਕਸਦ ਵਿਚ ਸਰਕਾਰ ਸਫਲ ਹੋ ਪਾਉਂਦੀ ਹੈ ਜਾਂ ਨਹੀਂ ਇਹ ਭਵਿੱਖ ਦਾ ਮਾਮਲਾ ਹੈ ਪਰ ਲਗਦਾ ਹੈ ਸਰਕਾਰ ਨੂੰ ਸੀਮਤ ਜਿਹੀ ਸਫਲਤਾ ਹੀ ਪ੍ਰਾਪਤ ਹੋਵੇਗੀ। ਉਂਜ ਸਵਾਲ ਇਹ ਵੀ ਹੈ ਕਿ ਕੀ ਸਰਕਾਰ ਆਉਣ ਵਾਲੇ ਸਾਲਾਂ ਵਿਚ ਇਸ ਕੋਸ਼ਿਸ਼ ਨੂੰ ਜਾਰੀ ਰੱਖ ਸਕੇਗੀ। ਯਾਦ ਰਹੇ ਪਿਛਲੇ ਸਾਲ ਸਰਕਾਰ ਨੇ ਚੰਡੀਗੜ੍ਹ ਵਿਚ ਇਕ ਚਾਰ ਦੇਸ਼ਾਂ ਦਾ ਹਾਕੀ ਟੂਰਨਾਮੈਂਟ ਕਰਵਾਇਆ ਸੀ। ਇਸ ਸਾਲ ਇਹ ਟੂਰਨਾਮੈਂਟ ਪੰਜਾਬ ਸਰਕਾਰ ਨਹੀਂ ਕਰਵਾ ਸਕੀ। ਸਵਾਲ ਹੈ, ਕਬੱਡੀ ਕੱਪ ਨਾਲ ਵੀ ਇਹੋ ਹੋਣੀ ਤਾਂ ਨਹੀਂ ਵਾਪਰੇਗੀ? ਜਿਸ ਸਰਕਾਰ ਦੇ ਬਹੁਤ ਸਾਰੇ ਪ੍ਰਾਜੈਕਟ ਨੀਂਹ ਪੱਥਰਾਂ ਵਿਚ ਹੀ ਰਹਿ ਗਏ ਹਨ, ਉਸ ਤੋਂ ਲੰਮੇ ਦਾਅ ਦੀ ਯੋਜਨਾ ਦੀ ਆਸ ਕੀਤੀ ਜਾ ਸਕਦੀ ਹੈ? ਇਸ ਸਵਾਲ ਦਾ ਜਵਾਬ ਅਸੀਂ ਪਾਠਕਾਂ 'ਤੇ ਛੱਡਦੇ ਹਾਂ। ਉਂਜ ਸਾਡੀ ਇੱਛਾ ਇਹੋ ਹੈ ਕਿ ਅਜਿਹੇ ਟੂਰਨਾਮੈਂਟ ਹੁੰਦੇ ਰਹਿਣ। ਪੰਜਾਬ ਦੀ ਜਵਾਨੀ ਦਾ ਪੁਨਰ-ਉਥਾਨ ਇਨ੍ਹਾਂ ਦੇ ਰਾਹੀਂ ਹੀ ਸੰਭਵ ਹੈ।

# ਕਿਵੇਂ ਫਿੱਟ ਰਹਿੰਦੇ ਹਨ ਸਾਡੇ ਫਿਲਮੀ ਸਿਤਾਰੇ



ਸਾਡੇ ਫ਼ਿਲਮੀ ਸਿਤਾਰੇ ਇਹ ਗੱਲ ਭਲੀ-ਭਾਂਤ ਸਮਝਦੇ ਹਨ ਕਿ ਜੇ ਅਸੀਂ ਦਰਸ਼ਕਾਂ ਨੂੰ ਖੂਬਸੂਰਤ ਹੀ ਨਜ਼ਰ ਨਹੀਂ ਆਵਾਂਗੇ ਤਾਂ ਉਹ ਸਾਨੂੰ ਪਸੰਦ ਕਿਵੇਂ ਕਰਨਗੇ? ਜੇ ਪਸੰਦ ਨਹੀਂ ਕਰਨਗੇ ਤਾਂ ਫ਼ਿਲਮਾਂ ਕਿਵੇਂ ਦੇਖਣਗੇ। ਇਸ ਲਈ ਜਿਥੇ ਬਾਲੀਵੁੱਡ ਦੇ ਸਿਤਾਰੇ ਆਪਣੇ ਆਪ ਨੂੰ ਸੁੰਦਰ ਬਣਾਉਣ ਲਈ ਜਾਂ ਆਪਣੀ ਫਿੱਗਰ ਨੂੰ ਫਿੱਟ ਰੱਖਣ ਲਈ ਡਾਈਟਿੰਗ ਦਾ ਸਹਾਰਾ ਲੈਂਦੇ ਹਨ, ਜੋ ਉਹ ਪਕਵਾਨ ਖਾਂਦੇ ਹਨ, ਉਹ ਉਨ੍ਹਾਂ ਨੂੰ ਤਾਕਤ ਤਾਂ ਦਿੰਦੇ ਹਨ ਪਰ ਉਨ੍ਹਾਂ ਦਾ ਭਾਰ ਨਹੀਂ ਵਧਾਉਂਦੇ। ਬਹੁਤ ਸਾਰੇ ਸਿਤਾਰੇ ਆਪਣੇ ਆਪ ਨੂੰ ਫਿੱਟ ਰੱਖਣ ਲਈ ਕਸਰਤ ਆਦਿ ਦਾ ਸਹਾਰਾ ਲੈਂਦੇ ਹਨ। ਕੁਝ ਜਿਮ ਜਾਂਦੇ ਹਨ ਅਤੇ ਕੁਝ ਨੇ ਤਾਂ ਆਪੋ-ਆਪਣੇ ਘਰਾਂ ਵਿਚ ਜਿਮ ਦੇ ਸਾਮਾਨ ਦਾ ਪ੍ਰਬੰਧ ਕੀਤਾ ਹੋਇਆ ਹੈ। ਆਓ, ਦੇਖਦੇ ਹਾਂ ਕੁਝ ਸਿਤਾਰਿਆਂ ਦੇ ਜਿਸਮਾਂ ਨੂੰ ਫਿੱਟ ਰੱਖਣ ਵਾਲੇ ਫਾਰਮੂਲੇ, ਜਿਨ੍ਹਾਂ ਨਾਲ ਉਹ ਆਪਣੇ ਆਪ ਨੂੰ ਫਿੱਟ ਰੱਖ ਕੇ ਹਿੱਟ ਹੁੰਦੇ ਹਨ :

**ਰਣਬੀਰ ਕਪੂਰ :** ਰਣਬੀਰ ਦੇ ਮੋਢੇ ਬੜੇ ਖੂਬਸੂਰਤ ਹਨ ਅਤੇ ਉਸਦੇ ਸ਼ੌਕਰ ਖੇਡਣ ਨਾਲ ਹੀ ਇਹ ਮੋਢੇ ਖੂਬਸੂਰਤ ਬਣੇ ਹਨ। ਉਹ ਬੜਾ ਸ਼ਾਨਦਾਰ ਖਿਡਾਰੀ ਹੈ। ਰਣਬੀਰ ਯੋਗਾ ਕਰਦਾ ਹੈ ਅਤੇ ਮੈਡੀਟੇਸ਼ਨ 'ਤੇ ਵੀ ਧਿਆਨ ਦਿੰਦਾ ਹੈ। 'ਸਾਂਵਰੀਆ' ਫਿਲਮ ਵਿਚ ਉਸਦਾ ਇਕ ਬਾਕਸਿੰਗ ਵਾਲਾ ਸੀਕਵੈਂਸ ਵੀ ਪਾਇਆ ਗਿਆ ਸੀ, ਉਸ ਮੌਕੇ ਉਸਨੇ ਆਪਣੀਆਂ ਕਸਰਤਾਂ ਦੀ ਵਰਤੋਂ ਕੀਤੀ। ਇਸ ਵਿਚ ਪੈਰਾਂ ਦੀ ਹਰਕਤ ਅਤੇ ਮੋਢਿਆਂ ਦੀਆਂ ਕਸਰਤਾਂ ਸ਼ਾਮਲ ਹਨ। ਕੁਝ ਦੇਰ ਉਹ ਆਪਣੀਆਂ ਕਸਰਤਾਂ 'ਚ ਮਸਤ ਰਹਿੰਦਾ ਹੈ, ਫਿਰ ਉਹ ਕੁਝ ਰਿਲੈਕਸ ਹੁੰਦਾ ਹੈ ਤੇ ਸਾਡੇ ਨਾਲ ਗੱਲਾਂ ਕਰਨ ਲੱਗਦਾ ਹੈ। ਰਣਬੀਰ ਉਂਝ ਬੜਾ ਸ਼ਾਂਤ ਵਿਅਕਤੀ ਹੈ, ਇਸ ਲਈ ਮੈਡੀਟੇਸ਼ਨ ਕਰਨਾ ਉਸ ਲਈ ਮੁਸ਼ਕਲ ਨਹੀਂ ਜਿਵੇਂ ਕਿ ਉਸਦੀ ਉਮਰ ਵਾਲੇ ਬਾਕੀ ਨੌਜਵਾਨ ਕਰਦੇ ਹਨ।

ਉਸਦਾ ਕਹਿਣਾ ਹੈ ਕਿ ਉਹ ਪਾਵਰ ਯੋਗਾ ਨਹੀਂ, ਸਗੋਂ ਕਲਾਸੀਕਲ ਯੋਗਾ ਕਰਦਾ ਹੈ। ਉਸਦੇ ਭੋਜਨ 'ਚ ਬਹੁਤ ਸਾਰੇ ਪ੍ਰੋਟੀਨ, ਫਲ ਅਤੇ ਸਬਜ਼ੀਆਂ ਸ਼ਾਮਲ ਹਨ। ਉਹ ਚੰਗਾ ਭਰਪੂਰ ਨਾਸ਼ਤਾ ਕਰਦਾ ਹੈ, ਲੰਚ ਵੀ ਵਧੀਆ ਪਰ ਡਿਨਰ ਬਹੁਤ ਹਲਕਾ।

**ਜਾਨ ਅਬ੍ਰਾਹਮ :** ਜਾਨ ਅਬ੍ਰਾਹਮ ਦਾ ਉਪਰਲਾ ਜੁੱਸਾ ਬੜਾ ਕਮਾਲ ਦਾ ਹੈ। ਉਸਦੀ ਛਾਤੀ ਵੇਟ ਲਿਫਟਿੰਗ ਦੇ ਅਭਿਆਸ ਨਾਲ ਬਣੀ ਹੈ। ਉਸਨੂੰ ਭਾਰ ਚੁੱਕਣਾ ਚੰਗਾ ਲੱਗਦਾ ਹੈ ਅਤੇ ਉਹ 100 ਕਿਲੋ ਜਾਂ 250 ਪੌਂਡ ਭਾਰ ਚੁੱਕਣ ਦੀ ਪ੍ਰੈਕਟਿਸ ਕਰਦਾ ਹੈ। ਇਹ ਸਾਰਾ ਕੁਝ ਉਸਦੀ ਪਿੱਠ ਤੋਂ ਨਜ਼ਰ ਆਉਂਦਾ ਹੈ। ਉਸਦਾ ਜਿਸਮ ਲੰਬਾ-ਚੌੜਾ ਹੈ। ਨਾ ਉਹ ਦੌੜਦਾ ਹੈ ਅਤੇ ਨਾ ਹੀ ਯੋਗਾ ਕਰਦਾ ਹੈ ਪਰ ਕਸਰਤਾਂ ਅਜਿਹੀਆਂ ਕਰਦਾ ਹੈ, ਜਿਸ ਨਾਲ ਉਸਦੇ ਪੇਟ ਦੀ ਕਸਰਤ ਹੋ ਜਾਏ। ਭਾਰ ਚੁੱਕਣ ਨਾਲ ਉਸਦੀ ਪਿੱਠ ਤੋਂ ਹੇਠਾਂ ਦੀਆਂ ਮਾਸਪੇਸ਼ੀਆਂ ਮਜ਼ਬੂਤ ਬਣਦੀਆਂ ਹਨ। ਉਹ ਭਾਵੇਂ ਸ਼ਾਕਾਹਾਰੀ ਹੈ ਪਰ ਆਂਡੇ ਅਤੇ ਪ੍ਰਾਨਜ਼ ਖਾ ਜਾਂਦਾ ਹੈ। ਉਹ ਪ੍ਰੋਟੀਨ, ਫਲ ਅਤੇ ਸਬਜ਼ੀਆਂ ਨੂੰ ਆਪਣੇ ਲਈ ਬਹੁਤ ਜ਼ਰੂਰੀ ਸਮਝਦਾ ਹੈ।

**ਲਾਰਾ ਦੱਤਾ :** ਲਾਰਾ ਦੱਤਾ ਦਾ ਜਿਸਮ ਪੂਰੇ ਅਨੁਪਾਤ 'ਚ ਹੈ ਪਰ ਉਸਦੇ ਪਿੱਠ ਤੋਂ ਹੇਠਲੇ ਹਿੱਸੇ ਨੂੰ ਦੇਖੀਏ ਤਾਂ ਉਹ ਬੜੇ ਫਿੱਟ ਸਾਈਜ਼ 'ਚ ਹੈ, ਨਾ ਮੋਟੇ ਅਤੇ ਨਾ ਛੋਟੇ। ਸਰੀਰ ਦਾ ਇਹ ਹਿੱਸਾ ਉਸਨੇ ਯੋਗਾ, ਸਵੀਮਿੰਗ ਅਤੇ ਮਿਹਨਤ ਨਾਲ ਕਮਾਇਆ ਹੈ। ਉਹ ਇਕ ਦਿਨ ਛੱਡ ਕੇ ਸਵੀਮਿੰਗ ਕਰਦੀ ਹੈ। ਉਹ ਯੋਗਾ ਕਰਦੀ ਹੈ, ਹਫਤੇ ਵਿਚ ਘੱਟੋ-ਘੱਟ ਤਿੰਨ ਵਾਰ। ਉਹ ਦੇਵੀ ਅਤੇ ਲੜਾਕੂ ਵਾਲਾ ਪੋਜ਼ ਬਣਾ ਕੇ ਕਸਰਤ ਕਰਦੀ ਹੈ ਅਤੇ 45 ਮਿੰਟ ਤੱਕ ਵੱਖੋ-ਵੱਖਰੀ ਕਸਰਤ 'ਚ ਰੁੱਝੀ ਰਹਿੰਦੀ ਹੈ। ਲਾਰਾ ਭਾਵੇਂ ਸ਼ਾਕਾਹਾਰੀ ਹੈ ਅਤੇ ਆਂਡੇ ਖਾ ਲੈਂਦੀ ਹੈ। ਦਿਨ 'ਚ ਇਕ ਵਾਰ ਉਹ ਪ੍ਰੋਟੀਨ ਦਾ ਸ਼ੇਕ ਪੀਂਦੀ ਹੈ। ਉਸਦੀ ਸਵੀਮਿੰਗ ਅਤੇ ਯੋਗਾ ਨੇ ਹੀ ਉਸਦੇ ਜਿਸਮ ਨੂੰ ਵਧੀਆ ਅਨੁਪਾਤ 'ਚ ਰੱਖਿਆ ਹੋਇਆ ਹੈ।



**ਸੈਫ ਅਲੀ ਖ਼ਾਨ :** ਸੈਫ ਦਾ ਚਿਹਰਾ ਬੜਾ ਪ੍ਰਭਾਵਸ਼ਾਲੀ ਹੈ।ਹਰ ਰੋਜ਼ ਉਹ 100 ਸੂਰਯਾ ਨਮਸਕਾਰ ਕਰਦਾ ਹੈ, ਜਿਸ ਨਾਲ ਉਹ ਆਪਣੇ ਚਿਹਰੇ ਤੋਂ ਵਾਧੂ ਮਾਸ ਘਟਾਉਣ 'ਚ ਸਫਲ ਰਹਿੰਦਾ ਹੈ। ਸੂਰਯਾ ਨਮਸਕਾਰ 12 ਤਰ੍ਹਾਂ ਦੇ ਆਸਣਾਂ ਦਾ ਜੋੜ ਹੈ, ਜੋ ਸਾਹ ਲੈਣ ਦੇ ਵੱਖੋ-ਵੱਖੋ ਪੈਟਰਨ ਨਾਲ ਸੰਬੰਧਤ ਹੈ। ਨਤੀਜੇ ਵਜੋਂ ਸੈਫ ਦੀ ਉਮਰ ਅਸਲ ਨਾਲੋਂ ਦਸ ਸਾਲ ਛੋਟੀ ਨਜ਼ਰ ਆਉਂਦੀ ਹੈ। ਉਹ ਹਫਤੇ 'ਚ 3 ਵਾਰ ਯੋਗਾ ਕਰਦਾ ਹੈ ਅਤੇ 3 ਵਾਰ ਜਿਮ ਜਾਂਦਾ ਹੈ। ਜਿਮ ਵਿਚ ਸੈਫ ਕਾਰਡੀਓ ਨਾਲ ਸੰਬੰਧਤ ਕਸਰਤਾਂ ਕਰਦਾ ਹੈ, ਵੇਟ ਚੁੱਕਦਾ ਹੈ, ਆਪਣੇ ਪੋਸਚਰ ਦਾ ਬੈਲੇਂਸ ਠੀਕ ਰੱਖਣ ਵਾਲੀਆਂ ਕਸਰਤਾਂ ਕਰਦਾ ਹੈ। ਸਾਹ ਨਾਲ ਤੇ ਮੈਡੀਟੇਸ਼ਨ ਨਾਲ ਜੁੜੀਆਂ ਕਸਰਤਾਂ ਕਰਦਾ ਹੈ। ਯੋਗਾ ਉਸਦੇ ਚਿਹਰੇ ਨੂੰ ਠੀਕ ਸ਼ੇਪ 'ਚ ਢਾਲਣ ਲਈ ਮੱਦਦ ਕਰਦਾ ਹੈ। ਸੈਫ ਖਾਣ-ਪੀਣ ਬਾਰੇ ਬੜਾ ਚੇਤੰਨ ਹੈ ਅਤੇ ਉਹ ਫੈਟ ਵਾਲੀਆਂ, ਮਿੱਠੀਆਂ ਅਤੇ ਤੇਲ ਵਾਲੇ ਪਕਵਾਨ ਖਾਣੋਂ ਗਰੇਜ਼ ਕਰਦਾ ਹੈ।



**ਰਾਣੀ ਮੁਖਰਜੀ :** ਰਾਣੀ ਮੁਖਰਜੀ ਦਾ ਕੱਦ ਛੋਟਾ ਹੈ, ਫਿਰ ਵੀ ਉਸਨੇ ਆਪਣੇ ਜਿਸਮ ਨੂੰ ਬੜਾ ਅਨੁਪਾਤ 'ਚ ਰੱਖਿਆ ਹੋਇਆ ਹੈ। ਉਸਦੀ ਪਿੱਠ ਅੱਜਕਲ ਬੜੀ ਆਕਰਸ਼ਕ ਹੈ ਤੇ ਉਸ 'ਤੇ ਵਾਧੂ ਮਾਸ ਨਹੀਂ ਚੜ੍ਹਿਆ ਹੋਇਆ। ਕਦੇ ਉਸਦੀ ਪਿੱਠ ਬੜੀ ਭਾਰੀ ਹੁੰਦੀ ਸੀ। ਇਸ ਲਈ ਉਸਨੇ ਆਪਣੇ ਸਰੀਰ ਦੇ ਉਪਰਲੇ ਹਿੱਸੇ ਨੂੰ ਸਹੀ ਕਰਨ ਲਈ ਸੂਰਯ ਨਮਸਕਾਰ ਦਾ ਸਹਾਰਾ ਲਿਆ। ਆਪਣੇ ਪੋਸਚਰ ਨੂੰ ਸਹੀ ਬਣਾਉਣ ਲਈ ਉਸਨੇ ਆਸਣ ਵੀ ਕੀਤੇ।

ਇਸ ਨਾਲ ਉਸਦੇ ਜਿਸਮ ਦਾ ਉਪਰਲਾ ਹਿੱਸਾ ਪਤਲਾ ਹੋ ਗਿਆ। ਹੁਣ ਉਸਦੀ ਪਿੱਠ ਵਧੇਰੇ ਮਜ਼ਬੂਤ ਹੈ ਤੇ ਉਸ 'ਤੇ ਵਾਧੂ ਮਾਸ ਬਿਲਕੁਲ ਨਹੀਂ। ਆਪਣੀਆਂ ਬਾਹਾਂ ਲਈ ਰਾਣੀ ਨੇ ਬਹੁਤ ਸਾਰਾ ਪਰਵਤ ਆਸਣ ਕੀਤਾ ਅਤੇ ਆਪਣੀ ਪਿੱਠ ਲਈ ਭੁਜੰਗ ਆਸਣ ਜਾਂ ਕੋਬਰਾ ਪੋਜਿਜ਼। ਉਹ ਹਫਤੇ 'ਚ ਘੱਟੋ-ਘੱਟ 6 ਵਾਰ ਦੋ ਘੰਟੇ ਆਪਣੇ ਜਿਸਮ ਨੂੰ ਦਿੰਦੀ ਹੈ। 45 ਮਿੰਟ ਲਈ ਦੌੜ ਵਾਲੀ ਵਰਜਿਸ਼ ਕਰਦੀ ਹੈ। ਰਾਣੀ ਅੱਜਕਲ ਬੜਾ ਹੈਲਦੀ ਖਾਣਾ ਖਾਂਦੀ ਹੈ ਪਰ ਨਾ ਹੀ ਮਠਿਆਈਆਂ ਜਾਂ ਮਿੱਠੀਆਂ ਚੀਜ਼ਾਂ, ਨਾ ਹੀ ਚੌਲ ਅਤੇ ਨਾ ਹੀ ਫ੍ਰਾਈ ਕੀਤੇ ਹੋਏ ਪਕਵਾਨ।



**ਬਿਪਾਸ਼ਾ :** ਮੁਢਲੀਆਂ ਕਸਰਤਾਂ ਬਿਪਾਸ਼ਾ ਦਾ ਕੁਝ ਨਹੀਂ ਸੁਆਰਦੀਆਂ। ਉਸਦਾ ਜਿਸਮ ਅਜਿਹਾ ਹੈ, ਜਿਸਨੂੰ ਤਰਾਸ਼ਣ ਲਈ ਉਸਨੂੰ ਸਖ਼ਤ ਕਸਰਤਾਂ ਕਰਨੀਆਂ ਪੈਂਦੀਆਂ ਹਨ। ਉਹ ਕਿਸੇ ਦਿਨ ਵੀ ਕਸਰਤ ਨਹੀਂ ਖੁੰਝਾਉਂਦੀ। ਉਹ ਬੇਸ਼ੱਕ ਕਿਧਰੇ ਯਾਤਰਾ 'ਤੇ ਹੋਵੇ, ਕਿਤੇ ਨਾ ਕਿਤੇ ਉਹ ਕਸਰਤ ਵਾਸਤੇ ਜਿਮ ਲੱਭ ਹੀ ਲੈਂਦੀ ਹੈ। ਉਸਦੀਆਂ ਪੱਧਰੀਆਂ ਮਾਸਪੇਸ਼ੀਆਂ ਉਸਦੀਆਂ ਘੰਟਿਆਂਬੱਧੀ ਕੀਤੀਆਂ ਜਾਣ ਵਾਲੀਆਂ ਕਸਰਤਾਂ ਹਨ, ਜਿਨ੍ਹਾਂ 'ਚ ਦੌੜਨਾ, ਸਾਈਕਲਿੰਗ ਕਰਨਾ ਅਤੇ ਸਵੀਮਿੰਗ ਵੀ ਸ਼ਾਮਲ ਹਨ। ਉਹ ਵੇਟ ਪਲੇਟ ਫੜ ਕੇ ਬਾਲ ਨੂੰ ਏਧਰ-ਓਧਰ ਘੁੰਮਾਉਂਦੀ ਹੈ। ਉਹ ਆਪਣੀਆਂ ਮਾਸਪੇਸ਼ੀਆਂ ਨੂੰ ਬਣਾਉਣ ਅਤੇ ਫੈਟ ਨੂੰ ਘੱਟ ਕਰਨ ਲਈ ਆਪਣੀ ਡਾਈਟ 'ਤੇ ਧਿਆਨ ਦਿੰਦੀ ਹੈ। ਉਹ ਰਾਤ ਨੂੰ ਕਾਰਬੋਹਾਈਡ੍ਰੇਟ ਨਹੀਂ ਖਾਂਦੀ। ਬਰੇਕਫਾਸਟ 'ਚ ਉਹ 4-6 ਆਂਡਿਆਂ ਦੀ ਚਟਿਆਈ ਖਾ ਜਾਂਦੀ ਹੈ। ਦੁਪਹਿਰ ਦੇ ਭੋਜਨ 'ਚ ਚਿਕਨ, ਦੋ-ਤਿੰਨ ਸਬਜ਼ੀਆਂ, ਬਾਜਰੇ ਦੀ ਰੋਟੀ ਅਤੇ ਨਾਲ ਇਕ ਗਲਾਸ ਨਮਕੀਨ ਲੱਸੀ ਪੀਂਦੀ ਹੈ। ਡਿਨਰ ਮੌਕੇ ਚਿਕਨ ਜਾਂ ਫਿਸ਼ ਹੀ ਬਿਨਾਂ ਰੋਟੀ ਤੋਂ ਲੈਂਦੀ ਹੈ। ਇਨ੍ਹਾਂ ਦੋਵਾਂ ਚੀਜ਼ਾਂ ਨਾਲ ਹੀ ਉਹ ਰੋਟੀ ਦੀ ਕਸਰ ਵੀ ਪੂਰੀ ਕਰ ਲੈਂਦੀ ਹੈ।

## ਨਵੇਂ ਅਵਤਾਰ 'ਚ ਸ਼ਾਹਿਦ



ਹੁਣ ਤੱਕ ਦਰਸ਼ਕਾਂ ਨੇ ਬਾਲੀਵੁੱਡ 'ਚ ਸ਼ਾਹਿਦ ਕਪੂਰ ਨੂੰ ਸਿਰਫ ਚਾਕਲੇਟੀ ਅਵਤਾਰ 'ਚ ਹੀ ਦੇਖਿਆ ਹੈ ਪਰ ਹੁਣ ਸ਼ਾਹਿਦ ਪਹਿਲੀ ਵਾਰ ਕਿਸੇ ਫ਼ਿਲਮ 'ਚ ਦਾੜ੍ਹੀ ਵਧਾਈ ਇਕ ਵੈਰਾਗੀ ਦੇ ਕਿਰਦਾਰ 'ਚ ਨਜ਼ਰ ਆਵੇਗਾ। ਮਜ਼ੇ ਦੀ ਗੱਲ ਇਹ ਹੈ ਕਿ ਇਹ ਫ਼ਿਲਮ ਕੋਈ ਹੋਰ ਨਹੀਂ, ਸਗੋਂ ਸ਼ਾਹਿਦ ਦੇ ਪਾਪਾ ਪੰਕਜ ਕਪੂਰ ਬਣਾ ਰਹੇ ਹਨ। ਇਸ ਫ਼ਿਲਮ 'ਚ ਸ਼ਾਹਿਦ ਦਾੜ੍ਹੀ 'ਚ ਨਜ਼ਰ ਆਵੇਗਾ ਅਤੇ ਉਸ ਦੇ ਲਈ ਬਾਕਾਇਦਾ ਕੰਪਲੀਟ ਮੇਕਓਵਰ ਦੀ ਪ੍ਰਕਿਰਿਆ 'ਚੋਂ ਲੰਘੇਗਾ। ਹੁਣ ਕਿਉਂਕਿ ਸ਼ਾਹਿਦ ਆਪਣੇ ਪਾਪਾ ਦੀ ਫ਼ਿਲਮ 'ਮੌਸਮ' ਲਈ ਦਾੜ੍ਹੀ ਵਧਾਉਣੀ ਸ਼ੁਰੂ ਕਰ ਦੇਵੇਗਾ, ਇਸ ਲਈ ਉਹ ਚਾਹੁੰਦਾ ਹੈ ਕਿ ਉਹ ਇਸ ਤੋਂ ਪਹਿਲਾਂ ਬਾਕੀ ਫ਼ਿਲਮਕਾਰਾਂ ਦੀਆਂ ਫ਼ਿਲਮਾਂ ਦੀ ਸ਼ੂਟਿੰਗ ਪੂਰੀ ਕਰ ਦੇਵੇ ਤਾਂ ਕਿ ਬਾਅਦ 'ਚ ਉਸ ਦੀ ਵਧੀ ਦਾੜ੍ਹੀ ਕਾਰਨ ਉਨ੍ਹਾਂ ਫ਼ਿਲਮਾਂ ਦੀ ਸ਼ੂਟਿੰਗ 'ਚ ਕੋਈ ਰੁਕਾਵਟ ਨਾ ਆਵੇ।

'ਮੌਸਮ' 'ਚ ਸ਼ਾਹਿਦ ਇਕ ਫਾਈਟਰ ਪਾਇਲਟ ਦਾ ਕਿਰਦਾਰ ਨਿਭਾਏਗਾ, ਜੋ ਇਕ ਵੇਲੇ ਨਿਰਾਸ਼ਾ ਦੇ ਦੌਰ 'ਚੋਂ ਲੰਘਦਾ ਹੈ। ਇਨ੍ਹਾਂ ਹੀ ਪਲਾਂ ਨੂੰ ਸੱਚਾਈ ਦੇ ਵਧੇਰੇ ਨੇੜੇ ਦਰਸਾਉਣ ਲਈ ਸ਼ਾਹਿਦ ਨੂੰ ਪਰਦੇ 'ਤੇ ਦਾੜ੍ਹੀ ਵਧਾਇਆ ਪੇਸ਼ ਕਰਨ ਦਾ ਫੈਸਲਾ ਲਿਆ ਗਿਆ ਪਰ ਸ਼ਾਹਿਦ ਚਾਹੁੰਦਾ ਹੈ ਕਿ ਇਕ ਵਾਰ ਦਾੜ੍ਹੀ ਵਧਾਉਣ ਪਿਛੋਂ ਉਸ ਨੂੰ ਕਿਸੇ ਫ਼ਿਲਮ ਦੀ ਬਾਕੀ ਬਚੀ ਸ਼ੂਟਿੰਗ ਪੂਰੀ ਕਰਨ ਲਈ ਵਿਚਾਲੇ ਹੀ ਆਪਣੀ ਦਾੜ੍ਹੀ ਨਾ ਕਟਵਾਉਣੀ ਪੈ ਜਾਵੇ, ਇਸ ਲਈ ਉਸ ਨੇ ਆਪਣੀਆਂ ਫ਼ਿਲਮਾਂ ਦੇ ਨਿਰਮਾਤਾ-ਨਿਰਦੇਸ਼ਕਾਂ ਨੂੰ ਛੇਤੀ ਤੋਂ ਛੇਤੀ ਸ਼ੂਟਿੰਗ ਪੂਰੀ ਕਰ ਲੈਣ ਲਈ ਕਿਹਾ ਹੈ।

## ਦਿਲਜੀਤ ਹੁਣ ਵੱਡੇ ਪਰਦੇ ਵਲ

ਡਾਇਰੈਕਟਰ ਗੁੱਡੂ ਧਨੋਆ ਨੇ ਬਾਲੀਵੁੱਡ ਦੀਆਂ ਦੋ ਦਰਜਨ ਸੁਪਰਹਿੱਟ ਫ਼ਿਲਮਾਂ ਬਣਾਈਆਂ ਹਨ, ਜਿਨ੍ਹਾਂ 'ਚੋਂ ਦੀਵਾਨਾ, ਸਲਾਖੇਂ, ਜ਼ਿੱਦੀ, ਸ਼ਹੀਦ ਭਗਤ ਸਿੰਘ, ਬਿਗ ਬ੍ਰਦਰਜ਼, ਗੁੰਡਾਰਾਜ, ਅਫ਼ਲਾਤੂਨ ਆਦਿ ਪ੍ਰਮੁੱਖ ਹਨ ਅਤੇ ਪਹਿਲੀ ਵਾਰ 'ਦਾ ਲਾਈਨ ਆਫ਼ ਪੰਜਾਬ' ਪੰਜਾਬੀ ਫ਼ਿਲਮ ਕਰ ਰਿਹਾ ਹੈ। ਫ਼ਿਲਮ ਦਾ ਮੁੱਖ ਹੀਰੋ ਨੌਜਵਾਨ ਦਿਲਾਂ ਦੀ ਧੜਕਣ ਬਣਿਆ ਗਾਇਕ ਦਿਲਜੀਤ ਹੈ। ਫ਼ਿਲਮ ਸਬੰਧੀ ਨਿਰਮਾਤਾ ਬਲਬੀਰ ਟਾਂਡਾ ਦੱਸਦਾ ਹੈ ਕਿ ਇਸ ਫ਼ਿਲਮ ਵਿਚ ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ, ਭੋਟੂ ਸ਼ਾਹ ਤੇ ਵਿਵੇਕ ਸ਼ੌਕ ਦੀ ਮਜ਼ੇਦਾਰ ਕਮੇਡੀ ਹੈ। ਪੂਜਾ ਟੰਡਨ ਫ਼ਿਲਮ ਦੀ ਹੀਰੋਇਨ ਹੈ ਤੇ ਆਰਟ ਡਾਇਰੈਕਟਰ ਤੀਰਥ ਸਿੰਘ ਗਿੱਲ ਵਲੋਂ ਫ਼ਿਲਮ ਨੂੰ ਖ਼ੂਬਸੂਰਤ ਬਣਾਉਣ ਲਈ ਆਪਣੀ ਕਲਾ ਦੇ ਜ਼ੌਹਰ ਦਿਖਾਏ ਜਾ ਰਹੇ ਸਨ। ਆਨ-ਲਾਈਨ ਪ੍ਰੋਡਿਊਸਰ ਇੰਦਰਮੋਹਨ ਯੂ ਕੇ ਵੀ ਸਿਰਤੋੜ ਯਤਨ ਕਰ ਰਿਹਾ ਸੀ। ਆਪਣੀ ਪਹਿਲੀ ਪੰਜਾਬੀ ਫ਼ਿਲਮ 'ਦਾ ਲਾਈਨ ਆਫ਼ ਪੰਜਾਬ' ਸਬੰਧੀ ਦਿਲਜੀਤ ਖੁਸ਼ੀ ਵਿਚ ਖੀਵਾ ਹੁੰਦਿਆਂ ਦੱਸਦਾ ਹੈ ਕਿ ਗੁੱਡੂ ਜੀ ਨੇ ਮੇਰਾ ਵੀਡੀਓ 'ਜਦੋਂ ਪੰਗਾ ਪੈ ਜਾਵੇ' ਦੇਖਿਆ ਤਾਂ ਮੇਰੀ ਇਸ ਫ਼ਿਲਮ ਲਈ ਚੋਣ ਹੋਈ। ਮੇਰੀ ਖੁਸ਼ਕਿਸਮਤੀ ਹੈ ਕਿ ਬਾਲੀਬੁੱਡ ਦੇ ਪ੍ਰਸਿੱਧ ਡਾਇਰੈਕਟਰ ਗੁੱਡੂ ਦਾ ਅਸ਼ੀਰਵਾਦ ਮਿਲ ਰਿਹਾ ਹੈ।


ਸੈਨ ਹੋਜ਼ੇ ਵਿਸਾਖੀ ਮੇਲਾ–2010
San Jose Vaisakhi Mela 2010
SATURDAY, May 8th, 9am To 7pm
FREE PARKING
Bhangra
Dhol
Gidha
PUNJABI FOLK SINGER
Akashdeep
BALJITMA
Narinder Mavi
Lali Sandhu
Rajinder Brar
Jatinder Jargia
SAN JOSE STATE WRESTLING
KABADDI OPEN, U21 & U18
KABADDI SHOW MATCH
Maninder
Inderdeep
Gurbinder
Sukhwinder
Harpreet
Harpal
Sandeep
Sukhdev
Manjit & Matab
Coach: Paramjit
Team from India
FOR
MERCHANT & FOOD BOOTHS
OR
GENERAL INFO:
CALL: 408-391-7013
lgsohal@yahoo.com
Santa Clara County Fairgrounds
344 Tully Road, San Jose CA. 95111
Bay Area Cultural & Sports Association
-BRINGING OUR COMMUNITY TOGETHER-
www.bayareaculturalandsports.com

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# TAFT
# CHEVROLET BUICK

501 North St. Taft CA 93268

(661) 763-4201



AN AMERICAN REVOLUTION



ਸ਼ੈਵਰਲੈਟ ਦੇ ਹਰ ਕਿਸਮ ਦੇ ਟਰੱਕ ਅਤੇ ਕਾਰਾਂ ਲੈਣ ਲਈ ਸੰਪਰਕ ਕਰੋ

ਤੁਸੀਂ ਆਪਣੀ ਜ਼ੁਬਾਨ ਦੇ ਵਿੱਚ ਗੱਲ ਕਰਨ ਵਾਸਤੇ ਕਾਲ ਕਰੋ

ਦਵਿੰਦਰ ਸਿੰਘ ਬੈਂਸ (661) 428-2613

# TAFT AUTO GROUP

ਵਾਹਿਗੁਰੂ ਦੀ ਮਿਹਰ ਦੇ ਨਾਲ ਟਾਫਟ ਵਿੱਚ ਸਫਲਤਾ ਤੋਂ ਬਾਅਦ ਆਪ ਜੀ ਦੀ ਸੇਵਾ ਲਈ

ਹੁਣ ਬੇਕਰਸਫੀਲਡ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ

ਹਰ ਕਿਸਮ ਦੀ ਕਾਰ ਜਾਂ ਟਰੱਕ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਸਾਡੇ ਸਟਾਕ ਵਿੱਚ ਨਾਂ ਵੀ ਹੋਣ ਤੇ
ਅਸੀਂ ਤੁਹਾਨੂੰ 48 ਘੰਟਿਆਂ ਵਿੱਚ
ਆਪ ਜੀ ਦੀ ਮਨਪਸੰਦ ਗੱਡੀ
ਮੰਗਵਾ ਕੇ ਦੇ ਸਕਦੇ ਹਾਂ ।




ਸਸਤੀ ਅਤੇ ਭਰੋਸੇਮੰਦ ਸੇਵਾ ਲਈ ਕਾਲ ਕਰੋ

3101 Taft Hwy, Bakersfield CA 93313

Tel : 661-412-4972

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## $18,000 IN COMBINED HOMEBUYER TAX CREDITS FOR A LIMITED TIME

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

**Refinance Now**

30 Yr Fixed Rates Are Getting Better!!!
Refinance Now At Low Cost
Call Sukhi Gill @ 510-207-9067

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**181 Nabor Ct Tracy, CA 95377**
5 Bedrooms, 4 Baths, 2 Car Garage.
Area 3089 Sq. Ft - Lot 5227 Sq. Ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**445 Massarosa Lane Lodi, CA 95240**
4 Bedrooms, 2.5 Baths, 2 Car Garage.
Area 1813 Sq. Ft - Lot 3049 Sq. Ft




**902 Windsong Drive, Tracy, CA 95377**
4 Bedrooms, 3 Baths, 2 Car Garage.
Area 2537 Sq. Ft - Lot 6098 Sq. Ft